# ਭਾਗ 1

ਇਹ ਇਕ ਅਜੀਬ ਸ਼ੁਰੂਆਤ ਸੀ। ਦਿਨ ਟੈਲੀਫੂਨਾਂ ਦੀ ਇਸ ਤਰ੍ਹਾਂ ਦੀ ਘੰਟੀ ਵੱਜਣ ਨਾਲ ਸ਼ੁਰੂ ਹੋਇਆ ਜਿਸ ਤਰ੍ਹਾਂ ਕੋਈ ਵੱਡੀ ਜ਼ਰੂਰਤ ਹੈ, ਹੁਣ ਹੈਲੀਕਾਪਟਰ ਦੇ ਪੱਖੇ, ਹਵਾ ਵਿਚ ਤੇਜ਼-ਤੇਜ਼ ਘੁੰਮਣ ਲੱਗੇ ਅਤੇ ਉਸ ਦਾ ਸ਼ੋਰ ਬੋਲ਼ੇ ਕਰ ਦੇਣ ਵਾਲਾ ਸੀ। ਮੈਂ ਆਪਣੇ ਸਰੀਰ ਵਿਚ ਤਨਾਅ ਏਠਨ ਜਿਹੀ ਮਹਿਸੂਸ ਕੀਤੀ ਅਤੇ ਸੀਟ 'ਤੇ ਸੀਟ ਬੈਲਟ ਬੰਨ੍ਹ ਲਈ ਅਤੇ ਹੈਲੀਕਾਪਟਰ ਦੇ ਹਵਾ ਵਿਚ ਉੱਡਣ ਦੀ ਉਡੀਕ ਕਰਨ ਲੱਗਾ।

ਇਹ 9 ਜੁਲਾਈ 1992 ਦਾ ਦਿਨ ਸੀ ਅਤੇ ਦਿਨ ਦੇ ਤਿੰਨ ਵਜੇ ਸਨ, ਰਾਵਲਪਿੰਡੀ ਨੂੰ ਜਾ ਰਹੀ ਇਕ ਪੈਸੇਂਜਰ ਗੱਡੀ ਘੋਟਕੀ ਸਟੇਸ਼ਨ 'ਤੇ ਜੜਾਂਵਾਲੇ ਕੋਲ ਇਕ ਸਾਮਾਨ ਖੜ ਰਹੀ ਮਾਲ ਗੱਡੀ, ਜਿਸ ਵਿਚ ਜੜਾਂਵਾਲਾ ਲਈ ਫ਼ਾਸਫ਼ੇਟ ਭਰਿਆ ਸੀ, ਵਿਚ ਜਾ ਵੱਜੀ ਸੀ। ਸੈਂਕੜੇ ਹੀ ਲੋਕ ਜਾਂ ਮਰ ਗਏ ਸਨ ਜਾਂ ਜ਼ਖ਼ਮੀ ਸਨ।

ਈਦੀ ਹੈੱਡਕੁਆਟਰ ਦਾ ਸਟਾਫ ਆਪਣੀ ਨੀਂਦ ਵਿਚੋਂ ਉਠਾ ਲਿਆ ਗਿਆ ਅਤੇ ਉਹਨਾਂ ਨੂੰ ਇਸ ਵਿਚ ਮਦਦ ਕਰਨ ਲਈ ਕਿਹਾ ਗਿਆ। ਉਹਨਾਂ ਵਾਸਤੇ ਜੋ ਮੰਗ ਸੀ ਉਸ ਵਿਚ ਜ਼ਿਆਦਾ ਤੇਜੀ ਨਾਲ ਕੰਮ ਕਰਨਾ ਸੀ। ਕਿਸੇ ਵੀ ਘਟਨਾ ਦੀ ਬਰੀਕੀ ਵਿਚ ਜਾਣਾ ਮੇਰਾ ਸੁਭਾਅ ਸੀ। ਇਹਨਾਂ ਦੁਖਦਾਈ ਘਟਨਾਵਾਂ ਵਿਚ ਛਾਲ ਮਾਰਨ ਦੀ ਕੋਸ਼ਿਸ਼ ਕਰਨ ਦੀ ਜ਼ਰੂਰਤ ਨਹੀਂ ਸੀ, ਉਹ ਹਮੇਸ਼ਾ ਮੇਰਾ ਸਮਾਂ ਲੈਂਦੀਆਂ ਸਨ। ਉਹ ਮੈਨੂੰ ਇਸ ਤਰ੍ਹਾਂ ਹਰਕਤ ਵਿਚ ਲਿਆ ਕੇ ਜਾ ਰਹੇ ਸਨ ਜਿਵੇਂ ਕੋਈ ਮੁਰਦਾ ਨਵੀਆਂ ਪੀੜਾਂ ਲੈ ਕੇ ਜਿੰਦਾ ਹੋ ਗਿਆ ਹੋਵੇ। ਇਹੋ ਜਿਹੇ ਮੌਕਿਆਂ 'ਤੇ ਮੈਂ ਆਪਣੇ ਆਪ ਵਿਚ ਗੁਆਚ ਜਾਂਦਾ ਹਾਂ। ਨਾ ਗਰਮੀ ਅਤੇ ਨਾ ਸਰਦੀ ਮਹਿਸੂਸ ਕਰਦਾ ਹਾਂ ਅਤੇ ਨਾ ਹੀ ਥਕਾਵਟ। ਆਪਣੇ ਆਪ ਤੋਂ ਵੱਖਰਾ..... ਜਿਸ ਵਿਚ ਆਦਮੀ ਦੀ ਕੋਈ ਨਿਸ਼ਾਨੀ ਨਹੀਂ ਹੁੰਦੀ......ਈਦੀ।

ਫਿਰ ਵੀ, ਇਹ ਸਵੇਰ ਇਸ ਤਰ੍ਹਾਂ ਦੀ ਨਹੀਂ ਸੀ। ਕਿਸੇ ਖਲਬਲੀ ਪਾਉਣ ਵਾਲੀ ਪੂਰੀ ਉੱਚੀ ਆਵਾਜ਼ ਨੇ ਮੈਨੂੰ ਆਪਣੇ ਆਪ ਤੋਂ ਵੱਖਰਾ ਕੀਤਾ। ਉਹ ਆਵਾਜ਼ਾਂ ਹਦਾਇਤਾਂ ਦੇ ਰਹੀਆਂ ਸਨ, ਸੂਚਨਾ ਲੈ ਰਹੀਆਂ ਸਨ, ਵਾਇਰਲੈੱਸ 'ਤੇ ਸੁਨੇਹੇ ਦੇ ਰਹੀਆਂ ਸਨ, ਉਥੋਂ ਦੀ ਜਗ੍ਹਾ ਬਾਰੇ ਪੱਕਾ ਕਰ ਰਹੀਆਂ ਸਨ..... ਰਿਕਾਰਡ

ਕਰਨ ਲਈ ਵੱਡਾ ਭੰਡਾਰ ਸੀ, ਇਕ ਤੋਂ ਬਾਅਦ ਇਕ। ਇੰਨਾਂ ਘਿਨਾਉਣਾ ਦ੍ਰਿਸ਼, ਜੋ ਆਮ ਤੌਰ 'ਤੇ ਮੇਰੀ ਜਿੰਦਗੀ ਵਿਚ ਹੁੰਦਾ ਹੈ, ਉਸ ਨੇ ਇਸ ਤਰ੍ਹਾਂ ਬੈਚੇਨ ਕਰ ਦਿੱਤਾ ਜਿਵੇਂ ਕੋਈ ਨਵਾਂ ਹੋਵੇ। ਮੈਂ ਕਿਸੇ ਹੋਰ ਜਗ੍ਹਾ 'ਤੇ ਸਾਂ। ਇਸ ਤਬਦੀਲੀ ਬਾਰੇ ਮੈਨੂੰ ਪਤਾ ਉਦੋਂ ਲੱਗਾ ਜਦੋਂ ਸਵੇਰ ਵੇਲੇ ਮੈਂ ਉੱਠਿਆ। ਮੈਂ ਫਰਕ ਮਹਿਸੂਸ ਕੀਤਾ, ਮੈਂ ਸਮੇਂ ਦੇ ਅਨੁਸਾਰ ਨਹੀਂ ਚਲ ਸਕਿਆ, ਭਾਵੇਂ ਕਿ ਸਪੱਸ਼ਟ ਤੌਰ 'ਤੇ ਮੈਂ ਕਾਹਲੀ ਵਿਚ ਸਾਂ। ਮੇਰੇ ਪੈਰ ਭਾਰੇ ਲੱਗਦੇ ਸਨ..... ਨਹੀਂ ਇਹ ਮੇਰੇ ਪੈਰ ਨਹੀਂ ਸਨ, ਇਹ ਸਭ ਕੁਝ ਤਾਂ ਮੇਰੇ ਦਿਲ ਵਿਚ ਸੀ, ਪਰ ਕੀ ਸੀ ?

ਹਰ ਕੋਈ, ਜੋ ਇਸ ਤਰ੍ਹਾਂ ਦੇ ਵੱਡੇ ਦੁਖਾਂਤ ਨਾਲ ਸੰਬੰਧਿਤ ਸੀ, ਉਹਨਾਂ ਨੂੰ ਬੁਲਾਇਆ ਗਿਆ ਸੀ, ਜਾਂ ਉਹ ਪਹਿਲਾਂ ਹੀ ਮੀਠਾਦਾਰ ਵਿਚ ਹਾਜ਼ਿਰ ਸਨ। ਜਦੋਂ ਮੈਂ ਜਾਣ ਲਈ ਤਿਆਰ ਹੋਇਆ, ਨਰਸਾਂ, ਡਾਕਟਰ, ਮੈਡੀਕਲ ਸਹੂਲਤਾਂ, ਐਂਬੂਲੈਂਸਾਂ, ਕਫ਼ਨ ਅਤੇ ਉਪਕਰਣ ਪਹਿਲਾਂ ਹੀ ਘੋਟਕੀ ਵੱਲ ਰਵਾਨਾਂ ਕਰ ਦਿੱਤੇ ਗਏ ਸਨ। ਪਰ ਇਹ ਅੱਜ ਵੱਖਰਾ ਕਿਉਂ ਸੀ ? ਇੰਨਾਂ ਵੱਖਰਾ ਕਿ ਮੈਂ ਮੀਠਾਦਾਰ ਤੋਂ ਤੇਜੀ ਨਾਲ ਹਵਾਈ ਅੱਡੇ 'ਤੇ ਪਹੁੰਚ ਗਿਆ। ਬਿਲਕਿਅਸ ਨੇ ਪੁੱਛਿਆ, "ਤੁਸੀਂ ਇਸ ਤਰ੍ਹਾਂ ਲੱਗ ਰਹੇ ਹੋ ਜਿਵੇਂ ਤੁਸੀਂ ਜਾਣਾ ਨਹੀਂ ਚਾਹੁੰਦੇ। ਕੀ ਤੁਸੀਂ ਬਿਮਾਰ ਤਾਂ ਨਹੀਂ ?" ਮੇਰੇ ਪੈਰ ਦਰਵਾਜ਼ੇ 'ਤੇ ਖਲੋ ਗਏ, ਮੇਰੀ ਪਤਨੀ ਦਾ ਸੁਆਲ ਕਿਸੇ ਹੋਰ ਜਗ੍ਹਾ 'ਤੇ ਸੀ। ਮੈਨੂੰ ਹੈਰਾਨੀ ਸੀ, ਉਸ ਨੂੰ ਇਹ ਕਿਸ ਤਰ੍ਹਾਂ ਲੱਗਾ ਸੀ ਕਿ ਮੈਂ ਦੁਚਿੱਤੀ ਵਿਚ ਸਾਂ, ਉਹ ਮੈਨੂੰ ਇੰਨੀ ਚੰਗੀ ਤਰ੍ਹਾਂ ਜਾਣਦੀ ਹੈ, ਕਦੀ ਕਿਸੇ ਬਿਮਾਰੀ ਨੇ ਵੀ ਮੇਰੀ ਸੇਵਾ ਨੂੰ ਕਰਨ ਦੀ ਲਗਨ ਨੂੰ ਪ੍ਰਭਾਵਿਤ ਨਹੀਂ ਕੀਤਾ ਹੈ, ਤਾਂ ਫਿਰ ਇਹ ਕੀ ਸੀ ?

ਸ਼ਾਇਦ ਅੱਜ ਮੈਂ ਆਪਣੇ ਆਪ ਨਾਲ ਸਾਂ। ਇਸ ਤਰ੍ਹਾਂ ਦਾ ਨਵਾਪਨ ਕਿਵੇਂ ਆਇਆ ? ਕੀ ਮੈਂ ਕੋਈ ਹਮਦਰਦੀ ਗਵਾ ਰਿਹਾ ਸਾਂ, ਕਿਸੇ ਜਿੰਦਗੀ ਭਰ ਦੇ ਇਰਾਦੇ ਤੋਂ ਘੱਟ ਦਿੱਸ ਰਿਹਾ ਸਾਂ ? ਨਹੀਂ, ਇਹ ਵੀ ਨਹੀਂ ਹੋ ਸਕਦਾ, ਫਿਰ ਮੈਂ ਕਿਥੇ ਹਾਂ ? ਇਸ ਤਰ੍ਹਾਂ ਦੀ ਮਨ ਦੀ ਹਾਲਤ ਵਿਚ, ਦੋ ਘੰਟਿਆਂ ਦੀ ਹਵਾਈ ਉਡਾਨ ਨਾ ਮੁਕਣ ਵਾਲੀ ਲੱਗਦੀ ਸੀ। ਸਮਾਂ ਅੱਗੇ ਚਲਾ ਗਿਆ ਅਤੇ ਇਹ ਹੈਲੀਕਾਪਟਰ ਵਿਚ ਖਾਮੋਸ਼ੀ ਨੂੰ ਵਧਾ ਰਿਹਾ ਸੀ, ਅਸੀਂ ਸਕਰ ਦੇ ਉੱਪਰ ਉੱਡ ਰਹੇ ਸਾਂ। ਮੈਂ ਹੇਠਾਂ ਜ਼ਮੀਨ ਦੇ ਸੁੱਕੇਪਨ ਨੂੰ ਵੇਖਿਆ, ਕਿੰਨੀ ਬੰਜਰ ਅਤੇ ਸੁੱਕੀ ਹੋਈ ਬੇ-ਆਬਾਦ ਜ਼ਮੀਨ ਸੀ। ਜਦੋਂ ਪਾਇਲਟ ਨੇ ਵਾਇਰਲੈਸ 'ਤੇ ਸੁਨੇਹਾ ਲਿਆ ਉਦੋਂ ਵੀ ਮੈਂ ਵਿਚਾਰਾਂ ਵਿਚ ਬਹੁਤ ਦੂਰ ਸਾਂ, ਕਿਸੇ ਇਹੋ ਜਿਹੀ ਜਗ੍ਹਾ, ਜਿਸ ਦਾ ਮੈਨੂੰ ਵੀ ਪਤਾ ਨਹੀਂ ਸੀ। ਉਸ ਨੇ ਉੱਚੀ ਆਵਾਜ਼ ਵਿਚ ਕਿਹਾ, "ਮੌਲਾਨਾ, ਕੀ ਤੁਹਾਡਾ ਦੋਹਤਰਾ ਹਸਪਤਾਲ ਵਿਚ ਹੈ ?" ਮੈਂ ਝੰਜੋੜਿਆ ਗਿਆ। ਆਪਣਾ ਸਿਰ ਉਸ ਵੱਲ ਕਰਕੇ ਮੈਂ ਪੁੱਛਿਆ, "ਕਿਉਂ ?" ਉਸ ਨੇ ਕਿਹਾ ਕਿ ਉਹ ਹੁਣੇ ਹੀ ਮਰ ਗਿਆ ਹੈ। ਫਿਰ ਮੈਨੂੰ ਸਵੇਰ ਵੇਲੇ ਉੱਠਣ ਵਿਚ ਹੋ ਰਹੀ ਦੇਰੀ ਬਾਰੇ ਪਤਾ ਲੱਗਾ।"

ਹਵਾਈ ਜਹਾਜ਼ ਦੇ ਸਟਾਫ ਦੇ ਨਾਲ ਮੈਂ ਵੀ ਆਪਣੇ ਹੱਥ ਪ੍ਰਾਰਥਨਾ ਲਈ ਉਠਾਏ ਅਤੇ ਅਸੀਂ ਉੱਚੀ ਆਵਾਜ਼ ਵਿਚ ਕਿਹਾ, "ਇਨਾ ਲਿਲਾਹੇ ਵੇ ਇਨਾ ਆਲਿਹੇ ਰਾਜਾਉਨ।" ਅਸੀਂ ਆਪਣੀ ਮੰਜ਼ਿਲ ਤੋਂ ਸਿਰਫ ਦਸ ਮਿੰਟ ਦੂਰ ਸਾਂ, ਪਾਈਲਟ ਨੇ ਸੁਝਾਅ ਦਿੱਤਾ, "ਅਸੀਂ ਵਾਪਸ ਮੁੜ ਜਾਈਏ।" "ਨਹੀਂ, ਨਹੀਂ ਮੈਂ ਆਪਣਾ ਸਿਰ ਹਿਲਾਇਆ।" ਉਸ ਲਈ ਹੁਣ ਬਹੁਤ ਲੇਟ ਹੋ ਗਏ ਹਾਂ। ਸਾਡੇ ਕਰਨ ਲਈ ਕੰਮ ਹੈ। ਬਿਲਕਿਅਸ ਨੂੰ ਕਹੋ ਕਿ ਉਸ ਦੇ ਦਫਨਾਉਣ ਦਾ ਇੰਤਜ਼ਾਮ ਕਰੇ, ਉਹਨਾਂ ਨੂੰ ਮੈਨੂੰ ਨਹੀਂ ਉਡੀਕਣਾ ਚਾਹੀਦਾ। ਕੋਈ ਗੱਲ ਨਹੀਂ ਚਾਹੇ ਕਿੰਨੀ ਪੁਰਾਣੀ ਜਾਂ ਕਿੰਨੀ ਨਜ਼ਦੀਕੀ ਮੇਰੀ ਰਿਸ਼ਤੇਦਾਰੀ ਸੀ ਮੈਂ ਆਪਣੇ ਸਟਾਫ ਨੂੰ ਆਪਣੇ ਜਾਤੀ ਮਾਮਲਿਆਂ ਵਿਚ ਨਹੀਂ ਸੀ ਉਲਝਾਇਆ। ਕਿਸੇ ਨੂੰ ਵੀ ਮੇਰੇ ਦੋਹਤਰੇ ਦੇ ਹਸਪਤਾਲ ਵਿਚ ਦਾਖ਼ਲ ਹੋਣ ਬਾਰੇ ਪਤਾ ਨਹੀਂ ਸੀ ਅਤੇ ਇਸ ਨਿੱਜੀਪਣ ਦੇ ਸੰਬੰਧ ਵਿਚ ਪਾਈਲਟ ਚੁੱਪ ਰਿਹਾ।

ਉਹ ਪੀੜ ਮੇਰੇ ਲਈ ਜ਼ਿਆਦਾ ਡੂੰਘੀ ਸੀ ਜੋ ਕਿ ਅਚਾਨਕ ਹੀ ਮੈਨੂੰ ਮਿਲੀ, ਜਦੋਂ ਕਿ ਦੂਸਰੇ ਲੋਕਾਂ ਦੇ ਦੁੱਖਾਂ ਨੂੰ ਮੈਂ ਕਈ ਮੌਕਿਆਂ 'ਤੇ ਵੇਖਿਆ ਸੀ। ਮੈਂ ਕਦੀ ਵੀ ਇਸ ਤਰ੍ਹਾਂ ਦਾ ਖੋਖਲਾਪਨ ਨਹੀਂ ਸੀ ਵੇਖਿਆ। ਮੈਂ ਪਿੱਛਲੇ 45 ਸਾਲਾਂ ਤੋਂ ਹਮੇਸ਼ਾ 24 ਘੰਟੇ ਹੀ ਕਿਸੇ ਦੀ ਆਵਾਜ਼ ਲਈ ਸੁਚੇਤ ਰਿਹਾ ਸਾਂ, ਹਰ ਇਕ ਘੰਟਾ ਆਪਣੇ ਨਾਲ ਬੜੀਆਂ ਸਖ਼ਤ ਸੱਚਾਈਆਂ ਜੋ ਬੇ-ਉਮੀਦਾਂ ਅਤੇ ਥੱਲੇ ਦੱਬੇ ਹੋਏ ਲੋਕਾਂ ਨੇ ਵੇਖੀਆਂ ਸਨ। ਹੁਣ ਮੈਂ ਥੱਕ ਗਿਆ ਮਹਿਸੂਸ ਕਰਦਾ ਸਾਂ, ਜਿਸ ਤਰ੍ਹਾਂ ਮੈਂ ਹਮੇਸ਼ਾ ਹੀ ਜਾਗਦਾ ਰਿਹਾ ਹੋਵਾਂ। ਮੇਰੇ ਕੰਮ ਨੇ ਮੇਰੀ ਜਿੰਦਗੀ ਲੈ ਲਈ ਸੀ। ਮੇਰੇ ਕੋਲ ਹਮੇਸ਼ਾ ਕੋਈ ਉਦੇਸ਼ ਸੀ, ਪਰ ਕੋਈ ਵੀ ਪੱਕੀ ਮੰਜਿਲ ਨਹੀਂ ਸੀ ਹੁੰਦੀ। ਬਿਲਾਲ ਮੇਰਾ ਦੋਹਤਰਾ, ਉਸ ਵਕਤ ਆਇਆ ਜਦੋਂ ਮੇਰੇ ਕੋਲ ਕੋਈ ਪੱਕਾ ਉਦੇਸ਼ ਸੀ।

ਭਾਵੇਂ ਬਿਲਕਿਅਸ ਮੇਰੇ ਕੰਮ ਵਿਚੋਂ ਸਮਾਂ ਚੁਰਾਉਣ ਦੀ ਕੋਸ਼ਿਸ਼ ਕਰਦੀ ਸੀ, ਇਹ ਉੱਨਾਂ ਨਹੀਂ ਸੀ ਜੋ ਉਸ ਦੇ ਮਾਂ-ਪੁਣੇ ਦੀਆਂ ਖਾਹਿਸ਼ਾਂ ਨੂੰ ਸੰਤੁਸ਼ਟ ਕਰ ਸਕਦੀਆਂ ਸਨ। ਸਾਡੇ ਆਪਣੇ ਬੱਚੇ ਆਪਣੀ ਨਾਨੀ ਦੀ ਦੇਖ ਭਾਲ ਵਿਚ ਵੱਡੇ ਹੋਏ। ਜਦੋਂ ਸਾਡੀ 22 ਸਾਲ ਦੀ ਲੜਕੀ ਕੁਬਰਾ ਆਪਣੇ ਖਾਵੰਦ ਤੋਂ ਵੱਖ ਹੋਈ ਅਤੇ ਘਰ ਪਰਤ ਆਈ, ਜਦੋਂ ਕਿ ਉਹ ਦੂਸਰੇ ਬੱਚੇ ਦੀ ਮਾਂ ਬਨਣ ਵਾਲੀ ਸੀ, ਬਿਲਾਲ ਪੈਦਾ ਹੋਇਆ। ਇਸ ਤਰ੍ਹਾਂ ਲੱਗਦਾ ਸੀ ਕਿ ਜਿਵੇਂ ਉਹ ਸਾਡੇ ਲਈ ਸੀ।

ਉਸ ਨੇ ਮੈਨੂੰ ਕੋਈ ਚੁਕੰਨਾ ਮਹਿਸੂਸ ਨਾ ਕੀਤਾ। ਸ਼ਾਇਦ ਮੇਰਾ ਆਪਣੇ ਆਪ ਵਿਚ ਖੁੱਬੇ ਹੋਣ ਕਰਕੇ ਜੋ ਕਿ ਸਿਰਫ ਬੱਚੇ ਦੀ ਮਸੂਮੀਅਤ ਜਾਣ ਜਾਂ ਪਹਿਚਾਣ ਸਕਦੀ ਹੈ। ਮੇਰੇ ਵਿਚ ਜੋ ਵਿਹਲਾ ਹਿੱਸਾ ਰਹਿ ਗਿਆ ਸੀ ਉਹ ਉਸ ਕੋਲ ਚਲਾ ਗਿਆ ਸੀ ਅਤੇ ਮੈਂ ਆਮ ਹੀ ਉਸ ਨੂੰ ਚਿਤਾਵਨੀ ਦਿੰਦਾ ਰਹਿੰਦਾ ਸਾਂ, "ਮੈਂ ਸਿਰਫ ਆਪਣੇ ਆਪ ਨੂੰ ਤੈਨੂੰ ਦਿੱਤਾ ਹੈ, ਪਰ ਮੈਂ ਆਪਣਾ ਆਪ ਤੇਰੇ ਕੋਲੋਂ ਵਾਪਿਸ ਲੈ

ਲਵਾਂਗਾ, ਜਦੋਂ ਮੈਨੂੰ ਇਸ ਦੀ ਕਿਸੇ ਹੋਰ ਜਗ੍ਹਾ 'ਤੇ ਜ਼ਰੂਰਤ ਪਈ।" ਮੈਂ ਆਪਣੇ ਸਾਥ ਦੇ ਪ੍ਰਭਾਵ ਨੂੰ ਨਹੀਂ ਸਾਂ ਜਾਣ ਸਕਿਆ।

ਹੁਣ ਮੇਰੀ ਇਸ ਸੋਚ ਕਰਕੇ ਮੇਰੇ ਦਿਲ ਨੂੰ ਦਰਦ ਹੁੰਦਾ ਸੀ ਕਿ ਕਿਵੇਂ ਅਸੀਂ ਇਕ ਦੂਜੇ ਨੂੰ ਲੱਭਦੇ ਰਹਿੰਦੇ ਸਾਂ। ਉਹ ਦਿਨ ਚੜ੍ਹਦਿਆਂ ਹੀ ਮੇਰੇ ਨਾਲ ਜਾਗ ਪੈਂਦਾ, ਆਪਣਾ ਬਰੇਕਫਾਸਟ ਖਾਂਦਾ ਅਤੇ ਮੇਰੀ ਸੁੱਕੀ ਰੋਟੀ ਵਿਚੋਂ ਵੀ ਹਿੱਸਾ ਲੈਂਦਾ, ਅਤੇ ਹਮੇਸ਼ਾ ਇਕ ਹੀ ਸੁਆਲ ਪੁੱਛਦਾ, "ਨਾਨਾ, ਤੁਸੀਂ ਇਹ ਕਿਉਂ ਖਾਂਦੇ ਹੋ ? ਕੀ ਤੁਸੀਂ ਗ਼ਰੀਬ ਹੋ ?" ਅਤੇ ਮੈਂ ਉਸ ਨੂੰ ਹਮੇਸ਼ਾ ਦੱਸਦਾ, "ਮੈਂ ਆਪਣੇ ਆਪ ਨੂੰ ਗ਼ਰੀਬੀ ਯਾਦ ਕਰਾਉਂਦਾ ਹਾਂ, ਇਹ ਮੇਰੇ ਘਰ ਦਾ ਕੰਮ ਹੈ।" ਹੁਣ ਮੈਂ ਆਪਣੀਆਂ ਗਿਲੀਆਂ ਹੋਈਆਂ ਅੱਖਾਂ 'ਤੇ ਹੱਥ ਫੇਰਿਆ, ਕਿਤੇ ਦੂਰ ਦੇਖਦਾਂ ਅਤੇ ਮੈਂ ਆਪਣੇ ਅੰਦਰ ਦੀ ਪੀੜ ਜਿਸ ਨੇ ਮੈਨੂੰ ਤੋੜ ਦਿੱਤਾ ਸੀ, ਉਸ ਨੂੰ ਲੁਕਾ ਰਿਹਾ ਸਾਂ, ਆਪਣੇ ਆਪ ਲਈ ਉਹ ਦਰਦ ਮੇਰੇ ਆਪਣੇ ਸਵੈਕਾਬੂ ਨੂੰ ਤੋੜ ਰਹੀ ਸੀ ਅਤੇ ਮੇਰੇ ਦਿਲ ਨੂੰ ਇਸ ਨੇ ਬਾਰ-ਬਾਰ ਤੋੜ ਦਿੱਤਾ ਸੀ। ਪੁਰਾਣੇ ਸਮੇਂ ਦੀਆਂ ਯਾਦਾਂ ਮੇਰੇ ਦਿਮਾਗ ਵਿਚ ਘੁੰਮ ਰਹੀਆਂ ਸਨ।

ਨਵੇਂ ਚੰਨ ਨੂੰ ਵੇਖਣ ਨਾਲ ਈਦ ਅਤੇ ਕੁਰਬਾਨੀ ਸ਼ੁਰੂ ਹੁੰਦੀ ਹੈ। ਇਹ ਇਕ ਉਹ ਮੌਕਾ ਹੁੰਦਾ ਸੀ ਜਦੋਂ ਜਾਣ ਬੁੱਝ ਕੇ ਅਸੀਂ ਇਸ ਨੂੰ ਆਪਣੇ ਕਲਿਆਣ ਕੇਂਦਰਾਂ ਵਿਚ ਲੰਮਾ ਸਮਾਂ ਮਨਾਉਂਦੇ ਸਾਂ, ਤਾਂ ਕਿ ਹਜ਼ਾਰਾਂ ਬੇ-ਘਰੇ, ਮਾਨਸਿਕ ਰੋਗੀ ਅਤੇ ਬੇ-ਆਸਰਾ ਜੋ ਸਾਡੀ ਜਿੰਦਗੀ ਦਾ ਹਿੱਸਾ ਸਨ, ਉਹਨਾਂ ਨੂੰ ਖੁਸ਼ੀ ਅਤੇ ਦਲੇਰੀ ਪ੍ਰਦਾਨ ਹੋ ਸਕੇ। ਔਰਤਾਂ ਦੇ ਕੁਆਰਟਰਾਂ ਵਿਚ ਬੜੀ ਖੁਸ਼ੀ ਅਤੇ ਉਤਸ਼ਾਹ ਹੁੰਦਾ, ਜਦੋਂ ਲੜਕੀਆਂ ਆਪਣੇ ਹੱਥਾਂ 'ਤੇ ਮਹਿੰਦੀ ਲਾਉਂਦੀਆਂ, ਉਹ ਸੋਨਾ ਅਤੇ ਚਾਂਦੀ ਦਾ ਗੋਟਾ ਆਪਣੇ ਨਵੇਂ ਕੱਪੜਿਆਂ 'ਤੇ ਸਿਉਂਦੀਆਂ, ਮਿਠਿਆਈਆਂ ਦਾ ਇੰਤਜ਼ਾਮ ਕਰਦੀਆਂ, ਅਤੇ ਰਿਵਾਇਤੀ ਆਟੇ ਦੀਆਂ ਬਰੀਕ ਸੇਵੀਆਂ ਤਿਆਰ ਕਰਦੀਆਂ ਅਤੇ ਤੋਹਫ਼ਿਆਂ ਨੂੰ ਕੱਪੜਿਆਂ ਵਿਚ ਬੰਦ ਕਰ ਦਿੰਦੀਆਂ। ਥੋੜੇ ਚਿਰ ਵਾਸਤੇ ਉਹਨਾਂ ਨੂੰ ਆਪਣਾ, ਇਹ ਫਜ਼ੂਲ ਖ਼ਰਚ ਉਦਾਸ ਵੀ ਕਰ ਦਿੰਦਾ ਸੀ। ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿਚੋਂ ਖ਼ੁਰਾਕ ਦੇ ਵੱਡੇ-ਵੱਡੇ ਕੜਾਹੇ ਆਉਂਦੇ ਅਤੇ ਬੜੀ ਖੁਸ਼ੀ ਭਰੀ ਸਵੇਰ ਦੀ ਉਡੀਕ ਕੀਤੀ ਜਾਂਦੀ। ਇਨ੍ਹਾਂ ਬੇ-ਆਸਰਾ ਲੋਕਾਂ ਲਈ ਥੋੜੇ ਸਮੇਂ ਲਈ ਅਤੇ ਥੋੜੀ ਜਿਹੀ ਖੁਸ਼ੀ ਹੁੰਦੀ, ਪਰ ਹੋਰ ਖੁਸ਼ੀਆਂ ਦੇ ਨਾ ਹੋਣ ਕਰਕੇ, ਇਸ ਨੂੰ ਬਹੁਤ ਸਲਾਹਿਆ ਜਾਂਦਾ।

ਬਿਲਾਲ ਇਹ ਰਾਤ ਲੜਕੀਆਂ ਦੇ ਕਲਿਫਟਨ ਕੇਂਦਰ 'ਤੇ ਆਪਣੀ ਮਾਂ ਨਾਲ ਬਿਤਾਉਂਦਾ ਸੀ। ਸਾਡੇ ਕੋਲੋਂ ਜਾਣ ਤੋਂ ਪਹਿਲਾਂ ਉਹ ਮੈਨੂੰ ਆਪਣੇ ਨਵੇਂ ਕੱਪੜੇ ਵਿਖਾਉਂਦਾ, "ਸਵੇਰੇ ਮੈਂ ਇਹ ਪਾਵਾਂਗਾ, ਉਸ ਤੋਂ ਬਾਅਦ ਇਹ, ਤੇ ਫਿਰ ਇਹ, ਤੇ ਫਿਰ ਇਹ ਅਤੇ ਫਿਰ ਇਹ।" ਮੈਂ ਉਸ ਨੂੰ ਆਪਣੀਆਂ ਬਾਹਾਂ ਵਿਚ ਉਠਾ ਲੈਂਦਾ, "ਬਿਲਾਲ ਕੀ ਤੈਨੂੰ ਪਤਾ ਹੈ ਕਿ ਕਈ ਬੱਚਿਆਂ ਕੋਲ ਕੱਪੜੇ ਹੁੰਦੇ ਹੀ ਨਹੀਂ।" ਮੇਰੀ ਸਲਾਹ ਤੋਂ ਇਨਕਾਰ ਕਰਦਾ ਹੋਇਆ, ਉਹ ਜ਼ਬਰਦਸਤੀ ਮੇਰੇ ਕੋਲੋਂ ਛੁੱਟ ਜਾਂਦਾ

ਅਤੇ ਫਿਰ ਆਪਣੀ ਕੱਪੜੇ ਵਾਲੀ ਅਲਮਾਰੀ ਕੋਲ ਇਹ ਕਹਿੰਦਾ ਹੋਇਆ ਚਲਾ ਜਾਂਦਾ, "ਪਰ ਮੇਰੇ ਕੋਲ ਤੇ ਕਈ ਹਨ।" ਬਿਲਕਿਅਸ ਹੱਸ ਪੈਂਦੀ, "ਅੱਜ ਉਹ ਤੁਹਾਡੇ ਤੋਂ ਪ੍ਰਭਾਵਿਤ ਨਹੀਂ ਹੋਵੇਗਾ।"

ਈਦ ਦੀ ਸਵੇਰ ਨੂੰ ਮੈਂ ਆਪਣੇ ਦਫਤਰ ਵਿਚ ਸਾਂ, ਜਦੋਂ ਮੈਂ ਇਹ ਸੁਣਿਆ ਕਿ ਕੁਬਰਾ ਨੇ ਬਦਹਵਾਸ ਅਤੇ ਘਬਰਾਹਟ ਵਿਚ ਐਂਬੂਲੈਂਸ ਬੁਲਾਈ ਹੈ। ਹਸਪਤਾਲ ਜਾਣ ਦੀ ਬਜਾਏ ਉਹ ਮੀਠਾਦਾਰ ਆ ਗਈ ਸੀ। ਇਸ ਤਰ੍ਹਾਂ ਦੀ ਮੂਰਖਤਾ ਉਸਨੇ ਮੁਸੀਬਤ ਦਾ ਸਾਹਮਣਾ ਕਰਨ ਲਈ ਕੀਤੀ। ਉਸ ਕੋਲ ਵਿਆਖਿਆ ਕਰਨ ਦੀ ਲੋੜ ਹੀ ਨਹੀਂ ਸੀ, ਬਿਲਾਲ ਦੀ ਹਾਲਤ ਇਸ ਤਰ੍ਹਾਂ ਦੀ ਸੀ ਜਿਸ ਤਰ੍ਹਾਂ ਦੀਆਂ ਹਾਲਤਾਂ ਮੈਂ ਪਹਿਲਾਂ ਕਈ ਵਾਰ ਵੇਖੀਆਂ ਸਨ। ਉਹ ਬਹੁਤ ਬੁਰੀ ਤਰ੍ਹਾਂ ਜਲਿਆ ਹੋਇਆ ਸੀ।

ਉਸ ਦੇ ਦੁੱਖ ਨੂੰ ਕਿਸੇ ਤਰ੍ਹਾਂ ਵੀ ਪ੍ਰਗਟ ਨਹੀਂ ਸੀ ਕੀਤਾ ਜਾ ਸਕਦਾ, ਜਿਸ ਨੂੰ ਮੈਂ ਅੱਜ ਵੀ ਮਹਿਸੂਸ ਕਰ ਸਕਦਾ ਹਾਂ, ਜਿਸ ਤਰ੍ਹਾਂ ਅੱਗ ਨੇ ਮੇਰੀ ਆਤਮਾ ਨੂੰ ਸਾੜ ਦਿੱਤਾ ਹੋਵੇ। ਉਹ ਆਪਣੀ ਮਾਂ ਦੀਆਂ ਬਾਹਾਂ ਵਿਚ ਇਸ ਤਰ੍ਹਾਂ ਤੜਫ ਰਿਹਾ ਸੀ, ਜਿਵੇਂ ਮੱਛੀ ਪਾਣੀ ਤੋਂ ਬਾਹਰ ਤੜਫ ਰਹੀ ਹੋਵੇ, ਆਪਣੇ ਦੰਦ ਅਤੇ ਹੱਥਾਂ ਨੂੰ ਘੁੱਟ ਰਿਹਾ ਸੀ, ਫਿਰ ਉਹ ਉਸ ਦਰਦ ਨਾਲ ਬਾਰ-ਬਾਰ ਇੱਕਠਾ ਹੋ ਰਿਹਾ ਸੀ, ਜੋ ਹਰ ਪਲ ਉਸ ਨੂੰ ਮਿਲ ਰਿਹਾ ਸੀ। ਜਿਸ ਤਰ੍ਹਾਂ ਉਸ ਦਾ ਸਰੀਰ ਪੀੜਾਂ ਦੇ ਇਸ ਦੁੱਖ ਦਾ ਮੁਕਾਬਲਾ ਕਰ ਰਿਹਾ ਸੀ, ਉਸ ਤਰ੍ਹਾਂ ਹੀ ਉਸ ਦਾ ਚਿਹਰਾ ਇਸ ਦਾ ਸਾਹਮਣਾ ਕਰ ਰਿਹਾ ਸੀ। ਨਾ ਕੋਈ ਆਰਾਮ ਮਿਲ ਰਿਹਾ ਸੀ, ਨਾ ਇਲਾਜ ਸੀ ਅਤੇ ਨਾ ਹੀ ਉਮੀਦ ਸੀ।

ਜਿੰਨੇ ਚਿਰ ਨੂੰ ਬਿਲਕਿਅਸ ਆਪਣੀ ਮਾਂ ਦੇ ਘਰ ਤੋਂ ਪਰਤੀ, ਕੁਬਰਾ ਹਸਪਤਾਲ ਜਾ ਚੁੱਕੀ ਸੀ। ਮੈਂ ਉਹਨਾਂ ਵਿਚੋਂ ਕਿਸੇ ਨਾਲ ਵੀ ਨਾ ਗਿਆ ਅਤੇ ਬਿਲਕਿਅਸ ਕੋਲੋਂ ਮੈਂ ਇਸ ਦੀ ਮੁਆਫੀ ਮੰਗ ਲਈ, "ਇਹ ਦਰਦ ਤਾਂ ਉਹ ਆਦਮੀ ਵੀ ਸਹਿਣ ਨਹੀਂ ਕਰ ਸਕਦਾ ਜਿਸ ਨੇ ਦੁੱਖ ਦਾ ਸਾਹਮਣਾ ਹੋਣ 'ਤੇ ਕਦੀ ਹਾਰ ਨਹੀਂ ਮੰਨੀ।"

ਹੁਣ ਅਸੀਂ ਘੋਟਕੀ ਦੇ ਉੱਪਰ ਉੱਡ ਰਹੇ ਸਾਂ ਅਤੇ ਥੱਲੇ ਉਸ ਜਗ੍ਹਾ ਦੇ ਨੇੜੇ ਉੱਡ ਰਹੇ ਸਾਂ ਤਾਂ ਕਿ ਇਹ ਪਤਾ ਲਾਇਆ ਜਾ ਸਕੇ ਕਿ ਇੰਨਾਂ ਦੋਵਾਂ ਗੱਡੀਆਂ ਦੀ ਟੱਕਰ ਨਾਲ ਕਿੰਨੀ ਬਰਬਾਦੀ ਹੋਈ ਹੈ। ਇਕ ਗੈਰ ਕੁਦਰਤੀ ਦ੍ਰਿਸ਼ ਸੀ, ਜੋ ਕੁਦਰਤੀ ਤਬਾਹੀ ਨਾਲੋਂ ਬਹੁਤ ਜ਼ਿਆਦਾ ਅਤੇ ਬਹੁਤ ਭਿਆਨਕ ਬਣਿਆ ਹੋਇਆ ਸੀ। ਇਹ ਇਕ ਅਜੋਕਾ ਦੁਖਾਂਤ ਸੀ। ਕਾਲਾ ਧੂੰਆਂ ਠੋਸ ਸੀ, ਜਿਥੇ ਵੀ ਬੈਠਦਾ ਉਥੇ ਹੀ ਹਾਨੀਕਾਰਕ ਸੀ, ਉਥੇ ਹੀ ਜੰਮ ਜਾਦਾ..... ਅਤੇ ਉਹ ਲਾਲ ਹੋ ਜਾਂਦਾ।

ਅਸੀਂ ਉਸ ਜਗ੍ਹਾ 'ਤੇ ਹੈਲੀਕਾਪਟਰ ਤੋਂ ਉਤਰੇ ਜੋ ਇਕ ਬੂਚੜਖਾਨੇ ਵਰਗਾ ਲੱਗਦਾ ਸੀ। ਸੱਚਾਈ ਨੇ ਮੈਨੂੰ ਝੰਜੋੜਿਆ। ਉਥੇ ਐਂਬੂਲੈਂਸਾਂ, ਸਾਈਰਨ ਵੱਜ ਰਹੇ ਸਨ, ਸਟਰੈਚਰ, ਲਾਸ਼ਾਂ, ਪੁਲੀਸ, ਪ੍ਰਸ਼ਾਸਨ, ਸਰਕਾਰੀ ਕਰਮਚਾਰੀ ਅਤੇ ਉੱਤੇਜਨਾ ਭਰੀ ਲੋਕਾਂ ਦੀ ਭੀੜ ਜੋ ਇਸ ਤਰ੍ਹਾਂ ਦੇ ਮੌਕਿਆਂ 'ਤੇ ਹਮੇਸ਼ਾ ਇੱਕਠੀ

ਹੋ ਜਾਂਦੀ ਹੈ, ਸਭ ਸਨ। ਮੇਰੇ ਆਉਣ ਦੀ ਹਮੇਸ਼ਾ ਹਰ ਕਿਸੇ ਨੂੰ ਉਮੀਦ ਹੁੰਦੀ ਹੈ।...... ਕੁਝ ਸਮਾਂ ਕਰਮਚਾਰੀਆਂ ਨਾਲ ਗੱਲਬਾਤ ਕੀਤੀ, ਉਹਨਾਂ ਤੋਂ ਇਕ ਦਮ ਬੇ-ਉਮੀਦ ਹੋ ਕੇ ਮੈਂ ਆਪਣੇ ਕੰਮ ਨੂੰ ਅਮਲੀ ਸ਼ਕਲ ਦੇਣ ਲਈ ਲੱਗ ਗਿਆ। ਇਹ ਇਕ ਪਹਿਲਾਂ ਤੋਂ ਸਥਾਪਿਤ ਕੀਤਾ ਹੋਇਆ ਢੰਗ ਸੀ। ਇਸ ਤਰ੍ਹਾਂ ਦੀਆਂ ਹਾਲਤਾਂ ਵਿਚ ਜਿਸ ਤਰ੍ਹਾਂ ਇਹ ਹੈ ਇਹ ਜ਼ਰੂਰੀ ਹੁੰਦਾ ਹੈ ਕਿ ਇਕ ਆਦਮੀ ਇਸ ਦਾ ਇੰਨਚਾਰਜ਼ ਬਣ ਜਾਵੇ, ਬਹੁਤ ਲੋਕ ਸਿਰਫ ਮੁਸੀਬਤ ਵਿਚ ਵਾਧਾ ਕਰਦੇ ਹਨ। ਆਪਣੀ ਸਾਰੀ ਜ਼ਿੰਦਗੀ, ਮੈਂ ਰਾਹਤ ਦੇ ਕੰਮ ਨੂੰ ਕਰਨਾ ਸਿੱਖਿਆ ਹੈ ਤਾਂ ਕਿ ਛੇਤੀ ਨਤੀਜਾ ਮਿਲ ਜਾਵੇ।

ਮੈਂ ਆਪਣੇ ਪਜਾਮੇ ਨੂੰ ਗੋਡਿਆਂ ਤੱਕ ਚੁੱਕ ਲਿਆ। ਮੈਂ ਲਹੂ ਦੇ ਛੱਪੜ ਵਿਚੋਂ ਹੌਲੀ-ਹੌਲੀ ਹੋ ਕੇ ਮਰਣ ਵਾਲਿਆਂ ਤੱਕ ਪਹੁੰਚ ਗਿਆ। ਅਸੀਂ ਹਰ ਤਰਫ ਬੜੇ ਬੈਚੇਨ ਲੋਕਾਂ ਵਿਚ ਘਿਰੇ ਹੋਏ ਸਾਂ ਜੋ ਉੱਚੀ ਆਵਾਜ਼ ਵਿਚ ਪੁੱਛ ਰਹੇ ਸਨ, "ਈਦੀ ਸਾਹਿਬ, ਉਹਨਾਂ ਨੇ ਮੇਰਾ ਲੜਕਾ ਨਹੀਂ ਲੱਭਿਆ......। ਜੇ ਮੇਰੇ ਬਾਪ ਨੂੰ ਤੁਸੀਂ ਹਸਪਤਾਲ ਨਾ ਪਹੁੰਚਾਇਆ ਤਾਂ ਉਹ ਮਰ ਜਾਵੇਗਾ।.......ਈਦੀ ਸਾਹਿਬ, ਪ੍ਰਮਾਤਮਾ ਦਾ ਸ਼ੁਕਰ ਹੈ, ਤੁਸੀਂ ਇਥੇ ਹੋ......। ਉਹ ਕਹਿੰਦੇ ਸਨ, ਮੇਰਾ ਲੜਕਾ ਮਰ ਗਿਆ ਹੈ, ਪਰ ਮੈਂ ਜਾਣਦਾ ਹਾਂ ਉਹ, ਉਹ ਨਹੀਂ। ਮੇਰੀ ਮਾਂ ਨੂੰ ਹਸਪਤਾਲ ਲੈ ਜਾਉ....। "ਮਿਹਰਬਾਨੀ ਕਰਕੇ ਮੇਰੇ ਬੱਚਿਆਂ ਨੂੰ ਲੱਭੋ, ਉਹ ਕਿਥੇ ਹਨ, ਉਹ ਕਿਥੇ ਹਨ ?" ਜਦੋਂ ਮੈਂ ਇਨ੍ਹਾਂ ਵੱਡੀਆਂ ਮੌਤਾਂ ਨੂੰ ਵੇਖ ਰਿਹਾ ਸਾਂ ਅਤੇ ਪ੍ਰਬੰਧ ਕਰ ਰਿਹਾ ਸਾਂ, ਬਿਲਾਲ ਦੀ ਮੌਤ ਮੇਰੇ ਕਲੇਜੇ ਨੂੰ ਨਿਚੋੜ ਲੈਂਦੀ ਸੀ। ਦੋ ਮਹੀਨੇ ਪਹਿਲਾਂ ਮੈਂ ਇਹ ਪੀੜ ਉਸ ਦੀਆਂ ਅੱਖਾਂ ਵਿਚ ਵੇਖੀ ਸੀ ਅਤੇ ਸਾਡੇ ਕੋਲ ਵੀ ਇਹੋ ਡਰ ਸੀ। ਉਸ ਨੇ ਮੈਨੂੰ ਲੋਕਾਂ ਦੀ ਸੇਵਾ ਕਰਦਿਆਂ ਵੇਖਿਆ ਸੀ ਅਤੇ ਉਸ ਦੀ ਮਸੂਮੀਅਤ ਨੇ ਇਹ ਗਲਤ ਮੰਨ ਲਿਆ ਕਿ ਸਾਡੀ ਹਮਰਦਰੀ ਉਸ ਨੂੰ ਇਕ ਆਰਾਮ ਪਹੁੰਚਾਉਣ ਦੀ ਯੋਗਤਾ ਰੱਖਦੀ ਸੀ। ਉਸ ਦੇ ਇਸ ਵਿਸ਼ਵਾਸ ਨੇ ਇਕ ਉਮੀਦ ਪੈਦਾ ਕਰ ਦਿੱਤੀ ਜੋ ਪ੍ਰਮਾਤਮਾ ਦੀ ਤਰ੍ਹਾਂ ਸੀ ਜੋ ਜਵਾਬ ਨਹੀਂ ਦੇ ਸਕਦਾ ਹੈ।

ਘੋਟਕੀ ਵਿਚ, ਮੈਂ ਇਸ ਨੂੰ ਫਿਰ ਵੇਖਿਆ, ਉਹੋ ਦਰਦ, ਇਕ ਉਮੀਦ ਨਾਲ ਮੇਰੇ ਨਾਲ ਚੰਬੜਿਆ ਰਿਹਾ ਹੈ। ਮੈਂ ਮਾਵਾਂ ਦੀਆਂ ਅੱਖਾਂ ਵਿਚ ਨਿਧੜਕਤਾ ਵੇਖੀ ਕਿ ਉਹਨਾਂ ਦੇ ਬੱਚਿਆਂ ਨੂੰ ਬਚਾਅ ਲਿਆ ਜਾਵੇ, ਬੱਚਿਆਂ ਵਿਚ ਜਿੰਦਗੀ ਦਾ ਆਪਣਾ ਡਰ ਵੇਖਿਆ ਅਤੇ ਇਸ ਸਾਰੇ ਦੁੱਖ ਵਿਚ, ਮੈਨੂੰ ਯਾਦ ਆਇਆ ਕਿ ਬਿਲਾਲ ਇੰਨਾਂ ਵਾਂਗ ਅਤੇ ਇੰਨਾਂ ਵਾਂਗ ਉਮੀਦ ਵਿਚ ਕਿਵੇਂ ਮੈਨੂੰ ਚੰਬੜਿਆ ਸੀ। ਹੁਣ ਉਹਨਾਂ ਨੇ ਉਸ ਨੂੰ ਨੁਹਾ ਲਿਆ ਹੋਵੇਗਾ। ਹੁਣ ਉਹਨਾਂ ਉਸ ਨੂੰ ਦਫਨਾਅ ਦਿੱਤਾ ਹੋਵੇਗਾ।

ਮੈਂ ਆਪਣੀ ਟੀਮ ਦੇ ਨਾਲ ਲਾਸ਼ਾਂ ਹਟਾਈਆਂ, ਸਮਾਨ ਚੁੱਕਿਆ, ਪੈਸਾ ਅਤੇ ਪਹਿਚਾਣ ਪੱਤਰ ਉੱਠਾਏ ਅਤੇ ਉਹਨਾਂ ਦੀ ਪਹਿਚਾਣ ਕਰਨ ਲਈ ਕਿਹਾ। ਮੈਂ ਮਲਬੇ

ਦੇ ਢੇਰ ਲੱਭੇ ਅਤੇ ਲਾਸ਼ਾਂ ਦੇ ਅੰਗ ਇੱਕਠੇ ਕੀਤੇ ਤਾਂ ਕਿ ਉਨ੍ਹਾਂ ਨੂੰ ਦਫ਼ਨਾਇਆ ਜਾਵੇ। ਜ਼ਖ਼ਮੀਆਂ ਨੂੰ ਨੇੜੇ ਦੇ ਹਸਪਤਾਲਾਂ ਵਿਚ ਪਹੁੰਚਾਇਆ ਗਿਆ, 72 ਬਹੁਤ ਗੰਭੀਰ ਰੋਗੀਆਂ ਨੂੰ ਸਾਡੀ ਹਵਾਈ ਐਂਬੂਲੈਂਸਾਂ ਰਾਹੀਂ ਕਰਾਚੀ ਪਹੁੰਚਾਉਣ ਦਾ ਇੰਤਜ਼ਾਮ ਕੀਤਾ ਗਿਆ ਅਤੇ ਇਸ ਸਾਰੇ ਸਮੇਂ ਵਿਚ ਮੈਨੂੰ ਬਿਲਾਲ ਦਾ ਦਰਦ ਲੱਗਾ ਰਿਹਾ ਅਤੇ ਸਾਰਾ ਸਮਾਂ ਲੋਕ ਰੋਂਦੇ ਰਹੇ ਅਤੇ ਮਿੰਨਤ ਕਰਦੇ ਰਹੇ, "ਮੇਰੇ ਬੱਚੇ ਮਰ ਗਏ ਹਨ...... ਮੇਰੀ ਪਤਨੀ ਮਰ ਰਹੀ ਹੈ..... ਮੇਰੀ ਮਾਂ ਦਾ ਲਹੂ ਵੱਗ ਗਿਆ ਹੈ, ਉਹ ਮਰ ਜਾਵੇਗੀ।"

ਕਈ ਤੰਬੂ ਵੱਖ-ਵੱਖ ਜਗ੍ਹਾ ਅਤੇ ਵਿਹੜੇ ਵਿਚ ਅਤੇ ਨੇੜੇ ਦੇ ਸਕਰ ਦੇ ਹਸਪਤਾਲ ਵਿਚ ਲਾਏ ਗਏ। ਲੇਡੀ ਡਾਕਟਰਾਂ ਅਤੇ ਨਰਸਾਂ ਔਰਤਾਂ ਦੇ ਭਾਗ ਵਿਚ ਕੰਮ ਕਰ ਰਹੀਆਂ ਸਨ, ਜੋ ਜ਼ਖ਼ਮਾਂ ਨੂੰ ਟਾਂਕੇ ਲਗਾ ਰਹੀਆਂ ਸਨ, ਪੱਟੀਆਂ ਬੰਨ ਰਹੀਆਂ ਸਨ ਅਤੇ ਜ਼ਖ਼ਮੀਆਂ ਨੂੰ ਭੇਜ ਰਹੀਆਂ ਸਨ। ਉਹ ਮਰੇ ਹੋਇਆਂ ਨੂੰ ਕੱਪੜੇ ਨਾਲ ਲਪੇਟ ਰਹੀਆਂ ਸਨ ਅਤੇ ਔਰਤਾਂ ਅਤੇ ਬੱਚਿਆਂ ਦਾ ਸਮਾਨ ਉਨ੍ਹਾਂ ਦੇ ਸਰੀਰਾਂ ਨਾਲ ਬੰਨ ਰਹੀਆਂ ਸਨ। ਇਹੋ ਇਕ ਸਮਾਂ ਸੀ ਜਦੋਂ ਬਿਲਕਿਅਸ, ਇਸ ਸੇਵਾ ਵਾਸਤੇ ਮੌਜੂਦ ਨਹੀਂ ਸੀ ਅਤੇ ਨਰਸਾਂ ਦੀ ਇੰਚਾਰਜ ਹੋਰ ਲੋਕਾਂ ਦੇ ਨੁਕਸਾਨ ਤੋਂ ਦੁੱਖੀ ਸੀ। ਇਕ ਘਬਰਾਏ ਹੋਏ ਜਵਾਨ ਆਦਮੀ ਨੇ ਵਿਰਲਾਪ ਕਰਦੇ ਹੋਏ, ਉਸ ਨੂੰ ਆ ਕੇ ਕਿਹਾ, "ਮੈਂ ਆਪਣਾ ਬਾਪ ਤਾਂ ਲੱਭ ਲਿਆ ਹੈ, ਪਰ ਮੇਰੀ ਮਾਂ ਕਿਹੜੀ ਹੈ ?" ਉਹ ਨਰਸ ਉਸ ਦੇ ਨਾਲ ਰੋਂਦੀ ਹੋਈ ਚਲ ਪਈ। ਜਦੋਂ ਉਹ ਫਿਰ ਵਿਰਲਾਪ ਕਰਕੇ ਕਹਿਣ ਲੱਗਾ, "ਕੋਈ ਵੀ ਉਸ ਵਰਗੀ ਨਹੀਂ ਲੱਗਦੀ।" ਮੈਂ ਨਰਸ ਦੀ ਅਗਵਾਈ ਕੀਤੀ, "ਤੂੰ ਪ੍ਰਬੰਧਕ ਹੈ। ਜੇ ਤੂੰ ਘਬਰਾ ਗਈ, ਕੰਮ ਨਹੀਂ ਹੋਵੇਗਾ। ਆਪਣੇ ਆਪ ਨੂੰ ਸੰਭਾਲੋ।"

ਮੈਨੂੰ ਬਿਲਕਿਅਸ ਦੀ ਗੈਰ-ਹਾਜ਼ਰੀ ਮਹਿਸੂਸ ਹੋ ਰਹੀ ਸੀ, ਉਹ ਹੀ ਇੱਕਲੀ ਸੀ, ਜਿਸ ਨਾਲ ਮੈਂ ਆਪਣੀ ਜਾਤੀ ਦੁੱਖ ਸਾਂਝਾ ਕਰ ਸਕਦਾ ਸਾਂ। ਪਰ ਕੀ ਉਹ ਵੀ ਇੱਕਲੀ ਨਹੀਂ ਸੀ, ਜੋ ਮੇਰੇ ਤੋਂ ਬਗੈਰ ਇੱਕਲੀ ਹੀ ਦੁੱਖ ਦਾ ਕੰਮ ਸੰਭਾਲ ਰਹੀ ਸੀ ਕਿਉਂ ਜੋ ਮੈਂ ਮਨੁੱਖਤਾ ਦੇ ਨਾਲ ਸਾਂ। ਬਿਲਾਲ ਲਈ ਉਸ ਦਾ ਦਿਲ ਟੁੱਟ ਗਿਆ ਹੋਵੇਗਾ, ਅਤੇ ਮੇਰੇ ਲਈ ਵੀ। ਉਹ ਜ਼ਰੂਰ ਜਾਣਦੀ ਹੋਵੇਗੀ ਕਿ ਮੇਰਾ ਪੈਰ ਉਸ ਸਵੇਰ ਕਿਉਂ ਡੋਲ ਗਿਆ ਸੀ। ਹੁਣ ਅਸੀਂ ਦੋਵੇਂ ਜਾਣਦੇ ਸਾਂ।

ਮੇਰੀ ਪਤਨੀ ਵੀ ਆਪਣੇ ਦੋਹਤਰੇ ਨਾਲ ਉਸ ਤਰ੍ਹਾਂ ਹੀ ਹਮੇਸ਼ਾ ਸੰਬੰਧਿਤ ਸੀ ਜਿਵੇਂ ਮੈਂ, ਪਰ ਉਸ ਵਕਤ ਅਸੀਂ ਹਮੇਸ਼ਾ ਉਹਨਾਂ ਵਸਤੂਆਂ ਨਾਲ ਹੀ ਜੁੜੇ ਰਹਿੰਦੇ ਸਾਂ। ਮੈਨੂੰ ਉਸ ਨੂੰ ਰਜਾਈ ਥੱਲੇ ਲੁਕੀ ਹੋਈ ਨੂੰ ਵੇਖ ਕੇ ਖੁਸ਼ੀ ਹੁੰਦੀ ਸੀ, ਮੇਜ ਦੇ ਥੱਲੇ ਛਿਪਣਾ ਜਾਂ ਬੂਹੇ ਦੇ ਪਿੱਛੇ ਲੁਕ ਜਾਣਾ, ਜਦੋਂ ਅਸੀਂ ਬਿਲਾਲ ਨਾਲ ਖੇਡਦੇ ਸਾਂ। ਜਦੋਂ ਉਹ ਫੜੀ ਜਾਂਦੀ ਤਾਂ ਉਹ ਕਮਰੇ ਵਿਚ ਦੌੜ ਪੈਂਦੀ ਅਤੇ ਉਹ ਉਸ ਨੂੰ ਫੜਨ ਲਈ ਪਿੱਛੇ ਦੌੜ ਪੈਂਦਾ। ਉਹ ਉਸ ਨੂੰ ਆਪ ਖੁਆਉਂਦੀ, ਜਿਸ ਤਰ੍ਹਾਂ ਉਹ ਆਪਣੇ ਬੱਚਿਆਂ ਨੂੰ ਖੁਆਉਣਾ ਪਸੰਦ ਕਰਦੀ ਸੀ। ਉਹ ਹਰ ਬੁਰਕੀ ਦੇ ਵੱਖਰੇ-ਵੱਖਰੇ ਨਾਂ ਲੈ

ਕੇ ਖੁਆਉਂਦੀ, "ਇਹ ਕੁਬਰਾ ਲਈ ਹੈ..... ਇਹ ਕੁਤਬ ਲਈ ਹੈ, ਹੁਣ ਇਹ ਫੈਸਲ ਲਈ ਖਾਉ ਅਤੇ ਇਕ ਹੋਰ ਅਲਮਾਸ ਲਈ।" ਜਦੋਂ ਮੈਂ ਉਸ ਨੂੰ ਬੱਚਿਆਂ ਵਰਗਾ ਵਰਤਾਉ ਕਰਨ ਲਈ ਛੇੜਦਾ ਤਾਂ ਉਹ ਇਕ ਦਮ ਜਵਾਬ ਦਿੰਦੀ, "ਮੈਂ ਇਕ ਆਮ ਮਾਂ ਦੀ ਤਰ੍ਹਾਂ ਵਿਵਹਾਰ ਕਰਦੀ ਹਾਂ, ਉਹ ਕੁਝ ਜੋ ਤੁਸੀਂ ਮੈਨੂੰ ਕਦੀ ਨਹੀਂ ਬਣਨ ਦਿੰਦੇ।" ਕਈ ਵਾਰ ਉਹ ਹੌਕਾ ਲੈਂਦੀ ਅਤੇ ਸ਼ਿਕਾਇਤ ਕਰਦੀ, "ਤੁਸੀਂ ਮੈਨੂੰ ਇਕ ਹੀ ਬੱਚਾ ਦਿੱਤਾ..... ਬਿਲਾਲ।"

ਉਸ ਦੀ ਨਿੱਕੀ ਉਂਗਲ ਫੜ ਕੇ ਬਿਲਕਿਅਸ ਤੰਗ ਗਲੀ ਦੇ ਵਿਚੋਂ ਆਪਣੀ ਮਾਂ ਦੇ ਘਰ ਤੋਂ ਸਾਡੇ ਦਫਤਰ ਵਿਚ ਤੁਰ ਕੇ ਆ ਜਾਂਦੀ। ਜਦੋਂ ਮੈਂ ਉਹਨਾਂ ਨੂੰ ਆਉਂਦਿਆਂ ਵੇਖਦਾ ਤਾਂ ਮੇਰਾ ਦਿਲ ਚਮਕ ਪੈਂਦਾ ਅਤੇ ਮੇਰੇ 'ਤੇ ਪਏ ਦਬਾਅ ਹੌਲੀ-ਹੌਲੀ ਦੂਰ ਹੁੰਦੇ ਜਾਂਦੇ। ਮੇਰੀ ਪਤਨੀ ਦੀ ਤਰ੍ਹਾਂ, ਬਿਲਾਲ ਹਰ ਵਕਤ ਮੁਸਕਰਾਉਣ ਲਈ ਕੁਝ ਕਾਰਣ ਲੱਭਦਾ ਰਹਿੰਦਾ ਸੀ ਤਾਂ ਕਿ ਉਹ ਖੁਸ਼ ਰਹੇ।

ਘੋਟਕੀ ਵਿਚ ਅੰਗ ਖਿਲਰੇ ਹੋਏ ਸਨ, ਲਾਸ਼ਾਂ ਸਿਰਾਂ ਤੋਂ ਵੱਖਰੀਆਂ ਸਨ, ਉਂਗਲਾਂ, ਹੱਥ ਅਤੇ ਮਾਸ ਦੇ ਛੋਟੇ-ਛੋਟੇ ਟੁੱਕੜੇ ਸਨ, ਨਾ ਪਹਿਚਾਨਣ ਯੋਗ, ਵਿਕ੍ਰਿਤ ਚਿਹਰੇ, ਕਈ ਕੁਚਲੇ ਹੋਏ, ਕਈਆਂ ਦੇ ਜ਼ਬਾੜੇ, ਅੱਖਾਂ ਚਿਹਰਿਆਂ ਤੋਂ ਬਾਹਰ ਲੰਮਕ ਰਹੀਆਂ ਸਨ ਅਤੇ ਇਧਰ ਉਧਰ ਸਿਰ ਖਿਲਰੇ ਪਏ ਸਨ। ਇਹ ਕੋਈ ਕੁਰਬਾਨੀ ਵਰਗਾ ਲਹੂ ਦਾ ਇਸ਼ਨਾਨ ਸੀ। ਇਸ ਵਿਚ ਬੇਚੈਨ ਬੱਚੇ ਚੀਕਾਂ ਮਾਰ ਰਹੇ ਸਨ, ਘਬਰਾਈਆਂ ਹੋਈਆਂ ਮਾਵਾਂ, ਆਪਣੇ ਬੱਚਿਆਂ ਨੂੰ ਲੱਭ ਰਹੀਆਂ ਸਨ ਅਤੇ ਜੋ ਡੱਬਿਆਂ ਵਿਚ ਫਸ ਗਏ ਸਨ, ਉਹ ਮਦਦ ਲਈ ਪੁਕਾਰ ਰਹੇ ਸਨ। ਲਾਊਡ ਸਪੀਕਰਾਂ ਰਾਹੀਂ ਲਹੂ ਦਾਨ ਦੇਣ ਲਈ ਉੱਚੀ ਆਵਾਜ਼ ਵਿਚ ਅਪੀਲਾਂ ਕੀਤੀਆਂ ਜਾ ਰਹੀਆਂ ਸਨ।

ਲੋਕ ਚਾਰੋਂ ਤਰਫ ਆਪਣੇ ਰਿਸ਼ਤੇਦਾਰਾਂ ਦੇ ਕਿਸੇ ਹਿੱਸੇ ਦੀ ਖੋਜ ਕਰ ਰਹੇ ਸਨ ਅਤੇ ਬਹੁਤ ਉੱਚੀ-ਉੱਚੀ ਰੋ ਰਹੇ ਸਨ। ਉਹ ਬੜੀ ਬੇਤਾਬੀ ਨਾਲ ਉਹਨਾਂ ਦੇ ਨਹੁੰ, ਪੈਰ ਅਤੇ ਹੱਥ, ਇਥੋਂ ਤੱਕ ਕੇ ਵਾਲ ਵੇਖ ਰਹੇ ਸਨ...... ਇਕ ਜਿੰਦਗੀ ਭਰ ਦੇ ਸਾਥ ਦੀ ਤਸਵੀਰ, ਉਹਨਾਂ ਦੇ ਅੰਗਾਂ ਨੂੰ ਦਫਨਾਉਣ ਲਈ ਤਾਂ ਕਿ ਯਾਦ ਦੀ ਨਿਸ਼ਾਨੀ ਰਹਿ ਜਾਵੇ। ਬੜੀਆਂ ਵੱਡੀਆਂ ਕਰੇਨਾਂ, ਲੋਹੇ ਨੂੰ ਉਠਾਉਣ ਦੀਆਂ ਆਵਾਜ਼ਾਂ, ਟਰੈਕ ਨਾਲ ਪੀੜੇ ਹੋਏ ਸਰੀਰਾਂ ਨੂੰ ਉਠਾਉਣਾ..... ਇਕ ਸੁੱਤੇ ਹੋਏ ਪਿੰਡ ਦੀ ਚੁਪ ਨੂੰ ਤੋੜ ਦੇਣਾ। ਲਹੂ ਉਸ ਸੁੱਕੀ ਧਰਤੀ ਵਿਚ ਚਲਾ ਗਿਆ ਸੀ ਅਤੇ ਸੁੱਕ ਗਿਆ ਸੀ।

ਇਸ ਬਹੁਤ ਵੱਡੇ ਦੁਖਾਂਤ ਦੇ ਸਾਹਮਣੇ ਹੋਣ ਦੇ ਬਾਵਜੂਦ ਵੀ ਮੇਰਾ ਦਿਲ ਬਦੋ-ਬਦੀ ਬਚ ਕੇ ਮੇਰੇ ਜਾਤੀ ਪਿਆਰ ਵੱਲ ਚਲਾ ਜਾਂਦਾ ਸੀ। ਮੈਂ ਇਸ ਨੂੰ ਲਗਾਤਾਰ ਯਾਦ ਕਰ ਰਿਹਾ ਸਾਂ ਅਤੇ ਚੇਤੇ ਕਰਦਾ ਸਾਂ, ਇਸ ਤੋਂ ਇਲਾਵਾ ਅਥਰੂਆਂ ਨੂੰ ਵਾਪਸ ਮੋੜਨ ਦੀ ਕੋਸ਼ਿਸ਼ ਕਰਦਾ ਸਾਂ। ਮੈਂ ਆਪਣੇ ਆਪ ਨੂੰ ਉਸ ਇਕਲੇ ਦੁੱਖ ਦੇ ਹੜ੍ਹ ਦੇ ਵੇਗ ਵਿਚ ਫ਼ੌਲਾਦ ਵਾਂਗ ਸਮਝ ਰਿਹਾ ਸਾਂ, ਜੋ ਅਚਾਨਕ ਇਥੇ ਵਾਪਰਣ ਦੇ

ਮੁਕਾਬਲੇ ’ਤੇ ਸੀ। ਪਰ ਬਿਲਾਲ ਮੇਰੀ ਹਰ ਬਚਾਅ ਨੂੰ ਤੋੜ ਦਿੰਦਾ ਸੀ ਅਤੇ ਹਰ ਠੀਕ ਸੋਚ ’ਤੇ ਛਾ ਜਾਂਦਾ ਸੀ ਅਤੇ ਜੇ ਸਰੀਰ ਨਹੀਂ, ਤਾਂ ਮੇਰੇ ਦਿਮਾਗ ਨੂੰ ਮੇਰੇ ਤੋਂ ਦੂਰ ਲੈ ਜਾਂਦਾ ਸੀ। ਹਸਪਤਾਲ ਆਪਣੀ ਸਮਰੱਥਾ ਅਨੁਸਾਰ ਭਰ ਚੁੱਕੇ ਸਨ, ਪੀੜਿਤਾਂ ਨੂੰ ਮਸਜਿਦਾਂ ਵਿਚ ਭੇਜਿਆ ਜਾ ਰਿਹਾ ਸੀ ਅਤੇ ਕੁਝ ਹੋਰਾਂ ਨੂੰ ਗੱਡੀ ਰਾਹੀਂ ਮੁਲਤਾਨ ਦੇ ਹਸਪਤਾਲਾਂ ਵਿਚ ਭੇਜਿਆ ਗਿਆ, ਕਿਉਂ ਜੋ ਮਰਿਆਂ ਹੋਇਆਂ ਅਤੇ ਜ਼ਖ਼ਮੀਆਂ ਵਿਚ ਜਗ੍ਹਾ ਦੀ ਵੰਡ ਕਰਨੀ ਸੀ। ਈਦੀ ਫਾਊਂਡੇਸ਼ਨ ਦੀਆਂ 75 ਐਂਬੂਲੈਂਸਾਂ ਇਸ ਕੰਮ ਵਿਚ ਲੱਗੀਆਂ ਸਨ।

ਇਥੋਂ ਤੱਕ ਕਿ ਇਥੇ ਵੀ, ਇਸ ਦਰਦਨਾਕ ਸਥਿਤੀ ਵਿਚ ਨੈਤਿਕ ਤੌਰ ’ਤੇ ਗਿਰੇ ਹੋਏ ਸਮਾਜ ਦੀ ਗਵਾਹੀ ਮਿਲਦੀ ਸੀ। ਇਕ ਜਵਾਨ ਆਦਮੀ ਨੇ ਇਕ ਲਾਸ਼ ’ਤੇ ਆਪਣਾ ਦਾਅਵਾ ਕੀਤਾ, ਅਰਜੀ ’ਤੇ ਦਸਤਖਤ ਕੀਤੇ ਤਾਂ ਕਿ ਸਰਕਾਰ ਕੋਲੋਂ ਵਿੱਤੀ ਮੁਆਵਜ਼ਾ ਮਿਲ ਜਾਵੇ ਅਤੇ ਸਾਡੀ ਐਂਬੂਲੈਂਸ ਦੋਵਾਂ ਨੂੰ ਨਾਲ ਦੇ ਪਿੰਡ ਲੈ ਕੇ ਗਈ। ਰਿਸ਼ਤੇਦਾਰਾਂ ਨੇ ਲਾਸ਼ ਲੈਣ ਤੋਂ ਇਨਕਾਰ ਕਰ ਦਿੱਤਾ, ਜਵਾਨ ਆਦਮੀ ਲੁੱਕ ਗਿਆ ਅਤੇ ਡਰਾਇਵਰ ਲਾਸ਼ ਦੇ ਨਾਲ ਘੋਟਕੀ ਵਾਪਸ ਮੁੜ ਆਇਆ।

ਬਿਲਕਿਅਸ ਅਤੇ ਕੁਬਰਾ ਨੇ ਜਿਹੜਾ ਦੋ ਮਹੀਨੇ ਪਹਿਲੋਂ ਸਿਵਲ ਹਸਪਤਾਲ ਵਿਚ ਦੁੱਖ ਸਹਿਣ ਕੀਤਾ ਸੀ, ਮੈਨੂੰ ਯਾਦ ਆਇਆ। ਇਕ ਨਰਸ ਨੇ ਕਿਹਾ ਸੀ, “ਮਾਹਿਰ ਡਾਕਟਰ ਈਦ ਦੀਆਂ ਤਿੰਨ ਛੁੱਟੀਆਂ ਤੋਂ ਪਹਿਲਾਂ ਇਥੇ ਨਹੀਂ ਹੋਣਗੇ।” ਕੱਪਬੋਰਡ ਨੂੰ ਜਿੰਦਰਾ ਲੱਗਾ ਹੋਇਆ ਸੀ, ਚਾਬੀਆਂ ਲੱਭ ਨਹੀਂ ਸਨ ਰਹੀਆਂ, ਕੈਂਚੀਆਂ ਅਤੇ ਪੱਟੀਆਂ ਕੱਪਬੋਰਡ ਵਿਚ ਸਨ, ਇਸ ਲਈ ਕੋਈ ਮਲ੍ਹਮ ਪੱਟੀ ਨਾ ਹੋਈ। “ਇਸ ਨੂੰ ਜਿਨਾਹ ਹਸਪਤਾਲ ਵਿਚ ਲੈ ਜਾਉ,” ਉਹਨਾਂ ਨੇ ਸਲਾਹ ਦਿੱਤੀ ਅਤੇ ਬਿਲਾਲ ਨੂੰ ਛੇਤੀ ਨਾਲ ਜਿਨਾਹ ਹਸਪਤਾਲ ਦੀ ਐਮਰਜੈਂਸੀ ਵਾਰਡ ਵਿਚ ਦਾਖਿਲ ਕਰਵਾ ਦਿੱਤਾ ਗਿਆ। ਕੁਬਰਾ ਨੂੰ ਉਸ ਦੇ ਕੋਲ ਰਹਿਣ ਦੀ ਇਜ਼ਾਜਤ ਦੇ ਦਿੱਤੀ ਗਈ। ਪਰ ਉਸ ਦੀ ਕੱਚੀ ਚਮੜੀ ਨਾਲ ਦਵਾਈਆਂ ਅਤੇ ਪੱਟੀਆਂ ਲੱਗਣ ਨਾਲ ਉਸ ਦੇ ਦੁੱਖ ਵਿਚ ਉਸ ਦੀਆਂ ਚੀਕਾਂ, ਉਸ ਨੂੰ ਬਾਹਰ ਭਜਾ ਦਿੰਦੀਆਂ ਅਤੇ ਉਹ ਆਪਣੀ ਮਾਂ ਦੀਆਂ ਬਾਹਾਂ ਵਿਚ ਬੇਹੋਸ਼ ਹੋ ਜਾਂਦੀ। ਜਦੋਂ ਛੱਤ ਵਾਲੇ ਪੱਖੇ ਦੀ ਹਵਾ ਦਾ ਝੌਂਕਾ ਵੀ ਉਸ ਦੇ ਸਰੀਰ ਨੂੰ ਛੂਹ ਜਾਂਦਾ, ਉਹ ਉੱਚੀ-ਉੱਚੀ ਰੋਣ ਲੱਗ ਜਾਂਦਾ। ਜਦੋਂ ਪੱਖਾ ਬੰਦ ਹੁੰਦਾ ਤਾਂ ਹਵਾ ਦੀ ਗਰਮੀ ਉਸ ਨੂੰ ਅੱਗ ਵਾਂਗ ਸਾੜਦੀ। ਉਸ ਦੇ ਸਰੀਰ ਵਿਚੋਂ ਬਹੁਤ ਪਾਣੀ ਨਿਕਲਦਾ, ਜਿਸ ਨੇ 12 ਚਾਦਰਾਂ ਭਿਉਂ ਦਿੱਤੀਆਂ। ਉਹਨਾਂ ਨੂੰ ਕਿਹਾ ਗਿਆ ਕਿ ਇਸ ਨੂੰ ਕਿਸੇ ਨਿੱਜੀ ਹਸਪਤਾਲ ਵਿਚ ਲੈ ਜਾਉ। “ਇਥੇ ਈਦ ਦੀਆਂ ਛੁੱਟੀਆਂ ਤੋਂ ਬਾਅਦ ਵੀ ਕੋਈ ਵਿਸ਼ੇਸ਼ ਡਾਕਟਰ ਨਹੀਂ ਮਿਲੇਗਾ”, ਉਹਨਾਂ ਨੇ ਕਿਹਾ। ਜਦੋਂ ਬਿਲਕਿਅਸ ਨੇ ਇਸ ਸੰਬੰਧੀ ਵਿਰੋਧ ਕੀਤਾ, ਉਹਨਾਂ ਬੇਬਸੀ ਵਿਚ ਮੋਢੇ ਹਿਲਾ ਕੇ ਸ਼ੰਕਾ ਜ਼ਾਹਿਰ ਕੀਤੀ, “ਅਸੀਂ ਕੀ ਕਰ ਸਕਦੇ ਹਾਂ ?”

ਉਹ ਬਿਲਾਲ ਨੂੰ ਇਕ ਨਿੱਜੀ ਹਸਪਤਾਲ ਵਿਚ ਲੈ ਗਏ, ਜਿਥੇ ਉਹਨਾਂ ਨੂੰ ਸਿਖਲਾਈ ਪ੍ਰਾਪਤ ਕਰ ਰਹੇ ਡਾਕਟਰ ਨੇ ਸਾਡੇ ਘਬਰਾਏ ਹੋਏ ਪਰਿਵਾਰ ਨੂੰ ਸੂਚਨਾ ਦੇ ਦਿੱਤੀ ਕਿ ਇਥੇ ਡਾਕਟਰ ਨਹੀਂ ਹਨ। ਬਿਲਕਿਅਸ ਨੂੰ ਬਿਲਾਲ ਦੇ ਆਈ.ਸੀ.ਯੂ.ਵਿਚ ਦਾਖਿਲ ਕਰਾਉਣ ਤੋਂ ਪਹਿਲਾਂ 20 ਹਜ਼ਾਰ ਰੁਪਏ ਜਮਾਂ ਕਰਵਾਉਣੇ ਪਏ। ਇਥੇ ਉਸ ਨੂੰ ਆਰਾਮ ਦੇਣ ਵਾਲੀ ਦਵਾਈ ਪਿਲਾਈ ਗਈ ਅਤੇ ਅਖੀਰ ਉਹ ਸੌਂ ਗਿਆ।

ਘੋਟਕੀ ਵਿਚ ਇਕ ਹੀ ਪਰਿਵਾਰ ਦੇ 9 ਮੈਂਬਰ ਮਰ ਗਏ ਸਨ। ਮੈਂ ਉਹਨਾਂ ਲਾਸ਼ਾਂ ਨੂੰ ਕੋਟਲੀ ਪਿੰਡ ਵਿਚ ਦਾਖ਼ਲ ਹੋਣ ਦੇ ਵਕਤ ਦਾ ਖਿਆਲ ਕਰ ਸਕਦਾ ਸਾਂ, ਇਹ ਉਸ ਤਰ੍ਹਾਂ ਦਾ ਦ੍ਰਿਸ਼ ਸੀ, ਜਿਸ ਨੂੰ ਮੈਂ ਆਮ ਵੇਖਦਾ ਸਾਂ। ਮੇਰਾ ਦਿਲ ਉਹਨਾਂ ਲਈ ਦਰਦ ਨਾਲ ਭਰਿਆ ਹੋਇਆ ਸੀ, ਜਿੰਨ੍ਹਾਂ ਨੇ ਉਹਨਾਂ ਨੂੰ ਪ੍ਰਾਪਤ ਕਰਨਾ ਸੀ, ਉਹ ਜਿਹੜੇ ਇਨ੍ਹਾਂ ਦਾ ਸਦਾ ਹੀ ਸੋਗ ਮਨਾਉਂਦੇ ਰਹਿਣਗੇ...... ਅਤੇ ਫਿਰ ਮੇਰੀਆਂ ਸੋਚਾਂ ਬਿਲਾਲ ਨੂੰ ਰੋਣ ਲਈ ਵਾਪਸ ਚਲੀਆਂ ਗਈਆਂ।

ਲਾਸ਼ਾਂ ਨੂੰ ਜਿਥੇ ਸੰਭਵ ਹੋਇਆ ਨੁਹਾਇਆ ਗਿਆ, ਨਹੀਂ ਤਾਂ ਰੂੰ ਅਤੇ ਉੱਨ ਨਾਲ ਸਾਫ ਕਰ ਲਿਆ ਗਿਆ ਜਾਂ ਸਿਰਫ ਚਿੱਟੀਆਂ ਚਾਦਰਾਂ ਵਿਚ ਲਪੇਟ ਦਿੱਤੀਆਂ ਗਈਆਂ। ਉਹਨਾਂ ਦੇ ਕਫਨਾਂ ਦੇ ਨਾਲ ਉਹਨਾਂ ਦਾ ਸਮਾਨ ਅਤੇ ਮੌਤ ਦੇ ਸਰਟੀਫਿਕੇਟ ਲਗਾ ਦਿੱਤੇ ਗਏ। ਲਾਸ਼ਾਂ ਦੇ ਟੁੱਕੜੇ ਅਤੇ ਚੀਥੜੇ ਇੱਕਠੇ ਕੀਤੇ ਗਏ, ਉਹਨਾਂ ਨੂੰ ਲਪੇਟਿਆ ਗਿਆ ਅਤੇ ਬਹੁਤ ਗਿਣਤੀ ਵਿਚ ਇੱਕਠਿਆਂ ਨੂੰ ਇਕ ਕਬਰ ਵਿਚ ਦਫ਼ਨਾਇਆ ਗਿਆ। ਕਈ ਲਾਸ਼ਾਂ ਨੂੰ ਉਹਨਾਂ ਦੇ ਵਾਰਸਾਂ ਨੇ ਲੈ ਲਿਆ ਅਤੇ ਉਹ ਉਹਨਾਂ ਨੂੰ ਆਪਣੇ ਘਰਾਂ ਨੂੰ ਸਾਡੀਆਂ ਐਂਬੂਲੈਂਸਾਂ ਵਿਚ ਲੈ ਗਏ, ਕਈਆਂ ਨੂੰ ਅਮਾਨਤ ਦੀ ਤਰ੍ਹਾਂ ਰੱਖ ਕੇ ਦਫਨਾਇਆ ਗਿਆ ਅਤੇ ਉਹਨਾਂ ਨੂੰ ਫਿਰ ਕਿਸੇ ਦਾ ਦਾਅਵਾ ਕਰਨ ਤੋਂ ਬਾਅਦ ਫਿਰ ਦਫਨਾਇਆ ਗਿਆ, ਕਈ ਲਾਸ਼ਾਂ, ਕਈ ਦਿਨਾਂ ਤਕ ਇਸ ਲੋੜ ਲਈ ਬਣਾਏ ਗਏ ਮੁਰਦਾ ਘਰ ਵਿਚ ਬੇ-ਵਾਰਸ ਲਾਸ਼ਾਂ ਦੇ ਤੌਰ ’ਤੇ ਪਈਆਂ ਰਹੀਆਂ। ਕਈ ਉਹ ਜੋ ਦੇਸ਼ਾਂ ਦੇ ਦੂਰ ਦਰਾਜ ਦੇ ਇਲਾਕਿਆਂ ਤੋਂ ਕੰਮ ਦੀ ਖ਼ਾਤਰ ਸਫਰ ਕਰ ਰਹੇ ਸਨ, ਜਿਥੇ ਕੋਈ ਵੀ ਖ਼ਬਰ ਨਹੀਂ ਪਹੁੰਚਦੀ, ਉਹਨਾਂ ਨੂੰ ਕਈ ਦਿਨਾਂ ਤਕ ਗੁੰਮ ਨਹੀਂ ਸਮਝਿਆ ਜਾਵੇਗਾ, ਇਹ ਕਈ ਹਫਤੇ ਵੀ ਹੋ ਸਕਦੇ ਸਨ, ਕਈ ਮਹੀਨੇ ਵੀ ਹੋ ਸਕਦੇ ਸਨ। ਕਈਆਂ ਨੂੰ ਹੌਂਸਲਾ ਦਿੱਤਾ ਗਿਆ ਅਤੇ ਪੈਸੇ ਦੇ ਕੇ ਵਾਪਸ ਭੇਜਿਆ ਗਿਆ। ਕਈ ਹੋਰਨਾਂ ਨੇ ਆਪਣੀ ਮੰਜ਼ਿਲ ਵੱਲ ਦੂਸਰੀ ਮਿਲਣ ਵਾਲੀ ਗੱਡੀ ’ਤੇ ਆਪਣਾ ਸਫਰ ਜਾਰੀ ਰੱਖਿਆ।

ਮੇਰਾ ਦਿਮਾਗ ਫਿਰ ਉਹਨਾਂ ਛੁੱਟੀਆਂ ਤੋਂ ਬਾਅਦ ਵਾਲੇ ਸਮੇਂ ’ਤੇ ਪਹੁੰਚਿਆ ਜਦੋਂ ਮਾਹਿਰ ਡਾਕਟਰ ਆ ਗਏ ਸਨ ਅਤੇ ਉਹਨਾਂ ਨੇ 75 ਫੀਸਦੀ ਸੜੇ ਹੋਏ ਹਿੱਸੇ ਨੂੰ ਲਾਇਲਾਜ ਕਹਿ ਦਿੱਤਾ ਸੀ। ਰੋਜ਼ਾਨਾ ਦੀ ਪੱਟੀ ਕਰਨ ਨਾਲ ਬਿਲਾਲ ਦੀ ਕੱਚੀ ਚਮੜੀ ਵਿਚ ਜ਼ਖ਼ਮ ਹੋ ਜਾਂਦੇ ਸਨ, ਜਦੋਂ ਕਿ ਕੁਬਰਾ ਉਸ ਦੇ ਕੋਲ ਰਹਿੰਦੀ ਸੀ ਅਤੇ

ਉਸ ਦਾ ਖਿਆਲ ਰੱਖਦੀ ਸੀ ਅਤੇ ਪ੍ਰਮਾਤਮਾ ਦਾ ਧੰਨਵਾਦ ਕਰਦੀ ਸੀ ਜਿਸ ਨੇ ਉਸ ਨੂੰ ਫਿਰ ਜਿੰਦਗੀ ਬਖ਼ਸ਼ੀ ਸੀ। ਉਸ ਨੇ ਆਪਣੇ ਬੱਚੇ ਦੇ ਆਪਣੇ ਕੋਲੋਂ ਗੁਆਚ ਜਾਣ ਦੀ ਧਾਰਨਾ ਤੋਂ ਇਨਕਾਰ ਕਰ ਦਿੱਤਾ ਸੀ।

ਇਥੋਂ ਦੀਆਂ ਉਨ੍ਹਾਂ ਮਾਵਾਂ ਦਾ ਖਿਆਲ ਜਿਨ੍ਹਾਂ ਦੇ ਬੱਚੇ ਘੋਟਕੀ ਦੀ ਗੱਡੀ ਦੀ ਦੁਖਦਾਇਕ ਘਟਨਾ ਵਿਚ ਮਰ ਗਏ ਸਨ, ਮੈਨੂੰ ਮੇਰੀ ਲੜਕੀ ਕੋਲ ਲੈ ਕੇ ਗਿਆ ਜੋ ਪਰੇਸ਼ਾਨ, ਖਾਮੋਸ਼ ਅਤੇ ਆਪਣੇ ਸਾਰੇ ਸਾਲਾਂ ਵਿਚ ਵਧਦੀ ਹੋਈ ਤੋਂ ਬਿਲਕੁਲ ਖ਼ਤਮ ਹੋਈ ਹੋਈ ਸੀ। ਹੁਣ ਉਸ ਦੀ ਪੀੜ ਹਰ ਤਰਫ਼ ਸਪਸ਼ਟ ਨਜ਼ਰ ਆਉਂਦੀ ਸੀ। ਉਹ ਰੋ ਚਿੱਲਾਅ ਰਹੀ ਸੀ ਅਤੇ ਵਿਰਲਾਪ ਕਰ ਰਹੀ ਸੀ, ਉਸ ਦੀ ਬੇਚੈਨੀ ਹਵਾ ਦੇ ਵੀ ਟੁੱਕੜੇ ਕਰ ਰਹੀ ਸੀ। ਨਾ ਉਹ ਇੱਕਲੀ ਸੀ, ਨਾ ਇਹ ਔਰਤਾਂ ਇੱਕਲੀਆਂ ਸਨ, ਨਾ ਮੈਂ ਇੱਕਲਾ ਸਾਂ ਅਤੇ ਫਿਰ ਵੀ ਹਰ ਇਕ ਦਾ ਆਪਣਾ ਦੁੱਖ ਸੀ। ਜਦੋਂ ਸਾਰਿਆਂ ਦਾ ਦੁੱਖ ਇਕ ਦੇ ਦੁੱਖ ਵਿਚ ਸਮਾ ਜਾਂਦਾ ਤਾਂ ਹਰ ਇਕ ਜਿੰਦਗੀ ਦਾ ਘਾਟਾ ਕਈ ਗੁਣਾਂ ਹੋ ਜਾਂਦਾ ਹੈ। ਹਰ ਜਿੰਦਗੀ ਦੀ ਕੀਮਤ ਇਸ ਦੁਖਾਂਤ ’ਤੇ ਨਿਰਭਰ ਕਰਦੀ ਹੈ ਕਿ ਉਹ ਵਿਅਕਤੀ ਆਪਣੇ ਪਿੱਛੇ ਕੀ ਛੱਡ ਗਿਆ ਹੈ। ਇਹ ਸੋਚਾਂ, ਕਿ ਕਿਵੇਂ ਇਕ ਕਈਆਂ ਦੇ ਬਰਾਬਰ ਹੁੰਦਾ ਹੈ, ਮੇਰੇ ਦਿਮਾਗ ਵਿਚੋਂ ਸਾਰਾ ਦਿਨ ਲੰਘਦੀਆਂ ਰਹੀਆਂ।

78 ਲੋਕ ਮਰੇ ਹੋਏ ਘੋਸ਼ਿਤ ਕੀਤੇ ਗਏ। ਉਸ ਦੁਰਘਟਨਾ ਵਾਲੀ ਜਗ੍ਹਾ ’ਤੇ ਫੋਟੋਆਂ ਚਿਪਕਾ ਦਿੱਤੀਆਂ ਗਈਆਂ, ਅਤੇ ਉਨ੍ਹਾਂ ਨੂੰ ਥਾਨਿਆਂ, ਨੇੜੇ ਦੇ ਹਸਪਤਾਲਾਂ ਅਤੇ ਸਾਡੇ ਸਕਰ ਦੇ ਕੇਂਦਰ ਵਿਚ ਭੇਜ ਦਿੱਤੀਆਂ ਗਈਆਂ।

ਮੈਨੂੰ ਯਾਦ ਹੈ ਕਿ ਕਿਵੇਂ ਮੇਰੇ ਦਿਲ ਦੀ ਇਕ ਧੜਕਣ ਰੁੱਕ ਗਈ ਸੀ ਜਦੋਂ ਮੈਂ ਬਿਲਾਲ ਨੂੰ ਵੇਖਿਆ ਸੀ। ਮੈਂ ਆਪਣੇ ਆਪ ਨੂੰ ਕੱਸੀ ਰੱਖਿਆ ਸੀ ਅਤੇ ਮੁੜ ਪਿਆ ਸਾਂ, ਨਾ ਕਿ ਸਿਰਫ ਆਪਣੇ ਦੁੱਖ ਤੋਂ ਬਲਕਿ ਆਪਣੀ ਇਸ ਦੁੱਖ ਦੀ ਕੰਮਜ਼ੋਰੀ ਤੋਂ। ਮੈਂ ਆਪਣੇ ਤਜ਼ਰਬੇ ਤੋਂ ਜਾਣਦਾ ਸਾਂ ਕਿ ਦੁਨੀਆਂ ਦਾ ਕੋਈ ਵੀ ਚੰਗਾ ਹਸਪਤਾਲ ਸਾਡੀ ਮਦਦ ਨਹੀਂ ਸੀ ਕਰ ਸਕਦਾ। ਬਹੁਤ ਡੂੰਘੇ ਝੁਲਸਣ ਕਰਕੇ ਅਤੇ ਲਹੂ ਵਿਚ ਰੁਕਾਵਟਾਂ ਪੈ ਜਾਣ ਨਾਲ, ਜਿਨ੍ਹਾਂ ਦੇ ਚਾਨਣੀ ਅਤੇ ਸੜਨ ਤੋਂ ਪੈਦਾ ਹੋਣ ਵਾਲੇ ਨੁਕਸ ਨੂੰ ਰੋਕਿਆ ਨਹੀਂ ਸੀ ਜਾ ਸਕਦਾ। ਜੇ ਉਹ ਜਿਉਂਦਾ ਵੀ ਰਿਹਾ ਤਾਂ ਵੀ ਹਰ ਕੋਈ ਚਾਹੇਗਾ ਕਿ ਇਹ ਮਰ ਹੀ ਜਾਂਦਾ ਤਾਂ ਠੀਕ ਸੀ।

ਉਸ ਕੋਲ ਸਮਾਂ ਜ਼ਿਆਦਾ ਨਹੀਂ ਸੀ, ਨਾ ਹੀ ਮੇਰੇ ਕੋਲ ਸੀ। ਇਸ ਤੋਂ ਜ਼ਿਆਦਾ ਜਦੋਂ ਮੈਂ ਉਸ ਤੋਂ ਦੂਰ ਜਾਂਦਾ ਸਾਂ ਤਾਂ ਮੈਂ ਉਸ ਦੀ ਹਾਲਤ ਨੂੰ ਮਹਿਸੂਸ ਕਰਦਾ ਸਾਂ। ਮੈਂ ਬਿਲਕਿਅਸ ਨੂੰ ਸੁਆਲ ਪੁੱਛਦਾ ਸਾਂ, “ਕੌਣ ਮੌਤ ਨੂੰ ਮੰਨ ਸਕਦਾ ਹੈ ਜਿੰਨਾਂ ਚਿਰ ਉਹ ਆ ਨਹੀਂ ਜਾਂਦੀ। ਤੁਸੀਂ ਇਕ ਜਿਉਂਦੇ ਨੂੰ ਮੁਰਦਾ ਸਮਝ ਕੇ ਕਿਵੇਂ ਵਰਤਾਉ ਕਰ ਸਕਦੇ ਹੋ।” ਉਸ ਨੇ ਠੀਕ ਹੀ ਕਿਹਾ, “ਤੁਸੀਂ ਨਹੀਂ ਕਰ ਸਕਦੇ। ਉਂਨਾਂ ਚਿਰ ਨਹੀਂ ਜਿੰਨਾਂ ਚਿਰ ਉਹ ਹੈ, ਇਸ ਗੱਲ ਦੇ ਬਾਵਜੂਦ ਕਿ ਉਹ ਕਿਸ ਸ਼ਕਲ ਵਿਚ ਅਤੇ ਕਿਸ ਹਾਲਤ ਵਿਚ ਹੈ।”

ਲਾਸ਼ਾਂ ਦੇ ਆਮ ਖ਼ਰਾਬ ਹੋਣ ਦੇ ਸਮੇਂ ਤੋਂ ਪਹਿਲਾਂ ਮਨੁੱਖੀ ਮਾਸ ਦੀ ਬਦਬੂ ਘੋਟਕੀ ਵਿਚ ਬਹੁਤ ਜ਼ਿਆਦਾ ਸੀ। ਭਾਵੇਂ ਕਿ ਮਰਨ ਵਾਲੇ ਸਿਰਫ ਇਕ ਇਤਿਹਾਸ ਸਨ, ਸਾਡੇ ਲੋਕ ਉਹਨਾਂ ਚਿਰ ਤਕ ਆਪਣੇ ਆਪ ਨੂੰ ਗੈਰ ਹਾਜ਼ਰ ਰੱਖਦੇ ਹਨ, ਜਿੰਨਾਂ ਚਿਰ ਤਕ ਸੰਭਵ ਹੋਵੇ। ਇਸ ਜ਼ਰੂਰਤ ਵਸ ਪ੍ਰਾਰਥਨਾਵਾਂ ਵਿਚ ਦੇਰੀ ਦੀ ਇਜਾਜ਼ਤ ਦੇਣ ਦੇ ਨਾਲ-ਨਾਲ ਇਸਲਾਮ ਦਫ਼ਨਾਉਣ ਦੀ ਛੇਤੀ ਬਾਰੇ ਵੀ ਦਰਸਾਉਂਦਾ ਹੈ। ਭਾਵੇਂ ਕਿ ਮੈਂ ਕਦੀ ਵੀ ਇਸ ਨਾਲ ਪ੍ਰਭਾਵਿਤ ਲੋਕਾਂ ਨੂੰ ਇਸ ਵੱਡੇ ਕੰਮ ਬਾਰੇ ਵਿਆਖਿਆ ਕਰਨ ਤੋਂ ਨਹੀਂ ਸਾਂ ਝਕਦਾ, ਮੈਂ ਕਦੀ ਵੀ ਕਿਸੇ ਨੂੰ ਸਹਿਮਤ ਕਰਨ ਵਿਚ ਸਫਲ ਨਹੀਂ ਹੋਇਆ। ਜ਼ਖ਼ਮੀ ਹਮੇਸ਼ਾ ਹੀ ਮੇਰੀ ਪ੍ਰਾਥਮਿਕਤਾ ਰਹੇ ਸਨ, ਉਥੇ ਮੈਂ ਜ਼ਿਆਦਾ ਕਾਹਲੀ ਦਾ ਇਜਹਾਰ ਕਰਦਾ ਸਾਂ। ਉਹ ਅਜੇ ਵੀ ਜਿਉਂਦੇ ਸਨ।

ਮੈਂ ਸਰਕਾਰੀ ਹਸਪਤਾਲਾਂ ਨੂੰ ਪੈਸਾ ਦਾਨ ਕੀਤਾ ਅਤੇ ਗ਼ਰੀਬਾਂ ਵਿਚ ਡਾਕਟਰੀ ਲੋੜਾਂ ਅਤੇ ਘਰ ਜਾਣ ਦੇ ਖ਼ਰਚਿਆਂ ਲਈ ਪੈਸੇ ਵੰਡੇ। ਭਾਵੇਂ ਕਿ ਮੇਰੀ ਸੇਵਾ ਕਰਨ ਦੀ ਲਗਨ ਮੇਰੇ ਹਰ ਹੋਰ ਕੰਮ ਤੋਂ ਅੱਗੇ ਸੀ, ਮੇਰਾ ਦਿਲ ਮੇਰੇ ਆਪਣੇ ਦਿਲ ਦੀ ਪੀੜ ਨਾਲ ਪੀੜਿਤ ਸੀ, ਜੋ ਬਿਲਾਲ ਦੇ ਨਾਲ ਰਹੀ। ਉਹ ਉਥੇ ਸੀ ਅਤੇ ਹਰ ਜਗ੍ਹਾ 'ਤੇ ਸੀ ਅਤੇ ਮੈਂ ਸੋਚਿਆ, "ਓ ਪ੍ਰਮਾਤਮਾ, ਉਹਨਾਂ ਦੀ ਪੀੜ ਜਿਨ੍ਹਾਂ ਨੂੰ ਮੈਂ ਪਿਆਰ ਕਰਦਾ ਹਾਂ ਉਹ ਉਨ੍ਹਾਂ ਤੋਂ ਅਗੇ ਵਧ ਜਾਂਦੀ ਹੈ, ਜਿਨ੍ਹਾਂ ਨੂੰ ਮੈਂ ਤੇਰੇ ਲਈ ਪਿਆਰ ਕਰਦਾ ਹਾਂ।" ਮੇਰੀਆਂ ਅੱਖਾਂ ਵਿਚੋਂ ਅੱਥਰੂਆਂ ਦੀ ਝੜੀ ਲੱਗ ਜਾਂਦੀ ਅਤੇ ਮੇਰੇ ਕੋਲ ਕੰਮ ਕਰਨ ਵਾਲੇ ਹੈਰਾਨ ਹੋ ਜਾਂਦੇ। ਬਿਲਾਲ ਦੀ ਮੌਤ ਬਾਰੇ ਕੋਈ ਨਹੀਂ ਸੀ ਜਾਣਦਾ ਤੇ ਨਾ ਹੀ ਕੋਈ ਇਹ ਸਿੱਟਾ ਕੱਢ ਸਕਦਾ ਸੀ ਕਿ ਮੈਂ ਉਹਨਾਂ ਸੈਂਕੜਿਆਂ ਲਈ ਰੋ ਰਿਹਾ ਹਾਂ ਜੋ ਮੇਰੇ ਆਲੇ ਦੁਆਲੇ ਪਏ ਸਨ। ਮੇਰੇ ਜਜ਼ਬਾਤਾਂ ਨੇ ਕਦੀ ਵੀ ਮੇਰੀ ਦਿਸਣ ਵਾਲੀ ਭਾਵਨਾ ਨੂੰ ਕਿਸੇ ਹੋਰ ਢੰਗ ਨਾਲ ਪ੍ਰੇਰਿਤ ਨਹੀਂ ਸੀ ਕੀਤਾ, ਇਕ ਅਮਲੀ ਕੰਮ ਤੋਂ ਇਲਾਵਾ। ਮੈਂ ਉਸ ਜਗ੍ਹਾ ਤੋਂ ਪਰੇ ਚਲਾ ਜਾਂਦਾ।

ਸਾਂਝੇ ਦੁੱਖ ਨੂੰ ਘਟਾਉਂਦਿਆਂ ਜਦੋਂ ਆਪਣੇ ਦੁੱਖ ਨੇ ਉਸ ਨੂੰ ਲੁਕਾਉਂਦਿਆਂ ਹੋਇਆਂ, ਮੈਨੂੰ ਇੱਕਲਾ ਕਰ ਦਿੱਤਾ। ਫਿਰ ਇਕ ਕਿਸੇ ਦੇ ਗਵਾਚ ਜਾਣ ਦੇ ਦੁੱਖਾਂ ਵਿਚ ਬਜ਼ੁਰਗ ਆਦਮੀ ਚੀਕ ਪਿਆ, "ਈਦੀ ਸਾਹਿਬ, ਮੈਂ ਆਪਣਾ ਇੱਕਲਾ ਲੜਕਾ ਗੁਆ ਦਿੱਤਾ ਸੀ, ਮੈਂ ਹਰ ਤਰ੍ਹਾਂ ਟੁੱਟ ਚੁੱਕਾ ਹਾਂ। ਮੇਰੀ ਕੋਈ ਵੀ ਮਦਦ ਨਹੀਂ ਕਰ ਸਕਦਾ, ਮੇਰਾ ਹੋਰ ਕੋਈ ਹੈ ਹੀ ਨਹੀਂ, ਮੈਂ ਇੱਕਲਾ ਹਾਂ।" ਉਹ ਥੱਲੇ ਨੂੰ ਝੁੱਕ ਗਿਆ। ਉਸ ਦਾ ਸਿਰ ਉਸ ਦੀਆਂ ਲੱਤਾਂ ਵਿਚ ਸੀ, ਉਸ ਦਾ ਸਰੀਰ ਉਸ ਦੇ ਚਿੱਲਾਉਣ ਨਾਲ ਕੰਬ ਰਿਹਾ ਸੀ; ਉਹ ਨਹੀਂ ਸੀ ਜਾਣਦਾ ਕਿ ਮੈਂ ਉਸ ਦੇ ਦਰਦ ਨਾਲ ਦੁੱਖੀ ਸਾਂ ਅਤੇ ਉਸ ਦੇ ਨਾਲ ਰੋ ਰਿਹਾ ਸਾਂ। ਮੈਂ ਉਸ ਨੂੰ ਮੋਢਿਆਂ ਤੋਂ ਫੜ ਕੇ ਉਠਾਇਆ ਅਤੇ ਕਿਹਾ, "ਮੈਂ ਤੁਹਾਡੀ ਪੀੜ ਜਾਣਦਾ ਹਾਂ, ਹਰ ਕੋਈ ਤੁਹਾਡੀ

ਪੀੜ ਨੂੰ ਆਪਣੀ ਜ਼ਿੰਦਗੀ ਵਿਚ ਕਿਤੇ ਨਾ ਕਿਤੇ ਜਾਣਦਾ ਹੈ। ਸਮੇਂ ਦੇ ਸ਼ੁਰੂ ਹੋਣ ਤੋਂ ਹੀ ਇਸ ਤਰ੍ਹਾਂ ਹੈ।"

ਝੁਲਸਾ ਦੇਣ ਵਾਲਾ ਸੂਰਜ ਇਸ ਵੱਡੀ ਮੁਸੀਬਤ ਦੇ ਵਾਪਰਣ 'ਤੇ ਵੀ ਸਾਰਾ ਦਿਨ ਸਿਰ 'ਤੇ ਰਿਹਾ। ਜਦੋਂ ਉਹ ਡੁੱਬ ਵੀ ਗਿਆ, ਇਸ ਦੀ ਗਰਮੀ ਪਾਉਣ ਵਾਲੀ ਸ਼ਕਤੀ ਇਸ ਬੇ ਹਰਕਤ, ਘੋਟਕੀ ਦੀ ਧਰਤੀ ਵਿਚ ਜੰਮ ਗਈ ਸੀ ਅਤੇ ਇਸ ਵਿਚ ਡੂੰਘੇ ਤੌਰ 'ਤੇ ਫੈਲ ਗਈ ਸੀ। ਦਿਨ ਬੀਤ ਗਿਆ ਸੀ, ਲਾਸ਼ਾਂ ਭੇਜ ਦਿੱਤੀਆਂ ਗਈਆਂ ਸਨ, ਕੰਮ ਮੁੱਕ ਗਿਆ ਸੀ; ਮੇਰੇ ਪੈਰ ਸੁੱਕੇ ਲਹੂ ਨਾਲ ਲਿਬੜੇ ਅਤੇ ਤਣੇ ਹੋਏ ਸਨ, ਜਦੋਂ ਕਿ ਘੋਲ੍ਹ ਨਾਲ ਮੇਰੇ ਕੱਪੜਿਆਂ 'ਤੇ ਦਾਗ ਸਨ, ਉਹ ਸਖ਼ਤ ਹੋ ਗਏ ਸਨ। ਮੈਂ ਇਸ ਤੋਂ ਬਾਅਦ ਹੋਣ ਵਾਲੇ ਸਮੇਂ ਬਾਰੇ ਸੋਚਣ ਲੱਗ ਪਿਆ, ਜਿਸ ਤਰ੍ਹਾਂ ਮੈਂ ਕੰਮ ਖ਼ਤਮ ਹੋਣ ਤੋਂ ਬਾਅਦ ਆਮ ਕਰਦਾ ਸਾਂ; ਮੈਂ ਕੰਮ ਬੰਦ ਕਰ ਦਿੱਤਾ ਅਤੇ ਸਿੱਧਾ ਖੜ੍ਹਾ ਹੋ ਗਿਆ, ਆਵਾਜ਼ ਮੈਨੂੰ ਪਿੱਛੇ ਵੱਲ ਲੈ ਗਈ, ਜੋ ਇਤਿਹਾਸ ਦਾ ਇਕ ਟੁੱਕੜਾ ਸੀ। ਇਹ ਇਕ ਹੋਰ ਸਮਾਂ ਬਣ ਗਿਆ ਸੀ। ਮੈਂ ਉਸ ਤੇਜਹੀਨ ਚੁੱਪ ਨੂੰ ਸੁਣ ਰਿਹਾ ਸਾਂ, ਜੋ ਉਹ ਪਿੱਛੇ ਛੱਡ ਗਈ ਸੀ।

ਮੈਂ ਉਹਨਾਂ ਮਾਰੂ ਗੱਡੀਆਂ ਨੂੰ ਜੋ ਟੁੱਟੀਆਂ ਲਾਸ਼ਾਂ ਦੀ ਤਰ੍ਹਾਂ ਡਿੱਗੀਆਂ ਹੋਈਆਂ ਸਨ, ਉਹਨਾਂ ਨੂੰ ਵੇਖ ਰਿਹਾ ਸਾਂ। ਸਿੱਕੇ ਦੇ ਕਈ ਟੁੱਕੜੇ, ਕੁਝ ਦੂਰੀ 'ਤੇ ਖਿਲਰੇ ਹੋਏ ਸਨ। ਕਾਲਾ ਧੂੰਆਂ ਉੱਠਦਾ ਅਤੇ ਫੈਲ ਜਾਂਦਾ ਸੀ, ਇਸੇ ਤਰ੍ਹਾਂ ਮਨੁੱਖੀ ਖ਼ੂਨ ਕਈ ਦਿਸ਼ਾਵਾਂ ਵੱਲ ਵਹਿ ਗਿਆ ਸੀ। ਕਈ ਇਸ ਨੂੰ ਭੰਨ ਤੋੜ  ਦੀ ਘਟਨਾ ਕਹਿੰਦੇ ਸਨ, ਹੋਰ ਇਸ ਨੂੰ ਅਣਗਹਿਲੀ ਦਾ ਦੋਸ਼ ਦਿੰਦੇ ਸਨ। ਡਰਾਈਵਰ ਨੂੰ ਹਰੀ ਝੰਡੀ ਮਿਲ ਗਈ, ਅਤੇ ਉਹ ਉਸ ਟਰੈਕ 'ਤੇ ਅੰਦਰ ਆ ਗਿਆ ਜਿਥੇ ਸਮਾਨ ਵਾਲੀ ਗੱਡੀ ਖੜੀ ਸੀ, ਜਦੋਂ ਉਸ ਨੇ ਬਰੇਕ ਲਾਉਣੀ ਚਾਹੀ ਤਾਂ ਕਿ ਹਾਦਸਾ ਟੱਲ਼ ਜਾਏ, ਉਸ ਵਕਤ ਬਹੁਤ ਦੇਰ ਹੋ ਗਈ ਸੀ ਅਤੇ ਇਕ ਵੱਡੇ ਧਮਾਕੇ ਨੇ ਸਾਰੇ ਇਲਾਕੇ ਨੂੰ ਹਿਲਾ ਦਿੱਤਾ।

ਚੁਣੇ ਹੋਏ ਪ੍ਰਤਿਨਿਧੀਆਂ, ਪ੍ਰਧਾਨ ਮੰਤਰੀ, ਪ੍ਰਧਾਨ ਅਤੇ ਹੋਰ ਸਰਕਾਰੀ ਅਧਿਕਾਰੀਆਂ ਨੇ ਇਸ ਦੁਰਘਟਨਾ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਅਤੇ ਪੀੜਿਤਾਂ ਨੂੰ ਕੈਸ਼ ਵਿਚ ਰਾਹਤ ਦੀ ਮਨਜ਼ੂਰੀ ਦਿੱਤੀ, ਪਾਕਿਸਤਾਨ ਰੇਲਵੇ ਦਾ ਜਨਰਲ ਮੈਨੇਜਰ ਮੁਅੱਤਲ ਕਰ ਦਿੱਤਾ ਗਿਆ। ਇਹ ਘਾਟਾ ਨਾ ਪੂਰਾ ਹੋਣ ਵਾਲਾ ਸੀ ਅਤੇ ਇਸ ਨੂੰ ਇੱਕਲੇ ਮਾਸੂਮਾਂ ਦੁਆਰਾ ਸਹਿਣ ਕਰਨਾ ਪੈਣਾ ਸੀ। ਮੈਂ ਉਥੋਂ ਅਚਨਚੇਤ ਮੁੜ ਆਇਆ ਅਤੇ ਇਕ ਦਮ ਹੈਲੀਕਾਪਟਰ ਵਲ ਚਲ ਪਿਆ।

ਅਸੀਂ ਆਪਣੀਆਂ ਸੀਟ ਬੈਲਟਾਂ ਬੰਨ ਲਈਆਂ ਅਤੇ ਹਵਾਈ ਉਡਾਨ ਲਈ ਤਿਆਰ ਹੋ ਗਏ। ਮੈਂ ਵੀ ਉਸ ਤਰ੍ਹਾਂ ਹੀ ਘਰ ਪਰਤ ਰਿਹਾ ਸਾਂ, ਜਿਸ ਤਰ੍ਹਾਂ ਉਹ ਸਭ, ਜਿਨ੍ਹਾਂ ਨੂੰ ਮੈਂ ਉਸ ਦਿਨ ਸੰਭਾਲਦਾ ਰਿਹਾ ਸਾਂ ਅਤੇ ਇਸ ਦਾ ਲੇਖਾ ਜੋਖਾ ਕਰ ਰਿਹਾ

ਸਾਂ ਅਤੇ ਅਜੇ ਵੀ ਮੈਨੂੰ ਸਮਝ ਨਹੀਂ ਸੀ ਆ ਰਹੀ ਕਿ ਉਸ ਇਕ ਪਿਆਰੇ ਦੇ ਸਦਾ ਲਈ ਜਾਣ ਤੋਂ ਬਾਅਦ ਜੀਵਨ ਕਿਸ ਤਰ੍ਹਾਂ ਸ਼ੁਰੂ ਕਰਾਂ। ਇਹ ਲੰਮੀ ਉਡਾਣ। ਇਕ ਸੁਰੱਖਿਤ ਖਾਮੋਸ਼ੀ ਨਾਲ ਪੁਰਾਣੀਆਂ ਯਾਦਾਂ ਆ ਗਈਆਂ, ਮੇਰੀ ਮਾਂ ਦੀ ਮੌਤ ਦੀਆਂ ਯਾਦਾਂ ਉੱਭਰ ਆਈਆਂ, ਇਕ ਉਹ ਨੁਕਸਾਨ ਜਿਸ ਨੂੰ ਮੈਂ ਕਦੀ ਵੀ ਪੂਰਾ ਨਾ ਕਰ ਸਕਿਆ, ਨਾ ਹੀ ਮੈਂ ਉਸ ਨਾਲ ਸਮਝੌਤਾ ਕੀਤਾ ਸੀ। ਹਾਂ, ਮੈਂ ਇਸ ਨੂੰ ਪ੍ਰਵਾਨ ਕਰ ਲਿਆ ਸੀ, ਨਹੀਂ, ਮੈਂ ਇਸ ਨੂੰ ਭੁੱਲ ਨਹੀਂ ਸਕਿਆ....। ਮੈਂ ਸਿਰਫ ਇਸ ਨੂੰ ਇਕ ਤਰਫ ਕਰ ਦਿੱਤਾ ਸੀ। ਇਸ ਨੂੰ ਆਪਣੀ ਯਾਦ ਦੇ ਪਿੱਛੇ ਸੁੱਟ ਕੇ ਲੁਕਾ ਲਿਆ ਸੀ, ਇਕ ਬਾਰ-ਬਾਰ ਉੱਠਣ ਵਾਲੀ ਗੁਪਤ ਪੀੜ ਅਜੇ ਵੀ ਜਿਸ ਦੇ ਢਲਦੇ ਪ੍ਰਛਾਵੇਂ ਮੇਰੇ ਕੋਲੋਂ ਲੰਘਦੇ ਮੈਨੂੰ ਸੱਟ ਲਾਉਣ ਯੋਗ ਸਨ। ਮੈਂ ਆਪਣੀ ਮਾਂ ਦੀ ਮੌਤ ਦੇ ਸਾਏ ਨੂੰ ਬੇਰਹਿਮੀ ਨਾਲ ਲਾਂਭੇ ਕਰ ਦਿੱਤਾ ਸੀ, ਹੁਣ ਬਿਲਾਲ ਮੈਨੂੰ ਆਪਣੀ ਮੌਤ ਦਾ ਸਾਮ੍ਹਣਾ ਕਰਾ ਰਿਹਾ ਸੀ, ਉਹ ਸਭ ਕੁਝ ਲਈ ਜੋ ਉਸ ਦੇ ਨਾਲ ਵਾਪਰਿਆ ਅਤੇ ਭਾਵੇਂ ਕਿ ਮੇਰੇ ਅੱਥਰੂ ਮੇਰੀਆਂ ਅੱਖਾਂ ਵਿਚ ਨਹੀਂ ਸਨ, ਫਿਰ ਵੀ ਮੈਂ ਉਹਨਾਂ ਨੂੰ ਆਪਣੇ ਅੰਦਰ ਕਈ ਵਾਰ ਉੱਭਰਦੇ ਅਤੇ ਡੁੱਬਦੇ ਮਹਿਸੂਸ ਕਰਦਾ ਸਾਂ।

ਹਸਪਤਾਲ ਵਿਚ ਦੋ ਮਹੀਨੇ ਜੂਝਦੇ ਹੋਏ, ਬਿਲਾਲ ਦੀ ਸਿਹਤ ਵਿਚ ਸੁਧਾਰ ਹੋ ਰਿਹਾ ਸੀ। ਉਸ ਦੀ ਛਾਤੀ ਅਤੇ ਲੱਤਾਂ 'ਤੇ ਮਾਸ ਆਉਣਾ ਸ਼ੁਰੂ ਹੋ ਗਿਆ ਸੀ, ਪਰ ਉਸ ਦੀਆਂ ਲੱਤਾਂ ਦੇ ਉਪਰ ਅਤੇ ਪੱਟ ਅਜੇ ਵੀ ਕੱਚੇ ਸਨ। ਉਹ ਹਰ ਕਿਸੇ ਦੇ ਸਮੇਂ ਨੂੰ ਕਾਬੂ ਕਰਦਾ ਸੀ। ਉਸ ਦੇ ਖਾਣ ਪੀਣ ਦੇ ਹੁਕਮ ਬੜੇ ਉਤਸ਼ਾਹ ਵਾਲੇ ਸਨ ਅਤੇ ਉਹਨਾਂ ਤੋਂ ਉਸ ਦੀ ਪਾਚਣ ਸ਼ਕਤੀ ਵਿਚ ਕੋਈ ਕਮੀ ਨਹੀਂ ਸੀ ਆਈ ਲੱਗਦੀ। ਪਰ ਉਸ ਤੋਂ ਭੋਜਨ ਖਾਦਾ ਨਾ ਜਾਂਦਾ। ਉਹ ਮੇਰੇ ਬਾਰੇ ਗੱਲਾਂ ਕਰਦਾ ਪਰ ਕਦੀ ਵੀ ਮੇਰੀ ਲੰਮੀ ਗੈਰ ਹਾਜ਼ਰੀ ਦੀ ਸ਼ਿਕਾਇਤ ਨਾ ਕਰਦਾ। ਮੇਰੇ ਟਾਈਮ ਟੇਬਲ ਨੂੰ ਸਮਝਦਿਆਂ ਹੋਇਆਂ, ਉਹ ਕਲਪਨਾ ਕਰਦਾ, "ਹੁਣ ਨਾਨਾ ਲੋਕਾਂ ਦੀ ਦੇਖਭਾਲ ਕਰਦਾ ਹੋਵੇਗਾ, ਹੁਣ ਸੜਕ 'ਤੇ ਮੰਗ ਰਿਹਾ ਹੋਵੇਗਾ।" ਮੇਰੇ ਮੰਗਣ ਵਾਲੇ ਕੰਮ ਨੂੰ ਉਹ ਬਹੁਤ ਪਿਆਰ ਕਰਦਾ ਸੀ। ਜਦੋਂ ਕੋਈ ਉਸ ਨੂੰ ਪੈਸੇ ਦਿੰਦਾ, ਉਹ ਉਹਨਾਂ ਨੂੰ ਬੜੇ ਉਤਸ਼ਾਹ ਨਾਲ ਗਿਣਦਾ, ਮੈਂ ਉਸ ਨੂੰ ਕੁਝ ਰੁਪਏ ਦਿੰਦਾ ਅਤੇ ਕਹਿੰਦਾ ਕਿ ਇਨ੍ਹਾਂ ਨੂੰ ਗ਼ਰੀਬਾਂ 'ਤੇ ਖ਼ਰਚ ਦਿਉ, "ਇਹ ਪੈਸੇ ਸਾਡੇ ਨਹੀਂ। ਇਹ ਸਾਡੇ ਲਈ ਨਹੀਂ ਦਿੱਤੇ ਗਏ, ਸਿਰਫ ਅਸੀਂ ਇਸ ਦੇ ਟਰੱਸਟੀ ਹਾਂ।" ਫਿਰ ਉਹ ਕਿਸੇ ਦੀ ਮਦਦ ਕਰਨ ਲਈ ਭੱਜ ਪੈਂਦਾ, ਉਸ ਦੀ ਕਹਾਣੀ ਪੁੱਛਦਾ, ਉਸ ਨੂੰ ਜਲਦੀ ਪੈਸੇ ਦੇ ਦਿੰਦਾ ਅਤੇ ਦੁਬਾਰਾ ਮੰਗਣ ਲਈ ਚੱਲ ਪੈਂਦਾ। "ਕੀ ਤੂੰ ਉਸ ਦੀ ਕਹਾਣੀ 'ਤੇ ਵਿਸ਼ਵਾਸ ਕਰਦਾ ਹੈ?" ਮੈਂ ਉਸ ਨੂੰ ਪੁੱਛਦਾ। "ਨਹੀਂ, ਪਰ ਉਸ ਨੂੰ ਅਜੇ ਵੀ ਪੈਸੇ ਚਾਹੀਦੇ ਹਨ।" ਬਿਲਾਲ ਮੈਨੂੰ ਮੇਰੇ ਆਪਣੇ ਬਾਰੇ ਮੇਰੇ ਬੱਚਿਆਂ ਤੋਂ ਜ਼ਿਆਦਾ ਯਾਦ ਕਰਵਾਉਂਦਾ।

ਬੇਸ਼ੱਕ ਉਸ ਦਾ ਇਹ ਦੁੱਖ ਅਤੇ ਉਸ ਲਈ ਮੰਗ ਕੇ ਲਏ ਸਮੇਂ ਨੇ ਮੈਨੂੰ ਇਸ ਤਰ੍ਹਾਂ ਦਾ ਬਣਾ ਦਿੱਤਾ ਸੀ ਕਿ ਮੈਂ ਉਸ ਨੁਕਸਾਨ, ਜਿਹੜਾ ਵਾਪਰ ਗਿਆ ਸੀ, ਤੋਂ ਬਚਦਾ ਸਾਂ, ਫਿਰ ਵੀ ਜਦ ਵੀ ਸੰਭਵ ਹੁੰਦਾ ਮੈਂ ਉਸ ਨੂੰ ਵੇਖਣ ਦੀ ਕੋਸ਼ਿਸ਼ ਕਰਦਾ। ਜਦੋਂ ਉਸ ਕੋਲੋਂ ਆਉਣ ਦਾ ਸਮਾਂ ਹੁੰਦਾ, ਉਸ ਦੀ ਕੰਮਜ਼ੋਰ ਪਕੜ ਮੇਰੇ ਹੱਥ ਨੂੰ ਹੋਰ ਸਖ਼ਤੀ ਨਾਲ ਫੜ ਲੈਂਦੀ ਅਤੇ ਮੈਂ ਆਪਣੇ ਅੱਥਰੂਆਂ ਨੂੰ ਨਾ ਰੋਕ ਸਕਦਾ। ਇਹ ਹਮੇਸ਼ਾ ਹੀ ਇਸ ਤਰ੍ਹਾਂ ਹੁੰਦਾ; ਉਸ ਦੀ ਮੰਜੀ ਵਿਚ ਆਪਣੇ ਆਪ ਨੂੰ ਘਸੀਟ ਕੇ ਲੈ ਜਾਣਾ ਅਤੇ ਫਿਰ ਉਸ ਤੋਂ ਘਸੀਟ ਕੇ ਬਾਹਰ ਆਉਣਾ...., ਹਮੇਸ਼ਾ ਹੀ ਇਕ ਦੋਚਿੱਤੀ ਵਿਚ ਮੈਨੂੰ ਉਸ ਨੂੰ ਪਿਆਰ ਦੇਣ ਅਤੇ ਹੌਂਸਲਾ ਦੇਣ ਦੀ ਜ਼ਰੂਰਤ ਸੀ, ਉਸ ਨੂੰ ਫੜ ਕੇ ਰੱਖਣ ਲਈ ਮੈਂ ਅਤਿ ਗੰਭੀਰ ਹੁੰਦਾ ਅਤੇ ਉਸ ਨੂੰ ਵੇਖਦਾ ਰਹਿਣਾ ਚਾਹੁੰਦਾ ਸਾਂ, ਅਤੇ ਫਿਰ ਮੈਂ ਝਿਜਕਦਾ ਹੋਇਆਂ ਅਤੇ ਆਪ ਹੀ ਉਥੋਂ ਆ ਜਾਣ ਲਈ ਆਪਣੇ ਆਪ ਨੂੰ ਮਨਾ ਲੈਂਦਾ, "ਉਹ ਜਾ ਰਿਹਾ ਹੈ, ਉਹ ਬਹੁਤ ਲੰਮਾ ਸਮਾਂ ਇਥੇ ਨਹੀਂ ਹੋਵੇਗਾ। ਪੀੜ ਤੋਂ ਦੂਰ ਜਾਂਦਾ ਸਾਂ, ਦੂਰ ਜਾਂਦਾ ਸਾਂ, ਦੂਰ ਜਾਂਦਾ ਸਾਂ।"

ਉਸ ਨੇ ਸਾਨੂੰ ਉਹ ਕਹਾਣੀ ਦੱਸੀ ਜਿਸ ਨੇ ਉਸ ਦੀ ਜਾਨ ਲਈ ਸੀ, "ਮੈਨੂੰ ਨੂਰ-ਮਾਲ ਨੇ ਸਾੜਿਆ ਹੈ, ਉਹ ਮੈਨੂੰ ਸਾੜਦੀ ਰਹੀ।" ਮੈਂ ਉਸ ਨੂੰ ਹੌਂਸਲਾ ਦਿੱਤਾ, ਇਥੋਂ ਤਕ ਕਿ ਕੁਬਰਾ ਨੇ ਵੀ ਕਿਹਾ, "ਪ੍ਰਮਾਤਮਾ ਉਸ ਨੂੰ ਮੁਆਫ ਕਰ ਦੇਵੇਗਾ ਕਿਉਂ ਕਿ ਉਹ ਬਿਮਾਰ ਹੈ। ਤੂੰ ਵੀ ਇਸ ਤਰ੍ਹਾਂ ਹੀ ਪ੍ਰਾਰਥਨਾ ਕਰ।"

ਨੂਰ-ਮਾਲ ਦਿਮਾਗੀ ਤੌਰ 'ਤੇ ਬਿਮਾਰ ਇਕ ਜਵਾਨ ਔਰਤ ਸੀ, ਜਿਸ ਨੂੰ ਅਸੀਂ ਆਪਣੇ ਕੇਂਦਰ ਵਿਚ ਲੈ ਆਂਦਾ ਸੀ। ਕੁਬਰਾ ਨੇ ਕਈ ਵਾਰ ਬਿਲਕਿਅਸ ਨੂੰ ਉਸ ਬਾਰੇ ਸ਼ਿਕਾਇਤ ਕੀਤੀ ਸੀ ਕਿ ਉਹ ਲੜਕੀ ਸੁੱਸਤ ਸੀ, ਆਪਣੇ ਧੋਣ ਵਾਲੇ ਕੱਪੜੇ ਆਪਣੀ ਮੰਜੀ ਦੇ ਥੱਲੇ ਰੱਖ ਛੱਡਦੀ ਸੀ, ਜਿਹੜਾ ਵੀ ਉਸ ਨੂੰ ਕੰਮ ਦਿੱਤਾ ਜਾਂਦਾ ਸੀ ਉਹ ਕਰਨ ਤੋਂ ਇਨਕਾਰ ਕਰ ਦਿੰਦੀ ਸੀ ਅਤੇ ਹਮੇਸ਼ਾ ਸਾਜਿਸ਼ ਅਤੇ ਇਕ ਦੂਜੇ ਦੀਆਂ ਚੁਗਲੀਆਂ ਕਰਦੀ ਰਹਿੰਦੀ ਸੀ। ਉਹ ਕੁਬਰਾ ਦੇ ਦਰਜ਼ੇ ਬਾਰੇ ਵੀ ਇਤਰਾਜ਼ ਕਰਦੀ ਸੀ ਅਤੇ ਉਸ ਦੀਆਂ ਲਗਾਤਾਰ ਅਨੁਸ਼ਾਸਨ ਬਣਾਈ ਰੱਖਣ ਦੀਆਂ ਕੋਸ਼ਿਸ਼ਾਂ ਤੋਂ ਵੀ ਨਰਾਜ਼ ਰਹਿੰਦੀ ਸੀ।

ਈਦ ਦੀ ਸਵੇਰ ਨੂੰ ਨੂਰ-ਮਾਲ ਨੇ ਬਿਲਾਲ ਨੂੰ ਨਹਾਉਣ ਦੀ ਪੇਸ਼ਕਸ਼ ਕੀਤੀ, ਅਤੇ ਉਸ ਦੇ ਮੋਢਿਆਂ 'ਤੇ ਉਬਲਦਾ ਹੋਇਆ ਪਾਣੀ ਪਾ ਦਿੱਤਾ। ਜਦੋਂ ਉਹ ਬਚਣ ਲਈ ਮੁੜਿਆ, ਉਸ ਨੇ ਉਹ ਪਾਣੀ ਉਸ ਦੀ ਪਿੱਠ 'ਤੇ ਪਾ ਦਿੱਤਾ ਅਤੇ ਜਿਵੇਂ-ਜਿਵੇਂ ਉਹ ਚੀਕਾਂ ਮਾਰੀ ਜਾਂਦਾ ਸੀ, ਉਹ ਹੋਰ ਅਤੇ ਹੋਰ ਖੌਲਦਾ ਪਾਣੀ ਪਾਈ ਜਾਂਦੀ ਸੀ। ਉਸ ਦੀਆਂ ਚੀਕਾਂ ਜਦੋਂ ਕੁਬਰਾ ਅਤੇ ਹੋਰਨਾਂ ਨੇ ਸੁਣੀਆਂ ਤਾਂ ਉਹ ਉਸ ਦੇ ਕਮਰੇ ਵੱਲ ਭੱਜਦੀਆਂ ਹੋਈਆਂ ਆਈਆਂ ਤਾਂ ਉਸਨੇ ਪਾਣੀ ਪਾਉਣਾ ਬੰਦ ਕੀਤਾ। ਨੂਰ-ਮਾਲ ਕਹਿਣ ਲੱਗੀ ਉਹ ਨਹੀਂ ਜਾਣਦੀ ਸੀ ਕਿ ਪਾਣੀ ਉਬਲਿਆ ਹੋਇਆ ਹੈ। ਕਿਉਂ ਜੋ ਮੈਂ ਉਸ ਦੇ ਇਰਾਦੇ ਬਾਰੇ ਨਹੀਂ ਸੀ ਜਾਣ ਸਕਦਾ, ਮੈਂ ਉਸ ਨੂੰ ਬਫਰ ਜੋਨ ਕੇਂਦਰ ਵਿਚ ਬਦਲ ਦਿੱਤਾ ਜੋ ਦਿਮਾਗੀ ਰੋਗੀਆਂ ਲਈ ਹੈ।

ਅਸੀਂ ਕਰਾਚੀ ਉੱਤਰੇ, ਮੈਂ ਬਾਹਰ ਆਇਆ ਅਤੇ ਆਪਣੇ ਬਾਕੀ ਦੇ ਸਾਥੀਆਂ ਤੋਂ ਚੁਪ-ਚਾਪ ਵੱਖਰਾ ਹੋ ਗਿਆ ਅਤੇ ਉਥੇ ਉਡੀਕ ਰਹੀ ਐਂਬੂਲੈਂਸ ਵਿਚ ਬੈਠ ਕੇ ਹਵਾਈ ਅੱਡੇ ਤੋਂ ਸਿੱਧਾ ਕਬਰਸਤਾਨ ਗਿਆ। ਹੁਣ ਉਹ ਉਥੇ ਸੀ ਜਿਥੇ ਮੈਂ ਉਸ ਕੋਲ ਨਹੀਂ ਸਾਂ ਪਹੁੰਚ ਸਕਦਾ। ਮੈਂ ਮਿੱਟੀ ਦੀ ਛੋਟੀ ਜਿਹੀ ਢੇਰੀ ਤੋਂ ਪਰਤ ਕੇ ਆਪਣੇ ਆਪ ਨੂੰ ਸੰਭਾਲ ਰਿਹਾ ਸਾਂ ਜੋ ਕਿ ਅਗਨੀ ਪ੍ਰੀਖਿਆ ਸੀ, ਜੋ ਹੁਣ ਖ਼ਤਮ ਹੋ ਚੁੱਕੀ ਸੀ। ਪੀੜ 'ਤੇ ਕਾਬੂ ਪਾ ਲਿਆ ਸੀ, ਉਹ ਆਜ਼ਾਦ ਹੋ ਗਿਆ ਸੀ। ਮੇਰੇ ਕੋਲ ਅਫਸੋਸ ਕਰਨ ਜਾਂ ਸ਼ਿਕਾਇਤ ਕਰਨ ਦਾ ਕੋਈ ਰਾਹ ਨਹੀਂ।

ਘਰ ਵਿਚ ਮੈਂ ਅਤੇ ਬਿਲਕਿਅਸ ਇਕ ਦੂਜੇ ਤੋਂ ਲੁੱਕਦੇ ਸਾਂ। ਜਦੋਂ ਸਾਰਾ ਪਰਿਵਾਰ ਚਲਾ ਗਿਆ ਅਤੇ ਅਸੀਂ ਇੱਕਲੇ ਰਹਿ ਗਏ ਤਾਂ ਬਿਲਾਲ ਦੇ ਨਿੱਕੇ-ਨਿੱਕੇ ਕੱਪੜਿਆਂ ਵਿਚ ਮੂੰਹ ਛੁਪਾ ਕੇ ਰੋਈ ਜਾ ਰਹੇ ਸਾਂ ਅਤੇ ਪਿਆਰ ਨਾਲ ਉਸ ਦੇ ਖਿਡਾਉਣਿਆਂ ਨੂੰ ਛੂਹ ਕੇ ਅਤੇ ਜੱਫੀਆਂ ਪਾ ਰਹੇ ਸਾਂ, ਅਸੀਂ ਉਸ ਦੇ ਛੋਟੇ-ਛੋਟੇ ਬੂਟਾਂ ਵੱਲ ਟਿਕਟਿਕੀ ਲਾ ਕੇ ਵੇਖਿਆ ਅਤੇ ਚਿੱਲਾਉਣ ਲੱਗ ਪਏ ਜਿਵੇਂ ਉਹ ਫਿਰ ਇਨ੍ਹਾਂ ਨੂੰ ਪਾ ਕੇ ਤੁਰੇਗਾ। ਮੈਂ ਬਿਲਕਿਅਸ ਨੂੰ ਪੁੱਛਿਆ, "ਕੀ ਅਸੀਂ ਦੂਜਿਆਂ ਤੋਂ ਉੱਚਾ ਸਨੇਹ ਆਪਣਿਆਂ ਲਈ ਨਹੀਂ ਦਿਖਾਉਂਦੇ ? ਜੇ ਇਥੇ ਕਿਸੇ ਜਾਤ, ਵਿਸ਼ਵਾਸ ਅਤੇ ਜਮਾਤ ਦਾ ਕੋਈ ਫਰਕ ਨਹੀਂ ਤਾਂ ਕੀ ਇਥੇ ਬਹੁਤ ਰਿਸ਼ਤਿਆਂ ਦੇ ਸੰਬੰਧ ਨਹੀਂ ਸਨ ?" ਕੁਬਰਾ ਅੰਦਰ ਆ ਗਈ, ਮੈਂ ਉਸ ਨੂੰ ਆਪਣੀਆਂ ਬਾਹਾਂ ਵਿਚ ਲੈਣ ਲਈ ਉੱਠਿਆ ਅਤੇ ਉਸ ਦੀ ਹਾਲਤ ਉੰਨੀ ਬੇਉਮੀਦ ਸੀ ਜਿੰਨੇ ਮੇਰੇ ਸ਼ਬਦ।

ਜਦੋਂ ਸਾਡੇ ਦੋਹਤਰੇ ਦੀ ਗੰਭੀਰ ਹਾਲਤ ਬਾਰੇ ਦੱਸਿਆ ਗਿਆ ਤਾਂ ਬਿਲਕਿਅਸ ਘਰ ਹੀ ਰਹਿੰਦੀ ਸੀ। ਹਸਪਤਾਲ ਵਿਚ ਉਹ ਆਪਣੇ ਕਮਰੇ ਨੂੰ ਘੇਰੀ ਰੱਖਦੀ ਅਤੇ ਪਰਦੇ ਸੁੱਟੀ ਰੱਖਦੀ। ਜਦੋਂ ਉਸ ਨੇ ਆਪਣੇ ਬੱਚੇ ਦੇ ਦਿਲ ਨੂੰ ਡਾਕਟਰਾਂ ਵੱਲੋਂ ਪੰਪ ਨਾਲ ਸਾਹ ਦਿੰਦਿਆਂ ਦੇਖਿਆ ਤਾਂ ਕੁਬਰਾ ਤਾਂ ਪਾਗਲਾਂ ਵਰਗੀ ਹੋ ਗਈ, ਭਾਵੇਂ ਬਹੁਤ ਸ਼ਾਂਤ, ਪਰ ਉਹ ਸਾਵਧਾਨ ਸੀ ਅਤੇ ਆਪਣੇ ਬੱਚੇ ਲਈ ਲਗਾਤਾਰ ਚੀਕ ਰਹੀ ਸੀ। ਆਖ਼ਰੀ ਦੋ ਮਹੀਨੇ ਉਸ ਨੂੰ ਉਸ ਦੇ ਠੀਕ ਹੋਣ ਦਾ ਯਕੀਨ ਹੋ ਗਿਆ ਸੀ, ਫਿਰ ਕੀ ਰੁਕਾਵਟ ਉਸ ਦੇ ਦਿਲ ਵਿਚ ਆ ਗਈ ਜਿਸ ਨੇ ਉਸ ਦੀ ਜਾਨ ਲੈ ਲਈ। ਉਹ ਚਾਰ ਸਾਲ ਦੀ ਉਮਰ ਵਿਚ ਮਰ ਗਿਆ।

ਉਹਨਾਂ ਮਾਹਿਰ ਡਾਕਟਰਾਂ ਨੇ ਫੀਸ ਵਿਚ ਕੋਈ ਰਿਆਇਤ ਨਹੀਂ ਸੀ ਕੀਤੀ, ਮੈਂ ਬਿਲਕਿਅਸ ਕੋਲ ਇਹ ਟਿੱਪਣੀ ਕੀਤੀ, "ਤੂੰ ਵੇਖਿਆ ਹੈ, ਉਹਨਾਂ ਉਸ ਆਦਮੀ ਦੇ ਬੱਚੇ ਨਾਲ ਕਿਹੋ ਜਿਹਾ ਸਲੂਕ ਕੀਤਾ, ਜਿਹੜਾ ਉਹਨਾਂ ਲਈ ਜੀ ਰਿਹਾ ਹੈ ? ਕੀ ਤੂੰ ਇਸ ਮਿਸਾਲ ਤੋਂ ਅੰਦਾਜਾ ਲਾ ਸਕਦੀ ਹੈਂ ਕਿ ਉਹ ਉਹਨਾਂ ਨਾਲ ਕੀ ਵਿਵਹਾਰ ਕਰਦੇ ਹੋਣਗੇ, ਜਿਨ੍ਹਾਂ ਕੋਲ ਦੇਣ ਲਹੀ ਕੁਝ ਵੀ ਨਹੀਂ ?"

ਉਸ ਰਾਤ ਮੈਂ ਬਿਲਕਿਅਸ ਨਾਲ ਕਈ ਗੱਲਾ ਕੀਤੀਆਂ : "ਉਹ ਸਾਡੇ ਨਾਲ ਖੇਡਿਆ ਅਤੇ ਚਲਾ ਗਿਆ। ਉਸ ਨੇ ਉਹ ਪਲ ਮੈਨੂੰ ਉਧਾਰੇ ਦਿੱਤੇ ਸਨ, ਜਦੋਂ ਕਿ

ਮੈਂ ਸੋਚਦਾ ਸਾਂ ਕਿ ਮੇਰੇ ਕੋਲ ਦੇਣ ਲਈ ਕੋਈ ਸਮਾਂ ਨਹੀਂ। ਹੁਣ ਫਿਰ ਕੰਮ ’ਤੇ ਆ ਗਏ ਹਾਂ। ਸਾਡੇ ਕੋਲ ਇਸ ਦੀ ਕੋਈ ਵਜਾਹ ਨਹੀਂ ਕਿ ਅਸੀਂ ਸੌ ਦੇ ਬਦਲੇ ਇਕ ਦਾ ਅਫਸੋਸ ਕਰੀਏ।” ਬਿਲਕਿਅਸ ਇਸ ਨੂੰ ਠੀਕ ਸਮਝ ਸਕਦੀ ਸੀ ਅਤੇ ਉਹ ਰੋਣ ਲੱਗ ਪਈ। ਮੈਂ ਉਸ ਨੂੰ ਸਲਾਹ ਦਿੱਤੀ, “ਸਾਨੂੰ ਉਸ ਦੇ ਚਲੇ ਜਾਣ ਨੂੰ ਇਕ ਪਾਸੇ ਰੱਖ ਦੇਣਾ ਚਾਹੀਦਾ ਹੈ, ਇਹ ਇਕ ਉਦਾਂ ਦੀ ਯਾਦ ਨਹੀਂ ਬਣ ਸਕਦੀ ਜਿਹੜੀ ਅਸੀਂ ਸਾਂਝੀ ਕਰ ਸਕੀਏ। ਜਿਹੜਾ ਢੰਗ ਮੈਂ ਇਸ ਸੰਬੰਧੀ ਸਮਝਦਾ ਹਾਂ ਕਿ ਇਸ ਨੂੰ ਉਸ ਦੇ ਦਫਨਾਉਣ ਨਾਲ ਭੁੱਲ ਜਾਈਏ, ਇਸ ਜ਼ਖ਼ਮ ਨੂੰ ਅਸੀਂ ਠੀਕ ਨਹੀਂ ਕਰ ਸਕਦੇ। ਸਾਨੂੰ ਕੋਸ਼ਿਸ਼ ਨਹੀਂ ਕਰਨੀ ਚਾਹੀਦੀ।” ਬਿਲਕਿਅਸ ਜਾਣਦੀ ਸੀ ਕਿ ਅਸੀਂ ਬਿਲਾਲ ਬਾਰੇ ਫਿਰ ਗੱਲ ਨਹੀਂ ਕਰ ਸਕਦੇ।

ਪਰ ਦਿਲ ਦਿਮਾਗ ਨੂੰ ਇਹ ਇਜ਼ਾਜਤ ਨਹੀਂ ਦਿੰਦਾ ਸੀ ਕਿ ਉਹ ਉਸ ’ਤੇ ਹਾਵੀ ਹੋ ਜਾਏ, ਅਤੇ ਭਾਵੇਂ ਮੈਂ ਉਸ ਬਾਰੇ ਗੱਲ ਨਹੀਂ ਸਾਂ ਕਰਦਾ, ਉਸ ਦੀ ਯਾਦ ਹੜ੍ਹ ਵਾਂਗ ਮੇਰੇ ’ਤੇ ਕਈ ਦਿਨ, ਹਫਤੇ ਅਤੇ ਮਹੀਨੇ ਆਉਂਦੀ ਰਹੀ। ਜਦੋਂ ਵੀ ਮੈਨੂੰ ਕੋਈ ਵਿਹਲਾ ਸਮਾਂ ਮਿਲਦਾ, ਮੈਂ ਮੀਠਾਦਾਰ ਵਿਚ ਆਪਣੇ ਦਫਤਰ ਦੇ ਬਾਹਰ ਬੈਂਚ ’ਤੇ ਬੈਠ ਜਾਂਦਾ, ਜਿਥੇ ਹਰੀ ਮਸਜਿਦ ਦੇ ਪਿੱਛੇ ਚੌਂਕ ਸੀ ਅਤੇ ਇਧਰ ਉਧਰ ਜਾ ਰਹੀ ਬਾਜ਼ਾਰ ਦੀ ਵਿਹਲੜ ਚਹਿਲ ਪਹਿਲ, ਇੱਕਲੀ ਆਵਾਜ਼ ਨੂੰ ਦਬਾ ਦਿੰਦੀ। ਮੈਂ ਹਰ ਗਲੀ ਦੀਆਂ ਉੱਚੀਆਂ ਜਗ੍ਹਾ ’ਤੇ ਚਾਰਾਂ ਦਿਸ਼ਾਵਾਂ ਵਿਚ, ਲੋਕਾਂ ਨੂੰ ਵੇਖਦਾ ਰਹਿੰਦਾ ਅਤੇ ਲੋਕਾਂ ਦਾ ਆਉਣਾ ਜਾਣਾ ਕਈ ਵਾਰ ਰੁਕਦਾ ਰਹਿੰਦਾ ਅਤੇ ਉਦੋਂ ਹੀ ਜਦੋਂ ਕੋਈ ਮੈਨੂੰ ਸਤਿਕਾਰ ਵਜੋਂ ਮਿਲਣ ਲਈ ਆਉਂਦਾ, ਪਰ ਮੇਰੇ ਦੋਹਤਰੇ ਦੀ ਯਾਦ ਨੇ ਮੈਨੂੰ ਹਰ ਚੀਜ਼ ਤੋਂ ਵੱਖਰਾ ਕਰ ਦਿੱਤਾ ਸੀ।

ਬਿਲਕਿਅਸ ਨੇ ਬਿਲਾਲ ਦੀ ਫੋਟੋ ਨੂੰ ਮੇਰੇ ਡੇਸਕ ਦੇ ਉੱਪਰ ਰੱਖੇ ਸ਼ੀਸ਼ੇ ਦੇ ਥੱਲੇ ਰੱਖ ਦਿੱਤਾ ਸੀ, ਜਦ ਕਿ ਉਹ ਮੇਰੇ ਦਿਲ ਵਿਚ ਜੀਉਂਦਾ ਸੀ, ਜਿਥੇ ਉਹ ਕਦੀ ਵੀ ਨਹੀਂ ਸੀ ਮਰਿਆ। ਮੈਂ ਉਸ ਨੂੰ ਆਮ ਆਪਣੇ ਸੁਪਨਿਆਂ ਵਿਚ ਵੇਖਦਾ, ਖਾਸ ਕਰਕੇ ਉਦੋਂ ਜਦੋਂ ਮੈਂ ਬਹੁਤ ਬੈਚੇਨ ਹੁੰਦਾ ਸੀ, ਜਾਂ ਮੈਨੂੰ ਬੁਖਾਰ ਹੁੰਦਾ ਸੀ। ਉਸ ਦੇ ਛੋਟੇ-ਛੋਟੇ ਸੁਆਲ ਅਤੇ ਬਹੁਤ ਵੱਡੇ ਖਿਆਲ ਮੈਨੂੰ ਆਪਣਾ ਬਚਪਨ ਯਾਦ ਕਰਵਾ ਦਿੰਦੇ ਸੀ, ਜਦੋਂ ਮੈਂ ਵੱਡਾ ਹੋਇਆ ਤਾਂ ਮੈਂ ਕੀ ਬਣਾਂਗਾ, ਉਹੋ ਸਾਡੇ ਦੋਵਾਂ ਦੇ ਬਚਪਨ ਸਨ। ਉਹ ਸਭ ਹਵਾ ਵਿਚ ਕਿਲੇ ਬਨਾਉਣ ਵਾਂਗ ਸਨ, ਜੋ ਹਰ ਤਰਫ ਵਧਦੇ ਸਨ। ਉਹਨਾਂ ਵਿਚ ਕੋਈ ਸੰਬੰਧ ਨਹੀਂ ਸੀ ਹੁੰਦਾ, ਪਰ ਉਹਨਾਂ ਵਿਚ ਜ਼ਿੰਦਗੀ ਦੀ ਪੂਰੀ ਚਾਹਤ ਅਤੇ ਮੰਜ਼ਿਲ ਹੁੰਦੀ ਸੀ। ਮੇਰੇ ਵਾਂਗ ਹੀ ਉਸ ਦੀਆਂ ਅੱਖਾਂ ਬਹੁਤ ਖੁੱਲੀਆਂ ਅਤੇ ਜਗਿਆਸੂ ਸਨ, ਪਰ ਉਸ ਨੂੰ ਉੱਨਾਂ ਮੌਕਾ ਨਾ ਮਿਲਿਆ ਜਿੰਨਾਂ ਮੈਨੂੰ ਮਿਲ ਗਿਆ ਸੀ, ਇਕ ਜੀਉਣ ਦਾ ਮੌਕਾ।

•

# ਭਾਗ 2

ਮੇਰੇ ਮਾਂ ਬਾਪ ਇਕ ਛੋਟੇ-ਛੋਟੇ ਕਿਸਾਨਾਂ ਦੇ ਉਸ ਸਮਾਜ ਦੇ ਵੰਸ਼ਜ ਸਨ, ਜੋ ਵੱਖ-ਵੱਖ ਕਬੀਲਿਆਂ ਵਿਚ ਛੋਟੇ-ਛੋਟੇ ਝਗੜਿਆਂ ਵਿਚ ਉਲਝੇ ਰਹਿੰਦੇ ਸਨ, ਜਿਹੜੇ ਦਰਿਆ ਦੇ ਕੰਢਿਆਂ 'ਤੇ ਰਹਿੰਦੇ ਸਨ। ਕੋਈ ਤਿੰਨ ਸਦੀਆਂ ਪਹਿਲਾਂ, ਠੱਠਾ ਵਿਚ ਇਕ ਧਾਰਮਿਕ ਲੀਡਰ ਨੇ ਉਨ੍ਹਾਂ ਨੂੰ ਹਿੰਦੂਆਂ ਤੋਂ ਮੁਸਲਿਮ ਵਿਸ਼ਵਾਸ ਵਿਚ ਬਦਲ ਦਿੱਤਾ ਅਤੇ ਉਹਨਾਂ ਨੂੰ ਮੋਮਿਨ ਦਾ ਨਾਂ ਦਿੱਤਾ ਜਿਸ ਦਾ ਅਰਥ ਹੈ, ਸੱਚੇ ਵਿਸ਼ਵਾਸ ਕਰਨ ਵਾਲੇ। ਇਸ ਨੂੰ ਬਾਅਦ ਵਿਚ ਬਦਲ ਕੇ ਮੈਮਨ ਕਹਿਣਾ ਸ਼ੁਰੂ ਕਰ ਦਿੱਤਾ ਗਿਆ। ਹਜ਼ਰਤ ਮੁਹੰਮਦ ਸਾਹਿਬ (PBUH) ਨੇ ਜਿਹੜੀ ਮਿਸਾਲ ਦਿੱਤੀ ਸੀ ਜੋ ਉਸ ਦੇ ਸੰਬੰਧ ਵਿਚ ਬੀਬੀ ਖਦੀਜਾਂ ਨਾਲ ਵਪਾਰ ਦੀ ਹਿੱਸੇਦਾਰੀ ਦੀ ਮਿਸਾਲ ਦੇ ਸੰਬੰਧ ਵਿਚ ਸੀ, ਜਿਸ ਵਿਚ ਪੁਰਾਣੇ ਮਹਾਤਮਾਵਾਂ ਨੇ ਸਲਾਹ ਦਿੱਤੀ ਸੀ ਕਿ ਵਪਾਰ ਇਕ ਪੇਸ਼ੇ ਦੇ ਤੌਰ 'ਤੇ ਅਪਨਾਉ। ਉਸ ਨੇ ਉਹਨਾਂ ਨੂੰ ਇਹ ਵੀ ਹਿਦਾਇਤ ਦਿੱਤੀ ਸੀ ਕਿ ਬਹੁਤ ਤਾਕਤਵਰ ਸਮਾਜ ਦੀ ਸਮਝ ਬਣਾ ਕੇ ਰੱਖੋ।

ਮੈਮਨ ਸਿੰਧ ਵਿਚ ਹਾਲਾ ਦੀ ਜਗ੍ਹਾ ਤੋਂ ਥਰ ਰੇਗਿਸਤਾਨ ਜਾਂ ਕੱਛ ਦੇ ਮੈਦਾਨ ਵਿਚੋਂ ਦੀ ਗੁਜਰਾਤ (ਭਾਰਤ) ਦੇ ਕਾਠਿਆਵਾੜ ਇਲਾਕੇ ਵਿਚ ਪ੍ਰਵਾਸ ਕਰ ਗਏ। ਉਹ ਜਿਥੇ ਵੀ ਸਥਾਪਿਤ ਹੋਏ ਇਹ ਉਹਨਾਂ ਦੇ ਭਵਿੱਖ ਦੀ ਪਹਿਚਾਣ ਬਣ ਗਈ। ਵੀਰਾਵਲ ਮੈਮਨ, ਡੋਰਾਜੀ ਅਤੇ ਕੋਟਿਆਨਾ ਮੈਮਨ ਅਤੇ ਸਾਨੂੰ ਬੰਟਵਾਂ ਮੈਮਨ ਕਹਿੰਦੇ ਸਨ।

ਅਸੀਂ ਈਦੀ ਪਰਿਵਾਰ ਦੇ ਵਾਰਸ ਸਾਂ, ਕਦੇ ਉਥੇ ਇਕ ਪਿੰਡ ਸੀ ਜਿਸ ਦਾ ਨਾਂ ਈਦੀ ਮੁਹੱਲਾ ਸੀ, ਪਰ ਉਹ ਸਮਾਂ ਪਾ ਕੇ ਖ਼ਤਮ ਹੋ ਗਿਆ। ਭਾਵੇਂ ਕਿ ਗੁਜਰਾਤੀ ਜ਼ਬਾਨ ਵਿਚ ਈਦੀ ਨੂੰ ਸੁੱਸਤ ਕਹਿੰਦੇ ਹਨ, ਪਰ ਇਹ ਕਬੀਲਾ ਬਹੁਤ ਜਾਗਰੂਕ ਸੀ, ਜੋ ਸਖ਼ਤ ਕੰਮ ਕਰਨ ਦਾ ਇਰਾਦਾ ਰੱਖਦਾ ਸੀ ਅਤੇ ਇਨਸਾਨੀਅਤ ਦੀ ਭਾਵਨਾ ਨਾਲ ਪੈਦਾ ਹੋਇਆ ਸੀ। ਇਹ ਮੱਧ ਦਰਜੇ ਦੇ ਲੋਕ ਸਨ ਜੋ ਸਾਜਿਸ਼ਾਂ ਅਤੇ ਝਗੜਿਆਂ ਤੋਂ ਬਚਦੇ ਰਹਿੰਦੇ ਸਨ।

ਮੇਰਾ ਦਾਦਾ ਹਾਜੀ ਰਹਿਮਤ ਉੱਲਾ ਵਾਧੂ ਪੈਸਾ ਕਮਾਉਣ ਵਿਚ ਵਿਸ਼ਵਾਸ ਨਹੀਂ ਰੱਖਦੇ ਸਨ। ਅਸਲ ਵਿਚ ਇਹ ਕਿਹਾ ਜਾਂਦਾ ਸੀ ਕਿ ਉਹ ਕਿਸੇ ਵੀ ਵਾਧੂ

ਚੀਜ਼ ਨੂੰ ਬਦਲ ਲੈਂਦਾ ਸੀ ਅਤੇ ਕਿਸੇ ਵਾਧੂ ਚੀਜ਼ ਨੂੰ ਪਸੰਦ ਨਹੀਂ ਸੀ ਕਰਦਾ ਅਤੇ ਉਹਨਾਂ ਦੀ ਸੋਚ ਖੁਰਾਕ, ਸੁੱਖ, ਅਤੇ ਖਾਹਿਸ਼ਾਂ ਨੂੰ ਨਕਾਰਦੀ ਸੀ ਅਤੇ ਆਪਣੇ ਰਹਿਣ-ਸਹਿਣ ਨੂੰ ਪੁਰਾਣਾ ਹੀ ਰੱਖਣਾ ਚਾਹੁੰਦੀ ਸੀ। ਉਹ ਕੁਝ ਇਸ ਤਰ੍ਹਾਂ ਦੇ ਫਰਜ਼ ਵੀ ਪੂਰੇ ਕਰਦਾ ਸੀ ਜੋ ਬੰਬਈ ਦੇ ਚੈਂਬਰ ਆਫ ਕਾਮਰਸ ਦੇ ਸਮਰੂਪ ਸਨ। ਜਦੋਂ ਉਹਨਾਂ ਦੇ ਸਮਾਜ ਦਾ ਕੋਈ ਮੈਂਬਰ ਦਿਵਾਲੀਆ ਹੋ ਜਾਂਦਾ, ਜਾਂ ਦੋ ਪਾਰਟੀਆਂ ਕਿਸੇ ਝਗੜੇ ਵਿਚ ਫੱਸ ਜਾਂਦੀਆਂ, ਉਹ ਉਸ ਵਿਚ ਦਖਲ ਦੇਕੇ ਸਮਝੌਤਾ ਕਰਾਉਂਦਾ।

ਉਸ ਦਾ ਲੜਕਾ, ਮੇਰਾ ਪਿਤਾ ਅਬਦੁਲ ਸ਼ਕੂਰ ਈਦੀ ਨੂੰ ਉਹੋ ਹੀ ਸੁਭਾਅ ਵਿਰਾਸਤ ਵਿਚੋਂ ਮਿਲਿਆ ਅਤੇ ਉਹ ਇਸ ਹੀ ਪੇਸ਼ੇ ਨਾਲ ਬੰਬਈ ਵਿਚ ਕਮਿਸ਼ਨ ਏਜੰਟ ਦੇ ਤੌਰ ’ਤੇ ਕੰਮ ਕਰਦਾ ਰਿਹਾ। ਜਦੋਂ ਹਬੀਬ ਬੈਂਕ ਨੂੰ ਮੁਹੰਮਦ ਅਲੀ ਜਿਨਾਹ ਵਲੋਂ ਦੋ ਬੜੇ ਪ੍ਰਸਿੱਧ ਮੈਮਨਾਂ ਦੀ ਸਲਾਹ ਨਾਲ ਸਥਾਪਿਤ ਕੀਤਾ ਗਿਆ ਜਿਨ੍ਹਾਂ ਦੇ ਨਾਂ ਸਨ–ਹਬੀਬ ਰਹਿਮਤ ਉੱਲਾ ਅਤੇ ਹਾਜੀ ਦਾਊਦ ਪਾਰਿਕ। ਉਸ ਵਕਤ ਉਹਨਾਂ ਨੇ ਮੇਰੇ ਬਾਪ ਕੋਲ ਵੀ ਪਹੁੰਚ ਕੀਤੀ, ਜਿਨ੍ਹਾਂ ਨੇ ਰਾਜਨੀਤੀ ਦੇ ਤੌਰ ’ਤੇ ਨਹੀਂ ਸਗੋਂ ਦੋਸਤੀ ਦੇ ਤੌਰ ’ਤੇ ਆਪਣੀ ਮਦਦ ਆਪਣੇ ਅਕਾਊਂਟ ਖੋਲ੍ਹਣ ਦੀ ਪੇਸ਼ਕਸ਼ ਨਾਲ ਕੀਤੀ।

ਬਹੁਤ ਸਾਰੇ ਮੈਮਨ ਵਪਾਰੀ ਘਰਾਣੇ ਜਿਵੇਂ ਦਾਦਾ ਲਿਮਟਡ, ਅਰਾਕ ਲਿਮਟਿਡ ਅਤੇ ਆਦਮ ਲਿਮਟਿਡ ਵਿਚ ਸਾਡੇ ਸਮਾਜ ਦੇ ਨਾਮਵਰ ਮੈਂਬਰਾਂ ਨੂੰ ਮੈਨੇਜਰ, ਅਕਾਉਂਟੈਂਟ ਜਾਂ ਕਮਿਸ਼ਨ ਏਜੰਟਾਂ ਦੀਆਂ ਨੌਕਰੀਆਂ ਦਿੱਤੀਆਂ ਗਈਆਂ। ਥੱਲੇ ਦੇ ਦਰਜੇ ਦੀਆਂ ਨੌਕਰੀਆਂ ਉਥੋਂ ਦੇ ਸਥਾਨਕ ਲੋਕਾਂ ਨੂੰ ਦਿੱਤੀਆਂ ਗਈਆਂ। ਉਹਨਾਂ ਨੇ ਜਵਾਨ ਮੈਮਨ ਲੜਕਿਆਂ ਨੂੰ ਆਪ ਵੀ ਸੰਸਥਾ ਵਿਚ ਦੋ ਜਾਂ ਤਿੰਨ ਸਾਲਾਂ ਲਈ ਸਿਖਲਾਈ ਦਿੱਤੀ, ਤਾਂ ਕਿ ਉਹਨਾਂ ਵਿਚ ਵਪਾਰਿਕ ਰੁਚੀਆਂ ਪੈਦਾ ਹੋ ਜਾਣ। ਬਹੁਤ ਵਾਰ ਉਹਨਾਂ ਲੜਕਿਆਂ ਨੂੰ ਵਿੱਤੀ ਮਦਦ ਦਿੰਦੇ ਤਾਂ ਕਿ ਉਹ ਆਪਣੇ ਆਪ ਨੂੰ ਵਪਾਰ ਵਿਚ ਸਥਾਪਿਤ ਕਰ ਲੈਣ ਜਾਂ ਵਪਾਰ ਚਾਲੂ ਰੱਖਣ।

ਮੇਰੇ ਬਾਪ ਦੀਆਂ ਦੋ ਪਤਨੀਆਂ ਦੀ ਮੌਤ ਹੋ ਗਈ ਸੀ, ਜਦੋਂ ਉਸ ਨੇ ਮੇਰੀ ਮਾਤਾ ਨਾਲ ਸ਼ਾਦੀ ਕੀਤੀ ਸੀ, ਜਿਸ ਦਾ ਨਾਂ ਗੁਰਬਾ ਸੀ। ਉਹਨਾਂ ਦੀ ਪਹਿਲੀ ਪਤਨੀ ਦਾ ਇਕ ਲੜਕਾ ਸੀ, ਫਿਰ ਦੂਸਰੀ ਦਾ ਇਕ ਲੜਕਾ ਅਤੇ ਇਕ ਲੜਕੀ ਸੀ। ਉਹਨਾਂ ਸਮਿਆਂ ਵਿਚ ਯੋਗ ਮੈਮਨ ਲੜਕੀਆਂ ਦੀ ਬਹੁਤ ਕਮੀ ਸੀ, ਕਿਉਂ ਕਿ ਉਹਨਾਂ ਲਈ ਬਹੁਤ ਭਾਲ ਕਰਨੀ ਪੈਂਦੀ ਸੀ। ਉਹਨਾਂ ਨੂੰ ਕਾਫੀ ਪੈਸਾ ਅਤੇ ਸੋਨਾ ਦੇਣਾ ਪੈਂਦਾ ਸੀ ਅਤੇ ਇਸ ਤੋਂ ਬਚਣ ਲਈ ਆਦਮੀਆਂ ਨੇ ਪਤਨੀਆਂ ਨੂੰ ਬੰਗਾਲ, ਕਰਨਾਟਕ ਅਤੇ ਮਾਲਾਬਾਰ ਤੋਂ ਲਿਆਉਣਾ ਸ਼ੁਰੂ ਕਰ ਦਿੱਤਾ। ਮੇਰੇ ਮਾਂ ਬਾਪ ਦੀ ਸ਼ਾਦੀ ਦੇ ਸਮੇਂ ’ਤੇ ਮੇਰੇ ਬਾਪ ਨੇ ਮੇਰੀ ਮਾਤਾ ਨੂੰ 50 ਗਰਾਮ ਸੋਨਾ ਦਾਜ ਵਿਚ ਦੇਣ ਦੀ ਪੇਸ਼ਕਸ਼ ਕੀਤੀ ਸੀ।

ਮੇਰੀ ਮਾਤਾ ਦੀਵਾਨ ਪਰਿਵਾਰ ਨਾਲ ਸੰਬੰਧ ਰੱਖਦੀ ਸੀ ਜੋ ਕਿ ਇਕ ਸਤਿਕਾਰਯੋਗ ਵਪਾਰਿਕ ਘਰ ਸੀ। ਸਰੀਰਕ ਜ਼ਖ਼ਮ ਅਤੇ ਮਰਿਆਦਾ ਵਿਰੁੱਧ ਵਿਆਹ ਕਾਰਨ ਉਹਨਾਂ ਦਾ ਤਲਾਕ ਹੋ ਗਿਆ ਸੀ ਜਿਸ ਵਿਚੋਂ ਉਸ ਦਾ ਇਕ ਲੜਕਾ ਅਤੇ ਲੜਕੀ ਸੀ। ਤਲਾਕ ਜਾਂ ਵਿਧਵਾ ਹੋ ਜਾਣ ਨੂੰ ਇਕ ਕਲੰਕ ਜਾਂ ਹਾਨੀਕਾਰਕ ਨਹੀਂ ਸੀ ਸਮਝਿਆ ਜਾਂਦਾ, ਅਸਲ ਵਿਚ ਇਸ ਤਰ੍ਹਾਂ ਦੀ ਔਰਤ ਨਾਲ ਸ਼ਾਦੀ ਕਰਨੀ ਤਾਂ ਇਸਲਾਮ ਦੇ ਸਿਧਾਂਤਾਂ ਦੀ ਪਾਲਣਾ ਕਰਨਾ ਸੀ। ਜਦੋਂ ਮੇਰੀ ਮਾਤਾ ਨੇ ਫਿਰ ਸ਼ਾਦੀ ਕਰ ਲਈ ਤਾਂ ਉਸ ਦੀ ਭੈਣ ਨੇ ਉਸ ਦੇ ਦੋਵੇਂ ਬੱਚੇ ਪਾਲੇ, ਜਦੋਂ ਕਿ ਉਸ ਨੇ ਮੇਰੇ ਬਾਪ ਦੇ ਬੱਚਿਆਂ ਦੀ ਪਾਲਣਾ ਕੀਤੀ।

ਬੰਨਟਵਾ ਗੁਜਰਾਤ ਵਿਚ ਜੂਨਾਗੜ੍ਹ ਦੇ ਨਜ਼ਦੀਕ ਇਕ ਛੋਟਾ ਜਿਹਾ ਪਿੰਡ ਸੀ, ਜਿਸ ਨੂੰ ਬੜੀ ਯੋਜਨਾ ਨਾਲ ਬਣਾਇਆ ਗਿਆ ਸੀ। ਉਸ ਦੀਆਂ ਖੁੱਲੀਆਂ ਗਲੀਆਂ ਸਨ ਅਤੇ ਖੁੱਲੀਆਂ ਜਗ੍ਹਾ ਰੱਖੀਆਂ ਹੋਈਆਂ ਸਨ। ਉਸ ਦੀ 25 ਹਜ਼ਾਰ ਦੀ ਵਸੋਂ ਵਿਚ 75 ਫੀਸਦੀ ਮੈਮਨ ਸਨ। ਕਿਉਂ ਜੋ ਬੰਨਟਵਾ ਵਿਚ ਸਾਦਗੀ ਦੀ ਬੜੀ ਸ਼ਕਤੀਸ਼ਾਲੀ ਸੋਚ ਸੀ, ਵੱਡੇ-ਵੱਡੇ ਬੰਗਲੇ, ਜੋ ਖੁਸ਼ਹਾਲ ਵਪਾਰੀ ਪਰਿਵਾਰਾਂ ਨੇ ਬਣਾਏ ਸਨ, ਉਹਨਾਂ ਵਿਚ ਵੱਡੇ ਪਰਿਵਾਰ ਰਹਿੰਦੇ ਸਨ, ਜਿਨ੍ਹਾਂ ਨੇ ਉਸ ਵਕਤ ਦੀ ਪ੍ਰਚੱਲਿਤ ਸਾਂਝਾ ਪਰਿਵਾਰ ਪ੍ਰਣਾਲੀ ਨੂੰ ਅਪਣਾਇਆ ਸੀ; ਇਥੋਂ ਤਕ ਕਿ ਸਾਰਾ ਹੀ ਪਰਿਵਾਰ ਇਕ ਕਮਰੇ ਵਿਚ ਹੀ ਰਹਿੰਦਾ ਸੀ। ਛੋਟੇ-ਛੋਟੇ ਘਰ, ਤੰਗ ਗਲੀਆਂ ਦੇ ਦੋਵੇਂ ਤਰਫ ਨਾਲ-ਨਾਲ ਬਣੇ ਹੋਏ ਸਨ ਜਦ ਕਿ ਕੁਝ ਪਹਾੜੀਆਂ ਉੱਤੇ ਝੁਰਮੁਟ ਵਿਚ ਵੱਖ ਪੱਧਰਾਂ ’ਤੇ ਕਤਾਰਾਂ ਵਿਚ ਬਣੇ ਹੋਏ ਸਨ। ਦੁਕਾਨਦਾਰ ਮੰਡੀ ਦੇ ਖੇਤਰ ਵਿਚ ਰਹਿੰਦੇ ਸਨ, ਜਾਂ ਆਪਣੀਆਂ ਦੁਕਾਨਾਂ ਦੇ ਉੱਪਰ ਜਾਂ ਉਹਨਾਂ ਦੇ ਪਿੱਛੇ। ਉਥੇ ਦੋ ਹਾਈ ਸਕੂਲ, ਇਕ ਲਾਇਬ੍ਰੇਰੀ ਅਤੇ ਪੰਜ ਮੁਫ਼ਤ ਡਿਸਪੈਂਸਰੀਆਂ ਸਨ।

ਅਸੀਂ ਜਿਸ ਖੇਤਰ ਵਿਚ ਰਹਿੰਦੇ ਸਾਂ ਉਸ ਨੂੰ ਧੋਬੀ ਵਾੜਾ ਕਿਹਾ ਜਾਂਦਾ ਸੀ, ਜੋ ਕਿ ਧੋਬੀਆਂ ਦੇ ਉਥੇ ਰਹਿਣ ਕਰਕੇ, ਜੋ ਉਥੇ ਮੂਲ ਰੂਪ ਵਿਚ ਰਹਿੰਦੇ ਰਹੇ ਸਨ ਉਸ ਕਰਕੇ ਇਸ ਦਾ ਨਾਂ ‘ਧੋਬੀ ਵਾੜਾ’ ਪੈ ਗਿਆ ਸੀ। ਜਿਹੜੀ ਇਮਰਾਤ ਵਿਚ ਅਸੀਂ ਰਹਿੰਦੇ ਸਾਂ ਉਹ ਮੇਰੇ ਬਾਪ ਦੀ ਮਾਲਕੀਅਤ ਸੀ ਅਤੇ ਮੇਰੀ ਦਾਦੀ ਵੀ ਇਥੇ ਹੀ ਮਰੀ ਸੀ। ਮੈਨੂੰ ਯਾਦ ਹੈ ਕਿ ਮੇਰੇ ਬਾਪ ਨੇ ਹੌਲੀ ਜਿਹੀ ਇਕ ਛਿਪਕਲੀ ਨੂੰ ਆਪਣੇ ਰੁਮਾਲ ਨਾਲ ਚੁੱਕਿਆ ਅਤੇ ਉਸ ਨੂੰ ਚਿੱਟੀ ਚਾਦਰ ਵਿਚ ਉਸ ਨੂੰ ਲਪੇਟਿਆ ਹੋਇਆ ਸੀ; ਕਿਉਂ ਜੋ ਮੈਂ ਜਵਾਨ ਸਾਂ, ਮੈਨੂੰ ਇਹ ਗੱਲ ਹੋਰ ਤਰ੍ਹਾਂ ਦੀ ਲੱਗੀ ਕਿ ਉਹਨਾਂ ਨੇ ਕੋਈ ਅਫਸੋਸ ਨਹੀਂ ਸੀ ਪ੍ਰਗਟਾਇਆ। ਉਸ ਸਮੇਂ ਮੇਰੀ 13 ਸਾਲ ਦੀ ਮਤਰੇਈ ਭੈਣ ਨੂੰ ਬੁਖ਼ਾਰ ਹੋ ਗਿਆ ਅਤੇ ਮੇਰਾ ਬਾਪ ਉਸ ਨੂੰ ਅਹਿਮਦਾਬਾਦ ਅਤੇ ਜੂਨਾਗੜ੍ਹ ਵਿਚ ਵਿਸ਼ੇਸ਼ ਇਲਾਜ ਲਈ ਲੈ ਗਏ। ਉਹ ਬਗੈਰ ਕਿਸੇ ਉਮੀਦ ਦੇ ਵਾਪਸ ਆ ਗਏ ਅਤੇ ਉਹ ਛੇਤੀ ਹੀ ਮਰ ਗਈ।

ਜਦੋਂ ਮੈਂ 7 ਸਾਲ ਦੀ ਉਮਰ ਦਾ ਹੋਇਆ, ਅਸੀਂ ਆਪਣਾ ਘਰ ਵੇਚ ਦਿੱਤਾ ਅਤੇ ਧੋਬੀ ਵਾੜਾ ਛੱਡ ਦਿੱਤਾ। ਮੇਰੇ ਪਿਤਾ ਜੀ ਨੇ ਇਕ ਲੋਹੇ ਦੀ ਪੇਟੀ, ਜਿਸ ਵਿਚ ਸੋਨਾ ਤੇ ਕੈਸ਼ ਸੀ, ਨੂੰ ਇਕ ਮੋਟੇ ਰੱਸੇ ਨਾਲ ਬੰਨ ਕੇ ਤੀਸਰੀ ਮੰਜ਼ਿਲ ਤੋਂ ਪੌੜੀਆਂ ਰਾਹੀਂ ਥੱਲੇ ਲਮਕਾ ਦਿੱਤਾ; ਉਹ ਰੱਸਾ ਤਿਲਕ ਗਿਆ ਅਤੇ ਉਹਨਾਂ ਦੇ ਹੱਥ ਜ਼ਖ਼ਮੀ ਹੋ ਗਏ। ਉਸ ਤੋਂ ਇਲਾਵਾ ਸਾਡੇ ਕੋਲ ਸਿਰਫ ਇਕ ਕੱਪਬੋਰਡ, ਲੱਕੜ ਦਾ ਪੰਘੂੜਾ, ਕੁਝ ਮੰਜੀਆਂ, ਬਿਸਤਰੇ ਅਤੇ ਕੁਝ ਭਾਂਡੇ ਸਨ।

ਅਸੀਂ ਇਕ ਹੋਰ ਮੁਹੱਲੇ ਵਿਚ ਚਲੇ ਗਏ, ਜਿਸ ਦੇ ਇਰਦ ਗਿਰਦ 8 ਛੋਟੇ ਕੁਆਰਟਰ ਬਣੇ ਹੋਏ ਸਨ। ਜਿਹੜੇ ਘਰ ਵਿਚ ਸਾਡਾ ਪਰਿਵਾਰ ਰਹਿੰਦਾ ਸੀ ਉਸ ਦਾ ਇਕ ਛੋਟਾ ਜਿਹਾ ਬਰਾਂਡਾ ਸੀ ਜਿਸ ਨੂੰ ਫੌਲਾਦ ਦੀ ਟੀਨ ਨਾਲ ਢੱਕਿਆ ਹੋਇਆ ਸੀ ਅਤੇ ਸਾਡਾ ਇਕ ਖੁੱਲ੍ਹਾ ਅਤੇ ਬਗੈਰ ਚਾਰ ਦੀਵਾਰੀ ਦੇ ਗੁਸਲਖਾਨੇ ਨੂੰ ਦੋ ਹੋਰ ਪਰਿਵਾਰਾਂ ਨਾਲ ਸਾਂਝਾ ਵਰਤਿਆ ਜਾਂਦਾ ਸੀ। ਮੇਰੇ ਮਤਰੇਏ ਭਰਾ ਬੰਬਈ ਕੰਮ 'ਤੇ ਚਲੇ ਗਏ ਸਨ, ਇਸ ਲਈ ਘਰ ਵਿਚ ਸਿਰਫ ਮੇਰੀ ਭੈਣ ਜੁਬੇਦਾ ਹੀ ਸੀ ਅਤੇ ਇਕ ਛੋਟਾ ਭਰਾ ਅਜੀਜ। ਅਸੀਂ ਇਕ ਪਤਲੀ ਜਿਹੀ ਸੂਤੀ ਦਰੀ 'ਤੇ ਸੌਂਦੇ ਸਾਂ, ਜਿਸ ਨੂੰ ਫਰਸ਼ 'ਤੇ ਇਕ ਦੂਜੇ ਦੇ ਨਾਲ ਵਿਛਾਇਆ ਹੁੰਦਾ ਸੀ, ਅਤੇ ਦਿਨ ਵੇਲੇ ਮੇਰੀ ਮਾਤਾ ਮੈਨੂੰ ਕੱਪਬੋਰਡ ਦੇ ਉਪਰ ਚਾੜ੍ਹਦੀ ਤਾਂ ਕਿ ਮੈਂ ਉਸ ਦੇ ਸਾਰੇ ਹੀ ਭਾਂਡੇ ਫੜਾਵਾਂ। ਉਹ ਸਾਡੇ ਲਈ ਉਥੋਂ ਦਾ ਰਵਾਇਤੀ ਖਾਣਾ ਚਾਹ ਅਤੇ ਮਸਰਾਂ ਦੀ ਦਾਲ ਪਕਾਉਂਦੀ ਅਤੇ ਰੋਟੀ ਨਾਲ ਖਾਣ ਲਈ ਦਿੰਦੀ। ਰਾਤ ਨੂੰ ਉਹ ਭਾਂਡਿਆਂ ਨੂੰ ਸਾਫ ਕਰਕੇ ਲਿਸ਼ਕਾਉਂਦੀ ਅਤੇ ਮੈਂ ਫਿਰ ਉੱਪਰ ਚੜ੍ਹ ਕੇ ਉਹਨਾਂ ਨੂੰ ਉਥੇ ਰੱਖਦਾ। ਛੇਤੀ ਹੀ ਮੈਨੂੰ ਪਤਾ ਲੱਗਾ ਕਿ ਉਹ ਇਕ ਭਾਂਡੇ ਨੂੰ ਕਦੀ ਵੀ ਨਹੀਂ ਵਰਤਦੀ ਅਤੇ ਇਸ ਵਿਚ ਪੈਸੇ ਬਚਾਉਂਦੀ ਸੀ, ਕਿਉਂਕਿ ਮੈਂ ਇਕੱਲਾ ਇਸ ਕੰਮ ਲਈ ਉਸ ਕੋਲ ਸਾਂ, ਕਿਸੇ ਨੂੰ ਵੀ ਮੇਰੇ ਸਿਵਾਏ ਇਸ ਭੇਦ ਦਾ ਪਤਾ ਨਹੀਂ ਸੀ।

ਅਸਲ ਵਿਚ ਮੈਂ ਬੰਨਟਵਾ ਦੇ ਬਜ਼ਾਰਾਂ ਅਤੇ ਤੰਗ ਗਲੀਆਂ ਵਿਚ ਖਰਮਸਤੀ ਕਰਦਾ ਸਾਂ ਅਤੇ ਖੇਡਾਂ ਖੇਡਦਾ ਹੋਇਆ ਵਧ ਫੁਲ ਰਿਹਾ ਸਾਂ, ਜਦੋਂ ਕਿ ਵਿੱਦਿਆ ਵਿਚ ਮੇਰੀ ਥੋੜੀ ਹੀ ਦਿਲਚਸਪੀ ਸੀ, ਕਿਉਂ ਕਿ ਮੈਂ ਕਦੀ ਵੀ ਮਦਰਸੇ ਵਿਚ ਪੂਰੇ ਧਿਆਨ ਨਾਲ ਨਹੀਂ ਸੀ ਪੜ੍ਹਦਾ। ਮੈਂ ਸਕੂਲ ਮਾਸਟਰ ਕੋਲ ਧਿਆਨ ਨਾਲ ਪੜ੍ਹ ਲੈਂਦਾ ਤਾਂ ਮੇਰੀ ਸ਼ਰਾਰਤ ਘੱਟ ਜਾਂਦੀ ਅਤੇ ਉਹ ਛੇਤੀ ਹੀ ਮੈਨੂੰ ਹਰ ਨਵੇਂ ਸੈਸ਼ਨ ਦੇ ਸ਼ੁਰੂ ਹੋਣ ਵੇਲੇ ਮੈਨੂੰ ਮੋਨੀਟਰ ਬਣਾ ਦਿੰਦੇ। ਜਿਹੜੇ ਮੁੰਡੇ ਮੇਰੇ ਨਾਲ ਖੇਡਦੇ ਸਨ, ਉਹ ਮੇਰੇ ਪ੍ਰਭਾਵ ਦੇ ਅੰਦਰ ਸਨ, ਮੈਂ ਉਹਨਾਂ ਦਾ ਲੀਡਰ ਸਾਂ। ਮੈਂ ਉਹਨਾਂ ਨੂੰ ਟੀਮਾਂ ਵਿਚ ਵੰਡ ਦਿੰਦਾ ਅਤੇ ਉਹਨਾਂ ਨੂੰ ਕੋਈ ਸ਼ਰਾਰਤ ਪੂਰੀ ਕਰਨ ਲਈ ਜ਼ਿੰਮਾਂ ਦਿੰਦਾ। ਕਈ ਵਾਰ ਅਸੀਂ ਕਾਫੀ ਪੱਥਰਾਂ ਦੇ ਢੇਰ ਲਗਾ ਲੈਂਦੇ, ਕਾਫੀ ਦੂਰੀ ਤੋਂ ਫਿਰ ਵਾਪਸ ਮੁੜਦੇ, ਅਤੇ ਪੂਰੀ ਰਫਤਾਰ ਨਾਲ, ਉੱਚੀ-ਉੱਚੀ ਰੌਲਾ ਪਾਉਂਦੇ ਅਤੇ ਪੂਰੀ ਤਾਕਤ ਨਾਲ

ਠੋਕਰ ਮਾਰਦੇ ਤਾਂ ਕਿ ਉਸ ਲੱਕੜ ਨੂੰ ਥੱਲੇ ਸੁੱਟ ਲਿਆ ਜਾਵੇ। ਕਈ ਹੋਰ ਸਮਿਆਂ 'ਤੇ ਅਸੀਂ ਲੁੱਟ-ਮਾਰ ਕਰਨ ਵਾਲਿਆਂ ਵਾਂਗ ਫਲਾਂ ਦੀਆਂ ਬੈਲ ਗੱਡੀਆਂ ਜੋ ਮੰਡੀ ਵਿਚ ਜਾ ਰਹੀਆਂ ਹੁੰਦੀਆਂ, ਉਹਨਾਂ ਦੀ ਉਡੀਕ ਕਰਦੇ। ਜਦੋਂ ਅਸੀਂ ਕਿਸੇ ਇਕ ਨੂੰ ਵੇਖ ਲੈਂਦੇ, ਅਸੀਂ ਪਿੱਛੇ ਤੋਂ ਦੌੜ ਪੈਂਦੇ, ਉੱਚੀ ਛਾਲ ਮਾਰਦੇ ਅਤੇ ਹਦਵਾਣੇ ਅਤੇ ਹੋਰ ਮੌਸਮੀ ਫਲ ਚੁਕ ਲੈਂਦੇ ਅਤੇ ਉਨ੍ਹਾਂ ਨੂੰ ਖੁਸ਼ੀ-ਖੁਸ਼ੀ ਨਾਲ ਖਾਂਦੇ। ਕਈ ਵਾਰ ਅਸੀਂ ਦਰਖ਼ਤਾਂ ਦੇ ਉੱਤੇ ਚੜ੍ਹ ਜਾਂਦੇ ਅਤੇ ਉੱਚੀ-ਉੱਚੀ ਜਾਨਵਰਾਂ ਦੀਆਂ ਆਵਾਜ਼ਾਂ ਕੱਢਦੇ ਸਾਂ ਤਾਂ ਕਿ ਲੋਕਾਂ ਨੂੰ ਡਰਾਇਆ ਜਾਵੇ, ਅਸੀਂ ਖੇਤਾਂ ਵਿਚ ਦੌੜਦੇ ਜਾਂ ਮਿੱਟੀ ਭਰੇ ਰਾਹਾਂ ਵਿਚ ਸਟਾਪੂ ਖੇਡਦੇ ਅਤੇ ਦਿਨ ਦਾ ਜ਼ਿਆਦਾ ਸਮਾਂ ਖੇਡਦੇ ਰਹਿੰਦੇ।

ਮੇਰੀ ਮਾਤਾ ਬਹੁਤ ਸ਼ਰੀਫ, ਭਾਵੁਕ ਅਤੇ ਚੁੱਪ ਰਹਿਣ ਵਾਲੀ ਸੀ। ਭਾਵੇਂ ਕਿ ਬਹੁਤ ਹੀ ਘੱਟ ਵਾਰ ਹੁੰਦਾ ਕਿ ਮੇਰੇ ਮਾਂ ਬਾਪ ਵਿਚ ਬਹਿਸ ਹੁੰਦੀ, ਉਹ ਕੁਝ ਉਦਾਸ ਰਹਿੰਦੀ ਸੀ। ਉਹ ਆਪਣੇ ਬੱਚੇ ਜੋ ਉਸ ਨੇ ਆਪਣੀ ਭੈਣ ਕੋਲ ਛੱਡੇ ਹੋਏ ਸਨ, ਉਹ ਉਹਨਾਂ ਬਾਰੇ ਸੋਚਦੀ ਰਹਿੰਦੀ, ਉਸ ਵਲੋਂ ਆਪਣੀਆਂ ਮਾਤ੍ਰੀ ਭਾਵਨਾਵਾਂ ਨੂੰ ਦਬਾਉਣ ਦੇ ਸੁਭਾਅ ਨੇ ਉਸ ਨੂੰ ਉਦਾਸ ਬਣਾ ਦਿੱਤਾ ਸੀ। ਮੇਰਾ ਬਾਪ ਅਕਸਰ ਆਪਣਾ ਸਿਰ ਝਟਕਦਾ ਅਤੇ ਮੈਨੂੰ ਸਲਾਹ ਦਿੰਦਾ, "ਕਦੀ ਵੀ ਕਿਸੇ ਹੋਰ ਮਰਦ ਦੀ ਔਰਤ ਨਾਲ ਵਿਆਹ ਨਾ ਕਰਾਉਣਾ, ਉਹ ਬਹੁਤ ਬੋਝ ਚੁੱਕ ਲੈਂਦੀ ਹੈ।"

ਮੈਮਨ ਆਦਮੀ ਸਾਲ ਵਿਚੋਂ 10 ਮਹੀਨੇ ਬੰਬਈ, ਰੰਗੂਨ, ਹੈਦਰਾਬਾਦ, ਕੋਲੰਬੋ ਅਤੇ ਕਲਕੱਤੇ ਵਿਚ ਬਣਿਆ ਹੋਇਆ ਮਾਲ ਵੇਚਣ ਲਈ ਬਿਤਾ ਦਿੰਦੇ, ਇਸ ਲਈ ਮੇਰੇ ਬਾਪ ਦਾ ਇਹ ਕੰਮ ਉਹਨਾਂ ਨੂੰ ਘਰ ਤੋਂ ਬਾਹਰ ਰੱਖਦਾ, ਉਹ ਸਾਡੇ ਲਈ ਇਕ ਵੱਡਾ ਸੰਦੂਕ ਜਿਸ ਵਿਚ ਕਿਸ਼ਮਿਸ਼, ਪਿਸਤਾ ਅਤੇ ਅਦਰਕ ਭਰਿਆ ਹੁੰਦਾ, ਕੁਝ ਮਹੀਨਿਆਂ ਬਾਅਦ ਸਾਡੇ ਕੋਲ ਭੇਜਦਾ ਰਹਿੰਦਾ, ਪਰ ਮੇਰੀ ਮਾਤਾ ਹਰ ਚੀਜ਼ ਆਪਣੇ ਕੋਲ ਰੱਖਣ ਦੇ ਖਿਲਾਫ ਸੀ। ਉਹ ਫਲਾਂ ਨੂੰ ਬਰਾਬਰ ਦੇ ਪੈਕਟਾਂ ਵਿਚ ਵੰਡ ਦਿੰਦੀ ਜਿਨ੍ਹਾਂ ਨੂੰ ਮੈਂ ਅਤੇ ਮੇਰੀ ਮਾਂ ਦੋਵੇਂ ਇੱਕਠੇ ਹੋ ਕੇ ਉਨਾਂ ਨੂੰ ਬਣਾਉਂਦੇ ਅਤੇ ਮੈਂ ਉਹਨਾਂ ਨੂੰ ਉਹਨਾਂ ਲੋਕਾਂ ਵਿਚ ਵੰਡਣ ਲਈ ਚਲਾ ਜਾਂਦਾ ਜਿਨ੍ਹਾਂ ਨੂੰ ਇਨ੍ਹਾਂ ਦੀ ਜ਼ਿਆਦਾ ਜ਼ਰੂਰਤ ਸੀ।

ਉਸ ਨੇ ਮੇਰੇ ਵਿਚ ਇਹ ਆਦਤ ਬਹੁਤ ਛੋਟੇ ਹੁੰਦੇ ਤੋਂ ਪਾ ਦਿੱਤੀ ਸੀ। ਹਰ ਸਵੇਰ ਉਹ ਮੈਨੂੰ ਸਕੂਲ ਲਈ ਦੋ ਪੈਸੇ ਦਿੰਦੀ ਅਤੇ ਸਲਾਹ ਦਿੰਦੀ ਕਿ ਇਕ ਪੈਸੇ ਨੂੰ ਕਿਸੇ ਗ਼ਰੀਬ ਨੂੰ ਦੇ ਦੇਵੀਂ ਅਤੇ ਇਕ ਆਪ ਖ਼ਰਚ ਲਵੀਂ, "ਹਮੇਸ਼ਾ ਇਹ ਵੇਖੀਂ ਕਿ ਠੀਕ ਹੀ ਇਸ ਵਿਅਕਤੀ ਨੂੰ ਇਸ ਦੀ ਜ਼ਰੂਰਤ ਹੈ। ਫਜ਼ੂਲ ਲੋਕਾਂ ਨੂੰ ਦਾਨ ਦੇਣਾ ਵੀ ਜ਼ਹਿਰ ਹੈ, ਜਾਂ ਉਹਨਾਂ ਨੂੰ ਪ੍ਰੇਸ਼ਾਨ ਕਰਨਾ ਹੈ ਜਿਨ੍ਹਾਂ ਨੂੰ ਇਸ ਦੀ ਲੋੜ ਨਹੀਂ।"

ਜਦੋਂ ਮੈਂ ਸਕੂਲ ਤੋਂ ਘਰ ਪਰਤਦਾ ਅਤੇ ਜਦੋਂ ਹੀ ਮੈਂ ਉਸ ਦੇ ਬੂਹੇ ਵਿਚ ਪੈਰ ਪਾਉਂਦਾ ਉਹ ਪੁੱਛਦੀ, "ਉਸ ਪੈਸੇ ਦਾ ਤੂੰ ਕੀ ਕੀਤਾ ?" ਕਿਉਂ ਜੋ ਸਾਡੇ ਘਰ ਵਿਚ

ਝੂਠ ਨੂੰ ਬਹੁਤ ਬੁਰਾ ਸਮਝਿਆ ਜਾਂਦਾ ਸੀ, ਉਹ ਹਮੇਸ਼ਾ ਮੇਰੇ ਚਿਹਰੇ ਦੇ ਭਾਵਾਂ ਤੋਂ ਸੱਚ ਲੱਭ ਲੈਂਦੀ ਅਤੇ ਉਸ ਦੀਆਂ ਝਿੜਕਾਂ ਸ਼ੁਰੂ ਹੋ ਜਾਂਦੀਆਂ, "ਤੇਰਾ ਖੁਦਗਰਜ਼ ਦਿਲ ਹੈ, ਉਹ ਦਿਲ ਜਿਸ ਦੇ ਕੋਲ ਦੇਣ ਲਈ ਕੁਝ ਵੀ ਨਹੀਂ।" ਇਹੋ ਜਿਹੇ ਸਮੇਂ 'ਤੇ ਮੈਂ ਤੇਜੀ ਨਾਲ ਖਾਣਾ ਖਾ ਲੈਂਦਾ, ਤੇਜੀ ਨਾਲ ਪਲੇਟਾਂ ਸਾਫ ਕਰਦਾ, ਆਪਣੇ ਕੰਮ ਦੀ ਰਫ਼ਤਾਰ ਤੇਜ ਕਰ ਦਿੰਦਾ ਤਾਂ ਕਿ ਉਹਨਾਂ ਸਖ਼ਤ ਨੁਕਤਾਚੀਨੀਆਂ ਤੋਂ ਬਚ ਜਾਵਾਂ। ਉਹ ਵੀ ਉਂਨੀ ਹੀ ਤੇਜੀ ਵਿਚ ਗੱਲਾਂ ਕਰਨੀਆਂ ਸ਼ੁਰੂ ਕਰ ਦਿੰਦੀ, "ਤੂੰ ਕਿਸ ਤਰ੍ਹਾਂ ਦਾ ਮਨੁੱਖੀ ਜੀਵ ਹੈ ? ਆਪਣੀਆਂ ਅੱਖਾਂ ਦੇ ਲਾਲਚ ਵੱਲ ਵੇਖ।" ਉਹ ਚੁੱਪ ਨਾ ਹੁੰਦੀ। ਮੈਂ ਨਾ ਸੁਣਨ ਦੀ ਕੋਸ਼ਿਸ਼ ਕਰਦਾ। "ਤੂੰ ਹੁਣ ਤੋਂ ਹੀ ਗ਼ਰੀਬਾਂ ਨੂੰ ਲੁੱਟਣਾ ਸ਼ੁਰੂ ਕਰ ਦਿੱਤਾ ਹੈ। ਆਪਣੀ ਜ਼ਿੰਦਗੀ ਵਿਚ ਤੂੰ ਹੋਰ ਕਿੰਨਾ ਕੁ ਉਹਨਾਂ ਕੋਲੋਂ ਲੁੱਟ ਲਵੇਂਗਾ।" ਉਸ ਦੇ ਚਿਹਰੇ ਦੀ ਉਦਾਸੀ ਅਤੇ ਉਸ ਦੀ ਆਵਾਜ਼ ਵਿਚ ਤੇਜੀ ਨਾਲ ਮੈਂ ਹਮੇਸ਼ਾ ਸ਼ਰਮ ਨਾਲ ਝੁੱਕ ਜਾਂਦਾ।

ਸਿਰਫ ਉਦੋਂ ਹੀ ਉਸ ਦੀਆ ਝਿੜਕਾਂ ਖ਼ਤਮ ਹੁੰਦੀਆਂ ਜਦੋਂ ਮੈਂ ਉਸ ਦੇ ਇਵਜਾਨੇ ਵਜੋਂ ਕੋਈ ਚੰਗਾ ਕੰਮ ਕਰਦਾ। ਉਹਨਾਂ ਦੇ ਸੰਕੇਤ ਅਤੇ ਬੇਇੱਜ਼ਤੀ ਬੜੀ ਦੁਖਦਾਇਕ ਸੀ ਅਤੇ ਉਸ ਨੇ ਮੈਨੂੰ ਸਿਖਲਾਈ ਦਿੱਤੀ ਕਿ ਮੈਂ ਆਪਣੇ ਆਪ ਕੋਲ ਘੱਟ ਰੱਖਾਂ ਅਤੇ ਜ਼ਿਆਦਾ ਦੇਵਾਂ। ਉਹ ਇਹ ਕੁਝ ਚਾਹੁੰਦੀ ਸੀ, ਜਿਸ ਨੂੰ ਉਹ ਕਹਿੰਦੀ ਸੀ, "ਲਾਲਚ ਦੇ ਬੀਜ ਵਿਚੋਂ ਬੋਹੜ ਦਾ ਦਰਖ਼ਤ ਬਣ ਜਾਂਦਾ ਹੈ।"

ਪੈਸੇ ਵੰਡਣ ਕਰਕੇ, ਅਤੇ ਉਹਨਾਂ ਮਨੁੱਖੀ ਦਿਲਚਸਪੀਆਂ ਦੀਆਂ ਕਹਾਣੀਆਂ ਵਿਚ ਸਮਾਂ ਬਿਤਾਉਣ ਨਾਲ ਮੇਰੀਆਂ ਭਾਵਨਾਵਾਂ ਵਿਚ ਚੁੱਸਤੀ ਆ ਗਈ ਸੀ ਜਿਸ ਨੇ ਮੇਰੇ ਵਿਚ ਲੋੜਵੰਦ ਅਤੇ ਸੁੱਸਤ ਵਿਚ ਫਰਕ ਕਰਨ ਦੀ ਯੋਗਤਾ ਪੈਦਾ ਕਰ ਦਿੱਤੀ ਸੀ। ਭਾਵੇਂ ਕਿ ਬੰਨਟਵਾ ਇਕ ਖੁਸ਼ਹਾਲ ਇਲਾਕਾ ਸੀ ਪਰ ਉਸ ਦੇ ਇਰਦ ਗਿਰਦ ਗ਼ਰੀਬ ਬਸਤੀਆਂ ਸਨ। ਮੈਂ ਉਹਨਾਂ ਗ਼ਰੀਬ ਵਸਣ ਵਾਲੇ ਲੋਕਾਂ ਦੀਆਂ ਹਾਲਤਾਂ ਅਤੇ ਸਮੱਸਿਆਵਾਂ ਬਾਰੇ ਜਾਣਕਾਰੀ ਪ੍ਰਾਪਤ ਕਰਦਾ ਰਹਿੰਦਾ ਅਤੇ ਉਹਨਾਂ ਸਮੱਸਿਆਵਾਂ ਨੂੰ ਮੈਂ ਆਪਣੀ ਮਾਂ ਨੂੰ ਦੱਸਦਾ ਰਹਿੰਦਾ ਸਾਂ ਜਦੋਂ ਕਿ ਉਹ ਮੈਨੂੰ ਉਹਨਾਂ ਕੋਲ ਵਾਪਸ ਖਾਣ ਵਾਲੀਆਂ ਵਸਤੂਆ ਅਤੇ ਦਵਾਈਆ ਦੇ ਕੇ ਭੇਜਦੀ।

ਕਿਉਂ ਜੋ ਜ਼ਿਆਦਾ ਔਰਤਾਂ ਦੇ ਪਤੀ ਬਾਹਰ ਗਏ ਹੁੰਦੇ ਸਨ, ਇਸ ਲਈ ਮੇਰੀ ਮਾਂ ਵੀ ਆਪਣੇ ਆਪ ਨੂੰ ਹੋਰ ਔਰਤਾਂ ਦੇ ਮਾਮਲਿਆਂ ਵਿਚ ਰੁੱਝੀ ਰੱਖਦੀ। ਉਹ ਉਨ੍ਹਾਂ ਨੂੰ ਇੱਕਠਿਆਂ ਕਰਦੀ, ਬੱਚਿਆਂ ਦੇ ਜਨਮ 'ਤੇ ਮਦਦ ਕਰਦੀ ਅਤੇ ਔਰਤਾਂ ਨੂੰ ਘਰ ਵਿਚ ਕੰਮ ਕਰਨ ਲਈ ਉਤਸ਼ਾਹ ਦਿੰਦੀ, ਤਾਂ ਕਿ ਉਹ ਸਵੈਨਿਰਭਰ ਹੋ ਜਾਣ। ਭਾਵੇਂ ਕਿ ਸਾਨੂੰ ਸਾਡੇ ਬਾਪ ਵੱਲੋਂ ਹਰ ਮਹੀਨੇ 50 ਜਾਂ 60 ਰੁਪਏ ਮਿਲਦੇ ਸਨ ਅਤੇ ਕਦੀ ਵੀ ਗ਼ਰੀਬੀ ਨਾਲ ਪਾਲਾ ਨਹੀਂ ਸੀ ਪਿਆ। ਉਹ ਮੈਨੂੰ ਦੁਕਾਨ ਤੋਂ ਸਾਫ ਕਰਨ ਲਈ ਰੂੰ ਦੇ ਬੰਡਲ ਲੈਣ ਲਈ ਭੇਜਦੀ। ਮੈਂ ਇਕ ਵੱਡਾ ਬੋਰਾ ਆਪਣੀ ਪਿਠ 'ਤੇ ਚੁੱਕ ਕੇ

ਬਾਜ਼ਾਰਾਂ ਵਿਚੋਂ ਦੀ ਵਾਪਸ ਆਉਂਦਾ ਅਤੇ ਰੌਲਾ ਪਾਉਂਦਾ, "ਰਾਹ ਦਿਉ, ਰਾਹ ਦਿਉ।" ਅਸੀਂ ਸੁੱਕੇ ਹੋਏ ਬੂਰੇ ਨੂੰ ਸਟੋਵ ਦੇ ਬਾਲਣ ਲਈ ਰੱਖਦੇ ਅਤੇ ਉੱਨ ਨੂੰ ਦੁਕਾਨ ਤੇ ਵੇਚ ਦਿੰਦੇ। ਮੇਰੀ ਮਾਂ ਕਿਰਤ ਦੀ ਕਦਰ ਵਿਚ ਬਹੁਤ ਮਜ਼ਬੂਤ ਵਿਸ਼ਵਾਸ ਰੱਖਦੀ ਸੀ।

*ਰਮਦਾਨ* ਦੇ ਪਵਿੱਤਰ ਮਹੀਨੇ ਵਿਚ ਉਹ ਹੋਰ ਮੈਮਨ ਔਰਤਾਂ ਨੂੰ ਇੱਕਠਾ ਕਰਦੀ ਅਤੇ ਉਹ ਖਾਣੇ ਦੇ ਬੰਡਲ ਬਣਾਉਂਦੀਆਂ, ਜਿਨ੍ਹਾਂ ਨੂੰ ਉਹ ਮੈਨੂੰ ਦੇ ਕੇ ਕਹਿੰਦੀ ਕਿ ਮੈਂ ਉਨ੍ਹਾਂ ਨੂੰ ਗ਼ਰੀਬ ਲੋਕਾਂ ਦੇ ਘਰਾਂ ਦੀਆਂ ਬਾਰੀਆਂ ਰਾਹੀਂ ਉਹਨਾਂ ਦੇ ਘਰਾਂ ਵਿਚ ਜਾਂ ਲੋੜਵੰਦ ਰਿਸ਼ਤੇਦਾਰਾਂ ਦੇ ਘਰ ਸੁੱਟ ਆਵਾਂ। ਇਸ ਸਾਰੇ ਸਮੇਂ ਵਿਚ ਉਸ ਦੀ ਨਰਮ ਮੱਧਮ ਆਵਾਜ਼ ਮੈਨੂੰ ਚੇਤਾਵਨੀ ਦਿੰਦੀ ਰਹਿੰਦੀ, "ਇਹ ਦਾਨ ਤਾਂ ਹੀ ਹੈ, ਜੇਕਰ ਤੁਹਾਡੇ ਖੱਬੇ ਹੱਥ ਨੂੰ ਪਤਾ ਨਾ ਲੱਗੇ ਕੇ ਸੱਜੇ ਹੱਥ ਨੇ ਕੀ ਦਿੱਤਾ ਹੈ। ਜਦੋਂ ਕਿ ਪ੍ਰਾਪਤ ਕਰਨ ਵਾਲੇ ਦਾ ਸਤਿਕਾਰ ਸਭ ਤੋਂ ਉੱਤਮ ਹੈ।" ਮੈਂ ਤੇਜ ਤੋਂ ਤੇਜ ਚਲ ਕੇ ਘੱਟ ਤੋਂ ਘੱਟ ਸਮੇਂ ਵਿਚ ਉਹ ਕੰਮ ਪੂਰਾ ਕਰਨਾ ਚਾਹੁੰਦਾ ਸਾਂ।

ਫਿਰ ਈਦ ਦੇ ਦਿਨ ਉਹ ਭੂਰੇ ਰੰਗ ਦੇ ਲਿਫਾਫਿਆਂ ਵਿਚ ਪੈਸੇ ਪਾ ਦਿੰਦੀ ਅਤੇ ਮੈਨੂੰ ਪਹਿਲਾਂ ਵਾਲਾ ਢੰਗ ਅਪਨਾਉਣ ਦੀ ਹਦਾਇਤ ਕਰਦੀ ਤੇ ਕਹਿੰਦੀ, "ਜ਼ਰੂਰਤ ਦਾ ਭਾਰ ਅਤੇ ਦਾਨ ਦੀ ਸ਼ਰਮ ਉਸ ਵੇਲੇ ਵਧਦੀ ਹੈ ਜਦੋਂ ਇਸ ਨੂੰ ਫੈਲਾਉਣ ਵਾਲੇ ਹੱਥ ਨੂੰ ਗਿਆਨ ਹੁੰਦਾ ਹੈ, ਫਿਰ ਰਾਹਤ ਇਕ ਪਰੇਸ਼ਾਨੀ ਬਣ ਜਾਂਦੀ ਹੈ।" ਮੈਂ ਬਾਰੀਆਂ ਨੂੰ ਖੜਕਾਉਂਦਾ, ਉਥੇ ਪੈਕਟ ਸੁੱਟਦਾ ਅਤੇ ਇਸ ਤੋਂ ਪਹਿਲਾਂ ਕਿ ਮੈਨੂੰ ਕੋਈ ਵੇਖ ਸਕਦਾ, ਮੈਂ ਦੌੜ ਜਾਂਦਾ।

ਇਕ ਅਮੀਰ ਵਪਾਰੀ ਨੇ ਸਾਡੇ ਘਰ ਦੇ ਕੋਲ ਇਕ ਡਿਸਪੈਂਸਰੀ ਖੋਲ੍ਹੀ ਸੀ। ਮੇਨ ਬਾਜ਼ਾਰ ਦੇ ਨਾਲ ਰਹਿੰਦੀਆਂ ਬਜ਼ੁਰਗ ਔਰਤਾਂ ਹਰ ਵਾਰ ਮੈਨੂੰ ਪਹਿਚਾਣ ਲੈਂਦੀਆਂ ਜਦੋਂ ਵੀ ਮੈਂ ਉਥੋਂ ਲੰਘਦਾ ਅਤੇ ਉਹ ਉੱਚੀ ਆਵਾਜ਼ ਵਿਚ ਮੈਨੂੰ ਆਵਾਜ਼ ਲਗਾਉਂਦੀਆਂ, "ਓ ਸਤਾਰੀਆਂ।" ਫਿਰ ਮੈਂ ਪਿਛਾਂ ਦੌੜ ਪੈਂਦਾ, ਦਵਾਈਆਂ ਇੱਕਠੀਆਂ ਕਰਦਾ ਅਤੇ ਸਾਰੇ ਪਿੰਡ ਵਿਚ ਵੰਡ ਦੇਂਦਾ। ਗਲੀ ਵਿਚ, ਮੈਨੂੰ ਕਈ ਆਦਮੀ ਫੜ ਲੈਂਦੇ ਅਤੇ ਮੈਨੂੰ ਉਤਾਂਹ ਹਵਾ ਵਿਚ ਉਛਾਲਦੇ, ਔਰਤਾਂ ਮੈਨੂੰ ਸਖ਼ਤੀ ਨਾਲ ਆਪਣੀਆਂ ਬਾਹਾਂ ਵਿਚ ਫੜ ਲੈਂਦੀਆਂ ਅਤੇ ਉਹ ਮੈਨੂੰ ਆਪਣੀ ਪਕੜ ਵਿਚ ਛੁਟਣ ਨਾ ਦਿੰਦੀਆਂ।

ਮੈਂ ਗਲੀਆਂ ਵਿਚ ਬੇ-ਆਸਰਾ ਅਤੇ ਅਪੰਗ ਵਿਅਕਤੀਆਂ ਨੂੰ ਲੱਭਣ ਲਈ ਫਿਰਦਾ ਰਹਿੰਦਾ। ਜਦੋਂ ਮੈਂ ਕਿਸੇ ਨੂੰ ਲੱਭ ਲੈਂਦਾ ਤਾਂ ਫਿਰ ਮੈਂ ਘਰ ਵਾਪਸ ਭੱਜ ਆਉਂਦਾ ਤਾਂ ਕਿ ਉਸ ਨੂੰ ਕੁਝ ਦੇ ਸਕਾਂ। ਛੋਟੇ ਰਾਹਾਂ ਰਾਹੀਂ ਮੈਂ ਪੂਰੀ ਰਫ਼ਤਾਰ ਨਾਲ ਬਗੈਰ ਕਿਸੇ ਸਾਹ ਲੈਣ ਦੇ ਚਕਮਾ ਦਿੰਦਿਆਂ ਬੈਲ ਗੱਡੀਆਂ ਅਤੇ ਖੁਰਾਕ ਦੇ ਸਟਾਲਾਂ ਤੋਂ ਦੀ ਲੰਘਦਾ ਹੋਇਆ ਅਤੇ ਆਪਣੇ ਰਾਹ ਵਿਚ ਆਉਂਦੇ ਲੋਕਾਂ ਨੂੰ ਆਵਾਜ਼ਾਂ

ਮਾਰਦਾ, "ਪਰੇ ਹੋ ਜਾਉ, ਪਰੇ ਹੋ ਜਾਉ, ਇਹ ਐਮਰਜੈਂਸੀ ਹੈ।" ਪਹਿਲਾਂ-ਪਹਿਲਾਂ ਤਾਂ ਉਹ ਛੇਤੀ ਨਾਲ ਪਰੇ ਹੋ ਜਾਂਦੇ ਸਨ, ਪਰ ਜਦੋਂ ਬਾਅਦ ਵਿਚ ਇਸ ਵੱਡੀ ਲੋੜ ਨੂੰ ਸਮਝ ਗਏ, ਉਹ ਖੇਡ-ਖੇਡ ਵਿਚ ਮੈਨੂੰ ਆਪਣੀ ਬੁੱਕਲ ਵਿਚ ਫੜ ਲੈਂਦੇ, ਉਂਨਾਂ ਚਿਰ ਤਕ ਨਾ ਛੱਡਦੇ ਜਿੰਨਾਂ ਚਿਰ ਮੈਂ ਫਿਰ ਸਰੀਰ ਮਰੋੜ ਕੇ ਬਾਂਹ ਨੂੰ ਛੁਡਾ ਨਾ ਲੈਂਦਾ ਅਤੇ ਦੁਬਾਰਾ ਦੌੜ ਨਾ ਜਾਂਦਾ।

ਮੇਰੀ ਮਾਂ ਦਾ ਦਿਆਲੂ ਦਿਲ ਹਰ ਵਾਰ ਉਸ ਨੂੰ ਭੁਲਾ ਦਿੰਦਾ ਕਿ ਮੈਂ ਸਕੂਲ ਨਹੀਂ ਜਾਂਦਾ, ਉਹ ਇਸ ਗੱਲ ਨਾਲ ਸੰਤੁਸ਼ਟ ਸੀ ਕਿ ਮੇਰੀ ਬੱਚਤ ਦੀ ਵਰਤੋਂ ਕਰਕੇ ਉਹ ਗ਼ਰੀਬਾਂ ਨੂੰ ਸੁੱਖ ਪਹੁੰਚਾਉਂਦਾ ਸੀ। ਸਮਾਜਿਕ ਕੰਮ ਨੂੰ ਜਿਹੜੀ ਪ੍ਰਾਥਮਿਕਤਾ ਉਹ ਦਿੰਦੀ ਸੀ ਉਹ ਮੇਰੇ ਭਵਿੱਖ ਦੀ ਨੀਂਹ ਬਣ ਗਿਆ। ਕੰਮ ਤੋਂ ਇਲਾਵਾ ਉਹ ਮੈਨੂੰ ਰੁੱਝਿਆਂ ਰੱਖਦੀ, ਮੈਂ ਆਪਣੇ ਛੋਟੇ ਦੋਸਤਾਂ ਨਾਲ ਖੇਡਣਾ ਪਸੰਦ ਕਰਦਾ ਸਾਂ। ਅਸਾਂ ਆਪਣੀ ਹੀ ਸਰਕਸ ਬਣਾ ਲਈ, ਇਸ ਲਈ ਹਰ ਬੱਚੇ ਕੋਲੋਂ ਸਾਡੇ ਕਰਤੱਵ ਨੂੰ ਵਿਖਾਉਣ ਲਈ ਇਕ ਜਾਂ ਦੋ ਪੈਸੇ ਲਏ ਜਾਂਦੇ, ਗ਼ਰੀਬ ਮੁਫਤ ਆਉਂਦੇ ਸਨ ਅਤੇ ਲੜਕੀਆਂ ਉਥੇ ਕਦੀ ਨਹੀਂ ਸਨ ਆਉਂਦੀਆਂ। ਮੈਂ ਹਰ ਵਕਤ ਇਸ ਗੱਲ ਦਾ ਖਿਆਲ ਰੱਖਦਾ ਸਾਂ ਕਿ ਉਹਨਾਂ ਦੇ ਦਿੱਤੇ ਪੈਸੇ ਦਾ ਮੁੱਲ ਪਾਇਆ ਜਾਵੇ ਅਤੇ ਇਸ ਉਦੇਸ਼ ਨੂੰ ਪੂਰਾ ਕਰਨ ਲਈ, ਅਸੀਂ ਸਮਾਨਅੰਤਰ ਦਰਖ਼ਤਾਂ ਨਾਲ ਬੰਨੇ ਹੋਏ ਰੱਸਿਆਂ 'ਤੇ ਕੰਬਦੇ ਹੋਏ ਹੌਲੀ-ਹੌਲੀ ਤੁਰਦੇ ਸਾਂ, ਕਈ ਦੋਹਰੀਆਂ ਬਾਜੀਆਂ ਲਾਉਂਦੇ, ਘੋਲ ਘੁਲਦੇ ਅਤੇ ਕੁਝ ਹਾਸੇ ਵਾਲੇ ਸੀਨ ਜੋ ਅਸੀਂ ਮਦਰਸੇ, ਮਸਜਿਦ ਜਾਂ ਬਾਜ਼ਾਰ ਵਿਚੋਂ ਲਏ ਹੁੰਦੇ ਸਨ, ਉਹ ਵਿਖਾਉਂਦੇ। ਮੈਨੂੰ ਬੰਨਟਵਾ ਦੇ ਇਰਦ ਗਿਰਦ ਗਲੀਆਂ ਅਤੇ ਮਿੱਟੀ ਭਰੇ ਖੇਤਾਂ ਵਿਚ ਗੁੱਲੀ ਡੰਡਾ ਖੇਡਣਾ ਬਹੁਤ ਚੰਗਾ ਲੱਗਦਾ ਸੀ।

ਪਰ ਇਨ੍ਹਾਂ ਵਿਚੋਂ ਕੋਈ ਵੀ ਮੇਰੀ ਦੌੜ ਲਾਉਣ ਦੇ ਸ਼ੌਂਕ ਦਾ ਮੁਕਾਬਲਾ ਨਹੀਂ ਸੀ ਕਰ ਸਕਦਾ। ਜਦੋਂ ਕੋਈ ਅਜੇ ਮਹਿਸੂਸ ਹੀ ਕਰਦਾ ਸੀ, ਮੈਂ ਦੂਜਿਆਂ ਤੋਂ ਬਹੁਤ ਅੱਗੇ ਪਹੁੰਚ ਜਾਂਦਾ ਸਾਂ ਅਤੇ ਬੜੇ ਮਾਨ ਨਾਲ ਅਖੀਰਲੀ ਲਾਈਨ 'ਤੇ ਖਲੋਤਾ ਹੁੰਦਾ ਸਾਂ। ਮੈਂ ਇੰਨਾਂ ਤੇਜ ਦੌੜਦਾ ਸਾਂ ਕਿ ਮੇਰੇ ਦੋਸਤਾਂ ਨੇ ਖੇਡਾਂ ਵਿਚ ਦਿਲਚਸਪੀ ਛੱਡ ਦਿੱਤੀ ਅਤੇ ਕਹਿਣ ਲੱਗੇ, "ਦੌੜ ਸ਼ੁਰੂ ਹੋਣ ਤੋਂ ਵੀ ਪਹਿਲਾਂ ਖ਼ਤਮ ਹੋ ਜਾਂਦੀ ਹੈ।" ਹਰ ਵਕਤ ਜਦੋਂ ਮੈਂ ਦੌੜ ਦੀ ਗੱਲ ਕਰਦਾ ਤਾਂ ਉਹ ਨਾ ਮੰਨਦੇ ਅਤੇ ਅਸੀਂ ਕਿਸੇ ਹੋਰ ਖੇਡ ਲਈ ਸਮਝੌਤਾ ਕਰ ਲੈਂਦੇ। ਮੈਂ ਫੇਲ੍ਹ ਹੋਣ ਨੂੰ ਨਫ਼ਰਤ ਕਰਦਾ ਸਾਂ ਅਤੇ ਜਾਣਦਾ ਸਾਂ ਕਿ ਕਾਮਯਾਬੀ ਕੋਸ਼ਿਸ਼ ਦਾ ਹੀ ਦੂਸਰਾ ਨਾਂ ਹੈ। ਇਸ ਅਸੂਲ ਕਰਕੇ ਮੈਂ ਵਿਸ਼ਵਾਸ ਕਰਦਾ ਸਾਂ ਕਿ ਮੈਂ ਜਿੱਤ ਸਕਦਾ ਹਾਂ।

ਕਈ ਵਾਰ ਅਸੀਂ ਅਮੀਰ ਆਦਮੀਆਂ ਦੇ ਬਾਗਾਂ ਵਿਚ ਜਾ ਵੜਦੇ ਅਤੇ ਅਨਾਜ ਅਤੇ ਫਲ ਤੋੜ ਲੈਂਦੇ। ਜਦ ਅਸੀਂ ਫੜੇ ਜਾਂਦੇ ਤਾਂ ਮਾਲਕ ਸਾਨੂੰ ਡਰਾਵਾ ਦਿੰਦਾ, "ਜੇ ਤੁਸੀਂ ਦੋਬਾਰਾ ਇਥੇ ਆਏ ਤਾਂ ਤੁਹਾਨੂੰ ਸਿਰ ਪਰਨੇ ਖੂਹ ਵਿਚ ਲਟਕਾ

ਦੇਣਾ ਹੈ।" ਇਹ ਸਜ਼ਾ ਵੀ ਨਾ ਮਿਲਦੀ ਅਤੇ ਇਸ ਲਈ ਅਸੀਂ ਇਸ ਸ਼ੁਗਲ ਨੂੰ ਜਾਰੀ ਰੱਖਿਆ। ਮੁਸੀਬਤ ਦੇ ਸਮੇਂ ਮੇਰੀ ਇੱਛਾ ਸ਼ਕਤੀ ਬਹੁਤ ਮਜ਼ਬੂਤ ਸੀ ਅਤੇ ਮੈਂ ਆਪਣਾ ਰਾਹ ਛੇਤੀ ਕੀਤਿਆਂ ਨਹੀਂ ਸਾਂ ਬਦਲਦਾ, ਅਸਲ ਵਿਚ ਮੇਰੇ ਇਸ ਸੁਭਾਅ ਕਰਕੇ ਹੀ ਮੈਂ ਆਪਣੇ ਗਰੁੱਪ ਦਾ ਲੀਡਰ ਸਾਂ।

ਮੈਂ ਸਿਰਫ ਉਦੋਂ ਹੀ ਲੜਾਈ ਵਿਚ ਕੁੱਦਦਾ ਸਾਂ ਜਦੋਂ ਕੋਈ ਕਿਸੇ ਦਿਮਾਗੀ ਤੌਰ 'ਤੇ ਬਿਮਾਰ ਵਿਅਕਤੀ ਨੂੰ ਛੇੜਦਾ। ਇਕ ਦਿਨ ਮੇਰੇ ਮਦਰਸੇ ਜਾਂਦੇ ਸਮੇਂ ਮੈਂ ਰਾਹ ਵਿਚ ਇਕ ਅਣਜਾਣ ਆਦਮੀ ਵੇਖਿਆ ਜਿਸ ਦੇ ਵਾਲ ਵਿਖਰੇ ਹੋਏ ਸਨ, ਉਸ ਦੇ ਕੱਪੜੇ ਪਾਟੇ ਹੋਏ ਸਨ, ਅਤੇ ਉਹ ਪੈਰਾਂ ਤੋਂ ਨੰਗਾ ਸੀ। ਉਸ ਨੂੰ ਕੁਝ ਵੱਡੇ ਲੜਕਿਆਂ ਦੇ ਗਰੁੱਪ ਨੇ ਘੇਰਿਆ ਹੋਇਆ ਸੀ, ਜੋ ਮੇਰੇ ਸਕੂਲ ਦੇ ਸਨ, ਮੈਂ ਛੇਤੀ ਨਾਲ ਇਕ ਪਾਣੀ ਦੇ ਤਲਾਬ ਦੇ ਪਿੱਛੇ ਖੜਾ ਹੋ ਗਿਆ ਅਤੇ ਉਹਨਾਂ ਲੜਕਿਆਂ ਨੂੰ ਇਕ ਸੋਟੀ ਨਾਲ ਉਸ ਆਦਮੀ ਨੂੰ ਛੇੜਦਿਆਂ ਹੋਇਆਂ ਵੇਖਦਾ ਰਿਹਾ। ਉਸ ਦੇ ਚਿਹਰੇ ਤੋਂ ਕਿਸੇ ਜ਼ਹਿਰੀਲੇ ਸੱਪ ਤੋਂ ਡੰਗਣ ਦੇ ਭਾਵ ਪ੍ਰਗਟ ਹੁੰਦੇ ਸਨ, ਉਸ ਦੀ ਇਸ ਮਾਨਸਿਕ ਕਮਜ਼ੋਰੀ ਨੂੰ ਸਮਝਦਿਆਂ ਹੋਇਆਂ ਉਹ ਇਸ ਖੇਡ ਨੂੰ ਅੱਗੇ ਵਧਾਈ ਜਾਂਦੇ ਸਨ। ਇਕ ਲੜਕਾ ਆਪਣੇ ਸ਼ਿਕਾਰ ਦੇ ਚਿਹਰੇ ਤੋਂ ਕੁਝ ਇੰਚ ਦੀ ਦੂਰੀ ਤਕ ਨੇੜੇ ਚਲਾ ਗਿਆ। ਉਸ ਨੇ ਆਪਣੇ ਆਪ ਨੂੰ ਤਰੋੜਿਆ ਮਰੋੜਿਆ ਅਤੇ ਉਸ ਉੱਤੇ ਇਕ ਸ਼ੇਰ ਦੀ ਤਰ੍ਹਾਂ ਗਰਜਿਆ, ਉਹ ਗ਼ਰੀਬ ਆਦਮੀ ਪਿਛਾਂਹ ਨੂੰ ਛਾਲ ਮਾਰ ਕੇ ਮੁੜਿਆ ਸਿਰਫ ਇਕ ਹੋਰ ਗਰਜ਼ ਦਾ ਮੁਕਾਬਲਾ ਕਰਨ ਲਈ। ਜਦੋਂ ਉਹ ਬਚਾਅ ਲਈ ਮੁੜਿਆ, ਉਸ ਲੜਕੇ ਨੇ ਤਰੋੜ ਮਰੋੜ ਕੇ ਫਿਰ ਉਸ ਉੱਤੇ ਹਮਲਾ ਕੀਤਾ ਗਿਆ ਅਤੇ ਲੁੱਟ ਮਾਰ ਕਰਨ ਵਾਲੀਆਂ ਡਰਾਉਣੀਆਂ ਆਵਾਜ਼ਾਂ ਕੱਢੀਆਂ ਗਈਆਂ ਅਤੇ ਉਹ ਚੱਕਰਾਂ ਵਿਚ ਚਾਰ ਚੁਫੇਰੇ ਭੱਜਣ ਲੱਗਾ, ਜਿਵੇਂ ਜਾਨਵਰ ਜਾਲ ਵਿਚ ਫੱਸ ਕੇ ਇਧਰ ਉਧਰ ਭੱਜਦਾ ਹੈ।

ਮੈਂ ਉਸ ਵੇਲੇ ਗੁੱਸੇ ਵਿਚ ਵੀ ਸਾਂ ਅਤੇ ਉਦਾਸ ਵੀ ਸਾਂ ਜਦੋਂ ਮੈਂ ਉਹਨਾਂ ਦੁਖੀ ਕਰਨ ਵਾਲਿਆਂ ਵਿਚੋਂ ਇਕ ਕੋਲ ਆਇਆ। ਮੈਂ ਆਪਣਾ ਸਿਰ ਪਿਛਾਂਹ ਮੋੜ ਕੇ ਆਪਣੇ ਥੋੜੇ ਕਦ ਵਾਲੇ ਸਰੀਰ ਨਾਲ ਮੈਂ ਉਸ ਵੱਲ ਵੇਖਿਆ, ਮੈਂ ਉਸ ਨੂੰ ਬੜੇ ਚੰਗੇ ਢੰਗ ਨਾਲ ਕਿਹਾ ਕਿ ਇਹ ਇਕ ਦਮ ਬੰਦ ਕਰ ਦਿਉ। ਮੈਂ ਉਹ ਗੱਲ ਦੁਹਰਾਈ ਜੋ ਮੇਰੀ ਮਾਂ ਨੇ ਮੈਨੂੰ ਸਿਖਾਈ ਸੀ, "ਇਹ ਕੋਈ ਕਾਰਨ ਨਹੀਂ ਕਿ ਤੁਸੀਂ ਠੀਕ ਠਾਕ ਹੋ, ਜੇ ਤੁਸੀਂ ਉਸ ਨੂੰ ਕੋਈ ਚੀਜ਼ ਨਹੀਂ ਦੇ ਸਕਦੇ, ਉਸ ਨੂੰ ਨਾ ਦਿਉ, ਪਰ ਪ੍ਰਮਾਤਮਾ ਵਲੋਂ ਤੁਹਾਨੂੰ ਦਿੱਤੀਆਂ ਹੋਈਆਂ ਨਿਆਮਤਾਂ ਨੂੰ ਉਸ ਦੇ ਖਿਲਾਫ ਨਾ ਵਰਤੋ, ਜਿਸ ਨੇ ਕੁਝ ਨਹੀਂ ਲਿਆ।" ਉਹਨਾਂ ਸਾਰਿਆਂ ਨੇ ਆਪਣਾ ਧਿਆਨ ਮੇਰੇ ਵੱਲ ਕਰ ਲਿਆ ਅਤੇ ਮੇਰਾ ਛੋਟਾ ਕੱਦ ਵੀ ਉਹਨਾਂ ਲਈ ਉਹਨਾਂ ਦੇ ਪਹਿਲੇ ਸ਼ਿਕਾਰ ਦੇ ਅਪੰਗ ਹੋਣ ਵਰਗਾ ਹੀ ਜਾਪਿਆ। ਮੈਂ ਆਪਣੇ ਪੂਰੇ ਜ਼ੋਰ ਨਾਲ ਲੜਿਆ ਅਤੇ ਉਸ ਲੜਾਈ ਵਿਚੋਂ ਚੰਗੀ ਕੁੱਟ ਖਾ ਕੇ ਨਿਕਲਿਆ।

ਘਰ ਵਿਚ ਮੇਰੀ ਮਾਂ ਨੇ ਮੇਰੇ ਜ਼ਖ਼ਮਾਂ ਨੂੰ ਸਾਫ ਕੀਤਾ ਅਤੇ ਮੇਰੀਆਂ ਰਗੜਾਂ ਦਾ ਕਿਸੇ ਹੋਰ ਸਮੇਂ ਨਾਲੋਂ ਜ਼ਿਆਦਾ ਧਿਆਨ ਅਤੇ ਪਿਆਰ ਨਾਲ ਇਲਾਜ ਕੀਤਾ। ਮੇਰੀ ਮਾਂ ਨੇ ਮੇਰੀ ਤਰੀਫ ਕੀਤੀ, "ਤੂੰ ਉਸ ਨੂੰ ਆਵਾਜ਼ ਦਿੱਤੀ ਹੈ, ਜਿਸ ਕੋਲ ਆਵਾਜ਼ ਨਹੀਂ ਸੀ। ਤੂੰ ਉਸ ਨੂੰ ਉਹ ਦਿੱਤਾ ਜੋ ਪ੍ਰਮਾਤਮਾ ਨੇ ਤੈਨੂੰ ਦਿੱਤਾ ਸੀ।" ਉਹ ਉਹਨਾਂ ਨੂੰ ਚੰਗੀ ਤਰ੍ਹਾਂ ਜਾਣਦੀ ਜਾਪਦੀ ਸੀ, "ਇਹ ਲੋਕ ਤਾਂ ਉੱਨੇ ਹੀ ਮਾਸੂਮ ਹਨ, ਜਿੰਨੇ ਬੱਚੇ, ਉਹ ਦੁਨੀਆਂ ਦਾ ਕੁਝ ਵੀ ਨਹੀਂ ਜਾਣਦੇ, ਜਿਥੇ ਉਹਨਾਂ ਨੇ ਬਾਲਗਾਂ ਦੇ ਤੌਰ 'ਤੇ ਰਹਿਣਾ ਹੈ। ਉਹਨਾਂ ਦੀ ਜ਼ਿੰਦਗੀ ਦੀ ਹਾਲਤ ਬਹੁਤ ਮਾੜੀ ਹੈ।" ਇਸ ਤਰ੍ਹਾਂ ਮੈਂ ਇਕ ਡੂੰਘੀ ਭਾਵਨਾ ਨਾਲ ਵੱਡਾ ਹੋਇਆ ਜੋ ਉਹਨਾਂ ਲੋਕਾਂ ਲਈ ਸੀ ਜਿਨ੍ਹਾਂ ਦੀ ਮਾਨਸਿਕ ਹਾਲਤ ਉਹਨਾ ਦੀ ਆਪਣੀ ਹੋਂਦ ਨੂੰ ਹੀ ਮਿਟਾ ਦਿੰਦੀ ਸੀ।

ਮੇਰਾ ਬਾਪ ਜਦੋਂ ਵੀ ਘਰ ਮੁੜਦਾ ਤਾਂ ਉਹ ਮੇਰੀ ਹਜ਼ਾਮਤ ਕਰਵਾਉਂਦਾ, ਸਾਡੇ ਇਲਾਕੇ ਦੇ ਲੋਕਾਂ ਨੇ ਮੇਰਾ ਛੋਟਾ ਨਾਂ ਰੋਟੀ ਪਾ ਦਿੱਤਾ ਸੀ। ਇਹ ਕਣਕ ਦਾ ਰੰਗ ਅਤੇ ਰੋਟੀ ਦੀ ਗੋਲ ਸ਼ਕਲ ਕਾਰਨ ਸੀ ਜੋ ਇਸ ਉਪ ਮਹਾਂਦੀਪ ਦੇ ਲੋਕ ਖਾਂਦੇ ਸਨ। ਮੇਰਾ ਬਾਪ ਕਿਸੇ ਵੀ ਹਾਲਤ ਵਿਚ ਤੰਮਾਕੂ ਪੀਣ ਦੇ ਖਿਲਾਫ ਸੀ ਅਤੇ ਆਮ ਤੌਰ 'ਤੇ ਮੈਨੂੰ ਚਾਹ ਅਤੇ ਸੁਪਾਰੀ ਦਾ ਆਦੀ ਬਣਨ ਤੋਂ ਵੀ ਚੇਤਾਵਨੀ ਦਿੰਦੇ ਰਹਿੰਦੇ ਸਨ। ਆਪਣੀ ਇਕ ਫੇਰੀ ਵਿਚ ਉਹ ਪੜ੍ਹਾਈ ਵਿਚ ਮੇਰੀ ਘੱਟ ਦਿਲਚਸਪੀ ਬਾਰੇ ਫਿਕਰਮੰਦ ਹੋ ਗਏ ਅਤੇ ਇਸ ਕਰਕੇ ਵੀ ਕਿ ਮੈਂ ਘਰ ਤੋਂ ਗੈਰ ਹਾਜ਼ਰ ਰਹਿੰਦਾ ਸਾਂ ਅਤੇ ਇਸ ਲਈ ਉਹ ਮੈਨੂੰ ਰਾਜਕੋਟ ਹੋਸਟਲ ਵਿਚ ਪਾਉਣ ਲਈ ਸੋਚਣ ਲੱਗੇ। ਮੈਨੂੰ ਇਸ ਤੋਂ ਬੜੀ ਰਾਹਤ ਮਿਲੀ ਜਦੋਂ ਉਹਨਾਂ ਨੇ ਮੇਰੀ ਮਾਂ ਦੀ ਖ਼ਾਤਰ ਇਹ ਖਿਆਲ ਛੱਡ ਦਿੱਤਾ ਜਿਹੜੀ ਲਗਾਤਾਰ ਉਦੋਂ ਤਕ ਚਿੱਲਾਉਂਦੀ ਰਹੀ ਜਦੋਂ ਤਕ ਕਿ ਮੇਰੇ ਬਾਪ ਨੇ ਆਪਣਾ ਇਹ ਖਿਆਲ ਨਾ ਬਦਲਿਆ।

ਮੇਰੇ ਨਾਲ ਦੇ ਬਹੁਤੇ ਨਮਾਜੀ ਸਨ। ਅਸੀਂ ਜਦੋਂ ਵੀ ਨਮਾਜ਼ ਦੀ ਆਵਾਜ਼ ਸੁਣਦੇ, *ਅਲ੍ਹਾ ਹੂ ਅਕਬਰ, ਅਲ੍ਹਾ ਹੂ ਅਕਬਰ*, ਤਾਂ ਅਸੀਂ ਹਰ ਉਹ ਕੰਮ ਛੱਡ ਦਿੰਦੇ ਜੋ ਕਰ ਰਹੇ ਹੁੰਦੇ ਸਾਂ ਤਾਂ ਜੋ ਛੇਤੀ ਨਾਲ ਧਾਰਮਿਕ ਕ੍ਰਿਆ ਲਈ ਆਪਣੇ ਸਰੀਰ ਨੂੰ ਸਾਫ ਕਰਕੇ ਮੂੰਹ ਹੱਥ ਧੋ ਸਕੀਏ। ਫਿਰ ਅਸੀਂ ਜਿਥੇ ਵੀ ਹੁੰਦੇ ਸਾਂ ਉਥੋਂ ਮਸਜਿਦ ਵਿਚ ਚਲੇ ਜਾਂਦੇ, ਜਿਥੇ ਅਸੀਂ ਇਕ ਦੂਜੇ ਨੂੰ ਚਿੜਾਉਣ ਲਈ ਇੱਕਠੇ ਹੋ ਜਾਂਦੇ ਅਤੇ ਸ਼ਰਾਰਤ ਭਰੀਆਂ ਖੇਡਾਂ ਖੇਡਦੇ ਰਹਿੰਦੇ ਉਂਨਾਂ ਚਿਰ ਜਿੰਨਾਂ ਚਿਰ ਫਿਰ ਅਗਲੀ ਆਵਾਜ਼ ਨਾ ਆ ਜਾਂਦੀ।

ਮਸਜਿਦ ਵਿਚ ਅਸੀਂ ਅਰਬੀ ਵਿਚ ਉਸ ਦੇ ਅਨੁਵਾਦ ਤੋਂ ਬਗੈਰ ਕੁਰਾਨ ਪੜ੍ਹਦੇ। ਮੇਰਾ ਬਾਪ ਮੌਲਾਨਾ ਬਾਰੇ ਕਹਿੰਦੇ ਸਨ, "ਉਹ ਅਧਿਕਾਰ 'ਤੇ ਸਖ਼ਤ ਪਕੜ ਬਣਾਈ ਰੱਖਣਾ ਚਾਹੁੰਦੇ ਹਨ, ਲੋਕਾਂ ਨੂੰ ਆਪਣੇ ਪ੍ਰਮੁੱਖ ਗਿਆਨ ਨਾਲ ਬੰਨੀਂ ਰੱਖਣਾ ਚਾਹੁੰਦੇ ਹਨ, ਉਹਨਾਂ ਨੂੰ ਘੱਟ ਗਿਆਨਵਾਨ ਜਾਂ ਗ਼ਲਤ ਸੂਚਨਾ

ਦੇਣੀ ਚਾਹੁੰਦੇ ਤਾਂ ਜੋ ਆਪਣੇ ਵਿਸ਼ਵਾਸ ਵਿਚ ਉਹ ਕਦੀ ਵੀ ਸੁਤੰਤਰਤਾ ਪ੍ਰਾਪਤ ਨਾ ਕਰ ਸਕਣ। ਉਹ ਉਹਨਾਂ ਨੂੰ ਡਰਾਉਂਦੇ ਅਤੇ ਪਰੇਸ਼ਾਨ ਕਰਦੇ, ਉਹ ਉਹਨਾਂ ਨੂੰ ਇਸਲਾਮ ਨਾਲ ਜੋੜਦੇ ਪਰ ਰੁਕਾਵਟਾਂ ਪਾ ਕੇ ਆਪਣੇ ਆਪ ਤੋਂ ਦੂਰ ਖੜਦੇ।" ਜਦੋਂ ਤਕ ਮੈਂ ਬਾਰਾਂ ਸਾਲਾਂ ਦਾ ਹੋਇਆ, ਮੈਂ ਆਪਣੀ ਨਮਾਜ਼ ਅਤੇ ਰੋਜ਼ਿਆਂ ਵਿਚ ਨਿਯਮਬੰਦ ਸਾਂ।

ਮੇਰਾ ਛੋਟੇ ਹੁੰਦੇ ਦਾ ਬਚਪਨ ਬੜਾ ਸ਼ਾਂਤ ਸੀ ਅਤੇ ਉਸ ਵਿਚ ਕੋਈ ਅਣਸੁਖਾਵੀਂ ਘਟਨਾ ਨਹੀਂ ਸੀ ਹੋਈ; ਕੋਈ ਵੀ ਮਾੜੀ ਗੱਲ ਜਾਂ ਨਾਟਕੀ ਗੱਲ ਨਹੀਂ ਸੀ ਹੋਈ, ਜਦੋਂ ਤਕ ਮੈਂ ਗਿਆਰਾਂ ਸਾਲ ਦਾ ਹੋ ਗਿਆ। ਇਕ ਦਿਨ ਜਦੋਂ ਸਕੂਲ ਦੀ ਘੰਟੀ ਦੀ ਸੁਰੀਲੀ ਆਵਾਜ਼ ਵੱਜੀ ਸੀ, ਮੈਂ ਆਪਣੀਆਂ ਕਿਤਾਬਾਂ ਨੂੰ ਇੱਕਠਾ ਕਰ ਰਿਹਾ ਸਾਂ ਅਤੇ ਕੋਈ ਬੇ-ਆਰਾਮੀ ਮਹਿਸੂਸ ਕਰ ਰਿਹਾ ਸਾਂ ਜਿਸ ਕਰਕੇ ਮੈਂ ਉਪਰ ਨੂੰ ਵੇਖਿਆ। ਇਹ ਬੇ-ਅਰਾਮੀ ਹੋਰ ਵਧ ਗਈ ਜਦੋਂ ਮੈਂ ਵੇਖਿਆ ਕਿ ਸਕੂਲ ਮਾਸਟਰ ਦੇ ਮੱਥੇ ਤੋਂ ਅਤੇ ਉਸ ਦੇ ਚਿਹਰੇ 'ਤੇ ਪਸੀਨੇ ਦੀਆਂ ਲੜੀਆਂ ਵਗ ਰਹੀਆਂ ਸਨ। ਮੈਂ ਉੱਪਰ ਬੜੀ ਘਬਰਾਹਟ ਵਿਚ ਵੇਖਿਆ, ਜਿਸ ਤੋਂ ਲੱਗੇ ਕਿ ਮੈਂ ਆਪਣੇ ਕੰਮ 'ਤੇ ਕੇਂਦਰਿਤ ਸੀ, ਮੈਂ ਇਹ ਗੱਲ ਸਮਝਣ ਤੋਂ ਅਸਮਰਥ ਸਾਂ ਕਿ ਉਸ ਦੇ ਚਿਹਰੇ 'ਤੇ ਇਕ ਵੱਖਰਾ ਹੀ ਭਾਵ ਸੀ, ਜੋ ਉਸ ਦੇ ਵਿਚ ਆਮ ਵਾਲੇ ਭਾਵ ਤੋਂ ਵੱਖਰਾ ਸੀ। ਮੈਂ ਉਸ ਦੀਆਂ ਅੱਗ ਵਰਸਾਉਂਦੀਆਂ ਲਾਲ ਅੱਖਾਂ ਨੂੰ ਆਪਣੇ 'ਤੇ ਪੈਂਦਿਆਂ ਵੇਖਿਆ—ਅਖੀਰ ਵਿਚ ਮੈਂ ਉਥੋਂ ਉੱਚੀਆਂ ਨੀਵੀਆਂ ਥਾਵਾਂ ਤੋਂ ਸਾਰਾ ਰਾਹ ਭੱਜਦਾ ਹੋਇਆ ਘਰ ਪਹੁੰਚ ਗਿਆ। ਇਹ ਘਟਨਾ ਇੰਨੀ ਮਾੜੀ ਸੀ ਕਿ ਮੈਂ ਆਪਣੀ ਮਾਂ ਨੂੰ ਨਹੀਂ ਸਾਂ ਦੱਸ ਸਕਦਾ ਅਤੇ ਦੂਸਰੀ ਸਵੇਰ ਮੈਂ ਫਿਕਰ ਵਿਚ ਅਤੇ ਉਲਝਨ ਵਿਚ ਸਕੂਲ ਪਹੁੰਚਿਆ, ਪਰ ਉਸ ਦਿਨ ਅਤੇ ਉਸ ਤੋਂ ਅਗਲੇ ਦਿਨ ਕੁਝ ਵੀ ਨਾ ਵਾਪਰਿਆ। ਜਦੋਂ ਕਿ ਮੈਨੂੰ ਮਾਸਟਰ ਦੇ ਚਿਹਰੇ 'ਤੇ ਕੋਈ ਵੱਖਰਾ ਪ੍ਰਭਾਵ ਵੇਖਣ ਨੂੰ ਨਾ ਮਿਲਿਆ, ਮੈਂ ਫਿਰ ਹੀ ਰਾਹਤ ਮਹਿਸੂਸ ਕੀਤੀ।

ਕੁਝ ਹਫਤੇ ਬਾਅਦ ਜਮਾਤ ਦੇ ਕਮਰੇ ਵਿਚ ਅਸੀਂ ਇਕ ਗੁਜਰਾਤੀ ਸਬਕ ਵਿਚੋਂ ਇੱਕਠੇ ਹੋ ਕੇ ਉੱਚੀ-ਉੱਚੀ ਪੜ੍ਹ ਰਹੇ ਸਾਂ, ਵੱਖ-ਵੱਖ ਤਰਜ਼ਾਂ ਅਤੇ ਉੱਚੀ ਆਵਾਜ਼ ਵਿਚ ਉੱਚੀ ਬੋਲਣ ਲਈ ਕਿਹਾ ਜਾ ਰਿਹਾ ਸੀ। ਆਮ ਆਵਾਜ਼ ਤੋਂ ਉੱਚੀ ਅਤੇ ਗਲਾ ਘੁੱਟਵੀਂ ਤਲਖੀ ਨਾਲ ਮੈਂ ਆਪਣਾ ਨਾਂ ਸੁਣਿਆ, "ਅਬਦੁਲ ਸਤਾਰ" ਅਤੇ ਕਿਸੇ ਕਾਰਨ ਬਸ ਉਸ ਆਵਾਜ਼ ਨੇ ਮੈਨੂੰ ਠੰਡਾ ਕਰ ਦਿੱਤਾ ਸੀ। ਮੈਂ ਝਿਜਕਿਆ, ਉੱਪਰ ਵੇਖਿਆ ਅਤੇ ਮਾਸਟਰ ਮੈਨੂੰ ਕਹਿ ਰਿਹਾ ਸੀ ਕਿ ਮੈਂ ਉਸ ਦੀ ਤਰਫ ਆਵਾਂ। ਮੈਂ ਇਹ ਕਰਨ ਤੋਂ ਡਰ ਰਿਹਾ ਸਾਂ, ਪਰ ਉਹ ਸਕੂਲ ਮਾਸਟਰ ਸੀ।

ਕੋਈ ਕਿਸ ਤਰ੍ਹਾਂ ਕਿਸੇ ਅਧਿਕਾਰੀ ਦਾ ਮੁਕਾਬਲਾ ਕਰ ਸਕਦਾ ਸੀ, ਮਾਸਟਰ ਦੀ ਪ੍ਰਮੁੱਖਤਾ ਨੂੰ ਕਿਸ ਤਰ੍ਹਾਂ ਕੋਈ ਵੰਗਾਰ ਸਕਦਾ ਸੀ ਜਾਂ ਇਕ ਵਿਦਿਆਰਥੀ ਦੀ

ਮਜ਼ਬੂਰੀ ਤੋਂ ਕਿਵੇਂ ਆਜ਼ਾਦ ਹੋ ਸਕਦਾ ਸੀ। ਮੈਂ ਉਸ ਦੇ ਮਗਰ ਜਮਾਤ ਤੋਂ ਬਾਹਰ ਜਾ ਰਿਹਾ ਸਾਂ ਅਤੇ ਹੈਰਾਨ ਸਾਂ। ਜਦੋਂ ਉਸ ਨੇ ਪਿੱਛੇ ਵੇਖਿਆ ਅਤੇ ਮੁਸਕਰਾਇਆ ਤਾਂ ਮੈਂ ਉਸ ਦਿਨ ਦੇ ਉਸ ਦੇ ਚਿਹਰੇ ਦੇ ਭਾਵਾਂ ਨੂੰ ਪਹਿਚਾਣ ਗਿਆ ਅਤੇ ਮੇਰਾ ਦਿਲ ਘਬਰਾਉਣ ਲੱਗਿਆ। ਮੈਨੂੰ ਕੁਝ ਬੁਰਾ ਵਾਪਰਣ ਵਾਲਾ ਲੱਗਾ, ਪਰ ਇਸ ਦੇ ਬਾਵਜੂਦ ਵੀ ਮੈਂ ਉਸ ਦੇ ਪਿੱਛੇ ਕੁਝ ਕਦਮ ਚਲਦਾ ਰਿਹਾ, ਫਿਰ ਮੈਂ ਉਸ ਤੋਂ ਉਲਟ ਦਿਸ਼ਾ ਵੱਲ ਤੇਜੀ ਨਾਲ ਦੌੜ ਪਿਆ। ਮੈਂ ਡਿੱਗਦਾ, ਢੱਠਦਾ ਅਤੇ ਬਗੈਰ ਖੜੇ ਹੋਣ ਤੋਂ ਭੱਜਦਾ ਜਾ ਰਿਹਾ ਸਾਂ ਜਦੋਂ ਤਕ ਮੈਂ ਸਾਹੋ ਸਾਹੀ ਹੋਇਆ, ਹੱਫਦਾ ਹੋਇਆ ਅਤੇ ਔਖੇ ਸਾਹ ਲੈਂਦਾ ਹੋਇਆ ਮੈਂ ਘਰ ਪਹੁੰਚ ਗਿਆ ਅਤੇ ਬੂਹੇ ’ਤੇ ਡਿੱਗ ਪਿਆ। ਮੈਂ ਆਪਣੀ ਕਮੀਜ਼ ਉਤਾਰੀ ਅਤੇ ਆਪਣੇ ਚਿਹਰੇ ਤੋਂ ਪਸੀਨਾ ਪੂੰਝਿਆ; ਜਦੋਂ ਮੇਰਾ ਸਾਹ ਠੀਕ ਹੋਇਆ ਅਤੇ ਮੈਂ ਆਪਣੇ ਆਪ ਵਿਚ ਆ ਗਿਆ ਤਾਂ ਮੈਂ ਬੂਹਾ ਖੜਕਾਇਆ ਤਾਂ ਕਿ ਮਾਂ ਨੂੰ ਮਿਲ ਸਕਾਂ।

ਉਹ ਬੱਚੇ ਵੀ ਉਸ ਆਦਮੀ, ਜਿਸ ਨੇ ਮੈਨੂੰ ਪ੍ਰੇਸ਼ਾਨ ਕੀਤਾ ਸੀ, ਦੀ ਅਲੋਚਨਾ ਕਰਦੇ ਸਨ, ਇਹ ਇਕ ਸਾਧਾਰਨ ਗੱਲ ਹੋ ਸਕਦੀ ਸੀ, ਪਰ ਮੇਰੇ ਨਾਲ ਇਸ ਤੋਂ ਪਹਿਲਾਂ ਇਸ ਤਰ੍ਹਾਂ ਨਹੀਂ ਸੀ ਹੋਇਆ; ਪਰ ਮੈਂ ਮਨੁੱਖੀ ਸ਼ੋਸ਼ਣ ਸੰਬੰਧੀ ਅਗਾਂਹ ਲਈ ਸੁਚੇਤ ਅਤੇ ਸ਼ਕੀ ਹੋ ਗਿਆ। ਭਾਵੇਂ ਮੈਂ ਇਹ ਗੱਲ ਕਿਸੇ ਹੋਰ ਨੂੰ ਨਾ ਦੱਸੀ ਪਰ ਮੈਂ ਚੌਥੀ ਜਮਾਤ ਵਿਚ ਸਕੂਲ ਛੱਡ ਦਿੱਤਾ।

11 ਸਾਲ ਦੀ ਉਮਰ ਵਿਚ ਮੈਂ ਕੱਪੜੇ ਦੇ ਇਕ ਵਪਾਰੀ ਹਾਜੀ ਅਬਦੁੱਲਾ ਦੀ ਦੁਕਾਨ ’ਤੇ ਨੌਕਰੀ ਕਰ ਲਈ। ਉਹ ਮੈਨੂੰ 5 ਰੁਪਏ ਤਨਖਾਹ ਦਿੰਦਾ ਸੀ, ਜਿਸ ਵਿਚੋਂ ਮੈਂ ਇਕ ਰੁਪਿਆ ਉੱਪਰ ਕੱਪਬੋਰਡ ਵਿਚ ਭਾਂਡਿਆਂ ਦੀ ਅਲਮਾਰੀ ਵਿਚ ਲੁਕਾ ਲੈਂਦਾ ਅਤੇ ਬਾਕੀ ਬਚਦੇ ਆਪਣੀ ਮਾਂ ਨੂੰ ਦੇ ਦਿੰਦਾ। ਦੁਕਾਨ ’ਤੇ ਚਾਰ ਹੋਰ ਲੜਕੇ ਕੰਮ ਕਰਦੇ ਸਨ ਅਤੇ ਕਿਉਂ ਜੋ ਇਥੇ ਮੈਂ ਸਕੂਲ ਨਾਲੋਂ ਜ਼ਿਆਦਾ ਖੁਸ਼ ਸਾਂ ਇਸ ਲਈ ਮੈਂ ਬਹੁਤ ਸਖ਼ਤ ਕੰਮ ਕਰਦਾ।

ਸੇਠ ਅੰਦਰ ਵੜਦਿਆਂ ਹੀ ਇਕ ਤਰਫ ਇਕ ਨਰਮ ਗੱਦੇ ਦੇ ਉੱਪਰ ਇਕ ਨੀਵੇਂ ਮੇਜ਼ ਦੇ ਪਿੱਛੇ ਬੈਠਦਾ ਹੁੰਦਾ ਸੀ ਅਤੇ ਉਹ ਸਾਡਾ ਬਹੁਤ ਜ਼ਿਆਦਾ ਧਿਆਨ ਰੱਖਦਾ ਸੀ। ਅਸੀਂ ਫਰਸ਼ ਧੋਂਦੇ, ਮਿੱਟੀ ਲਾਹੁੰਦੇ ਅਤੇ ਫਿਰ ਸੇਠ ਵੱਲ ਮੂੰਹ ਕਰ ਕੇ ਪਿੱਛੇ ਇਕ ਸਿਧੀ ਲਾਈਨ ਵਿਚ ਬੈਠ ਜਾਂਦੇ। ਸਾਡੇ ਹੱਥਾਂ ਦੀਆਂ ਤਲੀਆਂ ਕੱਪੜਿਆਂ ਦੀਆਂ ਤਹਿਆਂ ਲਾਉਂਦੀਆਂ। ਉਥੇ ਨਾ ਕੋਈ ਆਪਸ ਵਿਚ ਗੱਲ ਕਰ ਸਕਦਾ ਸੀ, ਨਾ ਹੀ ਅਖ਼ਬਾਰ ਪੜ੍ਹ ਸਕਦਾ ਸੀ ਅਤੇ ਨਾ ਹੀ ਕੋਈ ਖੇਡ ਖੇਡ ਸਕਦਾ ਸੀ। ਇਹ ਦੁਕਾਨਦਾਰਾਂ ਦੀ ਰਿਵਾਇਤ ਸੀ ਅਤੇ ਜਿਸ ਤਰ੍ਹਾਂ ਮੈਂ ਸਕੂਲ ਦੇ ਅਸੂਲ ਤੋੜੇ ਸਨ, ਮੈਂ ਉਹਨਾਂ ਨੂੰ ਇਥੇ ਕੰਮ ਕਰਦਿਆਂ ਅਪਨਾਇਆ। ਛੇਤੀ ਹੀ ਮੇਰੀ ਡਿਊਟੀ ਸੇਠ ਦੇ ਲੜਕੇ ਨੂੰ ਸਕੂਲ ਤੋਂ ਲੈ ਕੇ ਆਉਣ ਦੀ ਲੱਗ ਗਈ ਅਤੇ ਉਸ ਦੀ ਚਾਹ ਦਾ ਹਿਸਾਬ

ਰੱਖਦਾ ਸਾਂ। ਇਸ ਦੇ ਲਈ ਮੈਨੂੰ ਇਨਾਮ ਮਿਲ ਜਾਂਦਾ ਜਿਸ ਨਾਲ ਮੈਂ ਹੋਰ ਪੈਸੇ ਬਚਾ ਲੈਂਦਾ ਸਾਂ। ਆਪਣੀ ਜਿੰਦਗੀ ਵਿਚ ਛੇਤੀ ਹੀ ਮੈਂ ਆਪਣੀ ਬਚਤ ਕਰਨ ਦੀ ਭਾਵਨਾ ਨੂੰ ਪਹਿਚਾਣ ਲਿਆ ਅਤੇ ਖ਼ਰਚ ਕਰਨ ਤੋਂ ਕਤਰਾਉਂਦਾ ਸਾਂ।

ਮੈਮਨ ਔਰਤਾਂ ਬਹੁਤ ਸਖ਼ਤ ਪਰਦਾ ਰੱਖਦੀਆਂ ਸਨ ਜਿਸ ਵਿਚ ਉਹ ਆਪਣੇ ਆਪ ਨੂੰ ਸਿਰ ਤੋਂ ਪੈਰਾ ਤਕ ਇਕ ਸਿਰੇ ਤੋਂ ਦੂਸਰੇ ਸਿਰੇ ਤਕ ਬੁਰਕਿਆਂ ਵਿਚ ਛੁਪਾਈ ਰੱਖਦੀਆਂ ਸਨ, ਜੋ ਉਨ੍ਹਾਂ ਦੇ ਸਿਰਾਂ ਨੂੰ ਬਹੁਤ ਚੰਗੀ ਤਰ੍ਹਾਂ ਢੱਕੀ ਰੱਖਦੇ ਅਤੇ ਉਹਨਾਂ ਨੂੰ ਕੇਵਲ ਜਾਲੀ ਦੇ ਦੋ ਛੇਕਾਂ ਵਿਚੋਂ ਵੇਖਣ ਦੀ ਇਜਾਜ਼ਤ ਸੀ, ਜੋ ਉਹਨਾਂ ਦੀਆਂ ਅੱਖਾਂ ਦੇ ਦੁਆਲੇ ਹੁੰਦਾ ਸੀ। ਕਿਉਂ ਕਿ ਉਹਨਾਂ ਦੀ ਹਾਜ਼ਰੀ ਵਿਚ ਸਿਰਫ ਬੱਚਿਆਂ ਨੂੰ ਰਹਿਣ ਦੀ ਇਜਾਜ਼ਤ ਸੀ, ਬੱਚਿਆਂ ਨੂੰ ਰੋਜ਼ਗਾਰ ’ਤੇ ਲਾਉਣਾ ਅਤੇ ਫਿਰ ਤੁਰ ਕੇ ਸਮਾਨ ਵੇਚਣਾ, ਇਕ ਆਕ੍ਰਸ਼ਿਤ ਵਪਾਰ ਬਣ ਗਿਆ ਸੀ।

ਫਲ, ਸਬਜ਼ੀਆਂ, ਕੱਪੜਾ, ਭਾਂਡੇ ਅਤੇ ਕੋਈ ਵੀ ਨਵੀਂ ਚੀਜ਼ ਇਸੇ ਢੰਗ ਨਾਲ ਮਾਰਕੀਟ ਵਿਚ ਵੇਚੇ ਜਾਂਦੇ। ਸੇਠ ਸਾਨੂੰ ਸੱਤ ਜਾਂ ਅੱਠ ਕੱਪੜੇ ਦੇ ਥਾਨ ਦੇ ਕੇ ਸਵੇਰ ਵੇਲੇ ਭੇਜ ਦਿੰਦਾ ਜਿਨ੍ਹਾਂ ਨੂੰ ਇਕ ਗੰਢ ਵਿਚ ਬੰਨਿਆ ਹੁੰਦਾ, ਜਿਸ ਨੂੰ ਅਸੀਂ ਸਾਰੇ ਆਪਣੀਆਂ ਪਿੱਠਾਂ ’ਤੇ ਲਟਕਾ ਲੈਂਦੇ ਅਤੇ ਬੂਹੇ, ਬੂਹੇ ’ਤੇ ਜਾ ਕੇ ਦਰਵਾਜ਼ਾ ਖੜਕਾਉਂਦੇ। ਜਦੋਂ ਕੋਈ ਸਾਨੂੰ ਅੰਦਰ ਆਉਣ ਲਈ ਕਹਿੰਦਾ, ਸਾਨੂੰ ਉਹ ਵੱਡਾ ਭਾਰ ਉਤਾਰਣ ਤੋਂ ਰਾਹਤ ਮਿਲਦੀ ਅਤੇ ਫਰਸ਼ ’ਤੇ ਬੈਠ ਕੇ ਜਪਾਨੀ ਪਾਪਲੀਨ, ਮੋਰੋਕਾਨ ਦੀ ਜੋਰਜਟ ਅਤੇ ਚੀਨ ਦੀ ਸਿਲਕ ਔਰਤਾਂ ਨੂੰ ਆਕ੍ਰਸ਼ਿਤ ਕਰਨ ਲਈ ਵਿਖਾਉਂਦੇ, ਉਹ ਸੌਦਾ ਬਾਜੀ ਕਰਦੀਆਂ ਰਹਿੰਦੀਆਂ, ਉਦੋਂ ਤਕ ਜਦੋਂ ਤਕ ਠੀਕ ਮੁੱਲ ਨਾ ਹੋ ਜਾਂਦਾ। ਅਸੀਂ ਕੱਪੜੇ ਨੂੰ ਮਾਪ ਕੇ ਲੋੜੀਂਦਾ ਕੱਪੜਾ ਕੱਟ ਦਿੰਦੇ, ਪੈਸੇ ਗਿਣਦੇ, ਭਾਨ ਵਾਪਸ ਕਰਦੇ, ਆਪਣੀਆਂ ਕੱਪੜੇ ਦੀਆਂ ਗੰਢਾਂ ਬੰਨਦੇ ਅਤੇ ਉਸ ਨੂੰ ਸਾਹ ਲੈ ਕੇ ਫਿਰ ਆਪਣੀਆਂ ਪਿੱਠਾਂ ’ਤੇ ਚੁੱਕ ਲੈਂਦੇ। ਫਿਰ ਅਸੀਂ ਕੋਈ ਹੋਰ ਦਰਵਾਜ਼ਾ ਖੜਕਾਉਣ ਲਈ ਚਲ ਪੈਂਦੇ।

ਇਨ੍ਹਾਂ ਸਮਿਆਂ ’ਤੇ ਸੇਠ ਮੈਨੂੰ ਆਮੀਨ ਬਣਾ ਦਿੰਦਾ, ਪ੍ਰਮਾਤਮਾ ਦੇ ਸਾਹਮਣੇ ਇਕ ਵਿਸ਼ਵਾਸ ਪਾਤਰ। ਇਕ ਵਾਰ, ਕੁਝ ਲੜਕਿਆਂ ਨੇ ਪੈਸੇ ਚੋਰੀ ਕਰ ਲਏ ਅਤੇ ਮੈਂ ਇਕ ਦਮ ਇਸ ਬਾਰੇ ਦੱਸ ਦਿੱਤਾ, ਪਰ ਇਕ ਲੜਕੇ ਨੇ ਮੈਨੂੰ ਵੀ ਆਪਣਾ ਸਾਥੀ ਹੋਣ ਦਾ ਦੋਸ਼ੀ ਬਣਾਇਆ। ਇਸ ਦੋਸ਼ ਲਗਾਉਣ ’ਤੇ ਸੇਠ ਉਸ ’ਤੇ ਬਹੁਤ ਨਾਰਾਜ਼ ਹੋਇਆ ਅਤੇ ਸਖ਼ਤੀ ਨਾਲ ਲੜਕੇ ਨੂੰ ਦੱਸ ਦਿੱਤਾ ਕਿ ਤੂੰ ਝੂਠ ਬੋਲਦਾ ਹੈ, “ਹਾਜੀ ਸ਼ਕੂਰ ਦਾ ਕੋਈ ਪੁੱਤਰ ਚੋਰ ਨਹੀਂ ਹੋ ਸਕਦਾ।” ਉਸ ਨੇ ਕਿਹਾ ਅਤੇ ਉਸ ਨੇ ਮੈਨੂੰ ਕਈ ਹੋਰ ਫਰਜ਼ ਵੀ ਦੇ ਦਿੱਤੇ।

ਮੇਰੀ ਮਾਂ ਕੋਲ ਇਕ ਵਪਾਰਕ ਕਾਰੋਬਾਰ ਵਿਚ ਛੋਟੇ ਜਿਹੇ ਹਿੱਸੇ ਦੀ ਵਿਰਾਸਤ ਸੀ। ਮੈਂ ਉਸ ਨਾਲ ਮੁਨਾਫਾ ਇੱਕਠਾ ਕਰਨ ਲਈ ਨਾਲ ਜਾਂਦਾ ਸਾਂ, ਅਤੇ ਉਹ ਇਕ

ਦਮ ਸੋਨਾ ਖ਼ਰੀਦ ਲੈਂਦੀ ਸੀ। ਜਦੋਂ ਮੈਂ ਬੰਬਈ ਦੀ ਇਕ ਮਿਲ ਦੇ ਸ਼ੇਅਰਾਂ ਦੀ ਵਿਕਰੀ ਦਾ ਇਸ਼ਤਿਹਾਰ ਪੜ੍ਹਿਆ, ਮੈਂ ਵਾਪਸ ਘਰ ਦੌੜ ਆਇਆ। ਮੈਨੂੰ ਇਸ ਮੌਕੇ ਦੀ ਤਾਲਾਸ਼ ਸੀ, ਆਪਣੀ ਮਾਤਾ ਦੇ ਕੱਪਬੋਰਡ ਵਿਚੋਂ ਮੈਂ ਆਪਣੀ ਇੱਕਠੀ ਕੀਤੀ ਹੋਈ ਬਚਤ ਨੂੰ ਲੈ ਕੇ ਥੱਲੇ ਆ ਗਿਆ। ਮੈਂ ਕੰਪਨੀ ਦੇ ਦਸਾਂ-ਦਸਾਂ ਰੁਪਿਆਂ ਦੇ ਤਿੰਨ ਸ਼ੇਅਰ ਖ਼ਰੀਦੇ ਅਤੇ ਉਹਨਾਂ ਨੂੰ ਉਸ ਹੀ ਜਗ੍ਹਾ ਛਿਪਾਉਣ ਲਈ ਮੁੜ ਆਇਆ।

ਇਕ ਦੁਪਹਿਰ ਤੋਂ ਬਾਅਦ ਮੈਂ ਅਤੇ ਮੇਰਾ ਦੋਸਤ ਇਕ ਫੁੱਟਬਾਲ ਮੈਚ ਦੇ ਗਰਾਉਂਡ ਵੱਲ ਜਾ ਰਹੇ ਸਾਂ। ਮੁੱਖ ਬਾਜ਼ਾਰ ਵਿਚੋਂ ਲੰਘਦਿਆਂ ਅਸੀਂ ਇਕ ਆਦਮੀ ਨੂੰ ਬੰਦ ਦੁਕਾਨ ਦੇ ਬਾਹਰ ਲੰਮਾ ਪਿਆ ਦੇਖਿਆ। ਮੇਰੇ ਤਜ਼ਰਬੇ ਦੇ ਅਨੁਸਾਰ ਉਹ ਪੇਸ਼ਾਵਰ ਮੰਗਤਾ ਨਹੀਂ ਸੀ। ਉਹ ਜ਼ਖ਼ਮੀ ਸੀ ਅਤੇ ਬਹੁਤੇ ਬੁਖਾਰ ਨਾਲ ਕੰਬ ਰਿਹਾ ਸੀ। ਮੈਂ ਆਪਣੇ ਸਾਥੀ ਨੂੰ ਕਿਹਾ, “ਤੂੰ ਅੱਗੇ ਚਲਾ ਜਾ, ਮੈਂ ਤੈਨੂੰ ਬਾਅਦ ਵਿਚ ਮਿਲਦਾ ਹਾਂ।” ਮੈਂ ਵਾਪਸ ਆਪਣੀ ਮਾਂ ਕੋਲ ਆ ਗਿਆ, ਉਸ ਨੇ ਮੈਨੂੰ ਇਕ ਦਰੀ, ਇਕ ਕੰਬਲ, ਦਵਾਈ, ਕੱਪੜੇ ਅਤੇ ਕੁਝ ਖਾਣਾ ਦਿੱਤਾ। ਮੈਂ ਵਾਪਸ ਮੁੜਿਆ, ਉਸ ਦੇ ਜ਼ਖ਼ਮ ਸਾਫ ਕੀਤੇ ਅਤੇ ਉਸ ਦੇ ਡੂੰਘੇ ਜਖ਼ਮਾਂ ’ਤੇ ਪੱਟੀ ਬੰਨ੍ਹੀ ਅਤੇ ਮੈਂ ਹੈਰਾਨ ਸਾਂ ਕਿ ਉਹ ਕਿਸ ਤਰ੍ਹਾਂ ਜ਼ਖ਼ਮੀ ਹੋ ਗਿਆ, ਪਰ ਮੈਂ ਉਸ ਨੂੰ ਨਾ ਪੁੱਛਿਆ। ਦੂਸਰੀ ਸਵੇਰ ਮੈਂ ਉਸ ਲਈ ਸਵੇਰ ਦਾ ਨਾਸ਼ਤਾ ਲੈ ਕੇ ਆਇਆ ਅਤੇ ਮੈਂ ਇਹ ਵੇਖ ਕੇ ਹੈਰਾਨ ਹੋ ਗਿਆ ਕਿ ਉਹ ਠੀਕ ਹੋ ਗਿਆ ਸੀ। ਮੈਂ ਉਸ ਨੂੰ ਮਸਜਿਦ ਵਿਚ ਲੈ ਗਿਆ।

ਉਹ ਸਾਡੇ ਵਿਚ ਅਜੀਬ ਆਦਮੀ ਸੀ, ਹਰ ਵਕਤ ਉਪਰ ਵੇਖਦਾ ਸੀ ਜਿਵੇਂ ਅਸਮਾਨ ਵੱਲ ਵੇਖਦਾ ਹੋਵੇ। ਮੇਰੇ ਦੋਸਤ ਨੇ ਇਹ ਘਟਨਾ ਹੋਰ ਲੋਕਾਂ ਨੂੰ ਵੀ ਦੱਸੀ ਜਿਸ ਵਿਚ ਉਸ ਨੇ ਕਹਾਣੀ ਵਿਚ ਭੇਦ ਵੀ ਜੋੜ ਲਿਆ, “ਉਸ ਨੇ ‘ਰੋਟੀ’ (ਮੈਨੂੰ ਲੋਕੀਂ ਰੋਟੀ ਕਹਿ ਕੇ ਪੁਕਾਰਦੇ ਸਨ) ਨੂੰ ਕੁਝ ਕਿਹਾ ਜੋ ਉਹ ਮੈਨੂੰ ਨਹੀਂ ਦੱਸੇਗਾ।” ਜਦੋਂ ਲੜਕਿਆਂ ਨੇ ਮੇਰੇ ਕੋਲੋਂ ਪੁੱਛਿਆ ਤਾਂ ਮੈਂ ਇਸ ਰਿਪੋਰਟ ਤੋਂ ਬਿਲਕੁਲ ਹੀ ਇਨਕਾਰ ਕਰ ਦਿੱਤਾ। ਉਸ ਨੇ ਮੈਨੂੰ ਸਿਖਾਇਆ ਕਿ ਕੁਰਾਨ ਕਿਸ ਤਰ੍ਹਾਂ ਪੜ੍ਹਨੀ ਹੈ ਅਤੇ ਦਾਨ ਦੇ ਅਰਥਾਂ ਬਾਰੇ ਸਮਝਾਇਆ। ਉਸ ਨੇ ਮੈਨੂੰ ਇਸ ਗੱਲ ਲਈ ਜਾਗ੍ਰਤ ਕੀਤਾ ਕਿ ਪ੍ਰਮਾਤਮਾ ਇਨਸਾਨੀਅਤ ਵਿਚ ਹੈ। ਬੰਨਟਵਾ ਦੇ ਲੋਕਾਂ ਤੋਂ ਅਲੱਗ, ਉਹ ਬਹੁਤ ਜਿੰਦਾ ਦਿਲ ਆਦਮੀ ਸੀ ਅਤੇ ਵਿਆਹ ’ਤੇ ਫਜ਼ੂਲ ਖ਼ਰਚੀ ਦੀ ਨਿੰਦਾ ਕਰਦਾ ਸੀ, “ਦਹੇਜ ਆਪਣੇ ਆਪ ’ਤੇ ਪਾਇਆ ਭਾਰ ਹੈ। ਇਹ ਘਮੰਡ ਦੀ ਨਿਸ਼ਾਨੀ ਹੈ ਅਤੇ ਵਿਖਾਵਾ ਹੈ। ਕੋਈ ਵੀ ਧਰਮ ਇਸ ਦੀ ਸਿਫਾਰਸ਼ ਨਹੀਂ ਕਰਦਾ। ਇਸਲਾਮ ਵਿਚ ਦਹੇਜ ਦਾ ਵਿਚਾਰ ਇਕ ਸੰਕੇਤਿਕ ਹੈ, ਜੋ ਉਹ ਲਿਆਉਂਦੀ ਹੈ, ਉਸ ਦੀ ਉਹ ਪ੍ਰਤਿਨਿਧਤਾ ਕਰਦੀ ਹੈ। ਮੁਹੰਮਦ ਸਾਹਿਬ (PBUH) ਨੇ ਕੰਮ ਅਤੇ ਪ੍ਰਾਰਥਨਾ ਨੂੰ ਉਹਨਾਂ ਦੀ ਲੜਕੀ ਦੇ ਦਹੇਜ ਦਾ ਸੰਕੇਤ ਦਿੱਤਾ ਸੀ। ਉਹ ਕਹਿੰਦਾ ਰਿਹਾ, “ਮੁਸਲਿਮ ਥੋੜੇ ਸਮੇਂ ਦੀ ਸੋਚਦੇ ਹਨ, ਜਦੋਂ ਉਹ ਰਿਵਾਜ਼ ਅਪਨਾਉਂਦੇ ਹਨ ਦਹੇਜ

ਪ੍ਰਣਾਲੀ ਦੀ ਤਰ੍ਹਾਂ ਤਾਂ ਇਹ ਉਹਨਾਂ ਦੇ ਸਮਾਜ ਦੀ ਭਵਿੱਖ ਵਿਚ ਤਬਾਹੀ ਹੋਵੇਗੀ।" ਉਹ ਮੇਰੇ ਸਿਵਾ ਹੋਰ ਕਿਸੇ ਨਾਲ ਗੱਲ ਨਹੀਂ ਸੀ ਕਰਦਾ।

ਉਸ ਦੀ ਚੰਗਿਆਈ ਉਸ ਦੇ ਨਿਰਮਲ ਚਿਹਰੇ 'ਤੇ ਦਿਸਦੀ ਸੀ। ਮੈਂ ਉਸ ਕੋਲ ਰੋਟੀ ਲੈ ਕੇ ਆਉਂਦਾ ਜੋ ਉਹ ਕਈ ਦਿਨ ਰੱਖ ਛੱਡਦਾ। ਉਹ ਇਸ ਖਾਣੇ ਨੂੰ ਸਵੇਰ ਦੇ ਸਮੇਂ ਅਤੇ ਸੂਰਜ ਡੁੱਬਣ 'ਤੇ ਪਾਣੀ ਨਾਲ ਖਾਂਦਾ ਅਤੇ ਉਹ ਹਮੇਸ਼ਾ ਮੈਨੂੰ ਹੋਰ ਲਿਆਉਣ ਤੋਂ ਮਨ੍ਹਾ ਕਰਦਾ, ਉਹ ਹਰ ਵਕਤ ਵਰਤ ਰੱਖਦਾ ਸੀ। ਉਸ ਦੀ ਹਾਜ਼ਰੀ ਇੰਨੀ ਆਕ੍ਰਸ਼ਿਤ ਸੀ ਕਿ ਮੈਂ ਆਪਣੇ ਦੋਸਤਾਂ ਬਾਰੇ ਭੁੱਲ ਜਾਂਦਾ ਅਤੇ ਆਪਣਾ ਜ਼ਿਅਦਾ ਸਮਾਂ ਮਸਜਿਦ ਵਿਚ ਹੀ ਗੁਜ਼ਾਰਦਾ। ਮੈਂ ਆਪਣੀ ਮਾਂ ਨੂੰ ਵੀ ਭੁੱਲ ਜਾਂਦਾ।

21ਵੇਂ ਦਿਨ, ਮੈਂ ਆਮ ਦੀ ਤਰ੍ਹਾਂ ਦਿਨ ਚੜ੍ਹਨ ਵੇਲੇ ਆਇਆ, ਪਰ ਉਹ ਕਿਤੇ ਵੀ ਨਹੀਂ ਸੀ ਦਿਸ ਰਿਹਾ। ਮੈਂ ਹੋਰ ਕਮਰਿਆਂ ਵਿਚ ਉਸ ਨੂੰ ਲੱਭਿਆ, ਬਾਹਰ ਅਤੇ ਹਰ ਪਾਸੇ ਵੇਖਿਆ, ਉਸ ਨੂੰ ਲੱਭਣ ਲਈ ਮੈਂ ਗਵਾਂਢੀਆਂ ਦੇ ਬੂਹਿਆਂ ਨੂੰ ਖੜਕਾਇਆ, ਪਰ ਕਿਸੇ ਨੂੰ ਵੀ ਉਸ ਦਾ ਪਤਾ ਨਹੀਂ ਸੀ। ਮੈਂ ਦੁਪਹਿਰ ਤੋਂ ਬਾਅਦ ਸਾਰਾ ਸਮਾਂ ਮਸਜਿਦ ਦੇ ਪ੍ਰਵੇਸ਼ ਦੁਆਰ ਵਿਚ ਬੈਠਾ ਰਿਹਾ, ਹਰ ਆਉਣ ਵਾਲੇ ਨੂੰ ਜਿਹੜਾ ਪ੍ਰਾਰਥਨਾ ਕਰਨ ਆਉਂਦਾ, ਖਲ੍ਹਾਰਦਾ ਰਿਹਾ ਅਤੇ ਹਰ ਲੰਘਣ ਵਾਲੇ ਨੂੰ ਪੁੱਛਦਾ ਰਿਹਾ "ਸ਼ਾਇਦ ਤੁਸੀਂ ਉਸ ਨੂੰ ਕਿਤੇ ਵੇਖਿਆ ਹੋਵੇ, ਸ਼ਾਇਦ ਤੁਸੀਂ ਉਸ ਨੂੰ ਜਾਂਦੇ ਨੂੰ ਵੇਖਿਆ ਹੋਵੇ।" ਕੋਈ ਵੀ ਨਹੀਂ ਸੀ ਜਾਣਦਾ। ਮੈਂ ਖੂਹ ਦੇ ਦੁਆਲੇ ਵੀ ਗਿਆ, ਪਾਣੀ ਦੇ ਤਲਾਅ ਦੇ ਕੋਲ ਅਤੇ ਬਾਜ਼ਾਰ ਦੇ ਅੰਦਰ ਅਤੇ ਬਾਹਰ ਵੀ ਗਿਆ। ਮੈ ਬੰਨਟਵਾ ਦੇ ਸਾਰੇ ਖੇਤਾਂ ਅਤੇ ਬਾਗਾਂ ਵਿਚ ਉਸ ਦੀ ਖੋਜ਼ ਕੀਤੀ, ਬਿਲਕੁਲ ਮੁੱਖ ਸੜਕ ਤਕ, ਜਿਥੇ ਮੈਂ ਉਸ ਸੜਕ ਦੇ ਵਿਚਕਾਰ ਖੜ੍ਹਾ ਹੋ ਗਿਆ ਅਤੇ ਦੂਰ ਤਕ ਵੇਖਦਾ ਰਿਹਾ ਜਿਥੋਂ ਤਕ ਨਜ਼ਰ ਜਾਂਦੀ ਸੀ। ਮੈਂ ਟਰਾਂਸਪੋਰਟਰਾਂ, ਯਾਤਰੀਆਂ ਅਤੇ ਵਪਾਰੀਆਂ ਨਾਲ ਉਸ ਬਾਰੇ ਗੱਲਾਂ ਕੀਤੀਆਂ, ਪਰ ਕੋਈ ਵੀ ਉਸ ਨੂੰ ਨਹੀਂ ਸੀ ਜਾਣਦਾ। ਜਦੋਂ ਦਿਨ ਡੁੱਬ ਗਿਆ ਤਾਂ ਮੈਂ ਘਰ ਪਰਤ ਆਇਆ, ਉਹ ਇਕ ਯਾਤਰਾ ਕਰ ਰਹੀ ਆਤਮਾ ਸੀ, ਮੈਂ ਜਾਣਦਾ ਸਾਂ, ਮੈਂ ਉਸ ਨੂੰ ਫਿਰ ਨਹੀਂ ਵੇਖ ਸਕਾਂਗਾ, ਉਸ ਦੇ ਛੁੱਪ ਜਾਣ ਨੇ ਮੈਨੂੰ ਕਈ ਮਹੀਨੇ ਉਦਾਸੀ ਵਿਚ ਰੱਖਿਆ। ਮੈਂ ਆਪਣਾ ਪਹਿਲਾ ਅਧਿਆਪਕ ਗਵਾ ਲਿਆ ਸੀ।

ਮੇਰੀ ਭੈਣ ਜੁਬੇਦਾ ਦੀ ਸ਼ਾਦੀ ਸਾਡੀ ਮਾਸੀ ਦੇ ਲੜਕੇ ਨਾਲ ਅਯੋਜਿਤ ਕੀਤੀ ਗਈ ਸੀ ਜਦੋਂ ਉਹ ਦੋਵੇਂ ਹੀ 14, 15 ਸਾਲਾਂ ਦੀ ਉਮਰ ਦੇ ਸਨ। ਕਿਉਂ ਕਿ ਮੇਰੇ ਮਾਤਾ ਪਿਤਾ ਆਪਣੀ ਜਾਇਦਾਦ ਦਾ ਵਿਖਾਵਾ ਕਰਨ ਦੇ ਖਿਲਾਫ ਸਨ, ਮੇਰੀ ਮਾਂ ਨੇ ਇਕ ਮੈਮਨ ਔਰਤ ਨੂੰ ਕਿਹਾ ਸੀ, ਜਿਸ ਨੇ ਮੇਰੀ ਭੈਣ ਦੀ ਥੋੜੇ ਦਹੇਜ 'ਤੇ ਟਿੱਪਣੀ ਕੀਤੀ ਸੀ, "ਇਸ ਦਾ ਅਰਥ ਇਹ ਨਹੀਂ ਕਿ ਅਸੀਂ ਉਸ ਨੂੰ ਘੱਟ ਪਿਆਰ ਕਰਦੇ ਹਾਂ,

ਸਿਰਫ ਅਸੀਂ ਸਾਦਗੀ ਨੂੰ ਵੀ ਉਨਾ ਹੀ ਪਿਆਰ ਕਰਦੇ ਹਾਂ। ਉਸ ਦੇ ਦਹੇਜ ਵਿਚ ਸਾਡਾ ਦੋਹਾਂ ਦਾ ਪਿਆਰ ਵੀ ਜੁੜ ਗਿਆ ਹੈ।" ਮਸਜਿਦ ਵਿਚ ਸਾਧਾਰਨ ਰਸਮ ਕੀਤੀ ਗਈ ਅਤੇ ਫਿਰ ਉਸ ਨੂੰ ਰਿਕਾਰਡ ਵਿਚ ਦਰਜ ਕਰ ਲਿਆ ਗਿਆ। ਸਾਡੇ ਘਰ ਦੇ ਸਾਹਮਣੇ ਕੋਈ 15 ਪਰਿਵਾਰਕ ਮੈਂਬਰ ਇਕ ਸ਼ਾਮਿਆਨੇ ਵਿਚ ਸ਼ਾਮਿਲ ਹੋਏ ਅਤੇ ਦੁਲਹਨ ਆਪਣੇ ਨਵੇਂ ਪਰਿਵਾਰ ਨਾਲ ਬੰਗਲੌਰ ਵੱਲ ਚਲ ਪਈ, ਜਿਥੇ ਉਸ ਦਾ ਪਤੀ ਇਕ ਦੁਕਾਨ 'ਤੇ ਨੌਕਰੀ ਕਰਦਾ ਸੀ। ਕਿਉਂਕਿ ਅਸੀਂ ਸਭ ਕੁਝ ਚੁਪਚਾਪ ਪ੍ਰਵਾਨ ਕਰ ਲਿਆ ਸੀ, ਸਾਡੇ ਵਿਚੋਂ ਹੋਰ ਕੋਈ ਉਦਾਸ ਨਹੀਂ ਸੀ ਪਰ ਮੇਰੀ ਮਾਂ ਉਸ ਦੇ ਜਾਣ 'ਤੇ ਉਦਾਸ ਸੀ।

ਮੈਂ ਆਪਣੀ ਉਹ ਨੌਕਰੀ ਛੱਡ ਦਿੱਤੀ ਜਿਸ ਵਿਚ ਮੇਰੀ ਦਿਲਚਸਪੀ ਨਹੀਂ ਰਹੀ ਸੀ ਅਤੇ ਵਾਪਸ ਸਕੂਲ ਵਿਚ ਅੰਗਰੇਜ਼ੀ ਦੀ ਪਹਿਲੀ ਜਮਾਤ ਵਿਚ ਆ ਗਿਆ। ਸਕੂਲ ਦਾ ਮਾਸਟਰ ਬਦਲ ਦਿੱਤਾ ਗਿਆ ਸੀ। ਮੈਨੂੰ ਅਜੇ ਵੀ ਪੜ੍ਹਾਈ ਵਿਚ ਕੋਈ ਦਿਲਚਸਪੀ ਨਹੀਂ ਸੀ ਪਰ ਮੈਨੂੰ ਪਹਿਲੇ ਸਥਾਨ ਤੋਂ ਦੂਸਰੀ ਜਮਾਤ ਵਿਚ ਕਰ ਦਿੱਤਾ ਗਿਆ, ਜਿਸ ਨੂੰ ਮੈਂ 13 ਸਾਲਾਂ ਦੀ ਉਮਰ ਵਿਚ ਪਾਸ ਕਰਕੇ, ਅਖ਼ੀਰ ਮੈਂ ਆਪਣੀ ਪੜ੍ਹਾਈ ਵਿਚੋਂ ਹੀ ਛੱਡ ਦਿੱਤੀ।

ਕਿਸੇ ਨਵੀਂ ਖੁਸ਼ੀ ਲਈ ਅਸੀਂ ਸਿਨਮਾ ਵੇਖਣ ਦਾ ਪ੍ਰੋਗਰਾਮ ਬਣਾਇਆ, ਇਹ ਮੇਰੇ ਵੱਲੋਂ ਵੇਖਣ ਵਾਲੀ ਪਹਿਲੀ ਫਿਲਮ ਸੀ ਅਤੇ ਇਸ ਦਾ ਨਾਂ ਸੀ 'ਪੁਕਾਰ'। ਮੈਂ ਬੜੇ ਧਿਆਨ ਨਾਲ ਨਹਾਤਾ ਅਤੇ ਚਿੱਟੇ ਪਜ਼ਾਮੇ ਦੇ ਨਾਲ ਨਵੀਂ ਲਾਲ ਕਮੀਜ਼ ਪਾਈ, ਮੈਂ ਸਿਰ 'ਤੇ ਤੇਲ ਮਲਿਆ ਅਤੇ ਕੋਈ ਵੱਡਾ ਕੰਮ ਸਮਝ ਕੇ ਆਪਣੇ ਦੋਸਤਾਂ ਨਾਲ ਬਸ ਦੁਆਰਾ ਅਹਿਮਦਾਬਾਦ ਚਲੇ ਗਏ। ਕਿਉਂ ਜੋ ਸਾਡੇ ਵਿਚੋਂ ਕੋਈ ਇਸ ਤੋਂ ਪਹਿਲਾਂ ਬੰਨਟਵਾ ਤੋਂ ਬਾਹਰ ਨਹੀਂ ਸੀ ਗਿਆ, ਇਸ ਲਈ ਬੜੀ ਹੈਰਾਨੀ ਨਾਲ ਅਜੀਬ ਜਿਹੇ ਵਾਤਾਵਰਣ ਵਿਚ ਅੱਖਾਂ ਖੋਹਲ ਕੇ ਇੱਧਰ-ਉੱਧਰ ਵੇਖ ਰਹੇ ਸਾਂ ਅਤੇ ਤਾਕਤ ਘੱਟ ਮਹਿਸੂਸ ਕਰ ਰਹੇ ਸਾਂ ਅਤੇ ਡਰੇ ਹੋਏ ਸਾਂ।

ਅਸੀਂ ਸਾਰਿਆਂ ਨੇ ਟਿਕਟ ਖ਼ਰੀਦ ਲਈ ਅਤੇ ਹਨੇਰੇ ਹਾਲ ਵਿਚ ਸਾਡੀ ਜੁੰਡਲੀ ਦਾਖਿਲ ਹੋਈ ਜਿਥੇ ਸਾਡੀਆਂ ਅੱਖਾਂ ਇਕ ਵੱਡੇ ਪਰਦੇ 'ਤੇ ਲੱਗ ਗਈਆਂ। ਬਿਨਾਂ ਆਪਣਾ ਕੇਂਦਰ ਬਦਲਿਆਂ ਅਸੀਂ ਆਪਣੀਆਂ ਸੀਟਾਂ 'ਤੇ ਬੈਠ ਗਏ ਅਤੇ ਟਿਕਟਿਕੀ ਨਾਲ ਵੇਖਣ ਲੱਗ ਪਏ। ਹਰ ਕੁਝ ਮਿੰਟਾਂ ਬਾਅਦ, ਛੱਤ ਵਾਲੇ ਚਲਦੇ ਪੱਖਿਆਂ ਨਾਲ ਸਾਡੇ ਪਸੀਨੇ ਦੀ ਬਦਬੂ ਸਾਰੇ ਹਾਲ ਵਿਚ ਅਤੇ ਸਾਡੀਆਂ ਨਾਸਾਂ ਨੂੰ ਚੜ੍ਹਨ ਲੱਗੀ। ਅਸੀਂ ਦੁਨੀਆਂ ਤੋਂ ਬਾਹਰ ਕੱਢੇ ਜਾਪਦੇ ਸਾਂ। ਛੇਤੀ ਹੀ ਮੈਂ ਅੰਧੇਰੇ ਵਿਚ ਬੇਚੈਨੀ ਮਹਿਸੂਸ ਕਰਨ ਲੱਗਾ ਅਤੇ ਬੇਆਰਾਮ ਸਾਂ ਅਤੇ ਸਕਰੀਨ ਤੋਂ ਬਾਹਰ ਜਾਣ ਲਈ ਲੜ ਰਿਹਾ ਸਾਂ। ਨਾ ਮੈਂ ਕਹਾਣੀ 'ਤੇ ਕੇਂਦਰਿਤ ਸਾਂ ਨਾ ਹੀ ਐਕਟਰਾਂ 'ਤੇ। ਮੈਂ ਵੇਖਿਆ, ਮੇਰੇ ਦੋਸਤ ਇਸ ਵਿਚ ਗੁਆਚੇ ਹੋਏ ਸਨ। ਅਖੀਰ ਵਿਚ ਉਹ

ਖ਼ਤਮ ਹੋ ਗਈ। ਸਿਨਮੇ ਤੋਂ ਬਾਹਰ ਦਿਨ ਦਾ ਚਾਨਣ ਅਤੇ ਅਸਲੀ ਜ਼ਿੰਦਗੀ ਨੇ ਸਾਨੂੰ ਕੁਝ ਸਮੇਂ ਲਈ ਘੇਰ ਲਿਆ ਅਤੇ ਅਸੀਂ ਚੁਪ ਰਹੇ ਜਿਵੇਂ ਪਾਗਲ ਜਿਹੇ ਬਣ ਗਏ ਹੋਈਏ। ਜਦੋਂ ਉਹ ਉਤੇਜਨਾ ਕੁਝ ਘਟੀ, ਮੇਰੇ ਦੋਸਤ ਇਸ ਘਟਨਾ ਸੰਬੰਧੀ ਜ਼ਿਆਦਾ ਨਾ ਬੋਲ ਸਕੇ। ਮੈਂ ਫਿਲਮ ਨੂੰ ਯਾਦ ਕਰਨ ਦੀ ਕੋਸ਼ਿਸ਼ ਕੀਤੀ, ਆਪਣੀਆਂ ਟਿੱਪਣੀਆ ਦਿੱਤੀਆਂ, ਉਸ ਘਟਨਾ ਬਾਰੇ ਦੱਸਿਆ ਪਰ ਮੈਨੂੰ ਉਸ ਦੀ ਕੋਈ ਸਮਝ ਨਹੀਂ ਸੀ।

ਬੰਨਟਵਾ ਵਿਚ ਮੇਰੇ ਸਾਰੇ ਦੋਸਤ ਹੀਰੋ ਦੀ ਤਰ੍ਹਾਂ ਵਿਵਹਾਰ ਕਰਨ ਲੱਗੇ। ਉਹਨਾਂ ਨੇ ਮੱਥਿਆਂ 'ਤੇ ਵਾਲਾਂ ਦੇ ਕੁੰਡਲ ਬਨਾਉਣੇ ਸ਼ੁਰੂ ਕਰ ਦਿੱਤੇ ਅਤੇ ਉਹ ਆਪਣੇ ਹੱਥ ਆਪਣੀਆਂ ਜੇਬਾਂ ਵਿਚ ਥੱਲੇ ਤਕ ਪਾ ਕੇ ਗਲੀਆਂ ਵਿਚ ਖੜ੍ਹੇ ਰਹਿੰਦੇ ਅਤੇ ਆਪਣੇ ਪੈਰ ਖੋਲ ਕੇ ਰੱਖਦੇ ਅਤੇ ਉਹ ਉਨ੍ਹਾਂ ਸੰਵਾਦਾਂ ਨੂੰ ਦੁਹਰਾਉਂਦੇ ਜੋ ਉਹਨਾਂ ਨੇ ਯਾਦ ਕੀਤੇ ਸਨ। ਦੂਸਰੀ ਤਰਫ, ਸਾਰੀ ਕਹਾਣੀ ਬੇਤਰਤੀਬੀ ਵਿਚ ਰਲ ਗਈ ਸੀ ਅਤੇ ਖਿਲਰ ਗਈ ਸੀ। ਉਹ ਨਾ ਸਮਝੇ ਜਾਣ ਵਾਲੇ ਟੁੱਕੜਿਆਂ ਵਿਚ ਤਬਦੀਲ ਹੋ ਗਈ ਜਿਹੜੇ ਮੇਰੇ ਦਿਮਾਗ ਵਿਚ ਫਜ਼ੂਲ ਹੀ ਤਰਦੇ ਰਹੇ, ਜਦੋਂ ਤਕ ਮੈਂ ਉਹ ਸਾਰਾ ਮਾਮਲਾ ਭੁੱਲ ਨਾ ਗਿਆ।

"ਮੇਰਾ ਕੀ ਹੋਵੇਗਾ" ਮੇਰੀ ਮੁੱਖ ਸੋਚ ਸੀ। ਇਸ ਸੋਚ ਨੇ ਮੈਨੂੰ ਕਿਸੇ ਹੋਰ ਚੀਜ਼ 'ਤੇ ਗੰਭੀਰਤਾ ਨਾਲ ਕੇਂਦਰਿਤ ਨਾ ਹੋਣ ਦਿੱਤਾ। ਮੈਂ ਗੁਸਲਖਾਨੇ ਵਿਚ ਆਪਣੇ ਆਪ ਨੂੰ ਲੁਕਾ ਲੈਂਦਾ ਤਾਂ ਕਿ ਆਪਣੇ ਆਪ ਕੋਲ ਹੋਵਾਂ ਅਤੇ ਭਵਿੱਖ ਦੇ ਦਿਨ ਦਾ ਸੁਪਨਾ ਸ਼ਾਂਤ ਹੋਵੇ। ਮੈਂ ਵੇਖਿਆ ਇਥੇ ਬਿਤਾਇਆ ਹੋਇਆ ਸਮਾਂ, ਕਿਸੇ ਹੋਰ ਥਾਂ ਨਾਲੋਂ ਜ਼ਿਆਦਾ ਨਿੱਜੀ ਸੀ, ਅਸਲ ਵਿਚ ਇੱਕਲੇ ਹੋਣ ਦਾ ਇਹ ਹੀ ਇਕ ਸਮਾਂ ਸੀ। ਭਾਵੇਂ ਮੈਂ ਜ਼ਿਆਦਾ ਵਰਤਮਾਨ ਦੀ ਸੱਚਾਈ ਵਿਚ ਰਹਿੰਦਾ ਸਾਂ, ਪਰ ਮੈਂ ਆਪਣੇ ਤੋਂ ਅੱਗੇ ਦੇ ਸਮੇਂ ਬਾਰੇ ਆਮ ਸੋਚਦਾ ਰਹਿੰਦਾ ਸਾਂ, ਜਿਥੇ ਮੈਂ ਇਸ ਤਰ੍ਹਾਂ ਦੀ ਸਾਰੀ ਦੁਨੀਆਂ ਦੀ ਤੰਗ ਗਲੀ ਵਿਚ ਘੁੰਮਦਾ ਰਹਿੰਦਾ। ਜਦੋਂ ਮੈਨੂੰ ਕੋਈ ਇਸ ਤਰ੍ਹਾਂ ਦਾ ਖਿਆਲ ਜੋ ਮੈਨੂੰ ਇਹੋ ਜਿਹੇ ਸਮੇਂ ਝੰਜੋੜਦਾ, ਉਸ ਬਾਰੇ ਮੈਂ ਕੁਝ ਬਿਆਨ ਕਰਦਾ, ਮੇਰੇ ਦੋਸਤ ਹੱਸ ਪੈਂਦੇ, "ਤੂੰ ਇਹ ਕਿਉਂ ਸੋਚਦਾ ਹੈਂ ਕਿ ਉਹ ਤੇਰੇ ਕੋਲ ਰੋਟੀ ਲਈ ਆਉਣਗੇ। ਜੇ ਉਹ ਸੱਚੇ ਹੋਏ ਤਾਂ ਉਹ ਮਸਜਿਦ ਵਿਚ ਆਉਣਗੇ। ਸ਼ਾਇਦ ਸ਼ੈਤਾਨ ਤੈਨੂੰ ਗ਼ਲਤ ਅਗਵਾਈ ਦੇ ਰਿਹਾ ਹੈ।" ਮੈਂ ਆਪਣਾ ਬਚਾਅ ਕਰਦਾ, "ਇਹ ਮੇਰੇ ਕੰਟਰੋਲ ਵਿਚ ਨਹੀਂ ਕਿ ਇਹ ਚੋਣ ਕਰਾਂ ਕਿ ਇਹ ਖਿਆਲ ਕਿਥੋਂ ਅਤੇ ਕਦੋਂ ਆਉਂਦੇ ਹਨ।"

ਭਾਵੇਂ ਮੇਰੀਆਂ ਯੋਜਨਾਵਾਂ ਛੋਟੀਆਂ ਸਨ, ਪਰ ਮੇਰੇ ਕਦ ਲਈ ਉਹ ਬਹੁਤ ਵੱਡੀਆਂ ਜਾਪਦੀਆਂ ਸਨ, "ਮੈਂ ਪੈਨਸਲਾਂ ਅਤੇ ਤੀਲਾਂ ਦੀਆਂ ਡੱਬੀਆਂ ਗਲੀਆਂ ਵਿਚ ਵੇਚਾਂਗਾ ਅਤੇ ਕਮਾਏ ਹੋਏ ਪੈਸੇ ਨੂੰ ਕੰਪਨੀ ਦੇ ਸ਼ੇਅਰਾਂ ਵਿਚ ਖ਼ਰਚ ਕਰਾਂਗਾ।"

ਇਹ ਸਕੀਮ ਮੇਰੇ ਦਿਲ ਨੂੰ ਲੱਗੀ ਅਤੇ ਉਸ ਨੇ ਮੈਨੂੰ ਪ੍ਰਭਾਵਿਤ ਕੀਤਾ, "ਮੈਂ ਆਪਣਾ ਅੱਧਾ ਪੈਸਾ ਗ਼ਰੀਬਾਂ ਲਈ ਵਰਤਾਂਗਾ।" ਉਹਨਾਂ ਲਈ ਮੈਂ ਕਿਵੇਂ ਅਤੇ ਕੀ ਕਰਾਂਗਾ, ਕੁਝ ਉਹ ਸੁਆਲ ਸਨ ਜਿਨ੍ਹਾਂ ਦੇ ਜਵਾਬ ਮੇਰੇ ਦਿਮਾਗ ਵਿਚ ਬਦਲਦੇ ਰਹੇ ਅਤੇ ਵਿਕਸਤ ਹੁੰਦੇ ਰਹੇ, "ਮੈਂ ਹਸਪਤਾਲ ਬਣਾਵਾਂਗਾ, ਫਿਰ ਫੈਕਟਰੀ ਲਾਵਾਂਗਾ ਜੋ ਗ਼ਰੀਬਾਂ ਨੂੰ ਸਿਖਲਾਈ ਅਤੇ ਰੋਜ਼ਗਾਰ ਦੇਵੇਗੀ ਅਤੇ ਅਪੰਗਾਂ ਲਈ ਇਕ ਪਿੰਡ ਬਣਾਵਾਂਗਾ।"

ਛੋਟਾ ਜਿਹਾ ਸ਼ੁਰੂ ਕਰੋ, ਮੈਂ ਹਰ ਵਕਤ ਆਪਣੇ ਆਪ ਨੂੰ ਯਾਦ ਕਰਵਾਉਂਦਾ ਰਹਿੰਦਾ ਸਾਂ। ਇਹ ਉਸ ਕੰਮ ਦੀ ਕਦਰ ਦੀ ਭਾਵਨਾ ਕਰਕੇ ਸੀ, ਜਿਸ ਨੂੰ ਮੇਰੇ ਮਾਂ ਬਾਪ ਨੇ ਮੇਰੇ ਦਿਲ ਵਿਚ ਪੈਦਾ ਕੀਤਾ ਸੀ। ਮੇਰਾ ਬਾਪ ਅਕਸਰ ਕਹਿੰਦੇ ਹੁੰਦੇ ਸਨ, "ਕੋਈ ਵੀ ਕੰਮ ਕਰਨਾ ਬੇਇੱਜ਼ਤੀ ਨਹੀਂ ਹੈ, ਘੱਟੀਆ ਤੋਂ ਘੱਟੀਆ ਕੰਮ ਵੀ ਇੱਜ਼ਤਦਾਰ ਹੈ ਅਤੇ ਸਤਿਕਾਰ ਦਾ ਹੱਕਦਾਰ ਹੈ। ਥੱਲੇ ਦੇ ਦਰਜੇ ਤੋਂ ਸ਼ੁਰੂ ਕਰੋ।" ਉੱਚਾ ਸੋਚੋ ਮੈਂ ਆਪਣੇ ਆਪ ਨੂੰ ਯਾਦ ਕਰਵਾਉਂਦਾ ਸਾਂ। ਮੇਰਾ ਬਾਪ ਵੀ ਇਹ ਹੀ ਕਹਿੰਦੇ ਹੁੰਦੇ ਸਨ, "ਇਹ ਮਹੱਤਵਪੂਰਨ ਹੈ ਕਿ ਸੀਮਾਂ ਤੋਂ ਬਗੈਰ ਸੋਚੋ। ਖਿਆਲਾਂ ਨੂੰ ਸੀਮਤ ਰੱਖ ਕੇ ਆਪਣੀ ਤਾਕਤ ਦਾ ਵਿਕਾਸ ਰੋਕਣਾ ਹੈ।"

ਮੈਮਨ ਇਕ ਚੱਕਰ ਦਾ ਹਿੱਸਾ ਹੋਣ ਵਿਚ ਵਿਸ਼ਵਾਸ ਕਰਦੇ ਸਨ। ਉਥੋਂ ਦੇ ਰਹਿਣ ਵਾਲੇ ਕਿਸਾਨ ਚਾਵਲ ਅਤੇ ਕਣਕ ਪੈਦਾ ਕਰਦੇ ਸਨ। ਮੈਮਨ ਵਪਾਰੀ ਥੋਕ ਮੰਡੀਆਂ ਵਿਚੋਂ ਵੱਡੇ ਪੈਮਾਨੇ 'ਤੇ ਖ਼ਰੀਦ ਲੈਂਦੇ ਸਨ ਅਤੇ ਉਸ ਨੂੰ ਕੰਪਨੀਆਂ ਕੋਲ ਅਤੇ ਦੁਕਾਨਾਂ 'ਤੇ ਵੇਚਦੇ ਸਨ। ਬੰਨਟਵਾ ਦੇ ਲੋਕ ਛੇਤੀ ਹੀ ਸਮਾਜ ਦੀਆਂ ਨੌਕਰੀਆਂ ਦੀ ਗੰਭੀਰ ਮੁਸ਼ਕਲ ਦਾ ਸਾਹਮਣਾ ਕਰਨ ਲੱਗ ਪਏ, ਜੇ ਕਿਸੇ ਕਾਰਨ ਉਹਨਾਂ ਨੂੰ ਨੌਕਰੀ ਤੋਂ ਕੱਢ ਦਿੱਤਾ ਜਾਂਦਾ ਜਾਂ ਉਹ ਕੰਪਨੀ ਨੂੰ ਛੱਡ ਦਿੰਦੇ ਤਾਂ ਉਨ੍ਹਾਂ ਨੂੰ ਹੋਰ ਕੋਈ ਉਸ ਦੀ ਮਨਜ਼ੂਰੀ ਤੋਂ ਬਗੈਰ ਨੌਕਰੀ 'ਤੇ ਨਾ ਲਾਉਂਦਾ। ਇਸ ਨਾਲ ਦੇਰੀ ਹੁੰਦੀ, ਬੇਰੁਜ਼ਗਾਰੀ ਅਤੇ ਗੁੱਸਾ ਵੱਧਦਾ ਅਤੇ ਅਸੰਤੁਸ਼ਟ ਆਦਮੀ ਹੋਰ ਕੰਮਾਂ ਲਈ ਦਿੱਲੀ, ਕਲਕੱਤਾ ਅਤੇ ਕਾਨਪੁਰ ਚਲੇ ਜਾਂਦੇ। ਜਦੋਂ ਉਹ ਕਾਮਯਾਬ ਹੋ ਜਾਂਦੇ ਅਤੇ ਵਾਪਸ ਬੰਨਟਵਾ ਆਉਂਦੇ ਤਾਂ ਮੀਟਿੰਗਾਂ ਕਰਕੇ ਵਪਾਰੀਆਂ ਦੇ ਏਕਾਧਿਕਾਰ ਸਥਾਪਿਤ ਕਰਨ ਲਈ ਉਨ੍ਹਾਂ ਦੀ ਨਿੰਦਿਆ ਕਰਦੇ।

ਉਹ, ਉਹ ਗੱਲਾਂ ਦੱਸਦੇ ਜਿਸ ਵਿਚ ਗ਼ਰੀਬ ਲੜਕੀਆਂ ਦਾ ਸ਼ੋਸ਼ਣ ਕੀਤਾ ਜਾਂਦਾ ਅਤੇ ਉਹਨਾਂ ਦਾ ਆਪਣੇ ਪਰਿਵਾਰ ਦੀ ਮਦਦ ਕਰਨ ਲਈ ਨੌਕਰੀਆਂ ਕਰਨ ਨੂੰ ਅਪਮਾਨ ਪੂਰਣ ਵਿਵਹਾਰ ਕੀਤਾ ਜਾਂਦਾ, ਜਦੋਂ ਕਿ ਇਕ ਅਮੀਰ ਆਦਮੀ ਦੀ ਲੜਕੀ ਨੂੰ ਕਲੱਬ ਵਿਚ ਡਾਂਸ ਕਰਨ ਲਈ ਸਲਾਹਿਆ ਜਾਂਦਾ ਅਤੇ ਉਨ੍ਹਾਂ ਦੇ ਵਿਵਹਾਰ ਨੂੰ ਇਕ ਸੱਭਿਅਤਾ ਦਾ ਗੁਣ ਦੇ ਵਿਵਹਾਰ ਹੋਣ ਦਾ ਤਤਕਰਾ ਕੀਤਾ ਜਾਂਦਾ। ਸਮਾਜਿਕ ਇਨਸਾਫ ਦੇ ਖਿਲਾਫ ਇਹ ਮੇਰਾ ਪਹਿਲਾ ਮੁਕਾਬਲਾ ਸੀ। ਇਸ

ਤੋਂ ਪਹਿਲਾਂ ਦੀ ਅਸਮਾਨਤਾ ਜੋ ਮੈਂ ਵੇਖੀ ਸੀ, ਮੈਂ ਉਸ ਨੂੰ ਅਰਾਮ ਨਾਲ ਪ੍ਰਮਾਤਮਾ ਦੀ ਮਰਜ਼ੀ ਸਮਝ ਕੇ ਪ੍ਰਵਾਨ ਕਰ ਲਿਆ ਸੀ। ਇਨ੍ਹਾਂ ਆਦਮੀਆਂ ਨੇ ਕੁਝ ਇਸ ਤਰ੍ਹਾਂ ਦੇ ਮੁੱਦੇ ਉਠਾਏ ਸਨ ਜਿਨ੍ਹਾਂ ਨੇ ਕੁਝ ਹੋਰ ਕਾਰਨਾਂ ਵੱਲ ਇਸ਼ਾਰਾ ਕੀਤਾ ਸੀ...... ਮਨੁੱਖੀ ਕਾਰਨ। ਕਈ ਵਾਰ ਮੇਰੇ ਦਿਲ ਵਿਚ ਕਈ ਵੱਲ-ਵਲੇ ਉਠਦੇ ਅਤੇ ਮੈਂ ਗੁਜਾਰਤੀ ਅਖ਼ਬਾਰਾਂ ਪੜ੍ਹਨ ਲੱਗ ਪੈਂਦਾ, ਜਿਥੇ ਕਈ ਲੇਖ ਮੇਰੇ ਧਿਆਨ ਨੂੰ ਖਿੱਚ ਲੈਂਦੇ।

ਤੇਰ੍ਹਾਂ ਸਾਲਾਂ ਦੀ ਉਮਰ ਵਿਚ, ਮੁਸਲਿਮ ਗੁਜਰਾਤ ਗੱਜ਼ਟ, ਬੰਬਈ ਸਮਾਚਾਰ ਅਤੇ ਇਕ ਮੈਗਜੀਨ ਜਿਸ ਨੂੰ ਸੈਂਡਜ ਕਿਹਾ ਜਾਂਦਾ ਸੀ, ਉਹਨਾਂ ਨੇ ਮੈਨੂੰ ਮਾਰਕਸ ਅਤੇ ਲੈਨਿਨ ਦੇ ਖਿਆਲਾਂ ਬਾਰੇ ਵਾਕਫੀ ਦਿੱਤੀ। ਮੈਨੂੰ ਸਮਰਾਜਵਾਦ ਦੇ ਖਿਲਾਫ ਗੁੱਸੇ ਸੰਬੰਧੀ ਅਤੇ ਮੁਹੰਮਦ ਅਲੀ ਜਿਨਾਹ ਦੇ ਉਦੇਸ਼, ਇਕ ਮੁਸਲਿਮ ਹੋਮ ਲੈਂਡ ਸਥਾਪਿਤ ਕਰਨ ਸੰਬੰਧੀ ਚੇਤਨਾ ਮਿਲੀ। ਮੈਂ ਅਬੁਜਾਰ ਗਫਾਰੀ ਨੂੰ ਖੋਜਿਆ, ਜੋ ਮੁਹੰਮਦ ਸਾਹਿਬ ਦਾ ਇਕ ਅਗਾਂਹ ਵਧੂ ਸਾਥੀ ਸੀ, ਜੋ ਮੁਸਲਮਾਨ ਹੁਕਮਰਾਨਾਂ ਦੀ ਜੰਗ ਦੀ ਲੁੱਟ ਬਾਰੇ ਬਦਲਦੀਆ ਰੁਚੀਆਂ ਦੀ ਨਿੰਦਿਆ ਕਰਦਾ ਸੀ ਅਤੇ ਧਨ ਦੇ ਇੱਕਠਾ ਕਰਨ ਦੇ ਵਿਰੁੱਧ ਸੀ। ਮੈਂ ਸਮਾਜ ਸੁਧਾਰ ਬਾਰੇ ਉਸ ਦੀ ਦੂਰ ਅੰਦੇਸ਼ੀ ਤੋਂ ਬਹੁਤ ਪ੍ਰਭਾਵਿਤ ਹੋਇਆ।

ਮੈਂ ਦੁਨੀਆਂ ਦੇ ਲੀਡਰਾਂ ਸੰਬੰਧੀ ਲਾਇਬ੍ਰੇਰੀ ਦੀ ਖੋਜ ਕੀਤੀ ਅਤੇ ਕਰਬਲਾਂ ਦਾ ਦੁਖਾਂਤ ਪੜ੍ਹਿਆ, ਹਜ਼ਰਤ ਮੁਹੰਮਦ ਸਾਹਿਬ ਅਤੇ ਉਹਨਾਂ ਦੇ ਸਾਥੀਆਂ ਦਾ ਇਤਿਹਾਸ ਅਤੇ ਨਾਲ ਹੀ ਲੈਨਿਨ ਵਲੋਂ ਮਾਰਕਸ ਦੀ ਵਿਚਾਰਧਾਰਾ ਨੂੰ ਲਾਗੂ ਕਰਨ ਬਾਰੇ ਵੀ ਪੜ੍ਹਿਆ। ਮੈਂ ਹਰ ਤਰ੍ਹਾਂ ਦੇ ਸੁਧਾਰ ਵਿਚ ਬੜੇ ਤਾਕਤਵਰ ਸਮਰੂਪਤਾ ਜਾਚੀ, ਉਹ ਸਭ ਇਕੋ ਜਿਹੇ ਮੁੱਦਿਆਂ ਨੂੰ ਠੀਕ ਕਰ ਰਹੇ ਸਨ। ਮੈਂ ਆਪਣੀ ਪਹਿਲੀ ਪੁਸਤਕ ਅਹਿਮਦਾਬਾਦ ਤੋਂ ਕਾਰਲ ਮਾਰਕਸ ਬਾਰੇ ਮੰਗਵਾਈ ਅਤੇ ਜਦੋਂ ਉਹ ਕਿਤਾਬ ਆਈ ਤਾਂ ਮੈਂ ਉਸ ਨੂੰ ਬਹੁਤ ਸ਼ੌਕ ਨਾਲ ਪੜ੍ਹਿਆ, ਮੈਂ ਗੋਰਕੀ ਦੀ ਪੁਸਤਕ **ਮਦਰ** ਤੋਂ ਬਹੁਤ ਪ੍ਰਭਾਵਿਤ ਹੋਇਆ।

ਕਿਉਂ ਜੋ ਮੈਂ ਸਿਰਫ ਗੁਜਰਾਤੀ ਹੀ ਪੜ੍ਹ ਸਕਦਾ ਸੀ ਇਸ ਲਈ ਮੇਰਾ ਬਾਹਰ ਦੀ ਦੁਨੀਆਂ ਨਾਲ ਪ੍ਰਚਿਤ ਹੋਣਾ ਅਤੇ ਸਾਹਿਤ ਨਾਲ ਸੰਬੰਧ ਨਾ ਬਣ ਸਕਿਆ। ਇਥੋਂ ਤਕ ਕਿ ਮੇਰੀ ਆਪਣੀ ਬੋਲੀ ਵਿਚ ਮੈਨੂੰ ਪੈਰੇ ਨੂੰ ਤਿੰਨ ਜਾਂ ਚਾਰ ਵਾਰ ਪੜ੍ਹਨਾਂ ਪੈਂਦਾ, ਇਸ ਤੋਂ ਪਹਿਲਾਂ ਕਿ ਮੈਂ ਉਸ ਨੂੰ ਸਮਝ ਸਕਦਾ, ਪਰ ਮੈਨੂੰ ਥੋੜੀ ਜਿਹੀ ਹੀ ਵਾਕਫੀ ਚਾਹੀਦੀ ਸੀ। ਇਕ ਵਾਰ ਮੈਨੂੰ ਪ੍ਰਤਿਕ੍ਰਿਆ ਕਰਨ ਦੇ ਕਾਰਨ ਦਾ ਪਤਾ ਲੱਗ ਜਾਂਦਾ ਤਾਂ ਮੈਂ ਉਸ ਨੂੰ ਬਹੁਤ ਸਥਿੱਤੀਆਂ ਵਿਚ ਬਣਾ ਕੇ ਵੇਖਦਾ ਤਾਂ ਕਿ ਉਦੇਸ਼ ਪ੍ਰਾਪਤ ਹੋ ਸਕੇ। ਭਾਵੇਂ ਕਿ ਸਿਧਾਂਤ ਠੀਕ ਹੁੰਦਾ ਸੀ, ਮੈਂ ਬਾਰ-ਬਾਰ ਸੁਆਲ ਕਰਦਾ, "ਇਸ ਦਾ ਸਿੱਟਾ ਕੀ ਨਿਕਲੇਗਾ ? ਇਸ ਦੀ ਨਜ਼ਰ ਸੱਚੀ ਹੈ, ਸਵੈ ਨਿਰਭਰ

ਹੋਣਾ ਜ਼ਰੂਰੀ ਹੈ, ਰਾਸ਼ਟਰੀ ਅਤੇ ਲੋਕ ਭਾਵਨਾ ਜ਼ਰੂਰੀ ਹੈ, ਅਸਮਾਨਤਾ ਅਤੇ ਗ਼ਰੀਬੀ, ਬੇਇਨਸਾਫੀ ਅਤੇ ਜ਼ੁਲਮ ਨੂੰ ਪ੍ਰਵਾਨ ਨਹੀਂ ਕੀਤਾ ਜਾ ਸਕਦਾ, ਪਰ ਉਹ ਸਪਸ਼ਟ ਖੇਤਰ ਕਿਹੜਾ ਹੈ ? ਉਹ ਕਿਸ ਨੂੰ ਅਣਗੌਲਿਆ ਕਰਦੇ ਹਨ, ਉਹ ਕਦੋਂ ਗ਼ਲਤੀ ਨੂੰ ਮਹਿਸੂਸ ਕਰਨਗੇ ਜਾਂ ਕੀ ਕੁਝ ਵੀ ਗ਼ਲਤ ਨਹੀਂ ?" ਇਹ ਉਹ ਸੋਚਾਂ ਸਨ, ਜੋ ਮੇਰੇ ਘਰ ਦੇ ਬਾਹਰ ਪਏ ਬੈਂਚ 'ਤੇ ਲੇਟੇ ਹੋਏ ਨੂੰ ਮੇਰਾ ਬਹੁਤ ਸਮਾਂ ਲੈ ਜਾਂਦੀਆਂ, ਅਸਮਾਨ ਵੱਲ ਟਿਕਟਿਕੀ ਲਗਾ ਕੇ ਵੇਖਦਿਆਂ ਹੋਇਆਂ, ਜਾਂ ਬਾਥਰੂਮ ਵਿਚ ਬੰਦ ਹੋਇਆਂ ਅਤੇ ਸਫਾਈ ਦੀਆਂ ਕ੍ਰਿਆਵਾਂ ਕਰਦਿਆ ਹੋਇਆਂ, ਨਹਾਉਂਦਿਆਂ....... ਦੇਰੀ ਕਰਦਿਆਂ।

ਮੈਂ ਇਨਕਲਾਬ ਸੰਬੰਧੀ ਬਹੁਤ ਭਾਵੁਕ ਹੋ ਜਾਂਦਾ ਅਤੇ ਉਸ ਦੇ ਸਬਕਾਂ ਨੂੰ ਸਿੱਖਣ ਲਈ ਉਤਾਵਲਾ ਸਾਂ। ਗਾਂਧੀ ਜੀ ਦਾ ਇਹ ਫੈਸਲਾ ਕਿ ਉਹ ਉੱਨਾ ਚਿਰ ਕਲਕੱਤੇ ਵਿਚ ਰਹਿਣਗੇ ਜਿੰਨਾਂ ਚਿਰ ਹਿੰਦੂ, ਮੁਸਲਿਮ ਫਸਾਦ ਬੰਦ ਨਹੀਂ ਹੋ ਜਾਂਦੇ, ਇਸ ਨੇ ਮੈਨੂੰ ਬਹੁਤ ਪ੍ਰਭਾਵਿਤ ਕੀਤਾ ਸੀ। ਗੱਫਾਰ ਖਾਨ ਦੀ **ਖੁਦਾਏ ਖਿਦਮਤਗਾਰ ਪਾਰਟੀ** ਆਪਣੇ ਨਾਂ ਤੋਂ ਮੇਰੇ ਦਿਲ ਨੂੰ ਛੂਹ ਗਈ ਸੀ। ਖਾਕਸਾਰ ਪਾਰਟੀ ਦੇ ਮਿਸ਼ਨ, ਲੋਕਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨਾ, ਨੇ ਮੈਨੂੰ ਕਾਫੀ ਉਤੇਜਿਤ ਕੀਤਾ ਸੀ।

ਭਾਵੇਂ ਕਿ ਇਨ੍ਹਾਂ ਵਿਚੋਂ ਕੁਝ ਪਾਰਟੀਆਂ ਮੁੱਖ ਭੂਮਿਕਾ ਨਹੀਂ ਸਨ ਨਿਭਾ ਰਹੀਆਂ, ਮੈਂ ਸਫਲਤਾ ਵਿਚ ਦਿਲਚਸਪੀ ਨਹੀਂ ਸਾਂ ਰੱਖਦਾ। ਮੈਂ ਸੱਚਾਈ ਦੇ ਇਕ ਸ਼ਬਦ ਜਾਂ ਕੰਮ ਨੂੰ ਪਹਿਚਾਣਿਆ ਅਤੇ ਮੇਰੇ ਮਨ ਵਿਚ ਪੱਕਾ ਹੋ ਗਿਆ। ਇਸ ਦਾ ਭਾਵੇਂ ਮੈਨੂੰ ਉਸ ਵਕਤ ਪਤਾ ਲੱਗਾ ਕਿ ਮੇਰੀ ਸੋਚ ਉਨ੍ਹਾਂ ਛੋਟੇ-ਛੋਟੇ ਕੰਮਾਂ ਤੋਂ ਵਿਕਸਤ ਹੋ ਰਹੀ ਹੈ...... ਉਹਨਾਂ ਨੇ ਮੇਰੇ ਧਿਆਨ ਨੂੰ ਕਾਬੂ ਕਰ ਲਿਆ ਸੀ। ਮੈਂ ਕਿਸੇ ਵੀ ਵਿਸ਼ੇ ਵਿਚ ਡੂੰਘੇ ਤੌਰ 'ਤੇ ਸ਼ਾਮਿਲ ਹੋਣ ਨੂੰ ਅਣਗੌਲਿਆ ਕਰਦਾ ਸਾਂ ਅਤੇ ਮੈਂ ਸਮਝਿਆ ਕਿ ਮੈਂ ਸਿਰਫ ਸੰਕੇਤਿਕ ਤੱਤਕਰੇ ਵੱਲ ਵੇਖਦਾ ਹਾਂ, ਜਿਨ੍ਹਾਂ ਲਈ ਮੈਂ ਮੁੱਢਲੀ ਵਾਕਫੀ 'ਤੇ ਕੇਂਦਰਿਤ ਰਹਿੰਦਾ ਸਾਂ, ਉਹਨਾਂ ਜਿੰਦਗੀਆਂ, ਸ਼ਖ਼ਸੀਅਤਾਂ ਦੇ ਖਿਆਲਾਂ ਬਾਰੇ ਡੂੰਘੇ ਅਧਿਅਨ ਅਤੇ ਵਿਆਖਿਆ ਵਿਚ ਮੇਰੀ ਕੋਈ ਦਿਲਚਸਪੀ ਨਹੀਂ ਸੀ। ਲੋਕਾਂ ਦੀਆਂ ਜਿੰਦਗੀਆਂ ਦਾ ਸੁਭਾਅ, ਉਹਨਾਂ ਦੇ ਹਾਲਾਤ ਅਤੇ ਉਹਨਾਂ ਦੀਆਂ ਮੁਸ਼ਕਲਾਂ ਉਹਨਾਂ ਦੇ ਇਰਾਦਿਆਂ ਨੂੰ ਜ਼ਿਆਦਾ ਮਹੱਤਤਾ ਦੇਂਦੀਆਂ ਸਨ ਜਿਵੇਂ ਮਾਰਕਸ ਕੋਲ ਆਪਣੇ ਲੜਕੇ ਲਈ ਨਾ ਦਵਾਈ ਸੀ ਅਤੇ ਨਾ ਹੀ ਦਫ਼ਨਾਉਣ ਲਈ ਕਫਨ ਸੀ, ਇਨ੍ਹਾਂ ਤੋਂ ਮੈਨੂੰ ਉਸ ਦੇ ਦਿਮਾਗ ਦੇ ਵਿਕਸਤ ਹੋਣ ਦੀਆਂ ਕਈ ਮਹੱਤਵਪੂਰਨ ਪਰਮਾਣਾਂ ਦਾ ਪਤਾ ਲੱਗਦਾ ਸੀ। ਮਾਰਕਸ ਸੰਬੰਧੀ ਮੇਰੀ ਸਮਝ ਮੈਨੂੰ ਇਸ ਵਿਸ਼ਵਾਸ ਲਈ ਮੇਰੀ ਅਗਵਾਈ ਕਰਦੀ ਕਿ ਬਾਜੀਦ, ਕਰਬਲਾ ਦਾ ਖਲਨਾਇਕ ਇਕ ਵੱਡਾ ਦੁਸ਼ਮਣ ਸੀ। ਮੈਂ ਵੱਡੇ ਸਰਮਾਏਦਾਰਾਂ ਨੂੰ ਚੰਗਾ ਨਾ ਸਮਝਣ ਲੱਗਾ ਅਤੇ

ਕੁਝ ਵਿਰੋਧਤਾਈਆਂ ਨੂੰ ਸਪੱਸ਼ਟ ਕਰਨ ਦੀ ਕੋਸ਼ਿਸ ਵਿਚ ਮੈਂ ਕੁਝ ਹੋਰ ਜੰਗਾਂ ਦੀਆਂ ਕਹਾਣੀਆਂ ਅਤੇ ਇਨਕਲਾਬੀ ਸ਼ਖ਼ਸੀਅਤਾਂ ਦੀ ਖੋਜ ਕੀਤੀ, ਇਨ੍ਹਾਂ ਨੇ ਮੇਰੀ ਆਤਮਾ ਵਿਚ ਹੋਰ ਬਗਾਵਤ ਪੈਦਾ ਕਰ ਦਿੱਤੀ।

ਕਰਬਲਾ ਦਾ ਦੁਖਾਂਤ ਇਕ ਬੇਇਨਸਾਫੀ ਸੀ, ਜਿਸ ਨੂੰ ਮੁਸਲਿਮ ਹਾਕਮਾਂ ਨੇ 700 ਸਾਲ ਤਕ ਚਲਾਈ ਰੱਖਿਆ। ਮੇਰਾ ਬਾਪ ਕਹਿੰਦੇ ਸਨ, "ਸ਼ਿਆਂ ਫ਼ਿਰਕੇ ਦੇ ਬੱਚਿਆਂ ਨੂੰ ਛੇ, ਸੱਤ ਸਾਲ ਦੀ ਛੋਟੀ ਉਮਰ ਤੋਂ ਹੀ ਇਹ ਗਿਆਨ ਦਿੱਤਾ ਜਾਂਦਾ ਹੈ। ਉਹਨਾਂ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ ਕਿ ਉਹ ਕਾਰਜਕਾਰੀਆਂ ਦੇ ਮਾੜੇ ਕੰਮਾਂ ਦੇ ਸਾਹਮਣੇ ਚੁੱਪ ਨਾ ਰਹਿਣ ਅਤੇ ਪ੍ਰਮਾਤਮਾ ਤੋਂ ਇਲਾਵਾ ਕਿਸੇ ਹੋਰ ਤੋਂ ਨਾ ਡਰਨ ਤਾਂ ਜੋ ਉਹ ਉਸ ਹਾਲਤ ਵਿਚ ਬੇਇਨਸਾਫੀ ਦੇ ਖਿਲਾਫ ਖੜੇ ਹੋ ਸਕਣ।" ਉਸ ਨੇ ਮੈਨੂੰ ਇਹ ਵੀ ਕਿਹਾ, "ਭਾਵੇਂ ਕਿ ਅਸੀਂ ਕਰਬਲਾ ਦੇ ਦੁਖਾਂਤ ਤੋਂ ਇਨਕਾਰ ਨਹੀਂ ਕਰਦੇ, ਕਈ ਗਰੁੱਪ ਸੱਚਾਈ ਨੂੰ ਅਣਗੌਲਿਆਂ ਕਰਦੇ ਹਨ ਅਤੇ ਉਸ ਨੂੰ ਯਾਦ ਕਰਨਾ ਨਹੀਂ ਚਾਹੁੰਦੇ। ਅੱਜ ਕੱਲ ਮੁਸਲਮਾਨਾਂ ਵਿਚ ਸੁਸਤੀ, ਬੇਇਨਸਾਫੀ ਦੇ ਖਿਲਾਫ ਚੁੱਪ ਰਹਿਣਾ, ਜੋਸ਼ ਅਤੇ ਸਵੈਮਾਨ ਦੀ ਘਾਟ ਦੀ ਰੁਚੀ ਇਸ ਬਚਾ ਵਾਲੇ ਸੁਭਾਅ ਕਰਕੇ ਹੈ।" ਉਹਨਾਂ ਦੇ ਸ਼ਬਦ ਇਕ ਜ਼ਰਖੇਜ਼ ਦਿਮਾਗ ਵਿਚ ਉਕਰੇ ਗਏ।

ਭਾਵੇਂ ਕਿ ਮੈਮਨ ਸੁਨੀ ਫਿਰਕੇ ਦੇ ਸਨ ਅਤੇ ਮੈਂ ਜਾਣਦਾ ਸੀ ਕੋਈ ਵੀ ਸ਼ਿਆ ਫਿਰਕੇ ਦਾ ਪੈਰੋਕਾਰ ਨਹੀਂ ਸੀ, ਪਰ ਮੈਂ ਬੜੇ ਪੱਕੇ ਤੌਰ 'ਤੇ ਮੁਹਰਮ ਦੇ ਮਹੀਨੇ ਵਿਚ 10ਵੇਂ ਦਿਨ ਸ਼ਹੀਦਾਂ ਨੂੰ ਬੜੇ ਵਿਸ਼ਵਾਸ ਨਾਲ ਯਾਦ ਕਰਦਾ ਸਾਂ। ਮੈਂ ਮਸਜਿਦ ਵਿਚ ਇਮਾਮ ਨੂੰ ਸੁਣਨ ਲਈ ਬੈਠ ਜਾਂਦਾ, ਜੋ ਦਿਲ ਨੂੰ ਤੜਪਾਉਣ ਵਾਲੀ ਕਹਾਣੀ ਸੁਣਾਉਂਦੇ ਸਨ ਅਤੇ ਬਹੁਤ ਉੱਚੀ-ਉੱਚੀ ਰੋਂਦੇ ਸਨ। ਇਹ ਬੜਾ ਅਜੀਬ ਸੀ ਕਿ ਇਹੋ ਜਿਹੇ ਮੌਕਿਆਂ 'ਤੇ ਮੈਂ ਸੌਂ ਜਾਂਦਾ ਸਾਂ, ਜਾਂ ਕੁਝ ਹੋਰ ਕਰਦਾ ਸਾਂ, ਜਿਸ ਤਰ੍ਹਾਂ ਸਿਨਮੇ ਵਿਚ ਹੋਇਆ ਸੀ, ਉਥੇ ਜਾਂਦਾ ਅਤੇ ਕੁਝ ਵੀ ਯਾਦ ਨਾ ਰੱਖਦਾ। ਕਿਉਂ ਜੋ ਵਾਕਫੀ ਵਿਚ ਮੇਰੀ ਜ਼ਿਆਦਾ ਦਿਲਚਸਪੀ ਸੀ, ਮੈਂ ਹੈਰਾਨ ਸਾਂ ਕਿ ਉਹ ਇਸ ਤਰ੍ਹਾਂ ਕਿਉਂ ਹੁੰਦਾ ਸੀ ਅਤੇ ਸਿੱਟਾ ਕੱਢਦਾ ਕਿ ਮੇਰੇ ਦਾਦਾ ਜੀ ਦਾ ਇਹ ਸੁਭਾਅ ਸੀ ਕਿ ਉਹ ਫਜ਼ੂਲ ਅਤੇ ਵਾਧੂ ਮਾਮਲੇ ਨੂੰ ਨਕਾਰਦੇ ਸਨ।

ਮੇਰੇ ਬਾਪ ਦਾ ਉਦਾਰਵਾਦੀ, ਅਗਾਂਹਵਧੂ ਅਤੇ ਵਿਚਾਰਵਾਨ ਦਿਮਾਗ ਸੀ। ਉਹ ਧਰਮ ਸੰਬੰਧੀ ਬਹੁਤ ਜੋਸ਼ ਨਹੀਂ ਸੀ ਰੱਖਦੇ, ਨਾ ਹੀ ਉਹ ਰਿਵਾਇਤਾਂ 'ਤੇ ਇੰਨਾਂ ਧਿਆਨ ਹੀ ਦਿੰਦੇ ਸਨ। ਭਾਵੇਂ ਕਿ ਉਸ ਨੇ ਹੱਜ ਕੀਤਾ ਹੋਇਆ ਸੀ, ਉਹ ਸੋਚ ਦੀ ਪਵਿੱਤਰਤਾ 'ਤੇ ਕੇਂਦਰਿਤ ਰਹਿਣ ਨੂੰ ਅਤੇ ਚਰਿੱਤਰ ਵਿਚ ਇਕ ਉਦਾਹਰਨ ਪੈਦਾ ਕਰਨ ਨੂੰ ਤਰਜੀਹ ਦਿੰਦੇ ਸਨ। ਅਸਰ ਅਤੇ ਮਗਰਿਬ ਦੀਆਂ ਪ੍ਰਾਰਥਨਾਵਾਂ ਵਿਚ ਕੋਈ 50 ਆਦਮੀ ਇੱਕਠੇ ਹੋ ਜਾਂਦੇ ਅਤੇ ਉਹਨਾਂ ਦੀਆਂ ਕਹਾਣੀਆਂ ਸੁਣਦੇ ਜੋ ਸਫਰ ਤੋਂ ਮੁੜ ਕੇ ਆਏ ਸਨ; ਉਹ ਉਪ ਮਹਾਂਦੀਪ ਦੀਆਂ ਰਾਜਨੀਤਕ ਮੁਸ਼ਕਲਾਂ ਦੀ

ਚਰਚਾ ਕਰਦੇ, ਦੁਨੀਆਂ ਦੀਆਂ ਕਹਾਣੀਆਂ ਅਤੇ ਨਵੀਆਂ ਵਪਾਰਕ ਸੰਭਾਵਨਾਵਾਂ ਬਾਰੇ ਗੱਲਾਂ ਦੱਸਦੇ। ਜਦੋਂ ਉਹ ਧਰਮ ਦੀ ਗੱਲ ਕਰਦੇ, ਤਾਂ ਮੇਰਾ ਬਾਪ ਉਸ ਵਿਸ਼ੇ ਨੂੰ ਬਦਲਨਾ ਚਾਹੁੰਦੇ, "ਤੁਸੀਂ ਉਸ ਨਾਲ ਲੋਕਾਂ ਨੂੰ ਪ੍ਰੇਸ਼ਾਨ ਕਿਉਂ ਕਰਦੇ ਹੋ ਜੋ ਤੁਸੀਂ ਆਪ ਨਹੀਂ ਸਮਝ ਸਕਦੇ।" ਜਦ ਅਸੀਂ ਘਰ ਨੂੰ ਮੁੜ ਰਹੇ ਹੁੰਦੇ ਤਾਂ ਉਹ ਸਾਨੂੰ ਦੱਸਦੇ, ਬਹੁਤ ਜ਼ਿਆਦਾ ਕੁਝ ਨਾ ਸੁਣਿਆ ਕਰ, "ਸ਼ਬਦਾਂ ਦੀ ਤਾਕਤ ਉਹਨਾਂ ਨੂੰ ਲਾਗੂ ਕਰਨ ਵਿਚ ਹੈ, ਨਹੀਂ ਤਾਂ ਓਹ ਅਰਥਹੀਨ ਹਨ।" ਉਹ ਆਪ ਵੀ ਬਹੁਤ ਘੱਟ ਗੱਲ ਕਰਦੇ ਸੀ ਪਰ ਜੋ ਵੀ ਗੱਲ ਕਰਦੇ ਉਸ ਦਾ ਮੇਰੇ 'ਤੇ ਪ੍ਰਭਾਵ ਕਾਫੀ ਹੁੰਦਾ ਸੀ। ਉਹ ਇਸ ਦੀ ਵਿਆਖਿਆ ਕਰਦੇ ਸਨ ਕਿ ਇਸ ਤਰ੍ਹਾਂ ਕਿਉਂ ਹੋਇਆ, "ਬਹੁਤ ਜ਼ਿਆਦਾ ਗੱਲਾਂ ਖਿਲਰਦੀਆਂ ਹਨ ਅਤੇ ਫਜ਼ੂਲ ਜਾਂਦੀਆਂ ਹਨ, ਥੋੜਾ ਕਹੋ, ਤਾਂ ਕਿ ਤੁਹਾਡੇ ਸ਼ਬਦ ਯਾਦ ਰੱਖੇ ਜਾਣ।"

ਮੇਰੀ ਮਾਤਾ ਜੀ ਵੀ ਰਿਵਾਇਤਾਂ ਦੇ ਪੱਖੋਂ ਇੰਨੇ ਧਾਰਮਿਕ ਨਹੀਂ ਸਨ। ਉਹਨਾਂ ਨੇ ਸਕੂਲ ਵਿਚ ਵਿੱਦਿਆ ਪ੍ਰਾਪਤ ਨਹੀਂ ਸੀ ਕੀਤੀ ਅਤੇ ਉਹ ਨਹੀਂ ਸਨ ਜਾਣਦੇ ਕਿ ਨਮਾਜ਼ ਕਿਸ ਤਰ੍ਹਾਂ ਕਹਿਣੀ ਹੈ, ਅਸੂਲ ਬਣਾਉਣਾਂ ਅਤੇ ਇਹ ਸਾਰੀ ਕ੍ਰਿਆ ਅਸੂਲ ਬਣਾਉਣ ਦੀ ਹੈ ਜਿਸ ਵਿਚ ਬਿਸਮਿਲ੍ਹਾ ਹਿਰ ਰਹਿਮਾਨ, ਹਿਰ ਰਹੀਮ ਵਿਚ ਹੀ ਮੁਕਾ ਦਿੰਦੀ। ਹੋਰ ਸਮਿਆਂ 'ਤੇ ਉਹ ਆਪਣੀ ਪ੍ਰਾਰਥਨਾ ਵਾਲੀ ਮਾਲਾ ਨਾਲ ਅਲ੍ਹਾ ਹੂ ਬੋਲਦੀ ਅਤੇ ਫਿਰ ਬੜੇ ਪਿਆਰ ਨਾਲ ਆਪਣਾ ਸਾਹ ਮੇਰੇ 'ਤੇ ਸੁਟਦੀ ਅਤੇ ਮੇਰੇ ਕੰਨ ਵਿਚ ਕਹਿੰਦੀ, "ਤੂੰ ਜਾਣਦਾ ਹੈਂ ਕਿ ਮੈਂ ਬਹੁਤੀ ਪ੍ਰਾਰਥਨਾ ਤੇਰੇ ਲਈ ਕਰਦੀ ਹਾਂ।" ਉਹ ਮੈਨੂੰ ਕਹਿੰਦੀ ਕਿ ਪ੍ਰਮਾਤਮਾ ਦੀ ਲੋਕਾਂ ਬਾਰੇ ਸਮਝ 'ਤੇ ਸ਼ੱਕ ਨਾ ਕਰੋ, "ਖੋਖਲੇ ਸ਼ਬਦ ਅਤੇ ਲੰਮੀਆਂ ਤਰੀਫਾਂ, ਰੱਬ ਨੂੰ ਪ੍ਰਭਾਵਿਤ ਨਹੀਂ ਕਰਦੀਆਂ। ਆਪਣੇ ਕੰਮਾਂ ਨਾਲ ਰੱਬ ਨੂੰ ਆਪਣਾ ਵਿਸ਼ਵਾਸ ਦੱਸੋ, ਨਹੀਂ ਤਾਂ ਉਹ ਤੁਹਾਡੇ 'ਤੇ ਕਿਵੇਂ ਵਿਸ਼ਵਾਸ ਕਰੇਗਾ।" ਮੇਰੇ ਮਾਂ ਬਾਪ ਲਈ ਇਕ ਸਾਫ ਸੁੱਥਰਾ ਅਤੇ ਸ਼ਾਂਤ ਵਾਤਾਵਰਣ ਇਸਲਾਮ ਦਾ ਆਧਾਰ ਸੀ। ਉਹਨਾਂ ਵਿਚੋਂ ਕੋਈ ਵੀ ਇਸ ਦੀ ਵਿਆਖਿਆ ਵਿਚ ਦਿਲਚਸਪੀ ਨਹੀਂ ਸੀ ਰੱਖਦਾ।

ਭਾਵੇਂ ਅਸੀਂ ਗ਼ਰੀਬ ਨਹੀਂ ਸਾਂ, ਪਰ ਲੋਕ ਸਾਨੂੰ ਗ਼ਰੀਬ ਸਮਝਦੇ ਸਨ। ਮੇਰੀ ਮਾਂ ਆਪਣੀਆਂ ਭੈਣਾਂ ਨੂੰ ਕਹਿੰਦੀ ਕਿ ਉਹ ਆਪਣੇ ਬੱਚਿਆਂ ਦੇ ਪੁਰਾਣੇ ਕੱਪੜੇ ਸਾਨੂੰ ਭੇਜ ਦੇਣ ਇਹ ਕਹਿੰਦਿਆਂ ਹੋਇਆਂ, "ਜਦੋਂ ਉਹ ਉਹਨਾਂ ਕੋਲ ਪੁਰਾਣੇ ਹੋ ਜਾਣਗੇ, ਉਹ ਉਹਨਾਂ ਨੂੰ ਆਰਜੀ ਤੌਰ 'ਤੇ ਵਰਤਦੇ ਹੋਣਗੇ।"

ਕਈ ਸਾਲਾਂ ਦੀ ਮਿਹਨਤ ਅਤੇ ਕੋਸ਼ਿਸ਼ ਕਰਕੇ ਕਈ ਲੋਕ ਖੁਸ਼ਹਾਲ ਹੋ ਗਏ ਸਨ ਅਤੇ ਉਹਨਾਂ ਦੇ ਰਹਿਣ ਸਹਿਣ ਦੀ ਪੱਧਰ ਵਿਚ ਕਾਫੀ ਹੱਦ ਤਕ ਸੁਧਾਰ ਹੋ ਗਿਆ ਸੀ, ਪਰ ਵੱਡੀਆਂ ਇਮਾਰਤਾਂ ਅਤੇ ਮਹਿੰਗੇ ਫਰਨੀਚਰ ਨੇ ਮੇਰੇ ਮਾਂ ਬਾਪ ਨੂੰ ਇਹ ਰੁਚੀ ਅਪਨਾਉਣ ਲਈ ਪ੍ਰਭਾਵਿਤ ਨਾ ਕੀਤਾ। ਅਸਲ ਵਿਚ ਸਾਦੀ ਜ਼ਿੰਦਗੀ

ਵਿਚ ਸਾਨੂੰ ਬੇਅਰਾਮੀ ਦੀ ਚੇਤਨਾ ਸੀ, ਨਾ ਕਿਸੇ ਅਣਸਨਮਾਨਿਤ ਹੋਣ ਦੀ ਅਤੇ ਸਾਡੇ ਕੋਲ ਥੋੜੀਆਂ ਜਿਹੀਆਂ ਵਸਤੂਆਂ ਦੀ ਮਾਲਕੀ ਸੀ। ਮੇਰਾ ਬਾਪ ਜਿੱਦ ਕਰ ਰਿਹਾ ਸੀ, "ਸਾਦਗੀ ਹੀ ਜਿੰਦਗੀ ਦਾ ਇਕ ਲਾਭਦਾਇਕ ਢੰਗ ਹੈ।" ਕਿਉਂ ਜੋ ਇਹ ਆਪ ਅਪਨਾਈ ਗਈ ਸੀ, ਇਸ ਲਈ ਕੋਈ ਮਤਭੇਦ ਨਹੀਂ ਸੀ।

ਮੈਮਨ ਔਰਤਾਂ ਬਹੁਤ ਹੁਸ਼ਿਆਰ ਸਨ ਅਤੇ ਫਰਸ਼ ਸਾਫ ਕਰਨ ਦਾ ਖਾਸ ਖਿਆਲ ਰੱਖਦੀਆਂ ਸਨ। ਮੇਰੀ ਮਾਂ ਆਪਣੇ ਫਰਸ਼ਾਂ ਨੂੰ ਰੋਜ਼ ਸਾਫ ਕਰਦੀ ਅਤੇ ਰਗੜਦੀ ਸੀ ਤਾਂ ਕਿ ਇਹ ਹਮੇਸ਼ਾ ਚਮਕਦਾ ਰਹੇ, ਪਰ ਉਦੋਂ ਅਸੀਂ ਫਰਸ਼ 'ਤੇ ਰਹਿੰਦੇ ਸਾਂ, ਸੌਂਦੇ ਸਾਂ, ਬੈਠਦੇ ਸਾਂ ਅਤੇ ਉਸ ਉੱਤੇ ਖਾਂਦੇ ਸਾਂ। ਮੇਰੀ ਉਹਨਾਂ ਨਾਲੋਂ ਆਪਣੇ ਕੱਪੜਿਆਂ ਵਿਚ ਜ਼ਿਆਦਾ ਦਿਲਚਸਪੀ ਸੀ, ਮੈਨੂੰ ਆਪਣੇ ਲਈ ਸਿੱਧੇ ਸਾਦੇ ਪਜ਼ਾਮੇ ਤੇ ਰੰਗਦਾਰ ਕਮੀਜ਼ ਪਾਉਣ ਦਾ ਸ਼ੌਕ ਸੀ ਅਤੇ ਮੇਰੀ ਮਾਂ ਮੈਨੂੰ ਹਰਾ ਜਾਂ ਨੀਲਾ ਜਾਂ ਲਾਲ ਸਿਲਾ ਦੇਂਦੀ ਸੀ, ਕਿਉਂ ਜੋ ਉਹ ਮੇਰੇ ਮਨ ਪਸੰਦ ਰੰਗਾਂ ਨੂੰ ਜਾਣਦੀ ਸੀ। ਮੈਂ ਉਹਨਾਂ ਦਾ ਮਾਲਕ ਹੋਣ ਕਰਕੇ ਬਹੁਤ ਖਿਆਲ ਰੱਖਦਾ ਸਾਂ।

ਜਿਵੇਂ ਮੇਰੇ ਦੋਸਤ ਫੈਸ਼ਨ ਵਾਲੀ ਹਜਾਮਤ ਪਸੰਦ ਕਰਦੇ ਸਨ ਜੋ ਕਿ ਕਲੋਨੀ ਦੇ ਪ੍ਰਭਾਵ ਕਰਕੇ ਪ੍ਰਸਿੱਧ ਹੋ ਚੁੱਕੀ ਸੀ, ਉਹ ਹੈਰਾਨ ਹੁੰਦੇ ਸਨ ਕਿ ਮੈਂ ਆਪਣਾ ਸਿਰ ਕਿਉਂ ਮੁਨਾ ਲੈਂਦਾ ਸਾਂ। ਮੇਰੇ ਪਿਤਾ ਸਿਰ ਦੀ ਚਮੜੀ ਕੱਢਣ ਵਾਲੀ ਹਜ਼ਾਮਤ ਬਾਰੇ ਮੈਨੂੰ ਦੱਸਦੇ ਸਨ, "ਇਹ ਝੂਠਾ ਵਿਖਾਵਾ ਅਤੇ ਹੰਕਾਰ ਨੂੰ ਦਬਾਉਣ ਦਾ ਬਹੁਤ ਪ੍ਰਭਾਵਸ਼ਾਲੀ ਢੰਗ ਹੈ। ਇਹ ਤੁਹਾਨੂੰ ਮਜ਼ਬੂਰ ਕਰਦਾ ਹੈ ਕਿ ਤੁਸੀਂ ਮੂਲ 'ਤੇ ਕੇਂਦਰਿਤ ਰਹੋ। ਤੁਹਾਡਾ ਆਪਣਾ ਵਿਖਾਵਾ ਤੁਹਾਡੇ ਧਿਆਨ ਨੂੰ ਮੋੜਦਾ ਹੈ, ਆਪਣੇ ਆਪ ਦਾ ਸਮਰਪਣ ਕਰਨ ਨਾਲ ਨਿਮਾਣਾਪਣ ਅਤੇ ਸੱਚਾਈ ਆਉਂਦੀ ਹੈ।" ਮੇਰੇ ਦੋਸਤ ਇਸ ਕਰਕੇ ਵੀ ਅਤੇ ਮੇਰੀਆਂ ਵੱਡੀਆਂ ਯੋਜਨਾਵਾਂ ਕਰਕੇ ਵੀ ਮੇਰੇ 'ਤੇ ਹੱਸਦੇ ਸਨ। ਉਹਨਾਂ ਨੇ ਮੈਨੂੰ 'ਸ਼ੇਖ ਚਿਲੀ' ਕਹਿਣਾ ਸ਼ੁਰੂ ਕਰ ਦਿੱਤਾ ਸੀ। ਇਹ ਇਕ ਰਵਾਇਤੀ ਕਥਾ ਦਾ ਪਾਤਰ ਸੀ ਜੋ ਬਹੁਤ ਵੱਡੇ-ਵੱਡੇ ਸੁਪਨੇ ਵੇਖਦਾ ਸੀ ਅਤੇ ਕੋਈ ਵੀ ਕੰਮ ਨਹੀਂ ਸੀ ਕਰਦਾ। ਉਹ ਮਖੌਲ ਕਰਦੇ, "ਜਦੋਂ ਤੇਰੇ ਸਿਰ ਵਿਚੋਂ ਸਾਰਾ ਮਾਮਲਾ ਸੁੱਕ ਜਾਵੇਗਾ ਤਾਂ ਸੁੱਕੀ ਰੋਟੀ ਦੀ ਤਰ੍ਹਾਂ ਸੁੰਗੜਿਆ ਲੱਗੇਗਾ। ਥੋੜਾ ਜਿਹਾ ਕਿਸੇ ਥੋੜੇ ਜਿਹੇ ਲਈ ਸੋਚੋ। ਇਹ ਤੁਹਾਡੇ ਭਵਿੱਖ ਲਈ ਚੰਗਾ ਰਹੇਗਾ।" ਮੈਂ ਕਦੀ ਵੀ ਨਿਰਉਤਸ਼ਾਹਿਤ ਨਹੀਂ ਸਾਂ ਹੋਇਆ ਅਤੇ ਉਹਨਾਂ 'ਤੇ ਮੁਸਕਰਾ ਪੈਂਦਾ, "ਮੈਂ ਥੋੜਾ-ਥੋੜਾ ਸ਼ੁਰੂ ਕਰ ਸਕਦਾ ਹਾਂ, ਪਰ ਮੈਂ ਥੋੜਾ ਕਿਉਂ ਸੋਚਾਂ ?"

ਬੰਨਟਵਾ ਵਿਚ ਅਭਾਗੀਆਂ ਘਟਨਾਵਾਂ ਬਹੁਤ ਘੱਟ ਰਹੀਆਂ ਸਨ। ਜਦੋਂ ਪੇਸ਼ਾਵਰ ਡਾਕੂਆਂ ਨੇ ਇਕ ਵੱਡੇ ਮੈਮਨ ਸੇਠ 'ਤੇ ਹਮਲਾ ਕਰ ਦਿੱਤਾ, ਉਸ ਨੇ ਆਪਣੇ ਪਰਿਵਾਰ ਨੂੰ ਇਕ ਬੁੱਚੜ ਦੇ ਚਾਕੂ ਨਾਲ ਬਚਾਇਆ, ਉਦੋਂ ਤਕ ਜਦੋਂ ਤਕ ਅਖ਼ੀਰ ਵਿਚ ਉਹ ਭੱਜ ਗਏ। ਇਸ ਕਹਾਣੀ ਨੇ ਮੈਨੂੰ ਪ੍ਰਭਾਵਿਤ ਕੀਤਾ, ਮੈਂ

ਇੰਨੀ ਵੱਡੀ ਮੁਸੀਬਤ ਵੇਲੇ ਉਸ ਦੀ ਇੱਛਾ ਸ਼ਕਤੀ ਦਾ ਸਤਿਕਾਰ ਕਰਦਾ ਸਾਂ। ਡਾਕੂਆ ਦੇ ਪਿੱਛੋਕੜ ਨੇ ਵੀ ਮੈਨੂੰ ਆਕ੍ਰਸ਼ਿਤ ਕੀਤਾ। ਉਹਨਾਂ 'ਤੇ ਇਲਜ਼ਾਮ ਸੀ ਕਿ ਉਹ ਉਹਨਾਂ ਵੱਲ ਸਤਿਕਾਰ ਯੋਗ ਸੂਫੀ ਸੰਤ ਪੀਰ ਦਸਤਗੀਰ ਦੇ ਪੈਰੋਕਾਰ ਸਨ ਅਤੇ ਆਪਣੀ ਲੁੱਟ ਦਾ ਇਕ ਹਿੱਸਾ ਗ਼ਰੀਬਾਂ ਦੇ ਸਮਾਗਮਾਂ 'ਤੇ ਖ਼ਰਚਦੇ ਸਨ, ਇਹ ਉਹ ਪ੍ਰਮਾਤਮਾ ਅਤੇ ਆਪਣੇ ਸੰਤ ਦੇ ਨਾਂ 'ਤੇ ਕਰਦੇ ਸਨ। ਮੇਰੇ ਬਾਪ ਨੇ ਇਸ ਤਰ੍ਹਾਂ ਦੀ ਪ੍ਰਮਾਤਮਾ ਭਗਤੀ ਵਿਚ ਨੁਕਸ ਦੱਸੇ, "ਉਸ ਢੰਗ ਵੱਲ ਵੇਖੋ ਜੋ ਇਨ੍ਹਾਂ ਆਦਮੀਆਂ ਨੇ ਪ੍ਰਮਾਤਮਾ ਸੰਬੰਧੀ ਧੋਖਾ ਦੇਣ ਲਈ ਅਪਨਾਇਆ ਹੈ। ਆਪਣੇ ਪਾਪਾਂ ਨਾਲ ਸ਼ਾਂਤੀ ਮਹਿਸੂਸ ਕਰਨ ਲਈ ਉਹ ਆਪਣੇ ਗ਼ਲਤ ਕੰਮਾਂ ਵਿਚ ਉਸ ਨੂੰ ਭਾਈਵਾਲ ਬਣਾ ਲੈਂਦੇ ਹਨ।" ਇਸ ਤੋਂ ਵੀ ਵੱਧ ਮੈਂ ਧਰਮ ਬਾਰੇ ਸਮਝ ਦੀ ਘਾਟ ਅਤੇ ਅੱਲ੍ਹਾ ਦੇ ਸੁਨੇਹੇ ਦੀ ਗ਼ਲਤ ਪ੍ਰਤਿਨਿਧਤਾ ਨੂੰ ਮਹਿਸੂਸ ਕੀਤਾ।

14 ਸਾਲ ਦੀ ਉਮਰ 'ਤੇ ਮੇਰੇ ਦਿਲ ਵਿਚ ਕਿਸੇ ਲੜਕੀ ਲਈ ਅਜੀਬ ਖਿੱਚ ਸੀ। ਮੈਂ ਇਸ ਨੂੰ ਪਿਆਰ ਸਮਝਣ ਲਈ ਬਹੁਤ ਸ਼ਰਮਾਕਲ ਸਾਂ, ਪਰ ਮੈਂ ਇਹ ਜਾਣਦਾ ਸਾਂ ਕਿ ਮੇਰੀਆਂ ਭਾਵਨਾਵਾਂ ਭਰਾਵਾਂ ਵਾਲੀਆਂ ਨਹੀਂ ਸਨ। ਉਹ ਸਾਡੇ ਤੋਂ ਉੱਪਰ ਦੇ ਕਮਰੇ ਵਿਚ ਰਹਿੰਦੀ ਸੀ ਅਤੇ ਦਿਨ ਚੜ੍ਹਨ ਵੇਲੇ ਆਪਣੇ ਘੜੇ ਨੂੰ ਆਪਣੀ ਛੋਟੀ ਜਿਹੀ ਕਮਰ ਨਾਲ ਲਾਈ ਹੌਲੇ ਜਿਹੇ ਲੰਘ ਜਾਂਦੀ। ਜਦੋਂ ਕਿ ਮੈਂ ਸਵੇਰ ਦੀਆਂ ਪ੍ਰਾਰਥਨਾਵਾਂ ਲਈ ਆਪਣੀਆਂ ਕ੍ਰਿਆਵਾਂ ਕਰ ਰਿਹਾ ਹੁੰਦਾ, ਉਹ ਟੂਟੀ ਤੋਂ ਪਾਣੀ ਭਰਦੀ।

ਇਕ ਵਾਰ ਉਸ ਨੇ ਮੇਰੀ ਅੱਖ ਨੂੰ ਉਸ ਵੱਲ ਵੇਖਦਿਆਂ ਫੜ ਲਿਆ, ਉਸ ਨੇ ਉੱਪਰ ਵੇਖਿਆ ਅਤੇ ਮੁਸਕਰਾ ਪਈ। ਮੈਂ ਸ਼ਰਮਿੰਦਾ ਹੋਇਆ ਅਤੇ ਮੈਂ ਉਥੋਂ ਦੂਰ ਦੌੜ ਕੇ ਇਕ ਝਾੜੀ ਦੇ ਪਿੱਛੇ ਲੁੱਕ ਗਿਆ, ਜਿਥੋਂ ਮੈਂ ਉਸ ਨੂੰ ਪਿੱਛੇ ਮੁੜਦਿਆਂ ਅਤੇ ਦੂਰ ਤੁਰਦਿਆਂ ਜਾਂਦਿਆਂ ਵੇਖਿਆ, ਉਸਦੀ ਲੰਮੀ ਗੁੱਤ ਇਧਰ ਉਧਰ ਹਿੱਲ ਰਹੀ ਸੀ। ਕਈ ਵਾਰ ਮੈਂ ਉਸ ਨੂੰ ਕਦੇ-ਕਦੇ ਉਡੀਕਦਾ ਰਹਿੰਦਾ ਤਾਂ ਕਿ ਉਹ ਇਕ ਵਾਰ ਫਿਰ ਆਵੇ, ਪਰ ਇਸ ਤਰ੍ਹਾਂ ਕਦੀ ਨਹੀਂ ਸੀ ਹੋਇਆ ਅਤੇ ਮੈਨੂੰ ਉਹ ਸਵੇਰੇ ਤੜਕੇ ਹੀ ਉਸ ਨੂੰ ਵੇਖਣ ਦਾ ਮੌਕਾ ਮਿਲਦਾ ਸੀ। ਇਹ ਕ੍ਰਿਆ ਇਕ ਦਮ ਬੰਦ ਹੋ ਗਈ ਜਦੋਂ ਮੈਂ ਸੁਣਿਆ ਕਿ ਉਸ ਦੇ ਵਿਆਹ ਲਈ ਉਸ ਦੀ ਮੰਗਣੀ ਹੋ ਗਈ ਹੈ। ਛੋਟੀ ਉਮਰ ਵਿਚ ਮੁੰਡਿਆਂ ਦਾ ਵਿਆਹ ਹੋਣਾ ਇਕ ਸਾਧਾਰਨ ਗੱਲ ਸੀ, ਪਰ ਮੈਂ ਕਿਸੇ ਲੜਕੀ ਬਾਰੇ ਦੱਸਣ ਦੀ ਸਥਿਤੀ ਵਿਚ ਨਹੀਂ ਸਾਂ। ਥੋੜਾ ਸਮਾਂ ਮੇਰਾ ਦਿਲ ਦੁਖੀ ਰਿਹਾ।

ਇਕ ਫੱਟੇ 'ਤੇ ਲੰਮਾ ਪਿਆ ਹੋਇਆਂ, ਮੈਂ ਅਸਮਾਨ ਵੱਲ ਵੇਖ ਰਿਹਾ ਸਾਂ, ਦੁਨੀਆਂ 'ਤੇ ਹੈਰਾਨ ਸਾਂ ਅਤੇ ਮੈਂ ਇਸ ਵਿਚ ਕਿਉਂ ਸਾਂ, ਮੈਂ ਸੋਚਦਾ, "ਮੈਨੂੰ ਇਥੇ ਕਿਉਂ ਭੇਜਿਆ ਗਿਆ ਹੈ? ਕੀ ਕਰਨ ਲਈ?" ਮੇਰੀ ਮਾਂ ਬੂਹੇ ਕੋਲ ਆ ਜਾਂਦੀ ਸੀ

ਅਤੇ ਦੇਰੀ ਨਾਲ ਉੱਠਣ ਲਈ ਝਾੜ ਪਾਉਂਦੀ ਸੀ, "ਤੂੰ ਸਾਰੀ ਰਾਤ ਕੀ ਸੋਚਦਾ ਰਹਿੰਦਾ ਹੈਂ।" ਮੇਰੇ ਕੋਲ ਉਸ ਨੂੰ ਦੱਸਣ ਲਈ ਕੁਝ ਵੀ ਨਹੀਂ ਸੀ। ਟੁੱਟੇ ਭੱਜੇ ਮਾਮਲੇ ਮੇਰੇ ਦਿਮਾਗ ਵਿਚ ਘੁੰਮਦੇ ਅਤੇ ਫਿਰ ਘੁੰਮਦੇ ਰਹਿੰਦੇ।

ਮੇਰੇ ਬਾਪ ਦੀ ਤਰ੍ਹਾਂ ਉਹ ਵੀ ਅਗਾਂਹਵਧੂ ਅਤੇ ਉਦਾਰਵਾਦੀ ਸੀ, ਉਹ ਬੱਚਿਆਂ ਨੂੰ ਆਪਣੀਆਂ ਕੁਦਰਤੀ ਤਾਕਤਾਂ ਹਾਸਲ ਕਰਨ ਲਈ ਉਤਸ਼ਾਹਿਤ ਕਰਦੀ ਰਹਿੰਦੀ ਸੀ। ਕਿਉਂ ਜੋ ਮੈਂ ਕਦੀ ਵੀ ਕਿਸੇ ਹੋਰ ਵਿਵਹਾਰ ਵਿਚ ਨਹੀਂ ਸਾਂ ਉਲਝਿਆ ਜੋ ਉਸ ਦੇ ਸਿਧਾਂਤਾਂ ਅਤੇ ਵਿਸ਼ਵਾਸ ਦੇ ਉਲਟ ਸੀ, ਉਹ ਮੇਰੀ ਅਗਵਾਈ ਲਈ ਕਦੀ ਵੀ ਫਿਕਰਮੰਦ ਨਹੀਂ ਸੀ। ਮੇਰੇ ਇਰਾਦਿਆਂ 'ਤੇ ਉਸ ਦਾ ਵਿਸ਼ਵਾਸ ਮੇਰੇ ਤੇ ਉਸ ਦੇ ਲਗਾਤਾਰ ਇਕ ਤਾਕਤਵਰ ਪ੍ਰਭਾਵ 'ਤੇ ਅਧਾਰਿਤ ਸੀ ਅਤੇ ਉਸ ਦਾ ਇਕ ਹੀ ਫਿਕਰ ਸੀ ਮੇਰਾ ਘੱਟ ਸੌਣਾ।

ਕਈ ਵਾਰ ਮੇਰੇ ਦੋਸਤ ਕੁਝ ਬਹਿਸਾਂ ਕਰਦੇ, ਜੋ ਕਦੀ ਵੀ ਖ਼ਤਮ ਹੋਣ ਵਾਲੀਆਂ ਨਹੀਂ ਹੁੰਦੀਆਂ, ਪਰ ਉਹ ਦਿਨ ਦੀ ਰੋਸ਼ਨੀ ਨਾਲ ਟੁੱਟ ਜਾਂਦੀਆਂ। ਉਹ ਇਨਕਲਾਬ ਅਤੇ ਇਸਲਾਮਿਕ ਇਤਿਹਾਸ ਬਾਰੇ ਗੱਲਾਂ ਕਰਦੇ ਅਤੇ ਭਾਵੇਂ ਕਿ ਮੈਂ ਇਨ੍ਹਾਂ ਵਿਸ਼ਿਆਂ ਬਾਰੇ ਜਾਣੂ ਸਾਂ, ਪਰ ਮੈਂ ਕਦੀ ਵੀ ਇਨ੍ਹਾਂ ਬਹਿਸਾਂ ਵਿਚ ਸ਼ਾਮਿਲ ਨਾ ਹੁੰਦਾ, ਨਾ ਹੀ ਮੈਂ ਇਸ ਵਿਚ ਕੋਈ ਯੋਗਦਾਨ ਪਾਉਂਦਾ ਜਾਂ ਜ਼ਿਆਦਾ ਸੁਣਦਾ। ਫਿਰ ਉਹੋ ਸੁਰੱਖਿਆ ਦਾ ਘੇਰਾ ਮਹਿਸੂਸ ਹੁੰਦਾ ਕਿ ਵਾਧੂ ਮਸਲਿਆਂ ਤੋਂ ਦੂਰ ਰਹੋ।

ਇਨਕਲਾਬੀ ਸ਼ਖ਼ਸੀਅਤਾਂ ਬਾਰੇ ਪੜ੍ਹਨ ਤੋਂ ਇਲਾਵਾ ਮੈਂ ਸਫਰਨਾਮੇ ਵੱਲ ਵੀ ਆਕ੍ਰਿਸ਼ਤ ਸਾਂ ਅਤੇ ਯਾਤਰੀਆਂ ਦੀ ਵਾਕਫੀ ਲਈ ਗੁਜਰਾਤੀ ਅਖ਼ਬਾਰਾਂ ਵਿਚੋਂ ਵਾਕਫੀ ਇੱਕਠੀ ਕਰਦਾ ਰਹਿੰਦਾ ਸਾਂ ਅਤੇ ਵਿਦੇਸ਼ੀ ਭੂਮੀ ਬਾਰੇ ਵੀ ਜਾਣਕਾਰੀ ਲੈਂਦਾ ਰਹਿੰਦਾ। ਇਸ 'ਤੇ ਉਹ ਖਿੱਝ ਜਾਂਦੇ। ਜਦੋਂ ਮੈਂ ਇਹ ਇੱਛਾ ਪ੍ਰਗਟਾਈ ਕਿ ਮੈਂ ਪੈਦਲ ਹੀ ਸਾਰੀ ਦੁਨੀਆਂ ਦੀ ਯਾਤਰਾ ਕਰਨੀ ਚਾਹੁੰਦਾ ਸਾਂ ਅਤੇ ਵੇਖਣਾ ਚਾਹੁੰਦਾ ਸਾਂ ਕਿ ਹੋਰ ਲੋਕ ਕਿਸ ਢੰਗ ਨਾਲ ਰਹਿੰਦੇ ਸਨ। ਮੈਂ ਹਸਪਤਾਲਾਂ ਅਤੇ ਉਦਯੋਗਾਂ ਲਈ ਪੈਸਾ ਇੱਕਠਾ ਕਰਨਾ ਜਾਰੀ ਰੱਖਿਆ। ਜਦੋਂ ਮੇਰੇ ਦੋਸਤ ਮੇਰੇ ਦਿਨ ਦੇ ਸੁਪਨਿਆਂ 'ਤੇ ਮਖੌਲ ਕਰਦੇ ਅਤੇ ਮੈਂ ਉਤੇਜਨਾ ਵਿਚ ਆ ਕੇ ਕਹਿੰਦਾ, "ਮੈਂ ਪਹਿਲੀਆਂ ਯੋਜਨਾਵਾਂ ਕਿਉਂ ਛੱਡੀਆਂ ਜਦੋਂ ਕਿ ਉਹ ਪ੍ਰਾਪਤ ਨਹੀਂ ਹੋਈਆਂ।"

ਬੰਨਟਵਾ ਵਿਚ ਵੱਡੇ ਮੀਂਹ ਪੈਣ ਨਾਲ ਆਮ ਹੜ੍ਹ ਆ ਜਾਂਦਾ ਸੀ। ਭਾਵੇਂ ਕਿ ਸ਼ਹਿਰ ਉੱਚੀ ਜ਼ਮੀਨ 'ਤੇ ਖੜ੍ਹਾ ਸੀ, ਅਤੇ ਇਸ ਬਰਕਤ ਕਰਕੇ ਨੁਕਸਾਨ ਤੋਂ ਬਚ ਜਾਂਦਾ ਸੀ, ਪਰ ਉਹ ਕੱਚੇ ਘਰ ਜਿਹੜੇ ਨੀਵੀਂਆਂ ਜਗ੍ਹਾ ਅਤੇ ਕੰਢਿਆਂ 'ਤੇ ਬਣਾਏ ਹੁੰਦੇ ਸਨ, ਉਹਨਾਂ ਦਾ ਬਹੁਤ ਨੁਕਸਾਨ ਹੋ ਜਾਂਦਾ ਸੀ ਅਤੇ ਉਹਨਾਂ ਨੂੰ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਮੈਂ ਹਮੇਸ਼ਾ ਉਹਨਾਂ ਦੇ ਦੁੱਖ ਨੂੰ ਬਹੁਤ ਡੂੰਘਾਈ ਨਾਲ ਮਹਿਸੂਸ ਕਰਦਾ। ਜਦੋਂ ਇਕ ਸਾਰੀ ਦੀ ਸਾਰੀ ਬਰਾਤ ਬੱਸ ਦੇ

ਐਕਸੀਡੈਂਟ ਵਿਚ ਮਰ ਗਈ ਤਾਂ ਇਹਨਾਂ ਲਾਸ਼ਾਂ ਨਾਲ ਅਤੇ ਬਾਅਦ ਵਿਚ ਉਹਨਾਂ ਨੂੰ ਦਫਨਾਉਣ ਦਾ ਮੇਰਾ ਪਹਿਲਾ ਤਜ਼ਰਬਾ ਸੀ। ਮੈਂ ਐਕਸੀਡੈਂਟ ਦੀ ਜਗਾਹ ’ਤੇ ਬਹੁਤ ਚਿਰ ਬੈਠਾ ਰਿਹਾ, ਜਿਥੇ ਮੈਂ ਚੂਰ-ਚੂਰ ਹੋਈ ਬਸ ਨੂੰ ਵੇਖਦਾ ਰਿਹਾ, ਅਤੇ ਜ਼ਿੰਦਗੀ ਦੇ ਇੰਨੇ ਵੱਡੇ ਨੁਕਸਾਨ ’ਤੇ ਡੂੰਘਾ ਦੁੱਖ ਮਹਿਸੂਸ ਕਰ ਰਿਹਾ ਸਾਂ। ਇਸ ਤੋਂ ਬਾਅਦ ਜਦੋਂ ਵੀ ਮੈਂ ਕੋਈ ਜਨਾਜਾ ਵੇਖਦਾ, ਮੈਂ ਉਦਾਸੀ ਵਿਚ ਘਿਰ ਜਾਂਦਾ। ਉਹ ਕਿਸ ਤਰ੍ਹਾਂ ਮਰ ਗਿਆ, ਉਹ ਕਿਉਂ ਮਰਿਆ? ਉਸ ਨਾਲ ਕਬਰ ਵਿਚ ਕੀ ਹੋਵੇਗਾ ? ਇਹ ਕੁਝ ਉਹ ਸਵਾਲ ਸਨ ਜੋ ਬਗੈਰ ਕਿਸੇ ਜਵਾਬ ਦੇ ਵੱਡੀ ਗਿਣਤੀ ਵਿਚ ਆਉਂਦੇ ਅਤੇ ਜਾਂਦੇ ਸਨ।

ਅੰਗਰੇਜ਼ ਜਾ ਰਹੇ ਸਨ ਅਤੇ ਉਪ ਮਹਾਂਦੀਪ ਨੂੰ ਵੰਡਿਆ ਜਾ ਰਿਹਾ ਸੀ, ਇਕ ਮੁਸਲਿਮ ਹੋਮ ਲੈਂਡ ਬਣਾ ਦਿੱਤਾ ਗਿਆ ਸੀ। ਮੁਹੰਮਦ ਅਲੀ ਜਿਨਾਹ ਨੇ ਬੰਨਟਵਾ ਵਿਚ ਇਕ ਵੱਡੇ ਜਲਸੇ ਵਿਚ ਭਾਸ਼ਨ ਦਿੱਤਾ, ਜਿਸ ਵਿਚ ਅਸੀਂ ਉੱਚੀ ਆਵਾਜ਼ ਵਿਚ ਅਤੇ ਜੋਸ਼ ਵਿਚ ਆਪਣੇ ਹੱਕ ਵਿਚ ਨਾਹਰੇ ਲਾਏ, ਪਾਰਟੀ ਲਈ 35 ਹਜ਼ਾਰ ਰੁਪਏ ਇੱਕਠੇ ਕੀਤੇ, ਅਤੇ ਸਾਡੇ ਵਿਚੋਂ ਬਹੁਤ ਸਾਰੇ 4 ਆਨੇ ਦੇ ਹਿਸਾਬ ਨਾਲ ਮੁਸਲਿਮ ਲੀਗ ਦੇ ਮੈਂਬਰ ਬਣ ਗਏ।

ਜਿਨਾਹ ਨੇ ਕਿਹਾ ਕਿ ਸਾਡਾ ਇਥੇ ਰਹਿਣ ਦਾ ਫੈਸਲਾ ਭਾਰਤ ਲਈ ਲਾਭਦਾਇਕ ਅਤੇ ਪਾਕਿਸਤਾਨ ਲਈ ਤਬਾਹਕੁੰਨ ਹੋਵੇਗਾ, ਜੋ ਕਿ ਮੈਮਨਾਂ ਦੇ ਵਪਾਰਕ ਤਜ਼ਰਬੇ ਤੋਂ ਵਾਂਝੇ ਹੋ ਜਾਵੇਗਾ। ਯੂਸਫ ਹਾਰੂਨ ਜੋ ਕਰਾਚੀ ਦਾ ਮੈਮਨ ਸੀ ਉਸ ਨੇ ਵੀ ਕਾਠੀਆਵਾੜ ਦੇ ਵੱਖ-ਵੱਖ ਸ਼ਹਿਰਾਂ ਵਿਚ ਬਹੁਤ ਵੱਡੇ-ਵੱਡੇ ਜਲਸਿਆਂ ਵਿਚ ਭਾਸ਼ਨ ਦਿੱਤੇ ਅਤੇ ਲੋਕਾਂ ਨੂੰ ਮਨਾਇਆ ਕਿ ਉਹ ਪਾਕਿਸਤਾਨ ਨੂੰ ਅਪਨਾ ਲੈਣ। ਅਸੀਂ ਜਿਨਾਹ ਦੀ ਸੋਚ ਨਾਲ ਜ਼ਿਆਦਾ ਇਸ ਕਰਕੇ ਸਹਿਮਤ ਹੋ ਗਏ ਕਿ ਜੇ ਹਿੰਦੂਆਂ ਵੱਲੋਂ ਬਦਲੇ ਦਾ ਡਰ ਨਾ ਹੁੰਦਾ ਤਾਂ ਬੰਨਟਵਾ ਦੇ 25 ਤੋਂ 30 ਹਜ਼ਾਰ ਤਕ ਮੈਮਨਾਂ ਨੇ ਪ੍ਰਵਾਸ ਕਰਨ ਲਈ ਨਾ ਸੋਚਿਆ ਹੁੰਦਾ।

ਇਸ ਤੋਂ ਥੋੜੀ ਦੇਰ ਬਾਅਦ ਹੀ, ਇਕ ਹਿੰਦੂ ਸਿਆਸਤਦਾਨ, ਵਲਭਭਾਈ ਪਟੇਲ ਦੇ ਕਹਿਣ ’ਤੇ ਹਿੰਦੂਆਂ ਨੇ ਬੰਨਟਵਾ ’ਤੇ ਹਮਲਾ ਬੋਲ ਦਿੱਤਾ। ਉਹ ਸਾਨੂੰ ਭਾਰਤ ਤੋਂ ਬਾਹਰ ਕੱਢ ਕੇ ਸਾਡੇ ਖੁਸ਼ਹਾਲ ਵਪਾਰਕ ਸਮਾਜ ਦੇ ਏਕਾਧਿਕਾਰ ਨੂੰ ਖ਼ਤਮ ਕਰਨ ਦਾ ਉਦੇਸ਼ ਰੱਖਦਾ ਸੀ। ਇਸ ਤੋਂ ਬਾਅਦ ਕਈ ਹੋਰ ਦੰਗੇ ਹੋਏ ਅਤੇ ਇਸ ਤਰੀਕੇ ਨਾਲ ਅਮਨ ਪਸੰਦ ਮੈਮਨਾਂ ’ਤੇ ਗੜਬੜ ਦੇ ਪ੍ਰਭਾਵ ਪਏ।

ਹਿੰਦੂ ਮੁਸਲਿਮ ਹਿਲਜੁਲ ਨੂੰ ਵੇਖਣ ਤੋਂ ਬਾਅਦ ਮੇਰੇ ਬਾਪ ਨੇ ਪ੍ਰਵਾਸ ਕਰਨ ਦਾ ਕੰਮ ਸ਼ੁਰੂ ਕਰ ਦਿੱਤਾ। ਉਹ ਇਹ ਦੁਹਰਾਉਂਦੇ ਰਹੇ, “ਸਾਨੂੰ ਪਾਕਿਸਤਾਨ ਚਲੇ ਜਾਣਾ ਚਾਹੀਦਾ ਹੈ। ਇਸ ਦੇ ਬਣਨ ’ਤੇ ਅਸੀਂ ਭਾਰਤ ਵਿਚ ਸੁਤੰਤਰ ਆਦਮੀ ਨਹੀਂ ਹੋਵਾਂਗੇ।” ਉਸ ਤੋਂ ਬਾਅਦ ਉਹ ਜਿਸ ਨੂੰ ਵੀ ਮਿਲਦੇ ਉਹ ਦੱਸਦੇ, “ਸਾਡੇ ਕੋਲ

ਆਜ਼ਾਦ ਆਰਾਮ ਦੀ ਜ਼ਿੰਦਗੀ ਜੀਉਣ ਦਾ ਮੌਕਾ ਹੋਵੇਗਾ ਅਤੇ ਸਾਡੇ 'ਤੇ ਇਸਲਾਮ ਦੇ ਕਾਨੂੰਨਾਂ ਦੇ ਇਨਸਾਫ ਦਾ ਰਾਜ ਹੋਵੇਗਾ।" ਲੋਕੀਂ ਇਕ ਚੰਗੇ ਭਵਿੱਖ ਲਈ ਛੇਤੀ ਮੰਨ ਜਾਂਦੇ ਸਨ।

ਅੰਗਰੇਜ਼ਾਂ ਦੇ ਰਾਜ ਦੇ ਸਾਧਾਰਨ ਤੌਰ 'ਤੇ ਖਿਲਾਫ ਹੋਣ ਦੇ ਬਾਵਜੂਦ ਵੀ ਇਹ ਸੱਚਾਈ ਸੀ ਕਿ ਉਨ੍ਹਾਂ ਨੇ ਸੰਸਥਾਵਾਂ ਨੂੰ ਆਪਣੇ ਲਾਭ ਲਈ ਬਣਾਇਆ, ਮੇਰੇ ਬਾਪ ਦਾ ਵਿਸ਼ਵਾਸ ਸੀ, "ਉਹਨਾਂ ਨੇ ਉਪ ਮਹਾਂਦੀਪ ਨੂੰ ਇਕ ਪ੍ਰਭਾਵਸ਼ਾਲੀ ਅਤੇ ਯੋਗ ਪ੍ਰਬੰਧਕ ਪ੍ਰਣਾਲੀ ਦਿੱਤੀ ਹੈ।" ਭਾਵੇਂ ਕਿ ਉਹਨਾਂ ਨੇ ਸਾਡੀ ਆਰਥਿਕਤਾ ਦਾ ਵੱਧ ਤੋਂ ਵੱਧ ਸ਼ੋਸ਼ਣ ਕੀਤਾ ਸੀ। ਇਸ ਦੀ ਆਪਣੀ ਏਕਤਾ ਨਾ ਹੋਣ, ਫਿਰਕਾਵਾਦ ਅਤੇ ਧਾਰਮਿਕ ਕੱਟੜਤਾ ਨੂੰ ਸਾਡੀ ਕਿਸਮਤ 'ਤੇ ਕੰਟਰੋਲ ਕਰਨ ਲਈ ਵਰਤਿਆ ਸੀ। ਮੈਂ ਉਹਨਾਂ ਨੂੰ ਦੋਸ਼ ਨਹੀਂ ਦਿੰਦਾ। ਅਸਲ ਵਿਚ ਮੈਂ ਉਹਨਾਂ ਨੂੰ ਆਪਣੇ ਆਪ ਦੇ ਦੋਸ਼ੀ ਹੋਣ ਲਈ ਉਹਨਾਂ ਨੂੰ ਦੋਸ਼ ਦੇਣ ਨੂੰ ਸਹੀ ਨਹੀਂ ਮੰਨਦਾ।

ਮੈਂ ਆਪਣੇ ਦੋਸਤਾਂ ਨਾਲ ਵਿਚਾਰ ਕਰਦਾ, "ਮੁਸਲਿਮ ਹਾਕਮਾਂ ਨੇ ਕਦੀ ਵੀ ਥੱਲੇ ਦੀ ਪੱਧਰ ਦੇ ਸੁਧਾਰਾਂ ਵੱਲ ਨਹੀਂ ਸੀ ਵੇਖਿਆ। ਜ਼ਿਆਦਾਤਰ, ਉਹ ਮਰੇ ਹੋਏ ਬਾਦਸ਼ਾਹਾਂ ਅਤੇ ਸ਼ਾਨਦਾਰ ਮਕਬਰੇ 'ਤੇ ਕੇਂਦਰਿਤ ਰਹੇ ਤਾਂ ਜੋ ਉਨ੍ਹਾਂ ਦੀਆਂ ਸੰਤਾਨਾਂ ਉਨ੍ਹਾਂ ਲਈ ਬਣਾਉਣ। ਉਹ ਵੱਡੀਆਂ ਮਸਜਿਦਾਂ ਬਣਾਉਂਦੇ ਅਤੇ ਇਤਿਹਾਸਕਾਰਾਂ ਨੂੰ ਉਹਨਾਂ ਦੀਆਂ ਸਿਫਤਾਂ ਵਿਚ ਲਿਖਣ ਲਈ ਬਹੁਤ ਵੱਡੀਆਂ ਰਕਮਾਂ ਦਿੰਦੇ ਰਹੇ, ਜੋ ਕਿ ਇਤਿਹਾਸ ਦੀਆਂ ਫਜ਼ੂਲ ਅਤੇ ਬਦਲਿਆ ਹੋਇਆ ਰੂਪ ਸਾਬਿਤ ਹੋਇਆ, ਇਸ ਨਾਲ ਨਾ ਤਾਂ ਦੇਸ਼ ਨੂੰ ਅਤੇ ਨਾ ਹੀ ਲੋਕਾਂ ਨੂੰ ਕੋਈ ਲਾਭ ਹੋਇਆ।" ਉਹ ਮੰਨਦੇ ਨਹੀਂ ਸਨ ਅਤੇ ਮੈਂ ਉਹਨਾਂ ਨੂੰ ਕਹਿੰਦਾ ਸਾਂ, "ਪ੍ਰਮਾਤਮਾ ਆਦਮੀਆਂ ਦੇ ਸਿਰ 'ਤੇ ਤਾਜ ਇਸ ਲਈ ਰੱਖਦਾ ਹੈ ਤਾਂ ਕਿ ਉਹ ਆਪਣੀ ਵੱਧ ਤੋਂ ਵੱਧ ਯੋਗਤਾ ਆਪਣੇ ਦੇਸ਼ ਲਈ ਵਰਤਣ ਅਤੇ ਉਹ ਇਸ ਅਹਿਸਾਨ ਨੂੰ ਵਾਪਸ ਕਰਨ। ਕੀ ਉਹ ਇਸ ਦੀ ਕੋਈ ਕੀਮਤ ਦੇਂਦੇ ਹਨ ?" ਮੈਂ ਮੰਨ ਜਾਂਦਾ, "ਸ਼ੇਰ ਸ਼ਾਹ ਸੂਰੀ ਤੋਂ ਇਲਾਵਾ ਜਿਸ ਨੇ ਗਰੈਂਡ ਟਰੰਕ ਰੋਡ ਬਣਾਈ ਅਤੇ ਸਮਾਜਿਕ ਕਲਿਆਣ ਬਾਰੇ ਗੱਲ ਕੀਤੀ, ਹੋਰ ਕਿਸੇ ਨੇ ਵੀ ਲੋਕਾਂ ਨੂੰ ਉਪਰ ਉਠਾਉਣ ਲਈ ਕੁਝ ਨਹੀਂ ਕੀਤਾ।" ਮੇਰੇ ਲਈ ਸਾਮਰਾਜਵਾਦ, ਆਦਮੀ ਦੇ ਧਰਤੀ 'ਤੇ ਆਉਣ ਨਾਲ ਸ਼ੁਰੂ ਹੋ ਗਿਆ ਸੀ। ਮੈਂ ਆਪਣੇ ਦੋਸਤਾਂ ਨੂੰ ਪੁੱਛਦਾ ਸਾਂ, "ਕੀ ਉਹ ਸਾਰੇ ਸਾਮਰਾਜਵਾਦੀ ਨਹੀਂ ਸਨ ?"

ਜਿਵੇਂ ਕਿ ਅਸੀਂ ਇਸਲਾਮ ਨੂੰ ਇਕ ਇਨਸਾਨੀਅਤ ਦਾ ਧਰਮ ਕਰਕੇ ਪ੍ਰਵਾਨ ਕੀਤਾ ਸੀ, ਮੈਂ ਅਤੇ ਮੇਰੇ ਮਾਂ ਬਾਪ ਵੰਡ ਦੇ ਸਮੇਂ ਦੀਆਂ ਕਹਾਣੀਆਂ ਸੁਣ-ਸੁਣ ਕੇ ਬਹੁਤ ਪ੍ਰੇਸ਼ਾਨ ਹੋਏ। ਭਾਵੇਂ ਕਿ ਉਹ ਜ਼ਿਆਦਾ ਪੰਜਾਬ ਦੀਆਂ ਸਨ ਜੋ ਲਾਹੌਰ, ਰਾਜਸਥਾਨ ਜਾਂ ਅੰਮ੍ਰਿਤਸਰ ਦੇ ਬਾਰਡਰ 'ਤੇ ਵਾਪਰੀਆਂ ਅਤੇ ਸਿੰਧ

ਵਿਚ ਦੰਗਿਆਂ ਦੀਆਂ ਆਮ ਘਟਨਾਵਾਂ ਹੋਈਆਂ, ਲੋਕਾਂ ਦੇ ਕਤਲ ਅਤੇ ਮਾਰੇ ਜਾਣਾਂ ਜਿਹੜੇ ਬਹੁਤ ਸਮੇਂ ਤੋਂ ਇੱਕਠੇ ਰਹਿ ਰਹੇ ਸਨ, ਉਸ ਨੇ ਸਾਨੂੰ ਬਹੁਤ ਬੁਰੀ ਤਰ੍ਹਾਂ ਉਦਾਸ ਕਰ ਦਿੱਤਾ।

6 ਸਤੰਬਰ, 1947 ਨੂੰ ਅਸੀਂ ਗੱਡੀ ਦੀ ਉਡੀਕ ਕਰ ਰਹੇ ਸਾਂ, ਜਿਸ ਨੇ ਸਾਨੂੰ ਔਕਚਾ ਬੰਦਰਗਾਹ ਦੇ ਕੈਂਪ 'ਤੇ ਲੈ ਜਾਣਾ ਸੀ। ਮੇਰੀ ਭੈਣ ਦਾ ਪਤੀ ਬੰਗਲੌਰ ਵਿਚ ਲੇਟ ਹੋ ਗਿਆ ਸੀ, ਇਸ ਲਈ ਉਹ ਸਾਡੇ ਨਾਲ ਗਈ। ਭਾਰਤ ਸਰਕਾਰ ਨੇ ਆਪਣੇ ਵਪਾਰੀ ਤਜ਼ਰਬੇਕਾਰਾਂ ਦੇ ਚਲੇ ਜਾਣ ਦੇ ਨੁਕਸਾਨ ਨੂੰ ਮਹਿਸੂਸ ਕਰਦਿਆਂ ਹੋਇਆਂ ਇਕ ਅਸਿਸਟੈਂਟ ਕਮਿਸ਼ਨਰ ਦੀ ਇਹ ਡਿਊਟੀ ਲਾਈ ਕਿ ਸਾਨੂੰ ਇਥੇ ਰਹਿਣ ਲਈ ਪ੍ਰੇਰਣ ਅਤੇ ਰੇਲਵੇ ਸਟੇਸ਼ਨ 'ਤੇ ਉਸਨੇ ਸਾਡੇ ਭਾਰਤ ਤੋਂ ਜਾਣ ਨੂੰ ਰੋਕਣਾ ਚਾਹਿਆ। ਪਰ ਮੇਰਾ ਬਾਪ ਆਪਣੀ ਗੱਲ 'ਤੇ ਅੜਿਆ ਰਿਹਾ ਅਤੇ ਉਹਨਾਂ ਨੇ ਹਰ ਇਕ ਨੂੰ ਸਲਾਹ ਦਿੱਤੀ ਕਿ ਉਹ ਪਾਕਿਸਤਾਨ ਜਾਣ ਲਈ ਪੱਕੇ ਰਹਿਣ।

ਚਾਰ ਹਜ਼ਾਰ ਮੈਮਨ, ਔਕਚਾ ਨੂੰ ਜਾਣ ਵਾਲੀ ਗੱਡੀ 'ਤੇ ਚੜ੍ਹ ਗਏ, ਜਿਥੇ ਅਸੀਂ ਕੈਂਪ ਵਿਚ ਪੰਜ ਦਿਨ ਰਹੇ, ਜਿਥੇ ਅਸੀਂ ਸਿਰਫ ਮਸਰਾਂ ਦੀ ਦਾਲ ਅਤੇ ਰੋਟੀ ਹੀ ਖਾਂਦੇ ਰਹੇ ਇਸ ਤੋਂ ਪਹਿਲਾਂ ਕਿ ਕਰਾਚੀ ਜਾਣ ਵਾਲੀ ਬੇੜੀ 'ਤੇ ਚੜ੍ਹਦੇ। ਸਮੁੰਦਰ 'ਤੇ ਦੋ ਦਿਨ ਲੱਗ ਗਏ ਅਤੇ ਅਸਾਂ ਕੋਈ ਬੇਅਰਾਮੀ ਮਹਿਸੂਸ ਨਾ ਕੀਤੀ, ਜਦੋਂ ਸਾਡੀ ਬੇੜੀ ਕਰਾਚੀ ਦੀ ਬੰਦਰਗਾਹ 'ਤੇ ਲੱਗੀ ਤਾਂ ਮੱਛੀਆਂ ਦੀ ਬੜੀ ਭਾਰੀ ਗੰਧ ਨੇ ਸਾਨੂੰ ਤੰਗ ਕੀਤਾ। ਮੇਰੀ ਮਾਂ ਨੇ ਅਜੀਜ ਨੂੰ ਬਾਂਹ ਤੋਂ ਫੜਿਆ ਹੋਇਆ ਸੀ, ਜਦੋਂ ਕਿ ਮੈਂ ਆਪਣੀ ਭੈਣ ਦਾ ਸਖ਼ਤੀ ਨਾਲ ਹੱਥ ਫੜਿਆ ਹੋਇਆ ਸੀ, ਮੈਂ ਕਿਸੇ ਅਨਿਸ਼ਚਤਾ ਤੋਂ ਡਰਦਾ ਸਾਂ ਪਰ ਮੈਨੂੰ ਖੁਸ਼ੀ ਅਤੇ ਉਮੀਦ ਸੀ। ਇਕ ਹੀ ਨੁਕਸਾਨ ਜੋ ਮੈਂ ਮਹਿਸੂਸ ਕਰ ਰਿਹਾ ਸਾਂ, ਉਹ ਸੀ ਮੇਰਾ ਕੰਪਨੀ ਦੇ ਸ਼ੇਅਰਾਂ ਵਿਚ ਲੱਗਾ ਪੈਸਾ ਫਜ਼ੂਲ ਗਿਆ ਸੀ, ਜੋ ਅਸੀਂ ਬੰਨਟਵਾ ਵਿਚ ਫਜ਼ੂਲ ਹੀ ਅਲਮਾਰੀ 'ਤੇ ਪਏ ਭਾਂਡਿਆਂ ਵਿਚ ਛੱਡ ਆਏ ਸਾਂ।

•

# ਭਾਗ 3

ਪਾਕਿਸਤਾਨ ਦੀ ਇਕ ਨਵੀਂ ਸ਼ੁਰੂਆਤ ਸੀ। ਸਦੀਆਂ ਪੁਰਾਣੀਆਂ ਧਰਤੀ ਦੀ ਯੋਜਨਾ ਅਨੁਸਾਰ ਅਤੇ ਟੁੱਟੀਆਂ-ਭੱਜੀਆਂ, ਬਹੁਤ ਪੁਰਾਣੀਆਂ ਹੋ ਗਈਆਂ ਇਮਾਰਤਾਂ ਨੂੰ ਫਿਰ ਠੀਕ ਕਰਨਾ ਪੈਣਾ ਜ਼ਰੂਰੀ ਲੱਗਦਾ ਸੀ। ਇਕ ਨਵੀਂ ਅਤੇ ਵੱਖਰੇ ਦੇਸ਼ ਦੀ ਪਹਿਚਾਣ ਵਿਚ ਉਮੀਦ ਸੀ। ਉਹ ਉਮੀਦ ਜੋ ਹਰ ਸ਼ੁਰੂਆਤ ਵਿਚ ਹੁੰਦੀ ਸੀ, ਪਰ ਗ਼ਲਤ ਫਹਿਮੀਆਂ ਅਤੇ ਸੁਪਨੇ ਟੁੱਟ ਜਾਂਦੇ ਸਨ ਜਦੋਂ ਬੱਸ ਜਿਸ ਵਿਚ ਅਸੀਂ ਚੜ੍ਹੇ ਹੁੰਦੇ ਸਾਂ, ਝਟਕਾ ਲੱਗਣ ਨਾਲ ਖਲੋ ਜਾਂਦੀ ਸੀ।

ਇਕ ਟੁੱਟੀ ਹੋਈ ਇਮਾਰਤ ਜੋ ਮਲੀਰ ਵਿਚ ਕਰਾਚੀ ਦੇ ਬਾਹਰਲੇ ਹਿੱਸੇ ਵਿਚ ਸੀ ਜਿਸ ਵਿਚ ਅਸੀਂ ਰਹਿ ਰਹੇ ਸਾਂ, ਉਹ ਮੈਮਨ ਪ੍ਰਵਾਸੀਆਂ ਨੂੰ ਸਮਾਜ ਦੇ ਵੱਡੇ ਆਦਮੀਆਂ ਅਤੇ ਪਾਕਿਸਤਾਨ ਦੀ ਸਰਕਾਰ ਨਾਲ ਇਕ ਸਮਝੌਤੇ ਦੇ ਅਨੁਸਾਰ ਅਲਾਟ ਕੀਤੀ ਗਈ ਸੀ। ਇਹ ਇਕ ਨਵੇਂ ਬਣੇ ਹਿੰਦੂ ਮੰਦਰ ਦੇ ਨਾਲ ਲੱਗਦੀ ਸੀ, ਜੋ ਕਿ ਉੱਜੜੀ ਹੋਈ ਖੜੀ ਸੀ ਅਤੇ ਤਿਆਗੀ ਹੋਈ ਸੀ ਅਤੇ ਭੀੜ ਦੇ ਵਿਚਕਾਰ ਸੀ। ਬੰਨਟਵਾ ਅਤੇ ਇਸ ਵਿਚ ਮੁਕਾਬਲਾ ਕਰਦਿਆਂ ਇਹ ਜਾਪਦਾ ਸੀ ਕਿ ਮੈਂ ਵੀ, ਜਿਸ ਨੇ ਕਦੀ ਖ਼ੂਬਸੂਰਤ ਵਾਤਾਵਰਣ ਨਹੀਂ ਸੀ ਵੇਖਿਆ, ਉਦਾਸ ਸਾਂ। ਖੁੱਲ੍ਹੀਆਂ ਜਗ੍ਹਾ ਅਤੇ ਤਾਜ਼ੀ ਹਵਾ ਦੀਆਂ ਯਾਦਾਂ ਨੇ ਮੈਨੂੰ ਮੇਰੇ ਆਪਣੇ ਪਿੱਛੇ ਛੱਡੇ ਘਰ ਲਈ ਉਦਾਸ ਕਰ ਦਿੱਤਾ।

ਇਮਾਰਤ ਵਿਚ ਰਿਫਊਜੀ ਕੈਂਪ ਦਾ ਹਰ ਹਿੱਸਾ ਆ ਗਿਆ। ਟੀਨ ਦੇ ਟਰੰਕ ਜੋ ਵੱਖ-ਵੱਖ ਅਕਾਰਾਂ ਦੇ ਸਨ, ਜਿਨ੍ਹਾਂ ’ਤੇ ਹੱਥ ਨਾਲ ਪੇਂਟ ਕੀਤੀ ਕਲਾ ਦੇ ਮੁੱਖ ਵਿਚਾਰਾਂ ਨਾਲ ਸਜਾਇਆ ਹੋਇਆ ਸੀ; ਕੱਪੜਿਆਂ ਵਾਲੀਆਂ ਵੱਡੀਆਂ-ਵੱਡੀਆਂ ਗੱਠੜੀਆਂ, ਭਾਂਡੇ, ਵੱਡੀਆਂ ਚਾਦਰਾਂ ਵਿਚ ਬੱਧਾ ਘਰ ਦਾ ਹੋਰ ਸਮਾਨ, ਜਿਸ ਨੂੰ ਪੱਕੀਆਂ ਗੰਢਾਂ ਦੇ ਕੇ ਇੱਕਠਾ ਰੱਖਿਆ ਹੋਇਆ ਸੀ। ਖਾਣਾ ਲਿਜਾਣ ਵਾਲੇ ਬਰਤਨ, ਬਿਸਤਰ-ਬੰਨ, ਕੂੰਡਾ-ਡੰਡਾ ਅਤੇ ਘਬਰਾਏ ਡਰਦੇ ਵਿਰਲਾਪ ਕਰਦੇ ਨਿਰਾਸ਼ ਬੱਚੇ, ਅਤੇ ਘਬਰਾਈਆਂ ਘਰੋਂ ਬੇਘਰ ਔਰਤਾਂ ਅਤੇ ਉੱਤੇਜਿਤ ਵਿਅਕਤੀ ਵਿਹੜੇ ਵਿਚ ਇੱਕਠੇ ਹੋ ਜਾਦੇ। ਮੇਰੇ ਆਪਣੇ ਮਾਂ ਬਾਪ ਚੁਪ ਚਾਪ ਇਕ ਛੋਟੇ ਜਿਹੇ ਕਮਰੇ ਵਿਚ ਰਹਿਣ ਲੱਗ ਪਏ ਜੋ ਸਾਨੂੰ ਦਿੱਤਾ ਗਿਆ ਸੀ, ਜਿਥੇ ਮੇਰੀ ਮਾਂ, ਆਪਣੇ

ਵਿਸ਼ਵਾਸ ਨਾਲ ਰਸੋਈ ਦੀ ਅੱਗ ਨਾਲ ਜ਼ਿੰਦਗੀ ਪੈਦਾ ਕਰਦੀ ਸੀ, ਅਨੁਸਾਰ ਖਾਣਾ ਪਕਾਣ ਦੀ ਜਗ੍ਹਾ ਬਣਾ ਲਈ।

ਇਸ ਦੇ ਨਾਲ ਹੀ ਮੁਫ਼ਤ ਜਾਇਦਾਦ ਨੂੰ ਪਾਉਣ ਲਈ ਇਕ ਦੌੜ ਲੱਗ ਗਈ। ਹਿੰਦੂ ਜਿਹੜੇ ਜਾਇਦਾਦ ਛੱਡ ਕੇ ਭਾਰਤ ਚਲੇ ਗਏ ਸਨ, ਉਸ ਲਈ ਪ੍ਰਵਾਸੀ, ਬੜੇ ਲਾਲਚ ਵਿਚ ਉੱਚੀ-ਉੱਚੀ ਰੌਲਾ ਪਾਉਂਦੇ ਸਨ, ਪੈਰਾਂ ਥੱਲੇ ਮਿਧਦੇ ਹੋਏ ਇਸ ਕੋਸ਼ਿਸ਼ ਵਿਚ ਸਨ ਕਿ ਉਸ ਛੱਡੀ ਹੋਈ ਜਾਇਦਾਦ 'ਤੇ ਕਬਜ਼ਾ ਕਰ ਸਕਣ। ਮੇਰਾ ਬਾਪ ਇਸ ਢੰਗ ਨਾਲ ਜਾਇਦਾਦ 'ਤੇ ਗੈਰ ਕਾਨੂੰਨੀ ਕਬਜ਼ਾ ਕਰਨ ਨੂੰ ਠੀਕ ਨਹੀਂ ਸੀ ਸਮਝਦਾ। ਉਹ ਆਪਣੇ ਦੋਸਤਾਂ ਦੇ ਸੁਝਾਵਾਂ ਨੂੰ ਨਹੀਂ ਸੀ ਮੰਨਦਾ ਕਿ ਉਹ ਇਸ ਢੰਗ ਨਾਲ ਕੁਝ ਵੀ ਲੈ ਸਕਦਾ ਸੀ ਅਤੇ ਉਸ ਨੇ ਸਖ਼ਤੀ ਨਾਲ ਕਿਹਾ, "ਸਾਨੂੰ ਮਿਹਨਤ ਅਤੇ ਸੰਘਰਸ਼ ਕਰਨਾ ਚਾਹੀਦਾ ਤਾਂ ਕਿ ਰਾਸ਼ਟਰਵਾਦ ਦੀ ਭਾਵਨਾ ਬਣਾਈ ਜਾਵੇ ਜਾਂ ਕੀ ਅਸੀਂ ਇਥੇ ਡਾਕੂਆਂ ਦੀ ਤਰਾਂ ਆਏ ਹਾਂ ?" ਉਹ ਪਹਿਲਾਂ ਹੀ ਬੜਾ ਉਦਾਸ ਮਹਿਸੂਸ ਕਰਦਾ ਸੀ ਅਤੇ ਲੋਕਾਂ ਦੇ ਖੁਦਗਰਜ਼ ਵਿਵਹਾਰ ਕਰਕੇ ਉਸ ਨੂੰ ਕਹਿਣਾ ਪਿਆ, "ਕੀ ਬੇਨਿਯਮੀ ਹੈ।"

ਅਸੀਂ ਚਾਅਬਾ ਗਲੀ ਵਿਚ ਇਕ ਛੋਟਾ ਕਮਰਾ ਕਿਰਾਏ 'ਤੇ ਲੈ ਲਿਆ, ਜੋ ਜੋਰੀਆ ਬਾਜ਼ਾਰ ਦੇ ਨਾਲ ਸੀ। ਲੋਹੇ ਦੀ ਅਲਮਾਰੀ ਅਤੇ ਜਿਸ ਨੂੰ ਬੰਨਟਵਾ ਵਿਚ ਵੇਚ ਦੇਣ ਤੋਂ ਬਾਅਦ ਅਸੀਂ ਆਪਣੇ ਥੋੜੇ ਜਿਹੇ ਸਮਾਨ ਨਾਲ ਇਥੇ ਆਏ ਸਾਂ। ਸਾਡਾ ਨਵਾਂ ਘਰ ਸ਼ਹਿਰ ਦੀ ਕਚਹਿਰੀ ਦੇ ਕੋਲ ਸੀ, ਇਸ ਦੇ ਨਾਲ ਬੜੀ ਖ਼ਤਰਨਾਕ ਲਾਲ ਬੱਤੀ ਜ਼ਿਲਾ ਨੈਪੀਅਰ ਰੋਡ ਸੀ, ਜਿਥੋਂ ਕਈ ਛੋਟੇ-ਛੋਟੇ ਰਸਤੇ ਨਿਕਲਦੇ ਸਨ, ਜੋ ਸ਼ਹਿਰਾਂ ਦੀਆਂ ਥੋਕ ਮੰਡੀਆਂ ਅਤੇ ਬਾਜ਼ਾਰਾਂ ਨੂੰ ਜਾ ਮਿਲਦੇ ਸਨ।

ਸਭ ਤੋਂ ਪਹਿਲਾਂ ਕੱਪੜਾ ਬੁਣਨ ਦੇ ਕਾਰਖਾਨੇ ਵਿਚ ਸਾਂਝੇ ਤੌਰ 'ਤੇ ਪਾਕਿਸਤਾਨ ਦੀ ਸਰਕਾਰ ਅਤੇ ਵਾਲਿਕਾ ਪਰਿਵਾਰ ਨੇ ਪੈਸੇ ਲਾਏ ਸਨ। ਜਿਨ੍ਹਾਂ ਕੋਲ ਥੋੜਾ ਜਿਹਾ ਪੈਸਾ ਸੀ, ਪਰ ਕੁਝ ਤਜ਼ਰਬਾ ਸੀ, ਉਹਨਾਂ ਨੂੰ ਬਹੁਤ ਵੱਡੀਆਂ ਸਹੂਲਤਾਂ ਦਿੱਤੀਆਂ ਗਈਆਂ। ਮੈਂ ਇਸ ਸਕੀਮ 'ਤੇ ਵਿਚਾਰ ਕੀਤਾ ਪਰ ਇਸ ਨੂੰ ਨਕਾਰ ਦਿੱਤਾ ਜਦੋਂ ਮੇਰੇ ਬਾਪ ਨੇ ਕਿਹਾ, "ਵਪਾਰ ਨੂੰ ਸ਼ੁਰੂ ਤੋਂ ਸਿੱਖੋ। ਥੱਲੇ ਤੋਂ ਸ਼ੁਰੂ ਕਰੋ, ਕਿਉਂਕਿ ਤੁਸੀਂ ਕਦੀ ਵੀ ਉਪਰ ਤੋਂ ਸਿੱਖਣ ਲਈ ਵਾਪਸ ਨਹੀਂ ਆਵੋਗੇ।" ਮੇਰੇ ਬਾਪ ਨੇ ਕਮਿਸ਼ਨ ਏਜੰਟ ਦੇ ਤੌਰ 'ਤੇ ਇਕ ਦੁਕਾਨ ਵਿਚ ਨੌਕਰੀ ਪ੍ਰਵਾਨ ਕਰ ਲਈ ਜੋ ਕਿ ਸਾਡੇ ਘਰ ਦੇ ਨਾਲ ਹੀ ਸੀ। ਕਈ ਵਾਰ ਮੈਂ ਉਸ ਦੀ ਮਦਦ ਕਰਦਾ ਪਰ ਜ਼ਿਆਦਾ ਸਮਾਂ ਮੈਂ ਉਹਨਾਂ ਗਲੀਆਂ ਦੇ ਵਿਚ ਘੁੰਮਦਾ ਰਹਿੰਦਾ ਅਤੇ ਇਥੋਂ ਅਤੇ ਬੰਨਟਵਾ ਦਾ ਫ਼ਰਕ ਬੜੀ ਜਗਿਆਸਾ ਨਾਲ ਜਾਂਚਦਾ ਰਹਿੰਦਾ।

ਮੈਮਨਾਂ ਦੇ ਉੱਦਮ ਛੇਤੀ ਹੀ ਦਿਖਾਈ ਦੇਣ ਲੱਗੇ। ਸ਼ਹਿਰ ਵਿਚ ਚਹਿਲ ਪਹਿਲ ਵਧਣ ਲੱਗੀ। ਸਮਾਨ ਦੀ ਘਾਟ ਦੇ ਬਾਵਜੂਦ ਵੀ ਦੁਕਾਨਾਂ ਖੁੱਲਣ ਲੱਗੀਆਂ

ਅਤੇ ਇਕ ਕੱਪੜੇ ਦੀ ਮਾਰਕੀਟ ਖੁੱਲ੍ਹ ਗਈ; ਰਾਸ਼ਨਾਂ ਦੇ ਗੁਦਾਮਾਂ ਤੇ ਗਲੀਆਂ ਵਿਚ ਖਰੀਦਦਾਰ ਅਤੇ ਵੇਚਣ ਵਾਲੇ ਵੱਧਣ ਲੱਗੇ। ਗਲੀਆਂ ਦੀਆਂ ਨੁਕਰਾਂ ਵਿਚ ਮਿਠਾਈ ਦੀਆਂ ਦੁਕਾਨਾਂ, ਮੀਟ ਵੇਚਣ ਵਾਲੇ ਇਕ ਦਮ ਹੀ ਆ ਗਏ। ਉਹ ਜਲਦੀ ਵਿਚ ਹੀ ਭੀੜ ਭਰੀਆਂ ਗਲੀਆਂ ਵਿਚ ਪਲਾਈ ਵੁਡ ਦੇ ਬਣੇ ਸਟਾਲ ਫੁੱਟਪਾਥਾਂ ’ਤੇ ਲੱਗਾਣ ਲੱਗ ਪਏ, ਜੋ ਪੁਰਾਣਾ ਮਾਲ ਅਤੇ ਕੱਪੜਿਆਂ ਦੇ ਛੋਟੇ ਟੁੱਕੜੇ ਅਤੇ ਘਰ ਦੇ ਬਣੇ ਅਚਾਰ ਦੀਆਂ ਵੱਖ-ਵੱਖ ਕਿਸਮਾਂ ਵੇਚਦੇ ਸਨ। ਛੋਟੇ ਚੱਲਣ ਵਾਲੇ ਛੱਕੜੇ, ਜਿਨ੍ਹਾਂ ਨੂੰ ਭਰ ਕੇ ਕੱਚੇ ਰਾਹਾਂ ’ਤੇ ਧੱਕੇ ਦੇ ਕੇ ਚਲਾਇਆ ਜਾਂਦਾ ਸੀ, ਕੁਝ ਫਰਲਾਂਗ ਬਾਅਦ ਖੜੇ ਹੋ ਜਾਂਦੇ ਅਤੇ ਆਈਸ ਕਰੀਮ, ਠੰਡਾ ਫਲ ਦਾ ਰਸ, ਅਤੇ ਫਲ ਜਿਸ ਦੇ ਟੁੱਕੜਿਆਂ ਨੂੰ ਲੂਣ ਮਿਰਚ ਅਤੇ ਵੱਖ-ਵੱਖ ਮਸਾਲੇ ਲਾਏ ਹੁੰਦੇ ਸਨ, ਵੇਚੇ ਜਾਂਦੇ। ਉਹਨਾਂ ਉਤੇ ਕਾਲੀਆਂ ਮੱਖੀਆਂ ਦੇ ਝੁੰਡ ਘੁੰਮਦੇ ਰਹਿੰਦੇ ਅਤੇ ਇਸ ਦੇ ਨਾਲ ਹੀ ਇਕ ਹੱਥ ਨਾਲ ਉਹਨਾਂ ਨੂੰ ਦੂਰ ਉਡਾਉਣ ਦੀ ਕੋਸ਼ਿਸ਼ ਜਾਰੀ ਰੱਖੀ ਜਾਂਦੀ। ਖੁਰਾਕ ਵੇਚਣ ਵਾਲੇ ਕੁਸ਼ਲਤਾ ਪੂਰਵਕ, ਸੌਦਾ ਦੇਣ ਵਾਲੇ ਕੜਛੇ ਨਾਲ ਅਖ਼ਬਾਰਾਂ ਦੇ ਬਣਾਏ ਹੋਏ ਡੂੰਘਿਆਂ ਵਿਚ ਤਰੀ ਵਾਲਾ ਮੁਰਗਾ ਅਤੇ ਮਟਰ ਵੇਚਦੇ, ਜਦੋਂ ਕਿ ਕਈ ਹੋਰ ਵੱਡੇ ਉਬਾਲਣ ਵਾਲੇ ਵੱਡੇ-ਵੱਡੇ ਚੁੱਲ੍ਹੇ ਬਣਾਏ ਜਾਂਦੇ, ਜਿਥੇ ਪਕੌੜੇ ਅਤੇ ਸਮੋਸੇ ਤਲੇ ਜਾਂਦੇ ਸਨ, ਉਨ੍ਹਾਂ ਦਾ ਧਿਆਨ ਰੱਖਦੇ। ਜੋ ਚੀਜ਼ ਵੀ ਵੇਚੀ ਜਾ ਸਕਦੀ ਸੀ, ਉਹ ਬਾਜ਼ਾਰ ਵਿਚ ਮਿਲ ਜਾਂਦੀ ਸੀ।

ਬੰਨਟਵਾ ਦੇ ਲੋਕ ਮੁਸ਼ਕਲ ਨਾਲ ਹੀ ਕਦੀ ਲੜੇ ਹੋਣ, ਖ਼ਾਸ ਕਰਕੇ ਗਲੀਆਂ ਵਿਚ, ਪਰ ਇਥੇ ਹਰ ਕੋਈ ਝਗੜਾਲੂ ਸੀ। ਜਦੋਂ ਮੈਂ ਆਪਣੇ ਬਾਪ ਨੂੰ ਇਸ ਬਾਰੇ ਦੱਸਿਆ ਤਾਂ ਉਸ ਨੇ ਮਖੌਲ ਨਾਲ ਕਿਹਾ, “ਉਹਨਾਂ ਦੇ ਤੰਤੂ ਤੇਰੀ ਮਾਂ ਵਾਂਗ ਮਾੜੇ ਹਨ, ਉਹ ਮਿਲ ਜੁਲ ਕੇ ਨਹੀਂ ਰਹਿ ਸਕਦੇ।” ਉਹ ਇਹ ਵੀ ਵਿਆਖਿਆ ਕਰਦੇ, “ਸਾਨੂੰ ਉਹਨਾਂ ਨਾਲ ਰਲ ਮਿਲ ਕੇ ਰਹਿਣਾ ਚਾਹੀਦਾ ਹੈ। ਸਾਰੇ ਰਸਤੇ ਸਿਰਫ ਸਾਡੇ ਘਰ ਨੂੰ ਜਾਂਦੇ ਹਨ, ਫਿਰ ਵੀ ਉਹ ਬਦਲੇ ਹੋਏ ਬਾਹਰ ਦੇ ਵਾਤਰਵਰਣ ਨਾਲ ਬਦਲ ਜਾਣਗੇ।”

ਸਰਹੱਦੀ ਸੂਬੇ ਤੋਂ ਪਠਾਨ, ਹੈਦਰਾਬਾਦ ਦੱਖਣ ਅਤੇ ਉੱਤਰ ਪ੍ਰਦੇਸ਼ ਤੋਂ ਉਰਦੂ ਬੋਲਣ ਵਾਲੇ ਲੋਕ, ਪੂਰਬੀ ਪੰਜਾਬ ਤੋਂ ਪੰਜਾਬੀ ਅਤੇ ਪੂਰਬੀ ਬੰਗਾਲ ਤੋਂ ਬੰਗਾਲੀ ਇਥੇ ਆਏ ਸਨ, ਜਿਨ੍ਹਾਂ ਨੇ ਇਕ ਅਜੀਬ ਅਤੇ ਆਪਸੀ ਤਾਲਮੇਲ ਤੋਂ ਬਗੈਰ ਵਾਲਾ ਮਿਸ਼ਰਣ ਬਣਾਇਆ ਸੀ। ਮੈਂ ਸਾਰਾ ਦਿਨ ਬਾਜ਼ਾਰ ਵਿਚ ਪਲੇਟਫਾਰਮ ’ਤੇ ਬੈਠਾ ਰਹਿੰਦਾ ਅਤੇ ਇਨ੍ਹਾਂ ਵੱਖ-ਵੱਖ ਲੋਕਾਂ ਨੂੰ ਵੇਖਦਾ ਰਹਿੰਦਾ। ਕਈ ਵਾਰ ਮੇਰਾ ਮੂੰਹ ਖੁਲ੍ਹ ਜਾਂਦਾ ਅਤੇ ਮੇਰੀਆਂ ਅੱਖਾਂ ਇਕ ਤਰਫ ਤੋਂ ਦੂਸਰੀ ਤਰਫ ਘੁੰਮਦੀਆਂ ਜਦੋਂ ਮੇਰੀਆਂ ਅੱਖਾਂ ਉਹਨਾਂ ਅਜੀਬ ਅਜੀਬ ਚਿਹਰਿਆਂ ਦੀ ਬਣਤਰ ਵੱਲ ਵੇਖਦੀਆਂ।

ਇਕ ਦਿਨ ਪੱਗ ਬੰਨੀ ਹੋਏ ਪਠਾਨ ਦੀਆ ਤਾਕਤਵਾਰ ਅੱਖਾਂ ਦੀ ਡੂੰਘੀ ਤਾਕਤ ਨੇ ਮੇਰੇ ਧਿਆਨ ਨੂੰ ਖਿੱਚ ਲਿਆ, ਉਹ ਭੀੜ ਵਿਚੋਂ ਦੀ ਲੰਘ ਰਿਹਾ ਸੀ ਅਤੇ ਇਕ ਤੇਜੀ ਨਾਲ ਲੰਘਣ ਵਾਲੇ ਨੂੰ ਗੁੱਸੇ ਹੋ ਰਿਹਾ ਸੀ। ਇਕ ਦਮ ਉਹ ਗੁੱਸੇ ਵਿਚ ਆਏ ਸ਼ੇਰ ਵਾਂਗ ਉਸ 'ਤੇ ਛਾਲ ਮਾਰ ਕੇ ਕੁੱਦਿਆ। ਇਸ ਤੋਂ ਪਹਿਲਾਂ ਕਿ ਕੋਈ ਅੱਖ ਝਪਕਦਾ, ਉਸਨੇ ਚਾਕੂ ਖੋਬ ਦਿੱਤਾ, ਇਕ ਮਰਿਆ ਹੋਇਆ ਆਦਮੀ ਲਹੂ ਦੇ ਛੱਪੜ ਵਿਚ ਪਿਆ ਸੀ ਜੋ ਗਲੀ ਵਿਚ ਫੈਲ ਗਿਆ ਸੀ। ਲੋਕ ਹਰ ਤਰਫ ਤੋਂ ਉਸ ਵੱਲ ਭੱਜੇ, ਅਤੇ ਮੈਂ ਵੀ ਭੱਜ ਪਿਆ। ਇਹ ਕਿਹਾ ਜਾਂਦਾ ਸੀ ਕਿ ਉਸ ਪਠਾਨ ਨੇ ਉਸ ਆਦਮੀ ਨੂੰ ਸਿੱਖ ਵਜੋਂ ਪਹਿਚਾਣ ਲਿਆ ਸੀ, ਜਿਸ ਨੂੰ ਉਹ ਭਾਰਤ ਵਿਚ ਜਾਣਦਾ ਸੀ।

ਜ਼ੁਰਮ ਨੂੰ ਮੈਂ ਪਹਿਲੀ ਵਾਰ ਸਾਹਮਣੇ ਹੁੰਦਿਆ ਵੇਖਿਆ। ਭਾਵੇਂ ਕਿ ਮੈਂ ਜਾਤੀ ਦੁਸ਼ਮਣੀ ਨੂੰ ਸਮਝਦਾ ਸਾਂ, ਮੈਂ ਇਸ ਨੂੰ ਡੂੰਘਾਈ ਵੱਲ ਨਹੀਂ ਸਾਂ ਸਮਝ ਸਕਿਆ ਕਿ ਇਕ ਆਦਮੀ ਦੂਸਰੇ ਨੂੰ ਇਸ ਕਰਕੇ ਮਾਰ ਦੇਵੇਗਾ ਕਿਉਂ ਜੋ ਉਹ ਕੁਝ ਲੋਕਾਂ ਦਾ ਜਾਂ ਉਸ ਦੇਸ਼ ਦਾ ਪ੍ਰਤਿਨਿਧ ਹੈ, ਜਿਸ ਨੂੰ ਉਹ ਪਸੰਦ ਨਹੀਂ ਕਰਦਾ। ਮੈਨੂੰ ਇਸ ਵਿਚ ਕੋਈ ਇਨਸਾਫ ਨਾ ਲੱਗਾ ਇਥੋਂ ਤਕ ਕਿ ਇਹੋ ਜਿਹੇ ਸਾਧਾਰਣ ਕਾਰਨਾਂ ਕਰਕੇ ਕਿਸੇ ਨੂੰ ਪ੍ਰੇਸ਼ਾਨ ਕਰਨਾ ਵੀ ਗ਼ਲਤ ਹੈ। "ਆਦਮੀ ਦਾ ਬੇਕਾਬੂ ਗੁੱਸਾ ਜਿਸ ਦੇ ਨਾਲ ਕੋਈ ਮਾਰੂ ਹਥਿਆਰ ਹੋਵੇ, ਦੂਸਰੇ ਆਦਮੀ ਦਾ ਕਤਲ ਇੰਨੀ ਆਸਾਨੀ ਨਾਲ ਕਰ ਦੇਵੇ," ਮੈਂ ਸੋਚਦਾ ਸਾਂ। ਮੈਂ ਜੰਗ ਅਤੇ ਕਤਲੇਆਮ ਨੂੰ ਨਫ਼ਰਤ ਕਰਦਾ ਸਾਂ ਅਤੇ ਮੈਨੂੰ ਹੈਰਾਨੀ ਹੁੰਦੀ ਸੀ ਕਿ ਝਗੜੇ ਵਾਲੇ ਮਾਮਲਿਆਂ ਵਿਚ ਗੱਲਬਾਤ ਕਰਨਾ ਇੰਨਾਂ ਮੁਸ਼ਕਲ ਕਿਉਂ ਹੈ। ਅਸਲੀ ਲੜਾਈ ਤਾਂ ਗ਼ਰੀਬੀ ਨਾਲ ਲੜਨਾ ਹੈ, ਸੁਤੰਤਰਤਾ ਅਤੇ ਇਨਸਾਫ ਪ੍ਰਾਪਤ ਕਰਨਾ ਹੈ..... ਨਾ ਕਿ ਲੋਕਾਂ ਨੂੰ ਮਾਰਨਾ। ਪਾਕਿਸਤਾਨ ਵਿਚ ਬਹੁਤ ਸਾਰੇ ਮੁੱਦੇ ਹੱਲ ਕਰਨ ਵਾਲੇ ਸਨ, ਇਸ ਬਦਲੇ ਦੀਆਂ ਉਦਾਹਰਨਾਂ 'ਤੇ ਕਾਬੂ ਨਾ ਪਾਇਆ ਗਿਆ ਤਾਂ ਉਹ ਪਰੇਸ਼ਾਨੀ ਅਤੇ ਵੰਡ ਨੂੰ ਹੋਰ ਵਧਾਏਗੀ। ਮੈਂ ਵੇਖਿਆ, ਲੋਕ ਗੈਰ ਕਨੂੰਨੀ ਢੰਗਾਂ ਵੱਲ ਮੁੜ ਰਹੇ ਸਨ।

ਮੇਰੇ ਬਚਪਨ ਦਾ ਸੁਪਨਾ ਸੱਚਾਈ ਵਿਚ ਬਦਲ ਗਿਆ ਜਦੋਂ ਮੇਰੇ ਬਾਪ ਨੇ ਮੈਨੂੰ ਵਪਾਰ ਲਈ ਪੈਸੇ ਦਿੱਤੇ। ਜਦੋਂ ਮੈਂ ਪੈਨਸਲਾਂ ਅਤੇ ਤੀਲਾਂ ਦੀਆਂ ਡੱਬੀਆਂ, ਅਤੇ ਛੋਟੇ-ਛੋਟੇ ਤੌਲੀਏ ਥੋਕ ਦੀ ਮੰਡੀ ਵਿਚੋਂ ਖਰੀਦੇ ਤਾਂ ਮੇਰੇ ਬੰਨਟਵਾ ਦੇ ਦੋਸਤ ਮੇਰੇ ਉੱਤੇ ਹੱਸੇ। ਮੈਂ ਬੜੇ ਉਤਸ਼ਾਹ ਨਾਲ ਸਮਾਨ ਨੂੰ ਇਕ ਛੋਟੀ ਟਰੇਅ ਵਿਚ ਸਜਾ ਲਿਆ, ਤੌਲੀਏ ਆਪਣੀ ਵਧੀ ਹੋਈ ਬਾਂਹ 'ਤੇ ਲਟਕਾ ਲਏ, ਅਤੇ ਟਰੇਅ ਨੂੰ ਆਪਣੇ ਅੱਗੇ ਰੱਖ ਲਿਆ। ਬਾਜ਼ਾਰ ਦੇ ਵਿਚਕਾਰ ਇਕ ਬੜੇ ਰੁੱਝੇ ਹੋਏ ਚੌਂਕ ਨੂੰ ਚੁਣ ਕੇ, ਮੈਂ ਪੱਕੀ ਤਰ੍ਹਾਂ ਖੜ੍ਹਾ ਹੋ ਗਿਆ ਅਤੇ ਮੈਂ ਬੇਅਰਾਮੀ ਵਿਚ ਗਾਹਕਾਂ ਨੂੰ ਬਨਾਉਣ ਲਈ ਆਪਣੀ ਜਗ੍ਹਾ ਤੋਂ ਅੱਗੇ ਪਿੱਛੇ ਭੱਜਦਾ। ਅਭਿਆਸ ਦੇ ਨਾਲ ਮੈਨੂੰ ਆਪਣੇ ਸਮਾਨ

ਨੂੰ ਆਪਣੇ ਨਾਲ ਰੱਖਣ ਦਾ ਤਜ਼ਰਬਾ ਹੋ ਗਿਆ ਅਤੇ ਫਿਰ ਮੈਂ ਜਿੰਨਾਂ ਮਰਜ਼ੀ ਹੇਠਾਂ ਝੁਕ ਜਾਂਦਾ ਸਾਂ, ਸਮਾਨ ਦੀ ਟਰੇਅ ਤੌਲੀਏ ਸਮੇਤ ਮੇਰੀਆਂ ਬਾਹਾਂ ਨਾਲ ਸਥਿਰ ਅਤੇ ਸਮਤੋਲ ਵਿਚ ਰਹਿੰਦੇ ਸੀ।

ਕਾਹਲੀ ਵਿਚ ਜਾ ਰਹੇ ਲੋਕ ਮੈਨੂੰ ਇਕ ਪਾਸੇ ਕਰ ਦਿੰਦੇ, ਕਈ ਹੋਰ ਗੁੱਸੇ ਵਿਚ ਧੱਕਾ ਮਾਰ ਕੇ ਪਰੇ ਕਰ ਦਿੰਦੇ ਤਾਂ ਜੋ ਉਹ ਆਪਣੇ ਸਾਮਾਨ ਵਿਚ ਮੋਟਾ ਨਫ਼ਾ ਕਮਾ ਸਕਣ। ਕਈ ਖਲੋ ਜਾਂਦੇ, ਤੀਲਾਂ ਦੀ ਡੱਬੀ ਉਠਾਉਂਦੇ ਅਤੇ ਉਸ ਨੂੰ ਪਰਖਦੇ, ਉਸ ਨੂੰ ਖੋਲਦੇ, ਤੀਲ 'ਤੇ ਲਗਾ ਮਸਾਲਾ ਵੇਖਦੇ, ਬੰਦ ਕਰ ਦਿੰਦੇ ਅਤੇ ਕਹਿ ਜਾਂਦੇ "ਚੰਗੀ ਨਹੀਂ"। ਉਹ ਇਕ ਪੈਨਸਿਲ ਚੁੱਕ ਲੈਂਦੇ, ਆਪਣੀਆਂ ਉਂਗਲਾਂ ਵਿਚ ਉਸ ਨੂੰ ਘੁਮਾਉਂਦੇ, ਉਪਰ ਉਠਾਉਂਦੇ, ਕੰਪਨੀ ਦਾ ਨਾਂ ਪੜ੍ਹਦੇ ਅਤੇ ਤੇਜੀ ਨਾਲ ਵਗਾਹ ਮਾਰਦੇ ਅਤੇ ਮੱਥੇ 'ਤੇ ਵੱਟ ਪਾ ਕੇ ਬੋਲਦੇ, "ਫਜ਼ੂਲ ਹੈ"। ਜਦੋਂ ਉਹ ਤੌਲੀਏ ਵੇਖਦੇ ਅਤੇ ਉਸ ਦਾ ਬਰਾਂਡ ਪੜ੍ਹਦੇ, ਅਚੇਤਨ ਹੀ ਉਸ ਦੀ ਮਾੜੀ ਕੁਆਲਟੀ ਬਾਰੇ ਦੱਸਦੇ, ਮੈਂ ਬੜੀ ਬੇਸਬਰੀ ਨਾਲ ਕਿਸੇ ਹੋਰ ਪਾਰਟੀ ਦੀ ਖੋਜ਼ ਵਿਚ ਲੱਗ ਜਾਂਦਾ। ਜਦੋਂ ਉਹ ਆਪਣਾ ਸਮਾਂ ਬਰਬਾਦ ਕਰਨ ਦੀ ਬੇਪ੍ਰਵਾਹੀ ਤੋਂ ਬੇਖ਼ਬਰ ਹੋ ਕੇ ਅਤੇ ਸੰਭਾਵਨਾਵਾਂ ਦੇ ਗੁਆਚਣ ਕਰਕੇ ਚਲ ਪੈਂਦੇ, ਮੈਂ ਕਿਸੇ ਹੋਰ ਕੋਲ ਭੱਜ ਜਾਂਦਾ। ਛੇਤੀ ਹੀ ਮੈਂ ਗਾਹਕਾਂ ਦਾ ਅਤੇ ਸਮਾਂ ਬਰਬਾਦ ਕਰਨ ਵਾਲਿਆਂ ਵਿਚ ਫਰਕ ਕਰਨ ਦਾ ਮਾਹਿਰ ਬਣ ਗਿਆ ਅਤੇ ਮੈਂ ਉਹਨਾਂ ਵਿਚੋਂ ਚੋਣ ਕਰਨ ਲੱਗ ਪਿਆ। ਵਪਾਰ ਲਈ ਇਹ ਠੀਕ ਸੀ।

ਮੈਂ ਇਸ ਗੱਲ ਨਾਲ ਖੁਸ਼ ਸਾਂ ਕਿ ਮੈਂ ਆਪਣੀ ਦੇਖਭਾਲ ਕਰਨ ਜੋਗਾ ਹੋ ਗਿਆ ਸਾਂ, ਮੈਂ ਖੁਰਾਕ ਦੀ ਦੁਕਾਨ ਤੋਂ ਆਪਣਾ ਖਾਣਾ ਖਰੀਦਣਾ ਸ਼ੁਰੂ ਕਰ ਦਿੱਤਾ ਸੀ। ਮੇਰੀ ਮਾਂ ਨੇ ਗਿਲਾ ਕੀਤਾ, "ਤੂੰ ਹੁਣ 15 ਸਾਲਾਂ ਦਾ ਸੁਤੰਤਰ ਆਦਮੀ ਹੈ। ਪਰ ਕਮਾਉ ਬੰਦਿਆਂ ਦੇ ਘਰ ਹੁੰਦੇ ਹਨ ਜਿਥੇ ਉਹ ਖਾਣਾ ਖਾਂਦੇ ਹਨ।" ਉਹ ਮੈਨੂੰ ਕਹਿੰਦੀ ਕਿ ਬਾਜ਼ਾਰ ਤੋਂ ਖਾਣਾ ਖਾਣ ਤੋਂ ਪਰਹੇਜ਼ ਕਰਾਂ, ਜਿਥੇ ਖੁਰਾਕ ਦੀ ਕਿਸਮ ਬਾਰੇ ਸ਼ੱਕ ਕੀਤਾ ਜਾਂਦਾ ਹੈ, "ਤੁਹਾਨੂੰ ਕੀ ਪਤਾ ਹੈ ਮੀਟ ਕਿਥੋਂ ਆਉਂਦਾ ਹੈ, ਕਿੱਥੇ ਅਤੇ ਕਦੋਂ ਬਣਾਇਆ ਸੀ ? ਤੂੰ ਕਦੀ ਉਹ ਮੱਖੀਆਂ ਨਹੀਂ ਵੇਖੀਆਂ ਜੋ ਇਸ 'ਤੇ ਬੈਠਦੀਆਂ ਹਨ।" ਮੈਂ ਆਪਣੀ ਸੁਤੰਤਰਤਾ ਦੀਆਂ ਭਾਵਨਾਵਾਂ 'ਤੇ ਕਾਬੂ ਰੱਖਿਆ, ਅਤੇ ਉਸ ਨਾਲ ਅਤੇ ਅਜੀਜ ਨਾਲ ਖਾਣਾ ਖਾਣ ਘਰ ਮੁੜਨ ਲੱਗਾ।

ਮੇਰੀ ਮਾਂ ਕਮਜ਼ੋਰ ਹੋ ਗਈ ਸੀ ਅਤੇ ਮਾਨਸਿਕ ਤੋਰ 'ਤੇ ਕੁਝ ਅਸੰਤੁਲਨ ਵਿਚ ਸੀ। ਮੈਂ ਉਸ ਦੇ ਕੁਝ ਭਾਰ ਘਟਾਉਂਣ ਅਤੇ ਉਸ ਨੂੰ ਆਰਾਮ ਪਹੁੰਚਾਉਣ ਲਈ ਮੈਂ ਫਰਸ਼ ਨੂੰ ਧੋਂਦਾ ਅਤੇ ਸਾਫ ਕਰਦਾ ਅਤੇ ਇਮਾਰਤ ਦੇ ਬਾਹਰ ਟੂਟੀ ਦੇ ਥੱਲੇ ਭਾਂਡੇ ਧੋਂਦਾ, ਇਸ ਤਰ੍ਹਾਂ ਉਸ ਦੀ ਮਦਦ ਕਰਦਾ। ਮੈਂ ਸਬਜ਼ੀਆਂ ਨੂੰ ਕੱਟਦਾ, ਧੋਂਦਾ ਅਤੇ ਉਨ੍ਹਾਂ ਨੂੰ ਨਿਚੋੜਦਾ ਅਤੇ ਅਕਸਰ ਉਸ ਲਈ ਖਾਣਾ ਬਣਾਉਂਦਾ। ਹਰ ਸਵੇਰ ਮੈਂ

ਅਜੀਜ ਵੱਲ ਧਿਆਨ ਦੇਂਦਾ ਜੋ ਮੇਰੇ ਨਾਲੋਂ 5 ਸਾਲ ਛੋਟਾ ਸੀ। ਮੈਂ ਉਸ ਨੂੰ ਸਕੂਲ ਛੱਡ ਜਾਂਦਾ ਅਤੇ ਗਲੀ ਵਿਚ ਸਮਾਨ ਵੇਚਣ ਚਲਾ ਜਾਂਦਾ। ਸ਼ਾਮ ਨੂੰ ਉਹ ਮੈਨੂੰ ਉਡੀਕਦਾ ਰਹਿੰਦਾ ਕਿ ਮੈਂ ਉਸ ਲਈ ਕੁਝ ਲੈ ਕੇ ਆਵਾਂ, ਅਤੇ ਮੈਂ ਅਕਸਰ ਇਸ ਤਰ੍ਹਾਂ ਹੀ ਕਰਦਾ। ਸਾਡੀ ਭੈਣ ਜ਼ੁਬੈਦਾ ਆਪਣੇ ਪਤੀ ਅਤੇ ਆਪਣੀ ਸੱਸ ਦੇ ਨਾਲ ਰਹਿੰਦੀ ਸੀ। ਮੇਰੀ ਮਾਂ ਉਸ ਨੂੰ ਬਹੁਤ ਘੱਟ ਮਿਲਣ ਜਾਂਦੀ ਅਤੇ ਜ਼ੁਬੈਦਾ ਵੀ ਸਾਡੇ ਘਰ ਬਹੁਤ ਘੱਟ ਆਉਂਦੀ। ਕਿਉਂ ਜੋ ਨਾ ਹੀ ਇਸ ਦੀ ਉਮੀਦ ਸੀ, ਨਾ ਹੀ ਰਿਵਾਇਤੀ ਤੌਰ ’ਤੇ ਇਹ ਠੀਕ ਸਮਝਿਆ ਜਾਂਦਾ ਸੀ, ਮੈਂ ਅਤੇ ਮੇਰਾ ਬਾਪ ਕਦੀ ਵੀ ਉਸ ਦੇ ਘਰ ਨਹੀਂ ਸਾਂ ਗਏ।

ਕਿਉਂ ਜੋ ਮੈਂ ਕੋਈ ਵੀ ਖ਼ਰਚ ਨਹੀਂ ਸਾਂ ਕਰਦਾ, ਮੈਂ ਆਪਣੀ ਗਲੀ ਦੀ ਵਿਕਰੀ ਤੋਂ ਕਾਫੀ ਬਚਾ ਲੈਂਦਾ ਸਾਂ ਤਾਂ ਕਿ ਪਾਨ ਦੀ ਦੁਕਾਨ ਸ਼ੁਰੂ ਕਰ ਸਕਾਂ। ਮੈਂ ਛੋਟੀ ਚੱਲਣ ਵਾਲੀ ਰੇੜ੍ਹੀ ਲੈ ਲਈ, ਹਰ ਰਾਤ ਉਸ ਨੂੰ ਇਮਾਰਤ ਦੇ ਕੋਲ ਖੜੀ ਕਰ ਦਿੰਦਾ ਅਤੇ ਸਵੇਰ ਵੇਲੇ ਉਸ ਨੂੰ ਉਸ ਦੇ ਹੈਂਡਲ ਤੋਂ ਫੜ ਕੇ ਧੱਕ ਕੇ ਲੈ ਜਾਂਦਾ ਅਤੇ ਉਸ ਨੂੰ ਭੀੜ ਭਾੜ ਵਾਲੇ ਬਾਜ਼ਾਰ ਦੇ ਰਾਹ ’ਤੇ ਲੈ ਜਾਂਦਾ।

ਪਾਨ ਦੇ ਪੱਤੇ ਖਰੀਦਣ ਲਈ ਮੈਨੂੰ ਰੋਜ਼ਾਨਾ ਫਲਾਂ ਅਤੇ ਸਬਜ਼ੀਆਂ ਦੀ ਮੰਡੀ ਵਿਚ ਜਾਣਾ ਪੈਂਦਾ ਸੀ ਅਤੇ ਇਸ ਵਿਚ ਸਾਰੀ ਸਵੇਰ ਲੰਘ ਜਾਂਦੀ ਸੀ। ਗਲੇ ਹੋਏ ਫਲਾਂ ਦੀ ਬਦਬੂ, ਉਥੇ ਲੱਗੇ ਹੋਏ ਸਟਾਲਾਂ ਦੀ ਤਾਜ਼ਾ ਸੁਗੰਧੀ ’ਤੇ ਹਾਵੀ ਹੁੰਦੀ ਅਤੇ ਹਰ ਕਦਮ ’ਤੇ ਫਿਸੀਆਂ ਹੋਈਆਂ ਸਬਜ਼ੀਆਂ ਦਾ ਗੁੱਦਾ ਪੈਰਾਂ ਦੇ ਥੱਲੇ ਲੱਗਦਾ ਰਹਿੰਦਾ। ਮੈਂ ਜਿੰਨਾਂ ਮਰਜ਼ੀ ਛੇਤੀ ਕਰਨ ਦੀ ਕੋਸ਼ਿਸ਼ ਕਰਦਾ ਪਰ ਇਹ ਅਸੰਭਵ ਸੀ। ਮੈਂ ਵੇਖਿਆ ਕਿਸ ਤਰ੍ਹਾਂ ਇਕ ਬੇਕਾਬੂ ਗ਼ਲਤ ਆਦਮੀ ਇਕ ਗਰੁੱਪ, ਇਕ ਭੀੜ ਅਤੇ ਇਥੋਂ ਤਕ ਕੇ ਕਾਫੀ ਗਿਣਤੀ ਵਿਚ ਲੋਕਾਂ ਨੂੰ ਇੱਕਠਾ ਕਰ ਲੈਂਦਾ ਸੀ, ਜਦੋਂ ਉਸ ਨੇ ਕੋਈ ਸੌਦਾ ਕਰਨਾ ਹੁੰਦਾ ਸੀ। ਉਹ ਇਕ ਦਿਨ ਪਹਿਲਾਂ ਖਰੀਦੀ ਘਟੀਆ ਕਿਸਮ ਦੀ ਉਪਜ ਦੇ ਦਿੱਤੇ ਪੈਸੇ ਵਾਪਸ ਮੰਗਦੇ ਸਨ, ਉਹ ਆਪਣੇ ਆਪ ਲਈ ਇਸ ਲਈ ਦਬਾਅ ਪਾਉਂਦੇ ਸਨ ਅਤੇ ਵਿਖਾਵਾ ਕਰਦੇ ਸਨ ਤਾਂ ਜੋ ਉਹਨਾਂ ਨੂੰ ਤਰਜੀਹੀ ਸੇਵਾ ਦਿੱਤੀ ਜਾਵੇ, ਉਹ ਗੁੱਸੇ ਵਿਚ ਪਿੱਛੇ ਤੋਂ ਹਵਾ ਵਿਚ ਆਪਣੀਆਂ ਬਾਹਾਂ ਹਿਲਾਉਂਦੇ ਅਤੇ ਲਗਾਤਾਰ ਦੁਕਾਨਾਂ ਵਾਲਿਆਂ ਦਾ ਧਿਆਨ ਆਪਣੇ ਵੱਲ ਖਿੱਚਣ ਦੀ ਕੋਸ਼ਿਸ਼ ਕਰਦੇ...... ਉੱਚੀ-ਉੱਚੀ ਆਪਣੀ ਖਾਸ ਆਵਾਜ਼ ਵਿਚ ਰੌਲਾ ਰੱਪਾ ਪਾਉਂਦੇ। ਮੈਂ ਬੜੀ ਬੇਆਰਾਮੀ ਵਿਚ ਇਕ ਛੋਟੇ ਜਿਹੇ ਪਾਨ ਦੇ ਪੱਤਿਆਂ ਦੇ ਬੰਡਲ ਨੂੰ ਖਰੀਦਣ ਲਈ ਉਡੀਕਦਾਂ ਰਹਿੰਦਾ, ਅਖੀਰ ਵਿਚ ਜਦੋਂ ਮੈਨੂੰ ਸੁਣਿਆ ਜਾਂਦਾ ਤਾਂ ਮੇਰੀ ਥੋੜੀ ਜਿਹੀ ਖਰੀਦ ਨੂੰ ਬੜੀ ਬੇਪ੍ਰਵਾਹੀ ਨਾਲ ਛੇਤੀ ਵਿਚ ਮੁਕਾ ਦਿੱਤਾ ਜਾਂਦਾ ਅਤੇ ਮੈਨੂੰ ਹਰ ਵਾਰ ਦੀ ਤਰ੍ਹਾਂ ਹੀ ਇਸ ਨਾਲ ਸਮਝੌਤਾ ਕਰਨਾ ਪੈਂਦਾ। ਤਜ਼ਰਬੇ ਦੇ

ਨਾਲ, ਮੈਂ ਵੱਖ-ਵੱਖ ਸੁਆਦਾਂ ਬਾਰੇ ਜਾਣ ਗਿਆ ਅਤੇ ਉਹਨਾਂ ਦੀ ਕੀਮਤਾਂ ਦਾ ਮੁਕਾਬਲਾ ਕਰਦਾ, ਅਤੇ ਇਸਦਾ ਇਹ ਸਿੱਟਾ ਕੱਢਦਾ ਕਿ ਚੰਗੀ ਕਿਸਮ ਦੀਆਂ ਵਸਤੂਆ, ਥੋੜੀ ਜਿਹੀ ਕੀਮਤ ਵਧਾ ਕੇ ਜ਼ਿਆਦਾ ਚੰਗਾ ਸੌਦਾ ਹੋ ਸਕਦਾ ਸੀ।

ਪਾਨ ਦੀ ਦੁਕਾਨ 'ਤੇ ਮੈਂ ਕੁਝ ਛੇਤੀ ਅਤੇ ਤੇਜ ਰਫਤਾਰ ਨਾਲ ਕੁਝ ਵੀ ਵੇਚਣ ਦੀ ਕਲਾ ਵਿਚ ਮਾਹਿਰ ਹੋ ਗਿਆ ਸਾਂ। ਮੈਂ ਭਿੱਜਿਆ ਹੋਇਆ ਚਿੱਟਾ ਕੱਪੜਾ ਖੋਲਦਿਆਂ ਹੋਇਆਂ ਇਕ ਤਾਜਾ ਹਰਾ ਪੱਤਾ ਕੱਢ ਲੈਂਦਾ, ਉਸ ਨੂੰ ਆਪਣੀ ਤਲੀ 'ਤੇ ਚਪਟਾ ਰੱਖ ਲੈਂਦਾ ਅਤੇ ਛੇਤੀ ਨਾਲ ਉਸ 'ਤੇ ਜ਼ਿਗਰ ਦੇ ਰੰਗ ਦਾ ਕੱਥਾ ਛੁਰੀ ਦੇ ਨਾਲ ਅੱਧੇ ਪੱਤੇ 'ਤੇ ਛਿੜਕ ਦਿੰਦਾ। ਤੇਜ ਚਿੱਟੇ ਚੂਨੇ ਨੂੰ (ਦੁੱਧ ਵਿਚ ਚਾਕ ਮਿਲਾਇਆ ਹੋਇਆ ਜੋ ਇਸ ਦੇ ਕੱਟਣ ਦੀ ਸ਼ਕਤੀ ਨੂੰ ਘੱਟਾਉਂਦਾ ਹੈ।) ਫਿਰ ਸੌਂਫ ਦੇ ਦਾਣੇ ਦੀ ਚੁਟਕੀ ਭਰ ਕੇ, ਲਿਸ਼ਕਦੇ ਗੁਲਾਬੀ ਰੰਗ ਦੀ ਖੁਸ਼ਬੂਦਾਰ ਖੰਡ, ਇਕ ਥੋੜੀ ਜਹੀ ਮਾਤਰਾ ਚਾਂਦੀ ਰੰਗ ਦੇ ਬੀਜ਼, ਮਲੱਠੀ ਜੋ ਕਿ ਗਲੇ ਲਈ ਹੈਰਾਨੀ ਜਨਕ ਜੜ੍ਹ ਹੈ ਅਤੇ ਥੋੜੇ ਜਿਹੇ ਸਖ਼ਤ ਦਾਣੇ ਜਿਨ੍ਹਾਂ ਨੂੰ ਸੁਪਾਰੀ ਕਹਿੰਦੇ ਸਨ, ਜੋ ਇਸ ਮਹਾਂਦੀਪ ਦੇ ਲੋਕ ਆਮ ਹੀ ਚੂਸਦੇ ਰਹਿੰਦੇ ਸਨ। ਅਖੀਰ ਵਿਚ ਮੈਂ ਪਾਨ ਦੇ ਪੱਤੇ ਵਿਚ ਇਹ ਸਭ ਕੁਝ ਕੁਸ਼ਲਤਾ ਪੂਰਵਕ ਲਪੇਟ ਕੇ ਇਸ ਵਿਚ ਇਕ ਇਕ ਛੋਟੇ ਜਿਹੇ ਲੌਂਗ ਨੂੰ ਪਾ ਕੇ ਬੰਨਦਾ ਅਤੇ ਉਸ ਨੂੰ ਵੇਚ ਦਿੰਦਾ ਸਾਂ।

ਇਸ ਇਕ ਮਿੰਟ ਵਿਚ ਤਿੰਨ ਪਾਨ ਬਣਾਉਣ ਤੋਂ ਇਲਾਵਾ, ਇਸ ਤੋਂ ਜ਼ਿਆਦਾ ਕੰਮ ਹੋਰ ਨਹੀਂ ਸੀ। ਗਾਹਕਾਂ ਨੂੰ ਸੱਦਣ ਲਈ ਬੇਅਰਥ ਆਵਾਜ਼ ਕੱਢਣ ਦਾ ਮੇਰੇ ਲਈ ਕੋਈ ਅਰਥ ਨਹੀਂ ਸੀ। ਉਹ ਪਾਨ ਨੂੰ ਮੂੰਹ ਦੇ ਇਕ ਪਾਸੇ ਆਪਣੇ ਮਸੂੜਿਆਂ ਦੇ ਥੱਲੇ ਰੱਖ ਲੈਂਦੇ ਅਤੇ ਇਸ ਨੂੰ ਚੂਸ ਲੈਂਦੇ।

ਮੇਰੇ ਬਾਪ ਨੇ ਆਪਣੀ ਕਮਾਈ ਵਿਚੋਂ ਕਾਫੀ ਕੁਝ ਬਚਾਇਆ ਸੀ। ਜਦੋਂ ਉਸ ਦੇ ਦੋਸਤ ਅਤੇ ਉਸ ਦੇ ਸਹਿਯੋਗੀ ਉਸ ਨੂੰ ਮੈਨੂੰ ਪੈਸੇ ਦੇਣ ਲਈ ਕਹਿੰਦੇ ਤਾਂ ਕਿ ਮੈਂ ਚੰਗੀ ਤਰ੍ਹਾਂ ਪਾਨ ਦੀ ਦੁਕਾਨ ਚਲਾ ਸਕਾ ਤਾਂ ਮੇਰਾ ਬਾਪ ਕਹਿੰਦਾ, "ਪਹਿਲਾਂ ਉਸ ਨੂੰ ਸਿੱਖ ਲੈਣ ਦਿਉ ਕਿ ਪੈਸੇ ਦੀ ਵਰਤੋਂ ਕਿਸ ਤਰ੍ਹਾਂ ਕਰਨੀ ਹੈ ਅਤੇ ਇਸ ਦਾ ਮੁੱਲ ਸਮਝ ਲੈਣ ਦਿਉ।" ਮੈਂ ਪਾਨ ਦੀ ਦੁਕਾਨ ਬੰਦ ਕਰ ਦਿੱਤੀ ਅਤੇ ਚਾਕੂ, ਛੁਰੀਆਂ ਅਤੇ ਕਰਾਕਰੀ ਦਾ ਸਮਾਨ ਵੇਚਣ ਲੱਗਾ। ਇਹ ਇਕ ਵੱਡਾ ਨਿਵੇਸ਼ ਸੀ, ਪਰ ਇਸ ਨੂੰ ਵੇਚਣਾ ਨਾ ਹੀ ਇੰਨਾਂ ਆਸਾਨ ਸੀ, ਨਾ ਹੀ ਇੰਨਾਂ ਦਿਲਸਚਪ ਕਿ ਮੈਂ ਇਸ ਨਾਲ ਚਲਦਾ ਰਹਿੰਦਾ, ਇਸ ਲਈ ਮੈਂ ਫਿਰ ਪੁਰਾਣਾ ਕੰਮ ਗਲੀਆਂ ਵਿਚ ਸਮਾਨ ਲੈ ਕੇ ਵੇਚਣਾ ਅਤੇ ਅਖ਼ਬਾਰਾਂ ਵੇਚਣੀਆਂ ਸ਼ੁਰੂ ਕਰ ਦਿੱਤੀਆਂ। ਸਵੇਰੇ ਵੇਲੇ ਮੈਂ ਡੇਅਰੀਆਂ ਤੋਂ ਦੁੱਧ ਲੈ ਆਉਂਦਾ ਅਤੇ ਉਸ ਨੂੰ ਲੋਕਾਂ ਦੇ ਬੂਹਿਆ 'ਤੇ ਵੇਚਦਾ ਅਤੇ ਧਿਆਨ ਨਾਲ ਮੈਂ ਇਨ੍ਹਾਂ ਗਲੀਆਂ ਵਿਚੋਂ ਕਈ ਸਬਕ ਇੱਕਠੇ ਕਰਦਾ ਰਹਿੰਦਾ ਤੇ ਉਹਨਾਂ ਨੂੰ ਵਾਚਦਾ ਰਹਿੰਦਾ।

ਤੇਜ ਰੰਗ ਮੇਰੀ ਸ਼ਕਤੀ ਵਿਚ ਵਾਧਾ ਕਰਦੇ ਸਨ ਅਤੇ ਅਜੇ ਵੀ ਮੈਨੂੰ ਆਕ੍ਰਸ਼ਿਤ ਕਰਦੇ ਸਨ। ਇਕ ਦਿਨ ਮੈਂ ਹਰੀ ਕਮੀਜ਼ ਪਾਈ ਅਤੇ ਫਿਰ ਆਪਣੇ ਦੋਸਤਾਂ ਨਾਲ ਫਿਲਮ ਵੇਖਣ ਗਿਆ, ਇਸ ਵਾਰ ਫਿਲਮ ਦਾ ਨਾਂ ਸੀ "ਝਰਖ"। ਪਹਿਲੀ ਫਿਲਮ ਤੋਂ ਉਲਟ ਜਿਹੜੀ ਮੈਂ ਅਹਿਮਦਾਬਾਦ ਵਿਚ ਵੇਖੀ ਸੀ, ਇਹ ਇਸ ਉਪ ਮਹਾਂਦੀਪ ਦੀ ਵੰਡ 'ਤੇ ਆਧਾਰਿਤ ਸੀ, ਪਰ ਇਸ ਵਾਰ ਵੀ ਇਹ ਮੇਰਾ ਧਿਆਨ ਖਿੱਚਣ ਵਿਚ ਨਾਕਾਮਯਾਬ ਰਹੀ। ਮੈਂ ਆਪਣੇ ਇਸ ਸਮੇਂ ਦੀ ਬਰਬਾਦੀ 'ਤੇ ਚਿੜਦਾ ਸਾਂ ਅਤੇ ਬੇਆਰਾਮ ਸਾਂ, ਜਦੋਂ ਕਿ ਸੈਂਕੜੇ ਲੋਕ ਉਸ ਅੰਧੇਰੇ ਹਾਲ ਵਿਚ ਚੁਪ ਚਾਪ ਬੈਠੇ ਰਹੇ, ਜੋ ਕਿਸੇ ਦੇ ਮੱਧਮ ਜਿਹੇ ਖਿਆਲਾਂ ਦੇ ਠੋਸਨ ਕਰਕੇ ਗੁਆਚੇ ਹੋਏ ਸਨ। ਜਦ ਮੇਰੇ ਦਿਮਾਗ ਨੇ ਇਸ ਮਾਮਲੇ ਨੂੰ ਫਿਰ ਨਕਾਰ ਦਿੱਤਾ, ਮੈਂ ਫੈਸਲਾ ਕੀਤਾ ਕਿ ਕਦੀ ਵੀ ਸਿਨਮਾ ਹਾਲ ਵਿਚ ਆਉਣ ਦਾ ਜੋਖ਼ਿਮ ਨਹੀਂ ਉਠਾਵਾਂਗਾ।

ਜ਼ਿੰਦਗੀ ਦਾ ਤਜ਼ਰਬਾ ਘਰ ਤੋਂ ਦੂਰ ਸ਼ੁਰੂ ਕਰਨ ਲਈ ਅਤੇ ਕਿਸੇ ਅਮਲੀ ਖੇਤਰ ਵਿਚ ਦਾਖਿਲ ਹੋਣ ਲਈ ਮੈਂ ਉਤਾਵਲਾ ਸਾਂ, ਮੈਂ ਬਹਾਵਲ ਨਗਰ ਵਿਚ ਇਕ ਕੱਪੜੇ ਦੇ ਵਪਾਰੀ ਕੋਲ ਨੌਕਰੀ ਪ੍ਰਵਾਨ ਕਰ ਲਈ, ਅਤੇ 300 ਰੁਪਏ ਦੀ ਤਨਖਾਹ ਨੂੰ ਆਪਣੇ ਮਾਂ ਬਾਪ ਅਤੇ ਆਪਣੇ ਵਿਚ ਵੰਡ ਲੈਂਦਾ। ਘਰ ਦੀ ਬੇਹੱਦ ਖਿੱਚ ਦੇ ਬਾਵਜੂਦ ਮੈਂ ਨਾਲ ਲੱਗਦੇ ਇਲਾਕੇ ਦੀਆਂ ਦੁਕਾਨਾਂ ਨੂੰ ਕੱਪੜਾ ਦੇਣ ਦਾ ਕੰਮ ਛੇ ਮਹੀਨੇ ਕਰਦਾ ਰਿਹਾ। ਜਦੋਂ ਮੈਂ ਘਰ ਪਰਤਿਆ ਤਾਂ ਮੇਰੀ ਮਾਂ ਦੀ ਸਿਹਤ ਬਹੁਤ ਕਮਜ਼ੋਰ ਹੋ ਚੁੱਕੀ ਸੀ ਅਤੇ ਮੈਂ ਘਰ ਵਿਚ ਹੀ ਰਹਿਣ ਦਾ ਅਤੇ ਉਸ ਦੀ ਅਤੇ ਅਜੀਜ ਦੀ ਸੰਭਾਲ ਕਰਨ ਦਾ ਫੈਸਲਾ ਕੀਤਾ।

ਆਪਣੇ ਬਾਪ ਵਾਂਗ, ਮੈਂ ਕਮਿਸ਼ਨ ਏਜੰਟ ਬਣ ਗਿਆ। ਤਿੰਨ ਸੌ ਰੁਪਏ ਦੀ ਤਨਖਾਹ ਮੈਂ ਲੈਂਦਾ, ਜਿਸ ਵਿਚੋਂ ਸਿਰਫ 25, 25 ਰੁਪਏ ਆਪਣੇ ਮਾਂ ਬਾਪ ਨੂੰ ਦਿੰਦਾ ਅਤੇ ਬਾਕੀ ਬਚਾ ਲੈਂਦਾ। ਅਜੀਜ ਸਕੂਲ ਵਿਚ ਬਹੁਤ ਚੰਗਾ ਚਲ ਰਿਹਾ ਸੀ, ਮੇਰੇ ਤੋਂ ਉਲਟ ਉਹ ਪੜ੍ਹਾਈ ਵਿਚ ਬਹੁਤ ਦਿਲਚਸਪੀ ਰੱਖਦਾ ਸੀ, ਅਤੇ ਕਿਸੇ ਖੇਤਰ ਵਿਚ ਮਾਹਿਰ ਬਣਨ ਦੀ ਸੋਚਦਾ ਸੀ। ਉਹ ਇਸ ਗੱਲ ਨਾਲ ਸਹਿਮਤ ਨਹੀਂ ਸੀ ਕਿ ਮੈਂ ਆਪਣੀ ਜ਼ਿੰਦਗੀ ਕਿਉਂ ਖ਼ਰਾਬ ਕੀਤੀ, "ਇਨ੍ਹਾਂ ਦਿਨਾਂ ਵਿਚ ਕੋਈ ਵਿੱਦਿਆ ਤੋਂ ਬਗੈਰ ਕੀ ਕਰ ਸਕਦਾ ਹੈ, ਸਿਵਾਏ ਇਸ ਦੇ ਕਿ ਛੋਟਾ ਦੁਕਾਨਦਾਰ ਬਣ ਜਾਵੇ ਜਾਂ ਇਕ ਕਮਿਸ਼ਨ ਏਜੰਟ ਬਣ ਜਾਵੇ।" ਉਸ ਦੇ ਸੁਪਨੇ ਬਹੁਤ ਉੱਚੇ ਸਨ ਜਿਹੜੇ ਮੇਰੇ ਆਪਣੇ ਇਸ ਉਮਰ ਵਿਚ ਹੁੰਦੇ ਸਨ, ਅਸਲ ਵਿਚ ਮੇਰੇ ਸੁਪਨੇ ਗਲੀਆਂ ਵਿਚ ਵਿਕਰੀ ਕਰਨ ਤੋਂ ਅਗੇ ਨਹੀਂ ਸਨ ਗਏ ਅਤੇ ਉਹ ਮੈਂ ਕਰ ਵੀ ਲਿਆ। ਕਿਉਂ ਜੋ ਉਹ ਧਰਮ ਵਿਚ ਦਿਲਚਸਪੀ ਰੱਖਦਾ ਸੀ, ਉਹ ਕਈ ਵਾਰ ਮੈਨੂੰ ਇਹ ਸਿਖਾਉਣ ਦੀ ਕੋਸ਼ਿਸ਼ ਕਰਦਾ ਕਿ ਮੈਂ ਕੁਰਾਨ ਪੜ੍ਹਾਂ।

ਮੇਰਾ ਬਾਪ ਕੰਮ ਤੋਂ ਜਾਂ ਹੋਰ ਕਿਸੇ ਕਾਰਨ ਦੇਰ ਨਾਲ ਘਰ ਆਉਂਦੇ ਜਾਂ ਸਾਰੀ ਸ਼ਾਮ ਆਪਣੇ ਦੋਸਤਾਂ ਨਾਲ ਬਿਤਾਉਂਦੇ। ਕਈ ਵਾਰ ਮੈਂ ਵੀ ਉਹਨਾਂ ਦੇ ਗਰੁੱਪ ਵਿਚ ਸ਼ਾਮਿਲ ਹੋ ਜਾਂਦਾ ਜਿਥੇ ਉਹ ਇਕ ਪਤਲੀ ਜਿਹੀ ਦਰੀ, ਜੋ ਰਸਤੇ ਵਿਚ ਜ਼ਮੀਨ 'ਤੇ ਵਿਛੀ ਹੁੰਦੀ ਸੀ ਬੈਠੇ ਹੁੰਦੇ, ਉਹ ਬੰਦ ਹੋ ਗਈ ਦੁਕਾਨ ਦੇ ਇੱਕ ਪਾਸੇ ਬੈਠ ਜਾਂਦੇ, ਚਾਹ ਪੀਂਦੇ ਅਤੇ ਨਵੀਆਂ ਵਪਾਰਿਕ ਸੰਭਾਵਨਾਵਾਂ ਬਾਰੇ ਚਰਚਾ ਕਰਦੇ। ਜਦੋਂ ਉਹ ਆਦਮੀ, ਆਮ ਦੀ ਤਰ੍ਹਾਂ, ਧਰਮ ਦੀਆਂ ਗੱਲਾਂ ਕਰਦੇ ਤਾਂ ਮੇਰਾ ਬਾਪ ਉਹਨਾਂ ਨੂੰ ਮਨ੍ਹਾਂ ਕਰ ਦਿੰਦਾ, "ਕਿਹੜਾ ਇੰਨਾਂ ਜ਼ਿਆਦਾ ਜਾਣਦਾ ਹੈ ਕਿ ਉਹ ਠੀਕ ਤਰ੍ਹਾਂ ਚਰਚਾ ਕਰਨ ਦੇ ਯੋਗ ਹੋਵੇ।"

1948 ਦੇ ਸਾਲ ਵਿਚ ਅਖ਼ਬਾਰਾਂ ਰਾਹੀਂ ਮੀਠਾਦਾਰ ਵਿਚ ਪਹਿਲੀ ਦਾਨ ਨਾਲ ਚੱਲਣ ਵਾਲੀ ਸੰਸਥਾ ਬਾਰੇ ਲੋਕਾਂ ਨੂੰ ਸੂਚਨਾ ਦਿੱਤੀ ਗਈ। ਬੰਨਟਵਾ ਦੇ ਪ੍ਰਮੁੱਖ ਮੈਮਨਾਂ ਨੇ ਇਸ ਦਾ ਬੋਰਡ ਬਣਾਇਆ, ਅਤੇ ਇਸ ਦਾ ਨਾਂ 'ਬੰਨਟਵਾ ਮੈਮਨ ਡਿਸਪੈਂਸਰੀ' ਰੱਖਿਆ। ਮੈਨੂੰ ਇਸ ਨਾਲ ਖ਼ੁਸ਼ੀ ਮਹਿਸੂਸ ਹੋਈ, ਜਿਸ ਤਰ੍ਹਾਂ ਅਖ਼ੀਰ ਵਿਚ ਮੈਨੂੰ ਇਕ ਠੀਕ ਪੇਸ਼ਾ ਮਿਲ ਗਿਆ ਸੀ ਅਤੇ ਮੈਂ ਇਸ ਲਈ ਆਪਣੇ ਆਪ ਨੂੰ ਵਲੰਟੀਅਰ ਕਰ ਦਿੱਤਾ। ਜਦੋਂ ਸਰਪ੍ਰਸਤਾਂ ਨੇ 8 ਮੈਂਬਰਾਂ ਨੂੰ ਰਜਿਸਟਰੇਸ਼ਟ ਲਈ ਮਨਜ਼ੂਰ ਕਰ ਲਿਆ, ਮੈਂ ਉਹਨਾਂ ਵਿਚੋਂ ਸਭ ਤੋਂ ਛੋਟਾ ਸਾਂ, ਵੱਡੇ ਮੈਂਬਰਾਂ ਨੇ ਸਿਰਫ ਕਮੇਟੀ ਦੀਆਂ ਮੀਟਿੰਗਾਂ ਵਿਚ ਸ਼ਾਮਿਲ ਹੋਣਾ ਸੀ। ਜਦੋਂ ਸਾਡੇ ਸਮਾਜ ਫਿਰਕੇ ਦੇ ਲੋਕਾਂ ਨੇ ਮੇਰੇ ਬਾਪ ਨੂੰ ਪੁੱਛਿਆ, "ਹਾਜੀ ਸ਼ਾਕੂਰ, ਤੂੰ ਦਾਨ ਵਿਚ ਕੀ ਦੇ ਰਿਹਾ ਹੈਂ ?" ਉਸ ਨੇ ਜਵਾਬ ਦਿੱਤਾ, "ਮੈਂ ਦਾਨ ਵਿਚ ਕਿਸੇ ਕੰਮ ਜਾਂ ਪੈਸੇ ਦੇ ਮੁੱਲ ਨਾਲੋਂ ਜ਼ਿਆਦਾ ਦਿੱਤਾ ਹੈ," ਮੇਰੇ ਵੱਲ ਇਸ਼ਾਰਾ ਕਰਕੇ ਉਹ ਬੜੀ ਤਸੱਲੀ ਨਾਲ ਕਹਿੰਦਾ, "ਮੈਂ ਪੂਰਾ ਮਨੁੱਖ ਜੀਵ ਇਸ ਨੂੰ ਦਾਨ ਦੇ ਦਿੱਤਾ ਹੈ, ਉਸ ਨੂੰ ਵੇਖੋ।"

ਮੇਰਾ ਬਾਪ ਹੁਣ ਇਕ ਹੋਰ ਆਰਥਿਕ ਕਾਰੋਬਾਰ 'ਤੇ ਆਪਣਾ ਹੱਥ ਅਜਮਾਉਣ ਦੀ ਕੋਸ਼ਿਸ਼ ਕਰ ਰਿਹਾ ਸੀ। ਛੋਟੇ-ਛੋਟੇ ਵਪਾਰੀ ਸਿੰਧ ਰਾਈਸ ਕਾਰਪੋਰੇਸ਼ਨ ਨੂੰ ਚੌਲ ਵੇਚਦੇ ਸਨ, ਅਤੇ ਸਰਕਾਰ ਉਹਨਾਂ ਨੂੰ ਪਹਿਲਾਂ ਹੀ ਬਾਅਦ ਦੀ ਤਰੀਕ ਦੇ ਡਰਾਫਟ ਦੇ ਦਿੰਦੀ ਸੀ। ਕਿਉਂ ਜੋ ਲੋਕਾਂ ਨੂੰ ਕੈਸ਼ ਚਾਹੀਦਾ ਸੀ, ਮੇਰਾ ਬਾਪ ਉਹ ਦੇ ਦਿੰਦਾ ਅਤੇ ਉਹਨਾਂ ਡਰਾਫਟਾਂ ਨੂੰ ਥੋੜ੍ਹੀ ਕੀਮਤ 'ਤੇ ਖ਼ਰੀਦ ਲੈਂਦਾ। ਮੇਰੇ ਬਾਪ ਵਾਂਗ, ਇਸ ਤਰ੍ਹਾਂ ਪੈਸੇ ਕਮਾਉਣ ਨੇ ਮੈਨੂੰ ਵੀ ਆਕ੍ਰਸ਼ਿਤ ਕੀਤਾ, ਸਾਡੇ ਦੋਵਾਂ ਲਈ, ਭਾਵੇਂ ਕਿ ਇਹ ਵਿਆਜ ਸੀ ਜੋ ਪੂਰੀ ਤਰ੍ਹਾਂ ਹੋਰ ਲਾਭਦਾਇਕ ਨਿਵੇਸ਼ ਦੀਆਂ ਸਕੀਮਾਂ ਨੂੰ ਲੱਭਣ ਨਾਲ ਸੰਬੰਧਿਤ ਸਨ। ਛੇਤੀ ਹੀ ਮੈਂ ਆਮਦਨ ਕਮਾਉਣ ਦੇ ਛੋਟੇ ਜਿਹੇ ਸਾਧਨ ਸ਼ੇਅਰ ਸਰਟੀਫਿਕੇਟਾਂ ਨੂੰ ਸਥਾਪਿਤ ਕਰਨ ਯੋਗ ਹੋ ਗਿਆ, ਜਿਸ ਕਰਕੇ ਮੈਂ ਡਿਸਪੈਂਸਰੀ ਵਿਚ ਜ਼ਿਆਦਾ ਸਮਾਂ ਬਿਤਾਉਣ ਯੋਗ ਹੋ ਗਿਆ, 'ਤੇ ਆਪਣੀ ਰੋਜ਼ੀ ਲਈ ਘੱਟ।

ਦਿਨ ਦੇ ਸਮੇਂ ਮੈਂ ਕੱਪੜੇ ਦੀ ਦੁਕਾਨ ’ਤੇ ਕੰਮ ਕਰਨਾ ਜਾਰੀ ਰੱਖਿਆ। ਜਦੋਂ ਬਾਜ਼ਾਰ ਬੰਦ ਹੋ ਜਾਂਦਾ, ਮੈਂ ਡਿਸਪੈਂਸਰੀ ’ਤੇ ਕੰਮ ਕਰਦਾ। ਮੇਰੀ ਬਿਮਾਰ ਮਾਂ ਅਜੇ ਵੀ ਮੇਰੇ ਬਾਰੇ ਫਿਕਰ ਕਰਦੀ ਸੀ, ਮੈਂ ਜਦ ਵੀ ਉਸ ਦੇ ਬੂਹੇ ਰਾਹੀਂ ਲੰਘਦਾ ਉਹ ਮੈਨੂੰ ਲਗਾਤਾਰ ਸੁਆਲ ਪੁੱਛਣ ਲੱਗ ਜਾਦੀ, “ਕੀ ਤੂੰ ਕੁਝ ਖਾਧਾ ਹੈ।” ਮੇਰੇ ਲਗਾਤਾਰ ਹਾਂ ਵਿਚ ਜਵਾਬ ਦੇਣ ਨੂੰ ਅਣਗੌਲਿਆਂ ਕਰਦਿਆਂ ਹੋਇਆਂ, ਉਹ ਖਾਣਾ ਗਰਮ ਕਰ ਦਿੰਦੀ ਅਤੇ ਮੈਨੂੰ ਦੁਬਾਰਾ ਖਾਣ ਲਈ ਮਜ਼ਬੂਰ ਕਰਦੀ। ਅਜੀਜ ਨੇ ਜੋ ਕੁਝ ਸਕੂਲ ਵਿਚ ਸਿੱਖਿਆ ਹੁੰਦਾ ਉਸ ਸੰਬੰਧੀ ਗੱਲਾਂ ਕਰਦਾ। ਛੇਤੀ ਹੀ ਉਹ ਅੰਗਰੇਜ਼ੀ ਵਿਚ ਪੈਰੇ ਪੜ੍ਹਨੇ ਸ਼ੁਰੂ ਕਰ ਦਿੰਦਾ, ਜਿਨ੍ਹਾਂ ਨੂੰ ਨਾ ਮੇਰੀ ਮਾਂ ਅਤੇ ਨਾ ਹੀ ਮੈਂ ਸਮਝ ਸਕਦਾ।

ਮੈਂ ਡਿਸਪੈਂਸਰੀ ਵਿਚ ਇਕ ਵੱਖਰੀ ਜਿਹੀ ਕੋਸ਼ਿਸ਼ ਨਾਲ ਸੰਤੁਸ਼ਟ ਨਹੀਂ ਸੀ। ਮੇਰੀ ਰਾਇ ਵਿਚ, ਮੈਮਨਾਂ ਦੇ ਵੱਖ-ਵੱਖ ਗਰੁੱਪਾਂ ਨੂੰ ਇਕ ਸਾਂਝਾ ਕੰਮ ਸ਼ੁਰੂ ਕਰਨਾ ਚਾਹੀਦਾ ਸੀ, ਜਿਸ ਦਾ ਉਦੇਸ਼ ਸਾਡੇ ਸਾਰੇ ਸਮਾਜ ਨੂੰ ਆਪਣੀ ਲਪੇਟ ਵਿਚ ਲੈਣਾ ਚਾਹੀਦਾ ਸੀ ਬਜਾਏ ਇਸ ਦੇ ਕਿ ਉਹ ਛੋਟੇ-ਛੋਟੇ ਫਿਰਕਿਆਂ ਵਿਚ ਵੰਡੇ ਜਾਣ, ਜੋ ਸਿਰਫ ਉਹਨਾਂ ਦੇ ਮੈਂਬਰਾਂ ਦੀ ਹੀ ਸੇਵਾ ਕਰੇ। ਇਸ ਤਰ੍ਹਾਂ ਦੀ ਸੇਵਾ ਵਿਚ ਕਈ ਕਮੀਆਂ ਸਨ, ਅਤੇ ਛੇਤੀ ਹੀ ਇਹ ਘੋਰ ਬੇਇਨਸਾਫੀ ਦਾ ਔਜਾਰ ਬਣ ਜਾਣਗੀਆਂ।

ਗੈਰ-ਮੈਮਨਾਂ ਨੂੰ ਕਾਫੀ ਕਠਿਨ ਅਤੇ ਲੰਮਾ ਢੰਗ ਅਪਨਾਉਣਾ ਪਵੇਗਾ ਤਾਂ ਕਿ ਉਹ ਮੁਫਤ ਦਵਾਈਆਂ ਲੈ ਸਕਣ, ਮੇਰੇ ਲਈ ਇਹ ਬਿਲਕੁਲ ਮੰਨਣਯੋਗ ਨਹੀਂ ਸੀ। ਭਾਵੇਂ ਕਿ ਮੇਰੇ ਸਾਥੀ ਮੇਰੀ ਕੁਸ਼ਲਤਾ ਅਤੇ ਮੇਰੇ ਸਖ਼ਤ ਕੰਮ ਕਰਕੇ ਮੈਨੂੰ ਸਲਾਹਿਆ ਕਰਦੇ ਸਨ ਅਤੇ ਉਹ ਮੇਰੇ ਵਿਚਾਰਾਂ ਦੀ ਪ੍ਰਸ਼ੰਸਾਂ ਨਹੀਂ ਸਨ ਕਰਦੇ ਅਤੇ ਮੇਰੀ ਤਰਫ ਠੰਡੇ ਪੈ ਜਾਂਦੇ। ਇਸ ਲਈ ਬਹੁਤਾ ਸਮਾਂ ਨਾ ਲੱਗਾ ਜਦੋਂ ਮੈਨੂੰ ਪਤਾ ਲੱਗ ਗਿਆ ਕਿ ਜਿਨ੍ਹਾਂ ਨੂੰ ਮੈਂ ਬਹੁਤ ਮਜ਼ਬੂਤ ਸਮਝਦਾ ਸਾਂ, ਉਹਨਾਂ ਵਿਚ ਆਚਰਨ ਦੀਆਂ ਕੰਮਜ਼ੋਰੀਆਂ ਸਨ। ਮੇਰੇ ਮਨ ਵਿਚ ਜੋ ਵੀ ਸ਼ੱਕ ਸਨ ਉਹ ਉਸ ਵੇਲੇ ਸਪੱਸ਼ਟ ਹੋ ਗਏ ਜਦੋਂ ਮੈਨੂੰ ਇਹ ਯਕੀਨ ਹੋ ਗਿਆ ਕਿ ਇਹ ਕੰਮ ਦਾਨ ਦੇ ਮੁੱਢਲੇ ਵਿਚਾਰ ਦੇ ਖਿਲਾਫ ਸੀ। ਮੈਂ ਉਹਨਾਂ ਜ਼ਾਲਮ ਨਿਯਮਾਂ ਨੂੰ ਤੋੜਨ ਦਾ ਫੈਸਲਾ ਕੀਤਾ ਅਤੇ ਇਸ ਲਈ ਸਖ਼ਤ ਵਿਚਾਰ ਦਿੱਤੇ ਗਏ ਜਿਨ੍ਹਾਂ ਵੱਲ ਮੈਂ ਕੋਈ ਧਿਆਨ ਨਾ ਦਿੱਤਾ। ਪਿਛੋਕੜ ਸੰਬੰਧੀ ਕੋਈ ਵੀ ਸੁਆਲ ਨਾ ਕਰਦਿਆਂ ਹੋਇਆਂ, ਮੈਂ ਇਲਾਜ ਲਈ ਦਿੱਤੇ ਗਏ ਨੁਸਖ਼ੇ ਪੜ੍ਹੇ ਅਤੇ ਗ਼ਰੀਬਾਂ ਨੂੰ ਦਵਾਈਆਂ ਦਿੱਤੀਆਂ, ਇਸ ਨਾਲ ਮੈਂ ਅਪਣਾਏ ਗਏ ਤਰੀਕੇ ਦੀ ਮੁਸ਼ਕਲਾਂ ਨੂੰ ਦੂਰ ਕਰ ਦਿੱਤਾ, ਜਿਸ ਨਾਲ ਹਰ ਭਲਾਈ ਕਰਨ ਵਿਚ ਦੇਰੀ ਹੋ ਜਾਂਦੀ ਸੀ ਅਤੇ ਰੁਕਾਵਟਾਂ ਆ ਜਾਂਦੀਆਂ ਸਨ। ਛੇਤੀ ਹੀ ਮੇਰੇ ਸੰਬੰਧੀ ਪ੍ਰਮੁੱਖ ਬਜ਼ੁਰਗਾਂ ਨੂੰ ਦੱਸਿਆ ਗਿਆ ਕਿ ਮੈਂ ਬਣਾਏ ਗਏ ਅਸੂਲਾਂ ਦੀ ਪੈਰਵਾਈ ਨਹੀਂ ਕਰਦਾ।

ਇਹ ਮੇਰਾ ਸੁਭਾਅ ਸੀ ਕਿ ਮੈਂ ਉਦੋਂ ਬੋਲਦਾ ਜਦੋਂ ਬੋਲਣ ਦੀ ਲੋੜ ਹੋਵੇ, ਮੈਂ ਇੱਕਲਾ ਹੀ ਇਕ ਵਿਸ਼ੇ 'ਤੇ ਬੋਲਦਾ ਸਾਂ ਅਤੇ ਉਸ ਸੰਬੰਧੀ ਬਹਿਸਾਂ ਅਤੇ ਹੋਰ ਵਿਚਾਰਾਂ ਨੂੰ ਅਣਗੌਲਿਆਂ ਕਰਦਾ ਹਾਂ। ਮੈਂ ਕੋਈ ਗੂੰਗਾ ਵਿਅਕਤੀ ਨਹੀਂ ਸਾਂ, ਮੇਰੇ ਕੋਲ ਬੜੀ ਥੋੜੇ 'ਸ਼ਬਦਾਂ ਦੀ ਪੂੰਜੀ' ਸੀ। ਪਰ ਮੈਂ ਕਮੇਟੀ ਨੂੰ ਵਿਸਥਾਰ ਵਿਚ ਦੱਸਣ ਦੀ ਕੋਸ਼ਿਸ਼ ਕੀਤੀ, ਇਕ ਸਾਧਾਰਨ ਸਿਧਾਂਤ, "ਇਨਸਾਨੀਅਤ ਦਾ ਕੰਮ ਆਪਣੀ ਮਹੱਤਤਾ ਗੁਆ ਬੈਠਦਾ ਹੈ ਜਦੋਂ ਤੁਸੀਂ ਲੋੜਵੰਦਾਂ ਵਿਚ ਭੇਦ ਭਾਵ ਕਰਦੇ ਹੋਵੋ। ਇਹ ਭੇਦ ਭਾਵ ਉਸ ਵਕਤ ਪ੍ਰਤੱਖ ਹੋ ਜਾਂਦਾ ਹੈ ਜਦੋਂ ਬਿਮਾਰਾਂ ਨੂੰ ਦਵਾਈਆਂ ਵੱਲੋਂ ਇਨਕਾਰ ਕੀਤਾ ਜਾਂਦਾ ਹੈ, ਉਹ ਭਾਵੇਂ ਕੋਈ ਵੀ ਹੋਣ। ਜੇ ਸਾਡੇ ਦਾਨ ਦਾ ਇਹੋ ਤਰੀਕਾ ਹੈ ਤਾਂ ਇਸ ਨੂੰ ਸਾਡੇ ਘਰਾਂ ਤਕ ਹੀ ਜਾਰੀ ਰੱਖਣਾ ਚਾਹੀਦਾ ਹੈ।" ਮੇਰੇ ਜਵਾਨੀ ਵੇਲੇ ਦੇ ਆਦਰਸ਼ਾਂ ਨੇ ਮੈਨੂੰ ਗੁੱਸਾ ਚੜ੍ਹਾ ਦਿੱਤਾ। ਮੈਂ ਨਾ ਸਿਰਫ ਕੁਝ ਅੱਗੇ ਚਲਾ ਗਿਆ ਸਾਂ, ਬਲਕਿ ਮੈਂ ਆਪਣੇ ਵਡੇਰਿਆਂ ਨੂੰ ਨਾ ਸੁਣਦਿਆਂ ਹੋਇਆਂ, ਗੈਰ ਸਤਿਕਾਰ ਵੀ ਵਿਖਾਇਆ ਸੀ, ਉਹ ਵਿਵਹਾਰ ਜਿਸ ਨੂੰ ਮੈਮਨਾਂ ਨੇ ਕਦੀ ਨਹੀਂ ਸੀ ਵੇਖਿਆ।

ਕਮੇਟੀ ਦੀ ਅਗਲੀ ਮੀਟਿੰਗ 'ਤੇ ਮੈਂ ਕਿਹਾ, "ਇਸ ਮੀਟਿੰਗ ਦੀ ਕੀ ਲੋੜ ਹੈ ? ਕੰਮ ਤਾਂ ਕੰਮ ਕਰਨ ਨਾਲ ਪੂਰਾ ਹੁੰਦਾ ਹੈ, ਨਾ ਕਿ ਉਸ ਸੰਬੰਧੀ ਗੱਲਾਂ ਕਰਨ ਨਾਲ।" ਕਮੇਟੀ ਆਪਣੇ ਢੰਗਾਂ ਨਾਲ ਮੈਨੂੰ ਪ੍ਰੇਸ਼ਾਨ ਕਰਨ ਲਈ ਜਵਾਬ ਦੇਣ ਦੀ ਛੇਤੀ ਵਿਚ ਸੀ, ਇਸ ਵਿਚ ਉਹਨਾਂ ਨੂੰ ਉਹਨਾਂ ਦੇ ਮੁੱਖੀਆਂ ਦੀ ਮਦਦ ਮਿਲੀ। ਇਹ ਇਕ ਇਸ ਤਰ੍ਹਾਂ ਦਾ ਤਜ਼ਰਬਾ ਸੀ, ਜਿਸ ਨੇ ਬਾਅਦ ਵਿਚ ਮੈਨੂੰ ਸਾਰੇ ਦੇਸ਼ ਦੇ ਕੰਮ ਕਾਜ ਕਰਨ ਸੰਬੰਧੀ ਸੋਚ ਦਿੱਤੀ।

ਡਿਸਪੈਂਸਰੀ ਸਥਾਪਿੱਤ ਕਰਨ ਸੰਬੰਧੀ ਮੇਰੇ ਯੋਗਦਾਨ ਨੂੰ ਅਣਗੌਲਿਆ ਕਰ ਦਿੱਤਾ ਗਿਆ ਅਤੇ ਮੇਰੇ ਦਸਤਖਤ ਕਰਨ ਦੇ ਅਧਿਕਾਰ ਨੂੰ ਦਫਤਰ ਸਕੱਤਰ ਨੇ ਵਾਪਸ ਲੈ ਲਿਆ। ਦੂਸਰੀ ਤਰਫ ਤਨਖਾਹ ਲੈਣ ਵਾਲੇ ਕਰਮਚਾਰੀਆਂ ਵੱਲੋਂ ਥੋੜੀ ਜਿਹੀ ਰਿਸ਼ਵਤ ਲੈ ਕੇ ਮੁਫਤ ਐਕਸਰੇ ਕਰਨ ਦੀ ਪੇਸ਼ਕਸ਼ ਕੀਤੀ ਗਈ, ਵਲੰਟੀਅਰ ਖੁੱਲ੍ਹੇ ਤੌਰ 'ਤੇ "ਟੋਕਨ ਮਨੀ" ਲੈ ਰਹੇ ਸਨ ਤਾਂ ਕਿ ਲੋੜਵੰਦਾਂ ਦੇ ਨਾਂ ਮੁਫਤ ਮਸ਼ੀਨਾਂ ਅਤੇ ਆਂਡੇ ਲੈਣ ਵਾਲੀ ਲਿਸਟ ਵਿਚ ਲਿਖੇ ਜਾਣ, ਦਫਤਰ ਦਾ ਸਟਾਫ ਪੰਜ ਘੰਟਿਆ ਬਾਅਦ ਦੁਕਾਨ ਨੂੰ ਬੰਦ ਕਰਕੇ ਚਲਾ ਜਾਂਦਾ ਜਦੋਂ ਕਿ ਮੈਂ ਸਾਰੀ ਰਾਤ ਕੰਮ ਕਰਨ ਨੂੰ ਤਿਆਰ ਸਾਂ।

ਜਦੋਂ ਸੇਠਾਂ ਨੇ ਜੋ ਡਿਸਪੈਂਸਰੀ ਦੇ ਸਰਪ੍ਰਸਤ ਸਨ ਉਹਨਾਂ ਨੇ ਇਕ ਦਾਨ ਦੇ ਉੱਤਸਵ ਨੂੰ ਮੁਲਤਵੀ ਕਰ ਦਿੱਤਾ, ਮੈਂ ਉਹਨਾਂ ਦੇ ਕਰਮਚਾਰੀਆਂ ਦੇ ਪ੍ਰਤਿਨਿਧ ਵਜੋਂ ਉਸ ਵਿਚ ਸ਼ਾਮਿਲ ਹੋਇਆ। ਜਦੋਂ ਉਥੇ ਪ੍ਰਭਾਵਸ਼ਾਲੀ ਲੋਕਾਂ ਨੇ ਇਕ ਦੂਜੇ ਦੀਆਂ ਕੋਸ਼ਿਸ਼ਾਂ ਦੀ ਤਰੀਫ ਕਰਦਿਆ ਹੋਇਆ ਬੋਲਣਾ ਬੰਦ ਕੀਤਾ ਅਤੇ ਉੱਚੀ ਆਵਾਜ਼ ਵਿਚ ਤਾੜੀ ਅਤੇ ਜ਼ਿੰਦਾਬਾਦ ਦੇ ਨਾਅਰੇ ਅਖ਼ੀਰ ਮੁਕ ਗਏ ਤਾਂ ਮੈਂ

ਸਰੋਤਿਆਂ ਵਿਚੋਂ ਆਪਣੀ ਸੀਟ ਤੋਂ ਉੱਠ ਖੜਾ ਹੋਇਆ ਅਤੇ ਕੁਝ ਸ਼ਬਦ ਬੋਲਣ ਦੀ ਇਜ਼ਾਜਤ ਮੰਗੀ। ਉਨ੍ਹਾਂ ਨੂੰ ਇਸ ਨਾਲ ਹੈਰਾਨੀ ਹੋਈ। ਮੈਂ ਕੋਈ ਮਹੱਤਵਪੂਰਨ ਆਦਮੀ ਨਹੀਂ ਸਾਂ। ਮੇਰੇ ਬੋਲਣ ਤੋਂ ਉਹ ਹੈਰਾਨ ਸਨ ਕਿ ਅਮੀਰ ਅਤੇ ਤਾਕਤਵਾਰ ਲੋਕਾਂ ਵਿਚ ਇਕ ਮਹੱਤਵਹੀਨ ਆਦਮੀ ਨੇ ਬੋਲਣਾ ਸੀ, ਉਹਨਾਂ ਨੇ ਇਕ ਦਮ ਉਲਟੀ ਪ੍ਰਤਿਕ੍ਰਿਆ ਵਿਖਾਈ। ਭੀੜ ਬੁਰੀ ਨਜ਼ਰ ਨਾਲ ਉੱਠ ਖੜੀ ਹੋਈ, ਵੱਡੇ ਬੋਸਾਂ ਦੇ ਏਜੰਟ ਜਨਤਾਂ ਵਿਚੋਂ ਉੱਠ ਖੜੇ ਹੋਏ ਅਤੇ ਉਹ ਮੇਰੇ ਵੱਲ ਅਵਾਜ਼ਾਂ ਕੱਸਣ ਲੱਗੇ, "ਤੂੰ ਆਪਣੇ ਆਪ ਨੂੰ ਕੀ ਸਮਝਦਾ ਹੈਂ ? ਬੈਠ ਜਾਂ ਨਹੀਂ ਤੇ ਅਸੀਂ ਤੈਨੂੰ ਚੁੱਕ ਕੇ ਬਾਹਰ ਸੁੱਟ ਦੇਵਾਂਗੇ।" ਭੀੜ ਵਿਚੋਂ ਇਕ ਚਿੱਲਾਇਆ, "ਚਲੋ ਬੇਵਕੂਫ ਲੜਕੇ ਨੂੰ ਬੋਲਣ ਦਿਉ, ਚਲੋ ਉਸ ਨੂੰ ਸੁਣ ਲਈਏ।" ਕੋਈ ਹੱਸਿਆ, ਕਿਸੇ ਨੇ ਗਾਲ੍ਹਾਂ ਦਿੱਤੀਆਂ, ਮੈਂ ਉੱਠ ਖੜਾ ਹੋਇਆ।"

ਮੇਰੇ ਤੋਂ ਅੱਗੇ ਉਹ ਲੋਕ ਬੈਠੇ ਸਨ, ਜਿਨ੍ਹਾਂ ਬਾਰੇ ਮੁਹੰਮਦ ਅਲੀ ਜਿਨਾਹ ਨੇ ਕਿਹਾ ਸੀ ਕਿ ਉਹ ਪਾਕਿਸਤਾਨ ਦੇ ਆਰਥਿਕ ਵਿਕਾਸ ਲਈ ਬਹੁਤ ਮਹੱਤਵਪੂਰਨ ਸਨ। ਮੈਂ ਡੂੰਘਾ ਸਾਹ ਲਿਆ। ਮੈਂ ਉਹਨਾਂ ਨੂੰ ਦਾਨ ਬਾਰੇ ਆਪਣੇ ਖਿਆਲ ਦੱਸੇ ਅਤੇ ਬੜੇ ਜੋਸ਼ ਨਾਲ ਉਹਨਾਂ ਦੇ ਖਿਆਲਾਂ ਨੂੰ ਨਕਾਰਿਆ, "ਤੁਸੀਂ ਵਿਧਵਾਵਾਂ ਅਤੇ ਯਤੀਮਾਂ ਨੂੰ ਲਾਚਾਰ ਬਣਾ ਦਿੱਤਾ, ਥੋੜੀ ਜਿਹੀ ਬੁਰਕੀ ਤੁਸੀਂ ਉਹਨਾਂ ਨੂੰ ਸੁੱਟ ਦਿੰਦੇ ਹੋ ਤਾਂ ਕਿ ਉਹ ਹਮੇਸ਼ਾ ਲਈ ਤੁਹਾਡੇ ਅਹਿਸਾਨਮੰਦ ਅਤੇ ਗੁਲਾਮ ਬਣ ਕੇ ਰਹਿਣ। ਤੁਸੀਂ ਕਦੀ ਉਹਨਾਂ ਨੂੰ ਸਥਾਪਿੱਤ ਨਹੀਂ ਕਰਦੇ। ਤੁਹਾਡੀ ਜ਼ਰੂਰਤ ਹੈ ਕਿ ਉਹ ਹਾਲਤਾਂ ਦੇ ਪੀੜਿਤ ਤੁਹਾਡੇ ਪੈਰਾਂ ਵਿਚ ਹਰ ਮਹੀਨੇ ਰੀਂਘਦੇ ਰਹਿਣ, ਇਹ ਇਕ ਬੁਰੀ ਸੰਤੁਸ਼ਟੀ ਹੈ। ਇਹ ਇਕ ਭੁੱਖ ਹੈ, ਜਿਸ ਅਹਿਸਾਨ ਨੂੰ ਵੇਖਣ ਲਈ, ਉਹਨਾਂ ਅੱਖਾਂ ਵਿਚੋਂ ਜਿਨ੍ਹਾਂ ਨੂੰ ਤੁਸੀਂ ਆਪਣੀ ਤਿਜ਼ੋਰੀਆਂ ਵਿਚੋਂ ਟੁੱਟੇ ਹੋਏ ਮਾਨ ਨਾਲ ਭਰਦੇ ਹੋ। ਇਹ ਝੂਠੇ ਮੂਰਖਾਂ ਦੀ ਤਰ੍ਹਾਂ ਉੱਤਸਵ ਜੋ ਤੁਸੀਂ ਸਿਲਾਈ ਮਸ਼ੀਨਾਂ ਅਤੇ ਪੁਰਾਣੇ ਕੱਪੜੇ ਦੇ ਕੇ ਮਨਾਉਂਦੇ ਹੋ, ਕੇਵਲ ਉਹਨਾਂ ਵਿਚ ਹੀ ਬਹੁਤ ਜ਼ਿਆਦਾ ਲੋਕ ਸ਼ਾਮਿਲ ਹੁੰਦੇ ਹਨ, ਇਸ ਪ੍ਰਚਾਰ ਲਈ ਬੜੇ ਮਹਿੰਗੇ ਸ਼ੋਅ ਹਨ। ਇਹ ਜਾਤੀ ਪ੍ਰਚਾਰ ਹੈ। ਤਾਂ ਕਿ ਉਹ ਲੋਕ ਜੋ ਤੁਹਾਡੀ ਸ਼ਾਨ ਸ਼ੌਕਤ ਵਿਚ ਤੁਹਾਨੂੰ ਮਿਲਦੇ ਨਹੀਂ, ਉਹ ਤੁਹਾਨੂੰ ਪ੍ਰੈਸ ਰਾਹੀਂ ਜਾਣ ਸਕਣ। ਇਸ ਢੰਗ ਨਾਲ ਕੋਈ ਇੱਜ਼ਤ ਨਹੀਂ ਮਿਲ ਸਕਦੀ। ਇਹ ਕੋਈ ਖਰਾਇਤ ਨਹੀਂ, ਇਹ ਪ੍ਰਮਾਤਮਾ ਲਈ ਨਹੀਂ, ਨਾ ਹੀ ਇਹ ਗ਼ਰੀਬਾਂ ਲਈ ਹੈ। ਅਸਲ ਵਿਚ ਇਹ ਇਕ ਪ੍ਰਚਾਰ ਦਾ ਅੰਗ ਹੈ, ਇਕ ਤਰੱਕੀ ਦਾ ਪ੍ਰੋਗਰਾਮ।

ਜੁੱਤੀਆਂ, ਕੁਰਸੀਆਂ ਅਤੇ ਡਾਂਗਾਂ ਉੱਠੀਆਂ। ਇਸ ਭਗਦੜ ਨੇ ਮੈਨੂੰ ਫਿਰ ਸਖ਼ਤ ਸੱਚਾਈ ਵੱਲ ਲੈ ਆਂਦਾ। ਉਹ ਮੇਰੀ ਬੇਇੱਜ਼ਤੀ ਕਰ ਰਹੇ ਸਨ, ਮੇਰੇ 'ਤੇ ਆਵਾਜ਼ਾਂ ਕੱਸ ਰਹੇ ਸਨ ਤਾਂ ਕਿ ਮੈਂ ਸਟੇਜ਼ ਤੋਂ ਦੂਰ ਚਲਾ ਜਾਵਾਂ। ਉਹਨਾਂ ਨੇ ਮੈਨੂੰ

ਚੁਪ ਚਾਪ ਸੁਣਿਆ ਸੀ, ਉਹਨਾਂ ਨੇ ਮੈਨੂੰ ਉਸ ਵੇਲੇ ਮਨਾਂ ਕਿਉਂ ਨਹੀਂ ਕੀਤਾ ? ਪਲੇਟਫਾਰਮ ਤੋਂ ਥੱਲੇ ਆਉਂਦੇ ਹੋਏ, ਮੈਂ ਬੰਨਟਵਾ ਦੇ ਆਪਣੇ ਜਵਾਨ ਦੋਸਤਾਂ ਵੱਲ ਮਦਦ ਲਈ ਵੇਖਿਆ, ਪਰ ਉਹਨਾਂ ਨੇ ਆਪਣੀਆਂ ਅੱਖਾਂ ਫੇਰ ਲਈਆਂ ਸਨ। ਮੈਨੂੰ ਪ੍ਰੇਸ਼ਾਨ ਕੀਤਾ, ਪਰ ਬੇਇੱਜ਼ਤ ਨਹੀਂ ਸੀ ਕੀਤਾ ਗਿਆ। ਮੇਰਾ ਮਾਨ ਕਿਸੇ ਵਲੋਂ ਮੇਰੀ ਇੱਜ਼ਤ ਕਰਨ 'ਤੇ ਨਿਰਭਰ ਨਹੀਂ ਸੀ ਕਰਦਾ, ਇਹ ਸੱਚਾਈ 'ਤੇ ਆਧਾਰਿਤ ਸੀ। ਕਿਉਂ ਜੋ ਮੈਂ ਉਹਨਾਂ ਪ੍ਰਮੁੱਖ ਆਦਮੀਆਂ ਲਈ ਕੋਈ ਮੁੱਲ ਨਹੀਂ ਸਾਂ ਰੱਖਦਾ, ਉਹਨਾਂ ਨੇ ਮੈਨੂੰ ਬਾਹਰ ਜਾਣ ਦਾ ਹੁਕਮ ਸੁਣਾ ਦਿੱਤਾ ਅਤੇ ਚਿਤਾਵਨੀ ਦਿੱਤੀ ਕਿ ਮੈਂ ਕਦੀ ਫਿਰ ਡਿਸਪੈਂਸਰੀ ਵਿਚ ਨਾ ਆਵਾਂ।

ਮੇਰੇ ਬਾਪ ਨੇ ਮੇਰੇ ਪੱਖ ਦੀ ਮਦਦ ਕੀਤੀ, "ਛੋਟਿਆਂ ਨੂੰ ਚੁੱਪ ਕਰਾਉਣਾ ਗ਼ਲਤ ਹੈ, ਜਦੋਂ ਉਹ ਵੱਡਿਆਂ ਦੇ ਗ਼ਲਤ ਕੰਮਾਂ ਬਾਰੇ ਦੱਸਦੇ ਹੋਣ। ਸੱਚਾਈ ਦੀ ਸੁਤੰਤਰਤਾ, ਸਵੈਮਾਨ ਲਈ ਜ਼ਰੂਰੀ ਹੈ। ਉਹਨਾਂ ਨੂੰ ਜੇ ਉਹ ਚਾਹੁੰਦੇ ਸਨ, ਤੂੰ ਇਥੋਂ ਚਲਾ ਜਾ ਤਾਂ ਉਹਨਾਂ ਨੂੰ ਰਹਿਣ ਦੇ।" ਬੇਸ਼ੱਕ ਇਸ ਵਿਚ ਸਮਾਜ ਦਾ ਖ਼ਤਰਾ ਸੀ, ਮੈਂ ਜਾਣਦਾ ਸਾਂ ਕਿ ਉਹ ਮੇਰੀ ਜ਼ਿੰਦਗੀ ਨੂੰ ਨਰਕ ਬਣਾ ਸਕਦੇ ਸਨ ਅਤੇ ਹਰ ਕੰਮ ਵਿਚ ਜੋ ਮੈਂ ਕਰਨਾ ਚਾਹੁੰਦਾ ਸਾਂ, ਉਹ ਰੁਕਾਵਟ ਪਾ ਸਕਦੇ ਸਨ। ਉਨ੍ਹਾਂ ਦਾ ਸ਼ਬਦ ਬੜਾ ਸ਼ਕਤੀਸ਼ਾਲੀ ਸੀ ਤੇ ਜਿੰਦਗੀ ਨਰਕ ਬਣ ਜਾਂਦੀ, ਉਸ ਦਾ ਉਨ੍ਹਾਂ ਨੇ ਪੂਰਾ ਵਿਸ਼ਵਾਸ ਬਣਾਇਆ। ਮੈਂ ਉਹਨਾਂ ਮੈਮਨ ਲੜਕਿਆਂ ਨਾਲ ਗਲੀ ਵਿਚ ਤੁਰਨ ਲੱਗਾ, ਜੋ ਮੈਨੂੰ ਗਾਲੀਆਂ ਦੇ ਰਹੇ ਸਨ। ਜਦੋਂ ਮੈਂ ਇਕ ਵੱਡੇ ਲੜਕੇ ਲਈ ਜਿਸ ਨੂੰ ਮੈਂ ਜ਼ਿੰਦਗੀ ਭਰ ਤੋਂ ਜਾਣਦਾ ਸਾਂ, ਸਤਿਕਾਰ ਪੇਸ਼ ਕੀਤਾ ਉਸ ਨੇ ਆਪਣਾ ਚਿਹਰਾ ਦੂਸਰੇ ਪਾਸੇ ਮੋੜ ਲਿਆ ਅਤੇ ਪਰੇ ਨੂੰ ਤੁਰ ਪਿਆ।

ਮੇਰੇ ਬਾਪ ਨੇ ਸਲਾਹ ਦਿੱਤੀ, "ਇਸ ਨਾਲ ਲੜਨ ਦਾ ਇਕ ਹੀ ਤਰੀਕਾ ਹੈ, ਉਹਨਾਂ ਨੂੰ ਅਣਗੌਲਿਆ ਕਰ ਦੇ, ਅਤੇ ਜਿੱਤਣ ਦਾ ਇਕ ਹੀ ਰਾਹ ਹੈ ਕਿ ਉਹਨਾਂ ਤੋਂ ਅਗੇ ਵੱਧ ਜਾਉ।" ਉਸ ਨੇ ਵਿਸਥਾਰ ਵਿਚ ਦੱਸਿਆ, "ਉਹਨਾਂ ਦੇ ਹਮਲੇ ਦੀ ਸੋਚ ਵਿਚ ਤੇਰਾ ਉਲਝੇ ਰਹਿਣਾ, ਇਕ ਉਹ ਹਥਿਆਰ ਹੈ, ਜੋ ਉਹ ਤੇਰੇ ਖਿਲਾਫ ਵਰਤਣਗੇ। ਇਹ ਬਗਾਵਤ ਦੀ ਤਾਕਤ ਨੂੰ ਤੋੜ ਦਿੰਦਾ ਹੈ, ਤਾਕਤ ਘਟਾ ਦਿੰਦਾ ਹੈ ਅਤੇ ਉਸ ਨੂੰ ਭੜਕਾਉਣ ਤੋਂ ਬਚਾ ਲਈ ਬਦਲ ਦਿੰਦਾ ਹੈ।" ਜਦੋਂ ਮੈਂ ਤੇਜੀ ਨਾਲ ਬਣਦੀ ਹੋਈ ਵਿਰੋਧਤਾ ਦੀ ਮਾਨਸਿਕਤਾ ਨੂੰ ਸਮਝ ਗਿਆਂ, ਜਿਸ ਨੂੰ ਮੈਂ ਆਪਣੇ 'ਤੇ ਵਰਤਿਆ, ਮੈਂ ਵਿਰੋਧੀਆਂ ਨੂੰ ਜਵਾਰਭਾਟੇ ਵਿਚ ਪਾ ਦਿੱਤਾ ਅਤੇ ਮੇਰਾ ਉਹਨਾਂ ਨੂੰ ਅਣਗੌਲਿਆਂ ਕਰਨ ਨਾਲ ਮੈਂ ਆਪਣੀ ਸਥਿਤੀ 'ਤੇ ਚੰਗਾ ਕਾਬੂ ਪਾ ਲਿਆ। ਮੇਰੇ ਬਾਪ ਨੇ ਇਕ ਹੋਰ ਸਲਾਹ ਦਿੱਤੀ, "ਇਹ ਮੇਰਾ ਤਜ਼ਰਬਾ ਹੈ ਕਿ ਇਮਾਨਦਾਰ ਲੋਕਾਂ ਨੂੰ ਮਦਦ ਲੈਣ ਨੂੰ ਅਣਗੌਲਿਆ ਕਰਨਾ ਚਾਹੀਦਾ ਅਤੇ ਭਾਈਵਾਲੀ ਨਹੀਂ ਕਰਨੀ ਚਾਹੀਦੀ।" ਮੈਂ ਇਸ ਸਲਾਹ ਨੂੰ ਆਪਣੇ ਦਿਲ 'ਤੇ ਛਾਪ ਲਿਆ।

1950 ਦੇ ਸਾਲ ਵਿਚ ਇਕ ਪਰਿਵਾਰ ਮੇਰੇ ਕੋਲ ਇਕ ਅਜੀਬ ਬੇਨਤੀ ਲੈ ਕੇ ਆਇਆ। ਉਹਨਾਂ ਦੇ ਘਰ ਦਾ ਇਕ ਨੌਕਰ ਜਿਸਨੇ ਉਹਨਾਂ ਦੀ 50 ਸਾਲ ਸੇਵਾ ਕੀਤੀ ਸੀ, ਉਹ ਮੌਤ ਦੇ ਬਿਸਤਰੇ 'ਤੇ ਪਿਆ ਸੀ ਅਤੇ ਉਹ ਭਾਰਤ ਵਿਚ ਬਿਹਾਰ ਵਾਪਸ ਜਾਣਾ ਚਾਹੁੰਦਾ ਸੀ। ਉਹਨਾਂ ਨੇ ਮੈਨੂੰ ਬ੍ਰਿਟਿਸ਼ ਏਅਰਵੇਜ ਦੀਆਂ ਦੋ ਟਿਕਟਾਂ ਦਿੱਤੀਆਂ ਅਤੇ ਕਿਹਾ ਕਿ ਇਸ ਨੂੰ ਇਸ ਦੇ ਪਰਿਵਾਰ, ਕੋਇਲੇ ਦੀਆਂ ਖਾਨਾਂ 'ਤੇ ਪਹੁੰਚਾ ਦਿਉ। ਮੇਰੇ ਲਈ ਸਫਰ ਕਰਨਾ ਇਕ ਹੋਰ ਸੁਪਨਾ ਸੀ ਜੋ ਪੂਰਾ ਹੋ ਗਿਆ, ਇਸ ਨੇ ਮੈਨੂੰ ਵੱਧਦੀ ਹੋਈ ਦੁਸ਼ਮਣੀ ਤੋਂ ਬਚਣ ਦਾ ਇਕ ਮੌਕਾ ਵੀ ਦਿੱਤਾ। ਜੋ ਡਾਕਟਰੀ ਸਰਟੀਫਿਕੇਟ ਦਿੱਤਾ ਗਿਆ, ਉਸ ਦੇ ਅਨੁਸਾਰ ਮੇਰੇ ਨਾਲ ਜਾਣ ਵਾਲਾ ਉਹ ਵਿਅਕਤੀ ਸਿਰਫ ਇਕ ਹਫਤਾ ਜਿੰਦਾ ਰਹਿ ਸਕਦਾ ਸੀ, ਪਰ ਉਹ ਹਵਾਈ ਉਡਾਨ ਵਿਚ ਬੇਹੋਸ਼ ਹੋ ਗਿਆ, ਅਤੇ ਉਸ ਨੂੰ ਸਟਰੇਚਰ 'ਤੇ ਖੜਨਾ ਪਿਆ।

ਕਲਕੱਤੇ ਦੇ ਹਵਾਈ ਅੱਡੇ 'ਤੇ ਮੈਂ ਛੇਤੀ ਨਾਲ ਰੈੱਡ ਕਰਾਸ ਦਾ ਟੈਲੀਫੂਨ ਨੰਬਰ ਲਿਆ ਅਤੇ ਉਸ ਬਜ਼ੁਰਗ ਆਦਮੀ ਨੂੰ ਛੇਤੀ ਨਾਲ ਉਹਨਾਂ ਦੀ ਐਂਬੂਲੈਂਸ ਵਿਚ ਇਸਲਾਮਿਕ ਹਸਪਤਾਲ ਵਿਚ ਲਿਜਾਇਆ ਗਿਆ। ਕਿਉਂ ਜੋ ਐਂਬੂਲੈਂਸ ਦੀ ਟੀਮ ਨੂੰ ਦੇਣ ਲਈ ਮੇਰੇ ਕੋਲ ਕੋਈ ਪੈਸੇ ਨਹੀਂ ਸਨ, ਮੈਂ ਗੁੱਸੇ ਵਿਚ ਆਏ ਉਸ ਡਰਾਈਵਰ ਨੂੰ ਆਪਣਾ ਪਾਸਪੋਰਟ ਨੰਬਰ ਦੇ ਦਿੱਤਾ। ਬਜ਼ੁਰਗ ਨੂੰ ਹਸਪਤਾਲ ਵਿਚ ਸੁਰੱਖਿਅਤ ਛੱਡ ਕੇ ਮੈਂ ਬਿਹਾਰ ਲਈ ਬਸ 'ਤੇ ਚੜ੍ਹਿਆ, ਉਸ ਦੇ ਪਰਿਵਾਰ ਨੂੰ ਉਸ ਦੀ ਹਾਲਤ ਬਾਰੇ ਦੱਸਿਆ। ਉਸ ਦੇ ਭਰਾ ਨੂੰ ਨਾਲ ਲੈ ਕੇ ਮੈਂ ਵਾਪਸ ਆਇਆ। ਉਸ ਮਰ ਰਹੇ ਆਦਮੀ ਨੂੰ ਆਪਣੇ ਮੋਢਿਆਂ 'ਤੇ ਚੁੱਕ ਕੇ ਇਕ ਹੋਰ ਬਸ ਵਿਚ ਬੇਠੈ। ਅਖੀਰ ਉਹ ਘਰ ਪਹੁੰਚਿਆ ਅਤੇ ਕੁਝ ਘੰਟਿਆਂ ਬਾਅਦ ਮਰ ਗਿਆ।

ਵਾਪਸ ਆਉਂਦਿਆਂ ਮੈਂ ਪੂਰਬੀ ਪਾਕਿਸਤਾਨ ਲਈ ਕਲਕੱਤੇ ਤੋਂ ਬਸ ਲਈ ਜਿਥੇ ਮੇਰਾ ਮਤਰੇਇਆ ਭਰਾ ਇਕ ਵਪਾਰਿਕ ਕੰਪਨੀ ਲਈ ਕੰਮ ਕਰਦਾ ਸੀ। ਜਦੋਂ ਉਹ ਮੈਨੂੰ ਮੈਮਨ ਸਮਾਜ ਦੇ ਪੈਸੇ ਨਾਲ ਬਣਾਈ ਇਕ ਵੱਡੀ ਮਸਜਿਦ ਵਿਖਾਉਣ ਲਈ ਲੈ ਗਿਆ, ਮੈਂ ਖੁਸ਼ ਹੋਣ ਦੀ ਬਜਾਏ ਉਦਾਸ ਸਾਂ ਅਤੇ ਹਕੂਲ–ਅਲ–ਇਬਤ ਦੇ ਸੰਬੰਧ ਵਿਚ ਕਹਿਣ ਤੋਂ ਰਹਿ ਨਾ ਸਕਿਆ, "ਇੰਨੀ ਗ਼ਰੀਬੀ ਵਿਚ ਜਦੋਂ ਲੋਕਾਂ ਨੂੰ ਮੁੱਢਲੀਆਂ ਡਾਕਟਰੀ ਸਹੂਲਤਾਂ ਵੀ ਨਹੀਂ ਮਿਲਦੀਆਂ, ਇਹ ਕੋਸ਼ਿਸ਼ ਹੋਣੀ ਚਾਹੀਦੀ ਹੈ ਕਿ ਇਹ ਸੇਵਾਵਾਂ ਮਸਜਿਦਾਂ ਵੱਲੋਂ ਦਿੱਤੀਆਂ ਜਾਣ।" ਕਿਉਂ ਜੋ ਸਾਨੂੰ ਸਿਖਲਾਈ ਹੀ ਇਹ ਮਿਲੀ ਸੀ ਕਿ ਅਸੀਂ ਆਪਣੇ ਭਲੇ ਦਾ ਧਿਆਨ ਕਰੀਏ, ਮੇਰਾ ਭਰਾ ਮੇਰੇ ਇੰਨੇ ਖਰ੍ਹੇ-ਖਰ੍ਹੇ ਵਿਚਾਰਾਂ ਤੋਂ ਹੈਰਾਨ ਸੀ। ਉਸ ਨੇ ਮੈਨੂੰ ਇਸ ਸੰਬੰਧੀ ਪ੍ਰਤਿਕ੍ਰਿਆ ਕਰਨ 'ਤੇ ਚੇਤਾਵਨੀ ਦਿੱਤੀ। ਮੈਂ ਉਸ ਨੂੰ ਭਵਿੱਖ ਵਿਚ ਇਸ ਤਰ੍ਹਾਂ ਦੇ ਵਿਚਾਰ ਦੇ ਖਿਲਾਫ ਬਗਾਵਤ ਹੋਣ ਬਾਰੇ ਚੇਤਾਵਨੀ ਦਿੱਤੀ ਅਤੇ ਕਿਹਾ, "ਉਹ ਪ੍ਰਮਾਤਮਾ ਦੇ ਸੁਨੇਹੇ ਨੂੰ

ਘੱਟ ਕਰਕੇ ਅਤੇ ਕੁਝ ਕੁ ਲੋਕਾਂ ਤਕ ਸੀਮਿਤ ਰੱਖ ਕੇ ਪ੍ਰਮਾਤਮਾ ਦੀਆਂ ਬਰਕਤਾਂ ਦੀ ਕਿਵੇਂ ਉਮੀਦ ਰੱਖਦੇ ਹਨ ?" ਉਥੋਂ ਮੈਂ ਹਵਾਈ ਜਹਾਜ਼ ਰਾਹੀਂ ਵਾਪਸ ਕਰਾਚੀ ਆ ਗਿਆ।

ਉਹ ਮੈਮਨ ਲੜਕੇ ਜੋ ਮੇਰੇ ਨਾਲ ਸਬੰਧਿਤ ਰਹੇ, ਉਹਨਾਂ ਨੇ ਜਾਂ ਤਾਂ ਆਪਣੀਆਂ ਨੌਕਰੀਆਂ ਗੁਆ ਲਈਆਂ, ਜਾਂ ਉਹਨਾਂ ਨੂੰ ਕਿਸੇ ਵੀ ਮੈਮਨ ਵਪਾਰਿਕ ਅਦਾਰੇ ਵਿਚ ਨੌਕਰੀਆਂ ਦੇਣ ਤੋਂ ਰੋਕ ਦਿੱਤਾ ਗਿਆ। ਉਹਨਾਂ ਦਾ ਬੇਰਹਿਮੀ ਨਾਲ ਬੁਰੀ ਤਰ੍ਹਾ ਬਾਈਕਾਟ ਕੀਤਾ ਗਿਆ ਅਤੇ ਉਹਨਾਂ ਨੂੰ ਲਗਾਤਾਰ ਗਲੀਆਂ ਵਿਚ ਗਾਲ੍ਹਾਂ ਕੱਢਦੇ ਰਹੇ। ਸੇਠਾਂ ਦੇ ਗੁੱਸੇ ਨੇ ਮੈਨੂੰ ਇਹ ਮਨਾ ਲਿਆ ਸੀ ਕਿ ਉਹ ਮੈਨੂੰ ਮਰਵਾ ਵੀ ਸਕਦੇ ਸਨ। ਇਹ ਉਹਨਾਂ ਦੀ ਪਹੁੰਚ ਤੋਂ ਨਾ ਪਰੇ ਸੀ ਅਤੇ ਨਾ ਹੀ ਮੁਸ਼ਕਲ ਸੀ, ਪਰ ਮੈਂ ਬਹੁਤ ਦੂਰ ਪਹੁੰਚ ਗਿਆ ਸੀ ਅਤੇ ਆਪਣੀ ਬਗਾਵਤ ਲਈ ਪੱਕਾ ਸਾਂ।

1951 ਵਿਚ ਮੈਂ ਮੀਠਾਦਾਰ ਵਿਚ 8 ਵਰਗ ਫੁੱਟ ਦੀ ਇਕ ਦੁਕਾਨ ਆਪਣੀਆਂ ਬੱਚਤਾਂ ਵਿਚੋਂ 2300 ਰੁਪਏ ਖ਼ਰਚ ਕੇ ਖ਼ਰੀਦ ਲਈ। ਉਸ ਦੇ ਬਾਹਰ ਮੈਂ ਟੀਨ ਦੀ ਗੋਲਕ ਲਾ ਦਿੱਤਾ ਜਿਸ ਦਾ ਨਾਂ ਮੈਂ ਮੈਮਨ ਵਲੰਟੀਅਰ ਕਾਰਪਸ ਰੱਖਿਆ। ਦਸ ਮੈਮਨ ਲੜਕੇ ਮੇਰੇ ਨਾਲ ਆ ਗਏ। ਕਿਉਂ ਜੋ ਉਹ ਮੈਨੂੰ ਸਿਰਫ ਸਰਕਾਰੀ ਨਿਯਮਾਂ ਲਈ ਲੋੜੀਂਦੇ ਸਨ, ਇਸ ਦੇ ਨਾਲ ਹੀ ਮੈਂ ਉਹਨਾਂ ਦੇ ਅਸਤੀਫੇ ਲੈ ਲਏ ਤਾਂ ਕਿ 'ਛੁਪੇ ਹੋਏ ਦੁਸ਼ਮਣ ਏਜੰਟਾਂ' ਦਾ ਖ਼ਤਰਾ ਘਟਾ ਸਕਾਂ, ਜੋ ਆਪਣੀ ਬਹੁ ਸੰਮਤੀ ਬਣਾ ਕੇ ਕੰਪਨੀ ਦੇ ਸੰਵਿਧਾਨ ਅਨੁਸਾਰ ਮੈਨੂੰ ਹਟਾ ਸਕਦੇ ਸਨ। ਮੈਂ ਬਹੁਤ ਜ਼ਿਆਦਾ ਸੁਚੇਤ ਅਤੇ ਸ਼ੱਕੀ ਹੋ ਗਿਆ ਸਾਂ, ਜਦੋਂ ਸਾਡੇ ਕੋਲ 22 ਮੈਂਬਰ ਹੋ ਗਏ ਤਾਂ ਮੈਂ ਸੰਵਿਧਾਨ ਨੂੰ ਭੰਗ ਕਰ ਦਿੱਤਾ ਤਾਂ ਕਿ ਸੰਸਥਾ ਨੂੰ ਸੁਰੱਖਿਅਤ ਕਰ ਸਕਾਂ।

ਡਿਸਪੈਂਸਰੀ ਹਰ ਇਕ ਦੀਆਂ ਲੋੜਾਂ ਪੂਰੀਆਂ ਕਰਦੀ ਸੀ। ਦਵਾਈਆਂ ਨੂੰ ਕੰਪਨੀ ਦੇ ਰੇਟਾਂ 'ਤੇ ਖ਼ਰੀਦਿਆ ਜਾਂਦਾ ਅਤੇ ਬਾਜ਼ਾਰ ਨਾਲੋਂ ਸਸਤਾ ਵੇਚਿਆ ਜਾਂਦਾ। ਕਿਉਂ ਜੋ ਡਾਕਟਰਾਂ ਦੀਆਂ ਫੀਸਾਂ ਇੰਨੀਆਂ ਉੱਚੀਆਂ ਸਨ ਕਿ ਗ਼ਰੀਬ ਨਹੀਂ ਸਨ ਦੇ ਸਕਦੇ, ਮੈਂ ਇਕ ਡਾਕਟਰ ਨੂੰ ਪੱਕੀ ਤਨਖਾਹ 'ਤੇ ਰੱਖ ਲਿਆ। ਇਸ ਢੰਗ ਨੇ ਨਾ ਸਿਰਫ ਲੋਕਾਂ ਨੂੰ ਇਹ ਚੋਣ ਅਧਿਕਾਰ ਦਾ ਮੌਕਾ ਦਿੱਤਾ, ਸਗੋਂ ਇਹ ਮੈਮਨ ਸਮਾਜ ਨਾਲ ਲੜਾਈ ਵਿਚ ਵੀ ਕਾਮਯਾਬੀ ਸੀ, ਕਿਉਂ ਜੋ ਡਾਕਟਰ ਨਾਲ ਪ੍ਰਚਾਰ ਹੋ ਗਿਆ। ਖ਼ਬਰਾਂ ਫੈਲਦੀਆਂ ਰਹੀਆਂ ਅਤੇ ਲੋਕ ਪਹਿਲੀ ਡਿਸਪੈਂਸਰੀ ਦੇ ਸ਼ਰਾਰਤ ਭਰੇ ਝੂਠੇ ਮਜ਼ਾਕ ਤੋਂ ਪਿੱਛੇ ਹੱਟਦੇ ਗਏ।

ਸਵੇਰੇ ਵੇਲੇ ਮੈਂ ਡਾਕਟਰ ਦੀ ਕਲੀਨਿਕ 'ਤੇ ਕੰਮ ਕਰਦਾ, ਅਤੇ ਇਸ ਦੇ ਨਾਲ ਹੀ ਫਾਰਮੇਸੀ ਅਤੇ ਅਕਾਊਂਟੈਂਸੀ ਵਿਚ ਸਿਖਲਾਈ ਲੈਂਦਾ ਤਾਂ ਕਿ ਆਪਣੀ ਸੰਸਥਾ ਲਈ ਪੈਸੇ ਬਚਾ ਸਕਾਂ। ਡਿਸਪੈਂਸਰੀ 'ਤੇ ਮੈਨੂੰ ਹਰ ਪ੍ਰਕਾਰ ਦੀਆਂ ਮਨੁੱਖੀ ਸਮੱਸਿਆਵਾਂ

ਨਾਲ ਸਾਹਮਣਾ ਕਰਨਾ ਪੈਂਦਾ ਸੀ। ਖਾਸ ਤੌਰ 'ਤੇ ਔਰਤਾਂ ਦੀ ਹਾਲਤ ਵੇਖ ਕੇ ਮੈਨੂੰ ਬਹੁਤ ਦੁੱਖ ਹੁੰਦਾ, ਉਹ ਕੁਝ ਚਿਰ ਜਵਾਨ ਰਹਿੰਦੀਆਂ ਇਸ ਤੋਂ ਪਹਿਲਾਂ ਹੀ ਉਹਨਾਂ ਨੂੰ ਝੁਰੜੀਆਂ ਪੈ ਜਾਂਦੀਆਂ। ਉਹ ਲਗਾਤਾਰ ਬੱਚੇ ਪੈਦਾ ਕਰਨ ਅਤੇ ਆਦਮੀ ਦੀਆਂ ਸਰੀਰਕ ਲੋੜਾਂ ਕਰਕੇ ਉਨ੍ਹਾਂ ਕੋਲ ਗੈਰ ਕੁਦਰਤੀ ਸ਼ਕਤੀ ਚਾਹੀਦੀ ਸੀ। ਮੈਂ ਵੇਖਿਆ ਕਿ ਔਰਤ ਲਈ ਇਹ ਕਿੰਨਾਂ ਮੁਸ਼ਕਲ ਸੀ ਕਿ ਉਹ ਆਦਮੀ ਦੀ ਹਵਸ ਨੂੰ ਸੰਤੁਸ਼ਟ ਕਰਦੀ ਅਤੇ ਆਪਣੇ ਸਾਥੀਆਂ ਨੂੰ ਦੱਸਦਾ, "ਜਦੋਂ ਉਹ ਘਰ ਦੇ ਕੰਮ ਤੋਂ ਵਿਹਲੀ ਹੁੰਦੀ, ਬੱਚੇ ਪੈਦਾ ਕਰਨਾ, ਉਹਨਾਂ ਨੂੰ ਪਾਲਣਾ, ਉਸ ਦੀ ਕਮਰ ਤਾਂ ਪਹਿਲਾਂ ਹੀ ਟੁੱਟ ਚੁੱਕੀ ਹੁੰਦੀ ਹੈ....... ਸਿਰਫ ਉਸ ਨੂੰ ਆਪਣੇ ਪਤੀ ਦੀਆਂ ਲਗਾਤਾਰ ਜ਼ਿਆਦਤੀਆਂ ਨਾਲ ਫਿਰ ਕਿਉਂ ਤੋੜਿਆ ਜਾਵੇ।"

ਮੇਰਾ ਬਾਪ ਅਕਸਰ ਇਹ ਕਹਿੰਦਾ ਸੀ, "ਜਦੋਂ ਇਸਲਾਮ ਵਿਚ ਇਕ ਤੋਂ ਜ਼ਿਆਦਾ ਪਤਨੀਆਂ ਦੀ ਇਜ਼ਾਜਤ ਹੈ, ਤਾਂ ਇਸ ਵਿਚ ਲਿੰਗ ਸ਼ਕਤੀ ਦੀ ਨਾ ਬਰਾਬਰੀ 'ਤੇ ਜ਼ੋਰ ਦਿੱਤਾ ਜਾਂਦਾ ਹੈ। ਇਕ ਔਰਤ ਲਈ ਇਹ ਮੁਸ਼ਕਲ ਹੈ ਕਿ ਉਹ ਸਾਰੇ ਘਰ ਦੀਆਂ ਸਭ ਜ਼ਿੰਮੇਵਾਰੀਆਂ ਅਤੇ ਫਰਜ਼ ਪੂਰੇ ਕਰੇ ਅਤੇ ਇਸ ਦੇ ਨਾਲ ਹੀ ਪਤੀ ਦੀਆਂ ਸਰੀਰਕ ਜ਼ਰੂਰਤਾਂ ਵੀ। ਭਾਵੇਂ ਕਿ ਇਸਲਾਮ ਇੱਕਠੀਆਂ ਹੀ ਚਾਰ ਪਤਨੀਆਂ ਦੀ ਇਜ਼ਾਜਤ ਦੇਂਦਾ ਹੈ, ਗ਼ਰੀਬੀ ਇਸ ਸੰਭਾਵਨਾ ਨੂੰ ਰੋਕਦੀ ਅਤੇ ਘਟਾਉਂਦੀ ਹੈ ਅਤੇ ਸਿਰਫ ਵਲੰਟੀਅਰ ਸੰਕੋਚ, ਹਮਦਰਦੀ ਅਤੇ ਫਰਜ਼ ਇਸ ਮੁੱਦੇ ਨੂੰ ਹੱਲ ਕਰ ਸਕਦੇ ਹਨ।" ਪਰ ਇਥੇ ਕਾਬੂ ਵਿਚ ਰੱਖਣ ਦਾ ਕੋਈ ਨਿਸ਼ਾਨ ਜਾਂ ਕਾਨੂੰਨੀ ਗ਼ਲਤ ਵਰਤੋਂ ਤੋਂ ਬਚਾਅ ਦਾ ਕੋਈ ਨਿਸ਼ਾਨ ਨਹੀਂ ਸੀ ਅਤੇ ਸ਼ਾਦੀ ਸਿਹਤ ਦਾ ਖ਼ਤਰਾ ਬਣ ਗਈ ਸੀ।

ਡਿਸਪੈਂਸਰੀ ਨੂੰ ਕਦੀ ਵੀ ਬੰਦ ਨਹੀਂ ਸੀ ਕੀਤਾ ਜਾਂਦਾ। ਕਿਉਂ ਜੋ ਮੈਂ ਮੁਕਾਬਲੇ ਦਾ ਵਿਰੋਧੀ ਸਾਂ, ਮੈਂ ਹਮੇਸ਼ਾ ਉਥੇ ਰਹਿੰਦਾ ਸਾਂ, ਜਦ ਬਜ਼ਾਰ ਬੰਦ ਹੋ ਜਾਂਦਾ ਸੀ ਤਾਂ ਮੈਂ ਇਸ ਦੇ ਬਾਹਰ ਬੈਠਾ ਰਹਿੰਦਾ ਸਾਂ ਅਤੇ ਫਿਰ ਰਾਤ ਨੂੰ ਸੀਮੇਂਟ ਦੇ ਬੈਂਚ 'ਤੇ ਸੌਂ ਜਾਂਦਾ ਤੇ ਰਾਤ ਨੂੰ ਲੇਟ ਆਉਂਣ ਵਾਲਿਆਂ ਨੂੰ ਸੇਵਾਵਾਂ ਦਿੰਦਾ। ਮੇਰੀ ਮਾਂ ਲਗਾਤਾਰ ਜਿੱਦ ਕਰਦੀ ਕਿ ਮੈਂ ਘਰ ਆ ਕੇ ਸੌਂਵਾਂ ਅਤੇ ਖਾਣਾ ਖਾਵਾਂ। ਉਹ ਮੰਨ ਗਈ ਸੀ ਕਿ ਬੈਂਚ ਮੇਰੀ ਪਿੱਠ ਲਈ ਬਹੁਤ ਸਖ਼ਤ ਸੀ, "ਇਕ ਗੱਦਾ ਅਤੇ ਸਰਹਾਣਾ ਲੈ ਕੇ ਉਨ੍ਹਾਂ ਨੂੰ ਰਾਤ ਵਾਸਤੇ ਦੁਕਾਨ ਵਿਚ ਰੱਖ ਲੈ।" ਇਸ ਲਈ ਕੋਈ ਜਗ੍ਹਾ ਨਹੀਂ ਸੀ ਅਤੇ ਮੈਂ ਉਸ ਨੂੰ ਸੱਚਾਈ ਨਾਲ ਕਹਿੰਦਾ, "ਬੈਂਚ 'ਤੇ ਗੂੜ੍ਹੀ ਨੀਂਦ ਸੌਂਦਾਂ ਹਾਂ, ਸਗੋਂ ਕਾਫੀ ਜ਼ਿਆਦਾ।" ਉਹ ਬੜੀ ਹੈਰਾਨੀ ਨਾਲ ਮੇਰੇ 'ਤੇ ਟਿਕਟਿਕੀ ਲਗਾ ਕੇ ਵੇਖਦੀ।

ਘਰ ਵਿਚ ਮੇਰੇ ਕੰਮ ਬਾਰੇ ਬਹੁਤੀ ਗੱਲ ਨਹੀਂ ਸੀ ਹੁੰਦੀ। ਇਸ ਚੁੱਪ ਵਿਚ ਅਜੀਜ ਵਿਚਾਰ ਨਾ ਕਰ ਸਕਦਾ, ਉਸ ਦਾ ਦਿਮਾਗ ਜਿਸ ਕਿਸਮ ਦਾ ਸੀ, ਉਸ ਦੀ ਆਪਣੇ ਆਪ ਦੀ ਬੇਅਰਾਮੀ ਦਾ ਅਹਿਸਾਸ ਮੇਰੇ ਮਨ 'ਤੇ ਛਾਇਆ ਰਹਿੰਦਾ, ਨਾ

ਹੀ ਉਹ ਮੇਰੀ ਸੋਚਾਂ ਨਾਲ ਵਿਰੋਧਤਾ ਨੂੰ ਪਸੰਦ ਕਰਦਾ ਸੀ। ਭਾਵੇਂ ਅਸੀਂ ਵੱਖ-ਵੱਖ ਦਿਸ਼ਾਵਾਂ ਵੱਲ ਚਲ ਚੁੱਕੇ ਸਾਂ, ਪਰ ਮੇਰਾ ਵਿਸ਼ਵਾਸ ਸੀ ਕਿ ਸਮੇਂ ਦੇ ਨਾਲ ਉਹ ਮੈਨੂੰ ਚੰਗੀ ਤਰ੍ਹਾਂ ਸਮਝ ਜਾਵੇਗਾ, ਅਤੇ ਸਾਡੀ ਮਾਂ ਦੇ ਪਿਆਰ ਦੀ ਬੰਦਸ਼ ਅਤੇ ਸਿਖਲਾਈ ਕਰਕੇ ਸਾਡੇ ਵਿਚ ਸਤਿਕਾਰ ਭਰੇ ਰਿਸ਼ਤੇ ਬਣੇ ਰਹਿਣਗੇ।

ਦੁਸ਼ਮਣੀ ਵਾਲਾ ਵਾਤਾਵਰਣ ਅਤੇ ਪੂਰਬੀ ਪਾਕਿਸਤਾਨ ਦੇ ਸਫਰ, ਨੇ ਮੇਰੇ ਸਫਰ ਕਰਨ ਦੇ ਸ਼ੌਕ ਨੂੰ ਵਧਾ ਦਿੱਤਾ। ਮੈਨੂੰ ਯਕੀਨ ਸੀ ਕਿ ਮੈਂ ਦੁਨੀਆਂ ਨੂੰ ਬੰਨਟਵਾ ਅਤੇ ਕਰਾਚੀ ਤੋਂ ਬਾਹਰ ਸਮਝ ਕੇ ਕਈ ਨਵੀਆਂ ਸੰਭਾਵਨਾਵਾਂ ਨੂੰ ਲੱਭ ਲਵਾਂਗਾ। ਸੰਨ 1956 ਵਿਚ ਇਸ ਸੁਪਨੇ ਨੂੰ ਪੂਰਾ ਕਰਨ ਲਈ ਮੈਂ ਫੈਸਲਾ ਕੀਤਾ ਕਿ ਮੈਂ ਪੱਛਮ ਵੱਲ ਬਸ 'ਤੇ ਸਫਰ ਕਰਾਂਗਾ, ਪੈਦਲ ਨਹੀਂ ਜਿਸ ਤਰ੍ਹਾਂ ਕਿ ਮੈਂ ਕਲਪਨਾ ਕੀਤੀ ਸੀ। ਅਸੀਂ ਈਰਾਨ, ਤੁਰਕੀ, ਯੂਨਾਨ, ਬੁਲਗਾਰੀਆ ਅਤੇ ਯਾਗੋਸਲਾਵੀਆ ਵਿਚੋਂ ਦੀ ਚਲਦੇ ਰਹੇ ਅਤੇ ਮੈਂ ਹੈਰਾਨ ਸੀ ਕਿ ਰਸਤੇ ਵਿਚ ਮੈਨੂੰ ਕੋਈ ਮੁਸ਼ਕਲ ਨਹੀਂ ਆਈ। ਇਮੀਗਰੇਸ਼ਨ ਅਧਿਕਾਰੀ ਮੇਰਾ ਪਾਸਪੋਰਟ ਅਤੇ ਟਿਕਟ ਚੈਕ ਕਰਦੇ, ਮੇਰੇ ਕੱਪੜਿਆ ਦੇ ਜੋੜੇ ਵੇਖਦੇ, ਇਕ ਪਲੰਗ 'ਤੇ ਵਿਛਾਉਣ ਵਾਲੀ ਚਾਦਰ, ਕੁਝ ਪੈਸੇ ਤੇ ਮੇਰੇ ਮੋਟੇ ਕੱਪੜੇ ਦੇ ਬਣੇ ਬੈਗ ਵਿਚ ਪਿਆ ਹੋਇਆ ਕੁਝ ਖਾਣਾ, ਉਹ ਮੇਰੇ ਵੱਲ ਕੁਝ ਪ੍ਰੇਸ਼ਾਨ ਜਿਹੇ ਹੋ ਕੇ ਵੇਖਦੇ ਅਤੇ ਸਭ ਕੁਝ ਵਾਪਸ ਕਰ ਦਿੰਦੇ ਅਤੇ ਮੈਨੂੰ ਅੱਗੇ ਲੰਘਣ ਦਿੰਦੇ। ਬਹੁਤ ਸਾਰੇ ਲੋਕ ਮੈਨੂੰ ਇਕ ਗ਼ਰੀਬ ਪੈਦਲ ਯਾਤਰਾ 'ਤੇ ਨਿਕਲਿਆ ਸਮਝਦੇ ਸਨ। ਜਿਥੇ ਵੀ ਮੈਂ ਜਾਂਦਾ ਲੋਕੀਂ ਮੇਰੇ ਨਾਲ ਹਮਦਰਦੀ ਦਾ ਵਤੀਰਾ ਰੱਖਦੇ, ਮੈਨੂੰ ਭੋਜਨ ਦਿੰਦੇ ਅਤੇ ਕੁਝ ਪੈਸੇ ਦਿੰਦੇ, ਜਿਸ ਨੂੰ ਮੈਂ ਡਿਸਪੈਂਸਰੀ ਲਈ ਕੁਝ ਬਚਾ ਲੈਂਦਾ।

ਦੂਸਰੀ ਸੰਸਾਰ ਜੰਗ ਦੇ ਪ੍ਰਭਾਵ ਘੱਟ ਰਹੇ ਸਨ ਅਤੇ ਲੋਕਾਂ ਦੀ ਉਹਨਾਂ ਨੂੰ ਦੂਰ ਕਰਨ ਦੀ ਚੇਤਨਾ ਪ੍ਰਭਾਵਸ਼ਾਲੀ ਸੀ। ਮੈਂ ਕਈ ਦੇਸ਼ਾਂ ਵਿਚ ਇਕ ਫੁੱਟਪਾਥ 'ਤੇ ਤੁਰਨ ਵਾਲੀਆਂ ਜਗ੍ਹਾ 'ਤੇ ਬੈਠੇ ਲੋਕਾਂ ਨੂੰ ਵੇਖਿਆ ਅਤੇ ਮਨੁੱਖੀ ਟਰੈਫਿਕ ਨੂੰ ਜਾਂਚਿਆ। ਮੈਂ ਲੋਕਾਂ ਦੇ ਚਲਣ ਫਿਰਨ ਵਿਚ ਤੇਜੀ ਵੇਖੀ। ਉਹ ਬਿਜਲੀ ਦੀ ਤੇਜੀ ਨਾਲ ਨਵੇਂ ਯੁੱਗ ਵਿਚ ਚਲਦੇ ਸਨ, ਜਿਸ ਤਰ੍ਹਾਂ ਉਹ ਜਾਣਦੇ ਸਨ ਕਿ ਸਮਾਂ ਬਹੁਤ ਕੀਮਤੀ, ਅਲਪਕਾਲਿਕ ਅਤੇ ਅਨਿਸ਼ਚਤ ਹੈ।

ਮੈਂ ਆਪਣੇ ਵਿਵਹਾਰ ਦਾ ਉਨ੍ਹਾਂ ਦੇ ਵਿਵਹਾਰ ਨਾਲ ਮੁਕਾਬਲਾ ਕਰਦਾ ਅਤੇ ਪਾਕਿਸਤਾਨ ਲਈ ਪ੍ਰੇਸ਼ਾਨ ਹੋ ਜਾਂਦਾ, ਜਿਥੇ ਸਮਾਂ ਬੇਅੰਤ ਵਾਧੂ ਅਤੇ ਨਾ ਖ਼ਤਮ ਹੋਣ ਵਾਂਗ ਜਾਪਦਾ ਸੀ। ਰਾਸ਼ਟਰ ਨਿਰਮਾਣ ਲਈ ਕੋਈ ਵੀ ਵਿਸ਼ੇਸ਼ਤਾ ਵਾਲਾ ਨਹੀਂ ਸੀ ਮਿਲਦਾ। ਮੈਂ ਇਕ  ਮੁਸਲਿਮ ਹੋਮ ਲੈਂਡ ਬਣਨ ਵੇਲੇ 'ਤੇ ਡੁੱਲੇ ਹੋਏ ਲਹੂ ਬਾਰੇ ਖਿਆਲ ਕਰਦਾ, ਹੁਣ ਇਸ ਨੂੰ ਅਗਵਾਈ ਅਤੇ ਲੀਡਰਸ਼ਿਪ ਦੀ ਘਾਟ ਬਾਰੇ ਸੋਚਦਾ। ਇਸ ਦੇ ਸੰਸਥਾਪਕ ਨੇ ਪਹਿਲੇ ਦੌਰ ਵਿਚ ਜਿਹੜੀ ਖੇਡ ਜਿੱਤੀ ਸੀ ਉਹ ਦੂਸਰੇ ਦੌਰ ਵਿਚ ਖ਼ਤਮ ਹੋ ਸਕਦੀ ਸੀ।

ਮੈਂ ਆਪਣੇ ਧਰਮ ਸੰਕਟ ਬਾਰੇ ਡੂੰਘਾਈ ਨਾਲ ਸੋਚਦਾ। ਖੁਦਗਰਜ਼ ਕੰਮਾਂ ਕਾਰਾਂ ਦੇ ਮੌਕਿਆਂ ਦੀ ਦੌੜ ਨੇ ਕੁਦਰਤੀ ਰਾਹ ਤੋਂ ਵਿਕਾਸ ਨੂੰ ਪਰੇ ਕਰ ਦਿੱਤਾ ਸੀ। ਉਹ ਜਿਨ੍ਹਾਂ ਨੂੰ ਨੈਤਿਕ ਮਿਸਾਲ ਬਣਨਾ ਚਾਹੀਦਾ ਸੀ, ਉਹ ਆਪਣੇ ਆਪ ਦੀ ਤਰੱਕੀ ਵਿਚ ਰੁੱਝੇ ਹੋਏ ਸਨ। ਹਰ ਕਿਸੇ ਨੇ ਜੋ ਕੁਝ ਉਹ ਪਹਿਲਾਂ ਸਨ ਉਸ ਉੱਤੇ ਉਨ੍ਹਾਂ ਨੇ ਇਕ ਬਹੁਤ ਵੱਡਾ ਖੱਪਾ ਪਾ ਦਿੱਤਾ ਸੀ। ਸਮਰਾਜਵਾਦੀ ਅਭਿਮਾਨ ਅਤੇ ਮੁਸਲਿਮ ਪਿਛੋਕੜ ਦੇ ਵਿਚ ਵਾਲੀ ਉਲਝਨ ਵਿਚ ਪਏ ਹਾਕਮਾਂ ਨੂੰ ਲਪੇਟ ਵਿਚ ਲੈ ਲਿਆ ਸੀ ਅਤੇ ਇਸ ਦੇ ਬਦਲੇ ਉਹ ਲੋਕਾਂ ਨੂੰ ਉਲਝਨ ਵਿਚ ਪਾਉਂਦੇ ਸਨ ਅਤੇ ਅੱਗੇ ਨਹੀਂ ਸਨ ਵਧਣ ਦਿੰਦੇ। ਮੈਂ ਇਹ ਸਮਝ ਗਿਆ ਕਿ ਕਲਿਆਣ ਨੂੰ ਤਾਂ ਵਿਚਾਰਿਆ ਹੀ ਨਹੀਂ ਜਾਂਦਾ, ਪਾਕਿਸਤਾਨ ਦੀ ਖੁਸ਼ਹਾਲੀ ਉਹਨਾਂ ਲਈ ਕੋਈ ਤਰਜੀਹ ਹੀ ਨਹੀਂ। ਪੈਸਾ ਛਾਪਿਆ ਜਾਂਦਾ ਹੈ, ਵਪਾਰ ਸਥਾਪਿੱਤ ਕੀਤਾ ਜਾਂਦਾ ਹੈ ਅਤੇ ਲਾਲਚ ਅਤੇ ਸ਼ੋਸ਼ਣ ਦਾ ਚੱਕਰ ਜਨੂੰਨ ਨਾਲ ਚੱਲਣ ਲੱਗ ਜਾਂਦਾ ਹੈ। ਸ਼ੁਰੂ ਤੋਂ ਹੀ ਵਿਅਕਤੀਤੱਵ ਦੇ ਵਿਕਸਤ ਕਰਨ ’ਤੇ ਜ਼ੋਰ ਦਿੱਤਾ ਗਿਆ, ਇਸ ਤੋਂ ਬਾਅਦ ਇਸ ਵਿਚ ਤੇਜੀ ਨਾਲ ਉਹਨਾਂ ਲੋਕਾਂ ਦੀ ਗਿਣਤੀ ਵਧਦੀ ਗਈ ਜਿਨ੍ਹਾਂ ਨੂੰ ਪ੍ਰਭਾਵ ਅਤੇ ਸ਼ਕਤੀ ਦੇ ਖੇਤਰ ਵਿਚ ਸ਼ਾਮਿਲ ਹੋਣ ਦੀ ਭੁੱਖ ਸੀ।

ਬਗੈਰ ਟੈਕਸਾਂ ਅਤੇ ਕਿਸੇ ਕਾਬੂ ਤੋਂ ਬਗੈਰ ਇਹ ਇਕ ਖੁੱਲ੍ਹੀ ਮੰਡੀ ਸੀ। ਜਦੋਂ ਆਮਦਨ ਕਮਾਉਣ ਲਈ ਵਿਕਰੀ ਟੈਕਸ ਸ਼ੁਰੂ ਕੀਤਾ ਗਿਆ ਤਾਂ ਦੁਕਾਨਦਾਰਾਂ ਨੇ ਇਕ ਰੁਪਏ ਗਜ ਦੇ ਹਿਸਾਬ ਕੱਪੜਾ ਵੇਚਿਆ ਅਤੇ ਉਸ ਦਾ ਬਾਰਾਂ ਆਨਿਆਂ ਦਾ ਬਿਲ ਬਣਾਇਆ, ਜਿਸ ਨੇ ਆਮਦਨ ਕਮਾਉਣ ਦੇ ਪੂਰਨ ਵਿਕਸਿਤ ਹੋਣ ਵਾਲੀ ਪ੍ਰਣਾਲੀ ਨੂੰ ਉਸ ਦੇ ਸ਼ੁਰੂ ਹੋਣ ’ਤੇ ਹੀ ਕੰਮਜ਼ੋਰ ਕਰ ਦਿੱਤਾ ਗਿਆ। ਮੈਂ ਹੈਰਾਨ ਸਾਂ ਕਿ ਅਸੀਂ ਕਿਸ ਤਰ੍ਹਾਂ ਅੱਗੇ ਵਧਾਂਗੇ ਅਤੇ ਉਹਨਾਂ ਲੋਕਾਂ ਬਾਰੇ ਮਹਿਸੂਸ ਕਰਦਾ ਸਾਂ ਜੋ ਇਸ ਨਵੇਂ ਦੇਸ਼ ਦੀ ਹਾਲੇ ਤਕ ਖੁਸ਼ਹਾਲੀ ਦਾ ਸੁਪਨਾ ਵੇਖਦੇ ਸਨ। ਯੂਰਪ ਵਿਚ ਵੱਖਰਾ ਪ੍ਰਬੰਧ ਸੀ, ਪਾਕਿਸਤਾਨ ਲਈ ਮੇਰਾ ਦਿਲ ਉਦਾਸ ਹੋ ਜਾਂਦਾ ਅਤੇ ਮੇਰਾ ਮਨ ਜ਼ਿਆਦਾ ਤੋਂ ਜ਼ਿਆਦਾ ਇਸ ਗੱਲ ਨੂੰ ਮੰਨ ਜਾਂਦਾ ਕਿ ਦੇਸ਼ ਆਪਣੇ ਹੀ ਖਿਲਾਫ ਹੈ। ਇਹ ਸਪੱਸ਼ਟ ਸੀ ਕਿ ਅਸੀਂ ਇਕ ਗੈਰ ਪ੍ਰਬੰਧ ਵਾਲੀ ਦਿਸ਼ਾ ਵੱਲ ਵਧ ਰਹੇ ਸਾਂ, ਜਿਸ ਵਿਚ ਮੇਰੀ ਆਪਣੀ ਪੀੜ੍ਹੀ ਦੀ ਕਿਸਮਤ ਜਾਂ ਸ਼ਕਤੀਹੀਨ ਜਾਂ ਖੁਦਗਰਜ਼ ਬਣਨ ਲਈ ਵਿਨਾਸ਼ ਵੱਲ ਬਧੀ ਹੋਈ ਸੀ। ਮੈਂ ਇਸ ਦਾ ਸਿੱਟਾ ਕੱਢਦਾ ਸਾਂ ਕਿ ਪਾਕਿਸਤਾਨ ਦੀ ਨੀਂਹ ਨੂੰ ਸਿਰਫ ਦੂਰ ਅੰਦੇਸ਼ ਲੀਡਰਸ਼ਿਪ, ਜੋ ਆਮ ਲੋਕਾਂ ਦੀ ਮਿਹਨਤ ਨੂੰ ਧਿਆਨ ਵਿਚ ਰੱਖਦੀ ਹੋਵੇ, ਉਸ ਨੂੰ ਮਜ਼ਬੂਤ ਕੀਤਾ ਜਾਵੇ। ਇਸ ਆਦਰਸ਼ ਨੂੰ ਜ਼ੋਰ ਸ਼ੋਰ ਨਾਲ ਵਧਾਉਣ ਤੋਂ ਬਗੈਰ, ਭਵਿੱਖ ਦੀਆਂ ਪੀੜ੍ਹੀਆਂ ਆਪਣੇ ਆਪ ਨੂੰ ਡੂੰਘੀ ਦਲਦਲ ਵਿਚ ਪਾਉਣਗੀਆਂ।

ਰੋਮ ਵਿਚ, ਮੈਂ ਉਹਨਾਂ ਲੋਕਾਂ ਦੀ ਹਮਦਰਦੀ ਦਾ ਧੰਨਵਾਦ ਕੀਤਾ ਜੋ ਮੇਰੇ ਲਈ ਪੈਸਾ ਜਾਂ ਖਾਣਾ ਛੱਡ ਜਾਂਦੇ ਸਨ, ਜਦੋਂ ਕਿ ਮੈਂ ਰਾਤ ਨੂੰ ਆਪਣੇ ਆਪ ਨੂੰ ਲਪੇਟ ਕੇ ਰੇਲਵੇ ਸਟੇਸ਼ਨ ਦੇ ਇਕ ਬੈਂਚ 'ਤੇ ਗੁਜ਼ਾਰਦਾ। ਇਕ ਦਿਨ ਦੀ ਸਵੇਰ ਮੈਂ ਜਾਗ ਕੇ ਵੇਖਿਆ ਕਿ ਮੇਰੀ ਜੁੱਤੀ ਗੁਆਚ ਗਈ ਸੀ। ਪਾਕਿਸਤਾਨ ਵਿਚ ਤਾਂ ਇਹ ਛੋਟੀ ਜਿਹੀ ਗੱਲ ਸੀ, ਕਿਉਂ ਜੋ ਉਥੇ ਕਈ ਨੰਗੇ ਪੈਰੀਂ ਹੁੰਦੇ ਸਨ, ਪਰ ਇਥੇ ਮੈਨੂੰ ਹਰ ਕੋਈ ਧਿਆਨ ਨਾਲ ਵੇਖੇਗਾ। ਉਹ ਡਰ ਦੂਰ ਚਲਾ ਗਿਆ ਜਦੋਂ ਮੈਂ ਇਹ ਮਹਿਸੂਸ ਕੀਤਾ ਕਿ ਮੇਰੀ ਅਰਧ ਚੇਤਨਾ ਦੀ ਹਾਲਤ ਵਿਚ ਮੈਂ ਵੇਖਿਆ ਕਿ ਕੋਈ ਮੇਰੇ ਤੋਂ ਵੀ ਗ਼ਰੀਬ ਹੋਵੇਗਾ। ਮੇਰੇ ਇਰਦ ਗਿਰਦ ਇੰਨੀ ਖੁਸ਼ਹਾਲੀ ਨਹੀਂ ਸੀ ਕਿ ਉਹ ਸਾਰੇ ਆਦਮੀਆ ਦੀਆਂ ਜ਼ਰੂਰਤਾਂ ਨੂੰ ਹੀ ਪੂਰਿਆਂ ਕਰਦੀ ਹੋਵੇ। ਮੈਂ ਇਧਰ ਉਧਰ ਜੁੱਤੀ ਤੋਂ ਬਗੈਰ ਹੀ ਘੁੰਮਦਾ ਰਿਹਾ ਅਤੇ ਜੁੱਤੀ ਖਰੀਦਣ ਤੋਂ ਇਨਕਾਰ ਕੀਤਾ ਕਿਉਂ ਜੋ ਇਨ੍ਹਾਂ ਦੀ ਕੀਮਤ ਮੇਰੇ ਆਪਣੇ ਦੇਸ਼ ਵਿਚ ਘੱਟ ਸੀ। ਅਗਲੀ ਸ਼ਾਮ ਨੂੰ ਇਕ ਬਜ਼ੁਰਗ ਔਰਤ ਨੇ ਇਕ ਚੰਗੀ ਤਰ੍ਹਾਂ ਹੰਢਾਇਆ ਹੋਇਆ ਪੁਰਾਣਾ ਬੂਟਾਂ ਦਾ ਜੋੜਾ ਦੇ ਦਿੱਤਾ, ਜੋ ਮੇਰੇ ਨੰਬਰ ਤੋਂ ਦੋ ਨੰਬਰ ਖੁੱਲ੍ਹਾ ਸੀ ਅਤੇ ਮੈਂ ਉਹ ਬਾਕੀ ਸਾਰਾ ਸਫਰ ਉਹੀ ਪਾਈ ਰੱਖੇ।

ਮੈਂ ਸਾਰਾ ਹੀ ਸਮਾਂ ਤੁਲਨਾ ਕਰਦਾ ਰਹਿੰਦਾ ਅਤੇ ਉਹਨਾਂ ਝੂਠੀਆਂ ਸਿਫਤਾਂ ਬਾਰੇ ਸੋਚਦਾ ਰਹਿੰਦਾ ਜੋ ਮੁਸਲਮਾਨ ਹਾਕਮਾਂ ਬਾਰੇ ਮੈਂ ਸੁਣੀਆਂ ਸਨ। ਮੈਂ ਇਹ ਮਹਿਸੂਸ ਕਰਦਾ ਸਾਂ ਕਿ ਇਹ ਵਿਵਹਾਰ ਕਈ ਸਦੀਆਂ ਤੋਂ ਸਾਡੇ ਦਿਲਾਂ ਵਿਚ ਬਿਠਾਏ ਹੋਏ ਸਨ ਅਤੇ ਸਾਡਾ ਇਤਿਹਾਸ ਇਨ੍ਹਾਂ ਝੂਠੀਆਂ ਧਾਰਨਾਵਾਂ ਨਾਲ ਭਰਿਆ ਰਹੇਗਾ ਜਦੋਂ ਤਕ ਅਸੀਂ ਸੱਚਾਈ ਦੀ ਸਾਰੀ ਸਮਝ ਹੀ ਨਾ ਗਵਾ ਲਈਏ। ਇਸ ਤਰ੍ਹਾਂ ਦੀਆਂ ਮੋਹਭੰਗ ਸੋਚਾਂ ਵਿਚ ਮੈਂ 2 ਪੌਂਡ ਦੀ ਟਿਕਟ ਲੈ ਕੇ ਬੇੜੀ ਰਾਹੀਂ ਡੋਵਰ ਪਹੁੰਚ ਗਿਆ ਅਤੇ ਇਓਸੋਟਨ ਨੂੰ ਬਸ ਰਾਹੀਂ ਚਲ ਪਿਆ। ਇੰਗਲੈਂਡ ਦੀ ਟੋਲ ਪ੍ਰਣਾਲੀ ਨੇ ਮੈਨੂੰ ਹੋਰ ਚੀਜ਼ਾਂ ਤੋਂ ਜ਼ਿਆਦਾ ਆਕ੍ਰਸ਼ਿਤ ਕੀਤਾ ਜੋ ਮੈਂ ਆਪਣੇ ਸਫਰ ਵਿਚ ਵੇਖੀਆਂ। ਸਰਕਾਰ ਦੀਆਂ ਸਹੂਲਤਾਂ ਨੂੰ ਲੋਕਾਂ ਰਾਹੀਂ ਦਿੱਤੇ ਸਿੱਕਿਆਂ ਦੇ ਬਕਸਾਂ ਨਾਲ ਵਰਤਣਾ ਦੋਵਾਂ ਪਾਰਟੀਆਂ ਲਈ ਲਾਭਦਾਇਕ ਸੀ ਅਤੇ ਇਸ ਨੇ ਉੱਤੇਜਨਾ, ਲਾਲਚ, ਸੁਸਤੀ ਅਤੇ ਠੱਗੀ ਮਾਰਣ ਦੀ ਸੰਭਾਵਨਾ ਨੂੰ ਖ਼ਤਮ ਕਰ ਦਿੱਤਾ ਸੀ। ਮੈਂ ਵੇਖਿਆ ਇੰਗਲੈਂਡ ਵਿਚ ਕਲਿਆਨ ਦੀਆਂ ਲੋੜਾਂ ਕਿਵੇਂ ਪੂਰੀਆਂ ਕੀਤੀਆਂ ਜਾਂਦੀਆਂ ਸਨ ਅਤੇ ਉਹਨਾਂ ਨੂੰ ਕਿਸ ਤਰ੍ਹਾਂ ਵਰਤਿਆ ਜਾਂਦਾ ਸੀ ਇਹ ਵੀ ਮੈਂ ਸਿੱਖਿਆ। ਭਾਵੇਂ ਕਿ ਮੈਂ ਉਹ ਹਿੱਸੇ ਵੇਖੇ ਜਿਹੜੇ ਮਹੱਤਵਪੂਰਨ ਜਾਪਦੇ ਸਨ, ਪਰ ਮੇਰੀ ਸਿਰਫ ਉਹਨਾਂ ਵਿਚ ਹੀ ਦਿਲਚਸਪੀ ਸੀ ਜਿਨ੍ਹਾਂ ਨੂੰ ਅਮਲ ਵਿਚ ਲਿਆਂਦਾ ਜਾ ਸਕਦਾ ਸੀ। ਜਦੋਂ ਮੇਰੇ ਮੇਜ਼ਬਾਨ ਅਤੇ ਦੋਸਤ ਬੰਨਟਵਾ ਦੇ ਸਿਦਕ ਈਦੀ ਨੇ ਮੈਨੂੰ ਲੰਡਨ ਵਿਚ ਰਹਿਣ ਅਤੇ ਕੰਮ ਕਰਨ ਲਈ ਕਿਹਾ ਅਤੇ ਮੈਨੂੰ ਨੌਕਰੀ ਲੈ ਕੇ ਦੇਣ ਦੀ ਪੇਸ਼ਕਸ਼

ਕੀਤੀ, ਮੈਂ ਇਹ ਬਹਾਨਾ ਲਾ ਕੇ ਇਨਕਾਰ ਕਰ ਦਿੱਤਾ, "ਮੈਨੂੰ ਪਾਕਿਸਤਾਨ ਵਿਚ ਲੋਕਾਂ ਲਈ ਕੁਝ ਕਰਨਾ ਹੈ। ਸਾਡੇ ਵਿਚ ਚੰਗੇ ਕੰਮ ਨੂੰ ਖ਼ੁਦਗਰਜ਼ ਢੰਗ ਨਾਲ ਲਿਆ ਜਾਂਦਾ ਹੈ, ਇਸ ਨੇ ਉਹਨਾਂ ਦੀ ਸੇਵਾ ਦੀ ਖਾਹਿਸ਼ ਨੂੰ ਹੋਰ ਵਧਾ ਦਿੱਤਾ ਸੀ। ਮੇਰੇ ਅੰਦਰ ਇਕ ਤੂਫਾਨ ਉਠ ਰਿਹਾ ਸੀ।"

ਮੈਂ ਆਪਣੇ ਦੋਸਤਾਂ ਨੂੰ ਵਿਆਖਿਆ ਕੀਤੀ, "ਇਸਲਾਮ ਦੇ ਪੰਜ ਮੁੱਢਲੇ ਅਸੂਲ ਮੇਰੇ ਲਈ ਹਕੂਕ-ਅਲ-ਇਬਦ ਜਾਂ ਇਨਸਾਨੀਅਤ ਦੇ ਛੇਵੇਂ ਅਸੂਲ ਲਈ ਜਾਰੀ ਰਹਿੰਦੇ ਹਨ। ਇਸ ਨੂੰ ਪੱਕੀ ਘੋਸ਼ਣਾ ਨਹੀਂ ਹੁਕਮ ਸਮਝਿਆ ਜਾਂਦਾ, ਇਸ ਦਾ ਡੂੰਘਾ ਅਰਥ ਹੈ, ਜਿਵੇਂ ਠੀਕ ਅਤੇ ਗ਼ਲਤ ਮਨੁੱਖ ਦੇ ਉੱਦਮ 'ਤੇ ਛੱਡ ਦਿੱਤੇ ਗਏ ਹਨ, ਜੇ ਇਸ ਨੂੰ ਜ਼ਬਰਦਸਤੀ ਠੋਸਿਆ ਗਿਆ ਤਾਂ ਇਸ ਦੀ ਮਹੱਤਤਾ ਖ਼ਤਮ ਹੋ ਜਾਵੇਗੀ।" ਮੈਂ ਉਸ ਨੂੰ ਇਹ ਨੁਕਤਾ ਸਪੱਸ਼ਟ ਕੀਤਾ, "ਇਨ੍ਹਾਂ ਮੂਲ ਸਿਧਾਂਤਾਂ ਵਿਚ ਸਾਡੇ ਧਰਮਾਂ ਦਾ ਸਾਰ ਹੈ ਅਤੇ ਸਾਰੀ ਮਨੁੱਖਤਾ ਦਾ ਇਮਤਿਹਾਨ ਹੈ। ਇਕ ਬ੍ਰਹਿਮੰਡ ਦੀ ਏਕਤਾ ਇਸ ਤੋਂ ਨਜ਼ਰ ਆਉਂਦੀ ਹੈ। ਸਾਰੇ ਧਰਮ ਇਕ ਹੀ ਦਿਸ਼ਾ ਵੱਲ ਅਤੇ ਇਕ ਹੀ ਉਦੇਸ਼ ਵੱਲ ਚਲਦੇ ਹਨ..... ਇਨਸਾਨੀਅਤ ਵੱਲ ਸਾਰੀਆਂ ਧਾਰਮਿਕ ਪੁਸਤਕਾਂ ਇਕ ਹੀ ਅਰਥ ਸਮਝਾਉਂਦੀਆਂ ਹਨ। ਕੋਈ ਵੀ ਧਰਮ ਇਨਸਾਨੀਅਤ ਨੂੰ ਕਾਨੂੰਨੀ ਬੰਦਸ਼ ਵਾਲਾ ਘੋਸ਼ਿਤ ਨਹੀਂ ਕਰ ਸਕਦਾ, ਜਦੋਂ ਕਿ ਇਸ ਉੱਤੇ ਸਾਰਾ ਜ਼ੋਰ ਦੇਣਾ ਹੀ ਜੀਵਨ ਦਾ ਇਕ ਸਵੀਕਾਰ ਕਰਨ ਯੋਗ ਢੰਗ ਹੈ। ਅਸਲ ਵਿਚ ਅਸੀਂ ਸਿਰਫ ਰਿਵਾਇਤਾਂ ਕਰਕੇ ਹੀ ਵੱਖਰੇ ਹਾਂ ਜਿਨ੍ਹਾਂ ਪੈਗੰਬਰਾਂ ਨੇ ਜਿਨ੍ਹਾਂ ਨੂੰ ਅਗਵਾਈ ਕਰਨ ਲਈ ਭੇਜਿਆ, ਕੀ ਉਹਨਾਂ ਨੇ ਉਸ ਖੇਤਰ ਅਤੇ ਲੋਕਾਂ ਦੇ ਵਿਵਹਾਰ ਨੂੰ ਬਣਾਇਆ ਸੀ ?" ਮੇਰਾ ਦੋਸਤ ਹੈਰਾਨ ਹੋ ਗਿਆ, "ਤੂੰ ਤਾਂ ਧਾਰਮਿਕ ਪ੍ਰਚਾਰਕ ਦੀ ਤਰ੍ਹਾਂ ਬੋਲਦਾ ਹੈ, ਕੀ ਤੂੰ ਮੁੱਲਾ ਬਣ ਰਿਹਾ ਹੈਂ ?" ਮੈਂ ਆਪਣਾ ਸਿਰ ਹਿਲਾਇਆ, ਉਹ ਸਮਝਿਆ ਨਹੀਂ ਸੀ।

ਘਰ ਵਿਚ ਮੈਂ ਕੱਪੜੇ ਦੀ ਦੁਕਾਨ 'ਤੇ ਆਪਣੀ ਨੌਕਰੀ ਗਵਾ ਚੁੱਕਾ ਸਾਂ ਅਤੇ ਛੇਤੀ ਹੀ ਸਮਾਜ ਨਾਲ, ਜੋ ਮੈਨੂੰ ਸਬਕ ਸਿਖਾਉਣ ਲਈ ਇਕ ਨਵਾਂ ਹਲ ਸੋਚ ਰਿਹਾ ਸੀ ਉਸ ਨਾਲ ਮੁਕਾਬਲਾ ਕਰਨਾ ਸੀ। ਮੇਰੀ ਗੈਰਹਾਜ਼ਰੀ ਵਿਚ ਮੈਨੂੰ ਚੋਰ ਹੋਣ ਦਾ ਦੋਸ਼ੀ ਬਣਾਇਆ ਗਿਆ ਅਤੇ ਪਹਿਲੀ ਡਿਸਪੈਂਸਰੀ ਤੋਂ ਮੈਨੂੰ ਹਟਾਉਣ ਦਾ ਇਹ ਇਕ ਕਾਰਨ ਬਣਾਇਆ ਗਿਆ। ਇਸ ਇਲਜ਼ਾਮ ਨੂੰ ਸਾਰੇ ਖੇਤਰ ਵਿਚ ਪ੍ਰਚਾਲਿਤ ਕੀਤਾ ਗਿਆ। ਭਾਵੇਂ ਕਿ ਮੈਨੂੰ ਅਫਸੋਸ ਲਗਾ, ਕਿਉਂ ਜੋ ਪ੍ਰਚਾਰ ਨਾਲ ਗ਼ਲਤ ਫਹਿਮੀਆਂ ਪੈਦਾ ਹੋ ਸਕਦੀਆਂ ਸਨ, ਮੈਂ ਪਹਿਲਾਂ ਹੀ ਮੰਨ ਗਿਆ ਸਾਂ ਕਿ ਇਸ ਤਰ੍ਹਾਂ ਕਈ ਕੁਝ ਹੋਵੇਗਾ। ਮੈਨੂੰ ਇਸ ਦਾ ਮੁਕਾਬਲਾ ਕਰਨਾ ਪਵੇਗਾ ਅਤੇ ਲੰਮੇ ਸਮੇਂ ਵਿਚ ਇਸ ਨੂੰ ਜਿੱਤਣਾ ਪਵੇਗਾ।

ਅਸਲ ਵਿਚ ਮੇਰੀ ਵੱਡੇ ਸਰਮਾਏਦਾਰਾਂ ਨਾਲ ਗੰਭੀਰਤਾ ਪੂਰਵਕ ਲੜਾਈ ਸ਼ੁਰੂ ਹੋ ਚੁੱਕੀ ਸੀ। ਮੈਮਨ ਲੜਕੇ ਮੇਰੇ ਇਰਦ ਗਿਰਦ ਇੱਕਠੇ ਹੋ ਜਾਂਦੇ ਜਦੋਂ ਮੈਂ ਸਰਮਾਏਦਾਰਾਂ, ਉਨ੍ਹਾਂ ਦੇ ਏਜੰਟਾਂ ਅਤੇ ਉਹਨਾਂ ਵੱਲੋਂ ਵੱਖ-ਵੱਖ ਢੰਗ ਨਾਲ ਸ਼ੋਸ਼ਣ ਕਰਨ ਸੰਬੰਧੀ ਆਪਣਾ ਗੁੱਸਾ ਕੱਢਦਾ। ਛੇਤੀ ਹੀ ਮੈਂ ਉਹਨਾਂ ਪਤਵੰਤੇ ਲੋਕਾਂ ਦੀ ਪ੍ਰੇਸ਼ਾਨੀ ਦਾ ਕਾਰਨ ਬਣ ਗਿਆ। ਮੈਂ ਉਹਨਾਂ ਦੇ ਝੂਠੇ ਸਤਿਕਾਰ ਦੇ ਪਰਦੇ ਨੂੰ ਪਾੜ ਦਿੱਤਾ, "ਉਨ੍ਹਾਂ ਦੀ ਮੰਡੀ ਗ਼ਰੀਬਾਂ ਦੀਆਂ ਮੁਸ਼ਕਲਾਂ ਵਧਾਉਣ ਨਾਲ ਪ੍ਰਫੁਲਿਤ ਹੁੰਦੀ ਹੈ ਅਤੇ ਉਹਨਾਂ ਦੀਆਂ ਮੁਸੀਬਤਾਂ ਨੂੰ ਪੱਕਿਆਂ ਕਰਨ ਨਾਲ, ਹੁਣ ਤੋਂ ਕੁਝ ਪੀੜ੍ਹੀਆ ਬਾਅਦ, ਇਹ ਧੰਨਵਾਦ ਕਰਨ ਵਾਲੇ ਅਮੀਰ ਪਰਿਵਾਰ ਵੀ ਇਨ੍ਹਾਂ ਮੁਦਿਆਂ ਦਾ ਸਾਹਮਣਾ ਕਰਨਗੇ। ਕੰਮ ਨੂੰ ਦੁਹਰਾਉਣਾ ਅਤੇ ਗ਼ਲਤ ਕੰਮ ਨੂੰ ਤੇਜੀ ਨਾਲ ਕਰਨ ਨਾਲ ਕੁਦਰਤੀ ਤਬਾਹੀ ਸਮੇਂ ਦੇ ਚੱਕਰ ਨਾਲ ਹੋ ਜਾਂਦੀ ਹੈ, ਛੇਤੀ ਹੀ ਇਨ੍ਹਾਂ ਦੇ ਬੱਚੇ ਆਪਸ ਵਿਚ ਲੜਨਗੇ, ਅਤੇ ਉਸ ਚੱਕੀ ਵਿਚ ਦਾਖ਼ਲ ਹੋ ਜਾਣਗੇ, ਜਿਸ ਨੇ ਕਦੀ ਪੱਛੜਿਆਂ ਨੂੰ ਪੀਸਿਆ ਸੀ। ਉਹਨਾਂ ਦੇ ਹੁਣ ਹੋਣ ਵਾਲੇ ਨੁਕਸਾਨ, ਤਬਦੀਲੀਆਂ ਨਹੀਂ ਕਰਨ ਦੇਣਗੇ, ਜੋ ਉਹਨਾਂ ਦਾ ਭਵਿੱਖ ਸੁਰਿੱਖਤ ਅਤੇ ਸੰਭਾਲ ਸਕਦੀਆਂ ਹਨ।"

ਡਿਸਪੈਂਸਰੀ ਨੂੰ ਖੋਲ੍ਹਣ ਅਤੇ ਉਸ ਨੂੰ ਸਥਾਪਿੱਤ ਕਰਨ ਤੋਂ ਦੋ ਸਾਲ ਬਾਅਦ ਮੈਂ ਇਸ ਦੇ ਸਥਾਨਕ ਨਾਂ ਨੂੰ ਬਦਲ ਕੇ "ਮਦੀਨ੍ਹਾਂ ਵਲੰਟੀਅਰ ਕਾਰਪਸ" ਰੱਖ ਦਿੱਤਾ, ਆਪਣੇ ਮਦਦਗਾਰਾਂ ਨੂੰ ਇਸ ਦਾ ਪ੍ਰਬੰਧ ਸੌਂਪ ਕੇ ਮੈਂ ਫਿਰ ਵਿਦੇਸ਼ ਚਲਾ ਗਿਆ।

ਫਰਾਂਸ ਤੋਂ ਤੁਰਕੀ ਤਕ ਦਾ ਰੇਲ ਦਾ ਸਫਰ ਇਕ ਯਾਦ ਬਣ ਗਿਆ। ਮੇਰੇ ਪਿਆਰ ਅਤੇ ਵਿਆਹ ਸੰਬੰਧੀ ਆਖ਼ਰੀ ਸੋਚ ਨੂੰ ਕਈ ਸਾਲ ਬੀਤ ਚੁੱਕੇ ਸਨ। ਹੁਣ ਔਰਤਾਂ ਬਾਰੇ ਮੇਰੀਆਂ ਭਾਵਨਾਵਾਂ ਫਿਰ ਸਾਹਮਣੇ ਆ ਗਈਆਂ। ਉਹ ਇਕ ਤੁਰਕੀ ਔਰਤ ਸੀ ਅਤੇ ਉਸ ਨੇ ਇਕ ਬਹੁਤ ਛੋਟੇ ਬੱਚੇ ਨੂੰ ਬਾਹਾਂ ਵਿਚ ਚੁੱਕਿਆ ਹੋਇਆ ਸੀ। ਆਪਣੇ ਸਮਾਨ ਨੂੰ ਥੱਲੇ ਰੱਖ ਕੇ ਉਹ ਮੇਰੇ ਨਾਲ ਬੈਠ ਗਏ।

ਉਹ ਨਾਜ਼ੁਕ ਸੀ ਅਤੇ ਉਸ ਦਾ ਗੋਰਾ ਚਿੱਟਾ ਰੰਗ ਸੀ ਅਤੇ ਬਹੁਤ ਵਧੀਆ ਸੂਰਤ ਸੀ। ਮੇਰੇ ਪਿਤਾ ਜੀ ਹਮੇਸ਼ਾ ਇਹੋ ਜਿਹੀ ਨੂੰ ਜ਼ਿਆਦਾ ਮਹੱਤਤਾ ਦਿੰਦੇ ਸਨ ਤਾਂ ਕਿ ਬਹੁਤ ਦੇਰ ਤਕ ਉਹ ਰਿਸ਼ਤਾ ਬਣਿਆ ਰਹੇ। ਉਹ ਮੈਨੂੰ ਅਕਸਰ ਸਲਾਹ ਦਿੰਦੇ ਸਨ, "ਜੇ ਉਸ ਦੀ 'ਚੰਗੀ ਸੂਰਤ' ਨਹੀਂ, ਛੇਤੀ ਹੀ ਤੇਰੇ ਕੋਲ ਉਸ ਦੀ ਤੁਲਨਾ ਕਰਨ ਲਈ ਕਈ ਮਿਸਾਲਾਂ ਹੋਣਗੀਆਂ ਅਤੇ ਤੈਨੂੰ ਅਫਸੋਸ ਲੱਗੇਗਾ ਕਿ ਤੂੰ ਗ਼ਲਤ ਵਸਤੂ ਲੈ ਲਈ ਹੈ। ਲੰਮੇ ਸਮੇਂ ਦੇ ਹਿੱਤ ਸੰਬੰਧੀ ਸੋਚੋ, ਚੰਗੀ ਸੂਰਤ ਦੀ ਔਰਤ ਉਮਰ ਨਾਲ ਸਿਆਣੀ ਬਣਦੀ ਹੈ।"

ਇਸ ਗੱਲ ਦੇ ਬਾਵਜੂਦ ਕਿ ਸਾਡੇ ਵਿਚੋਂ ਕੋਈ ਵੀ ਇਕ ਦੂਜੇ ਦੀ ਜ਼ਬਾਨ ਨਹੀਂ ਸੀ ਸਮਝਦਾ, ਅਸੀਂ ਕੋਸ਼ਿਸ਼ ਕੀਤੀ ਕਿ ਇਕ ਦੂਜੇ ਨਾਲ ਗੱਲ ਕਰੀਏ ਅਤੇ

ਜਦੋਂ ਸਾਡਾ ਸਫਰ ਖ਼ਤਮ ਹੋਣ ਵਾਲਾ ਸੀ, ਅਸੀਂ ਇਕ ਦੂਜੇ ਦੇ ਕਾਫੀ ਵਾਕਿਫ ਬਣ ਗਏ ਸਾਂ ਅਤੇ ਇਕ ਦੂਜੇ ਨੂੰ ਮਖੌਲ ਕਰਦੇ ਸਾਂ। ਉਹ ਆਪਣੇ ਬੈਗ ਵਿਚੋਂ ਕੁਝ ਲੱਭ ਰਹੀ ਸੀ, ਉਹ ਜੋ ਕੁਝ ਵੀ ਸੀ ਉਸ ਨੂੰ ਨਾ ਲੱਭਣ ਕਰਕੇ, ਉਸ ਨੇ ਉਸ ਵਸਤੂ ਦੇ ਹਿੱਸਿਆਂ ਨੂੰ ਖੁੱਲੀ ਹਵਾ ਵਿਚ ਸਾਡੇ ਵਿਚ ਖਿਲਾਰ ਦਿੱਤਾ ਅਤੇ ਇਕ ਛੋਟਾ ਜਿਹਾ ਚੁੰਬਕ ਕੱਢ ਲਿਆ। ਮੇਰੀ ਅੱਖ ਵੱਲ ਆਪਣੀ ਉਂਗਲੀ ਕਰਕੇ, ਉਸ ਨੇ ਚੁੰਬਕ ਨੂੰ ਫੜ ਲਿਆ ਅਤੇ ਉਹ ਖਿੜ-ਖਿੜ ਕੇ ਹੱਸ ਪਈ, ਮੈਂ ਵੀ ਖਿੜ-ਖਿੜ ਕੇ ਹੱਸਿਆ। ਮੇਰੇ ਨੱਕ ਦਾ ਆਕਾਰ ਮੈਨੂੰ ਇਸ ਤੋਂ ਪਹਿਲਾਂ ਨਹੀਂ ਸੀ ਲੱਭਦਾ ਉਦੋਂ ਤਕ ਜਦੋਂ ਤਕ ਉਸ ਨੇ ਆਪਣੀ ਉਂਗਲੀ ਨਾਲ ਉਸ ਨੂੰ ਨਹੀਂ ਛੂਹਿਆ ਅਤੇ ਕਹਿਣ ਲੱਗੀ, ਇਹ ਅਰਬ ਹੈ। ਮੇਰਾ ਸ਼ਰਮ ਨਾਲ ਮੂੰਹ ਲਾਲ ਹੋ ਗਿਆ। ਉਸ ਨੇ ਵੇਖਿਆ ਅਤੇ ਆਪਣਾ ਲਾਲ ਸ਼ਾਲ ਮੇਰੀ ਗੱਲ ਨਾਲ ਲਾ ਦਿੱਤਾ। ਕੀ ਇਹ ਲਾਲ ਰੰਗ ਦਾ ਲਹੂ ਸੀ ਜਾਂ ਪਿਆਰ ਦੇ ਲਾਲ ਰੰਗ ਦਾ ਵਹਾਅ ਸੀ, ਮੈਂ ਇਹ ਨਹੀਂ ਸਾਂ ਜਾਣਦਾ ਕਿ ਜੋ ਉਸ ਨੇ ਕੀਤਾ ਉਸ ਦਾ ਕੀ ਅਰਥ ਸੀ, ਸ਼ਾਇਦ ਇਹ ਊਰਜਾ ਸੀ।

ਮੈਂ ਇਕ ਤਾਕਤਵਰ ਚੌੜੇ ਮੋਢਿਆਂ ਵਾਲਾ ਆਦਮੀ ਬਣ ਚੁੱਕਾ ਸਾਂ। ਆਪਣੇ ਬਾਪ ਵਾਂਗ ਮੈਂ ਲੰਮਾ ਨਹੀਂ ਸਾਂ, ਪਰ ਮੇਰੀ ਸਿਹਤ ਮੈਨੂੰ ਵੱਡਾ ਬਣਾ ਕੇ ਦੱਸਦੀ ਸੀ। ਉਸ ਨੇ ਮੇਰੇ ਵੱਲ ਇਸ਼ਾਰਾ ਕਰ ਕੇ ਕਿਹਾ 'ਤੂੰ', ਆਪਣੇ ਵੱਲ ਇਸ਼ਾਰਾ ਕਰਕੇ ਉਹ ਕਹਿਣ ਲੱਗੀ 'ਮੈਂ' ਅਤੇ ਆਪਣੇ ਹੱਥ ਇੱਕਠੇ ਕਰਦੀ ਹੋਈ, ਉਹ ਹੱਸ ਪਈ ਅਤੇ ਕਹਿਣ ਲੱਗੀ "ਸ਼ਾਦੀ" ਮੈਂ ਉਸ ਦੀ ਇਸ ਤਜ਼ਵੀਜ 'ਤੇ ਹੈਰਾਨ ਰਹਿ ਗਿਆ ਅਤੇ ਇਹ ਦੱਸਣ ਦੀ ਕੋਸ਼ਿਸ਼ ਕੀਤੀ ਕਿ ਮੈਂ ਉਸ ਦੇ ਇਸ਼ਾਰਿਆਂ ਨੂੰ ਸਮਝ ਨਹੀਂ ਸਕਿਆ।

ਇਸ ਤੋਂ ਪਹਿਲਾਂ ਮੈਂ ਕਿਸੇ ਔਰਤ ਨਾਲ ਨਾ ਕਦੀ ਹੱਸਿਆਂ ਸਾਂ ਨਾ ਕਦੀ ਗੱਲ ਹੀ ਕੀਤੀ ਸੀ। ਹੁਣ ਮੈਂ ਖ਼ੂਬਸੂਰਤੀ ਲਈ ਆਪਣੀ ਕਮਜ਼ੋਰੀ ਤੋਂ ਸੁਚੇਤ ਹੋ ਗਿਆ ਸਾਂ। ਮੈਨੂੰ ਉਸ ਦੀਆਂ ਵੱਡੀਆਂ-ਵੱਡੀਆਂ ਭੂਰੀਆਂ ਅੱਖਾਂ ਬਹੁਤ ਚੰਗੀਆਂ ਲੱਗਦੀਆਂ ਸਨ, ਅਤੇ ਉਸ ਦੀ ਹਰ ਵਕਤ ਮੁਸਕਰਾਹਟ ਵੀ। ਅਸਲ ਵਿਚ, ਇਹ ਉਸ ਦੀ ਮੁਸਕਰਾਹਟ ਹੀ ਸੀ ਜੋ ਬਹੁਤ ਆਕ੍ਰਸ਼ਿਤ ਕਰਦੀ ਸੀ। ਸੁੰਦਰਤਾ ਨੂੰ ਇਕ ਖੁਸ਼ੀ ਦਾ ਇਜਹਾਰ ਵਿਖਾਈ ਦੇ ਰਿਹਾ ਸੀ। ਟੁੱਟੀ ਫੁੱਟੀ ਅੰਗਰੇਜੀ ਦੇ ਸ਼ਬਦਾਂ ਨੂੰ ਯਾਦ ਕਰਦਿਆਂ ਅਤੇ ਉਸ ਦੇ ਟੁੱਕੜੇ ਜੋੜਦਿਆਂ ਹੋਇਆਂ ਮੈਂ ਇਸ ਗੱਲ ਦੀ ਕੋਸ਼ਿਸ ਕਰਦਾ। ਮੈਨੂੰ ਇਸ ਗੱਲ ਦਾ ਅਫਸੋਸ ਸੀ ਕਿ ਮੈਂ ਉਨ੍ਹਾਂ ਨਹੀਂ ਸੀ ਪੜ੍ਹਿਆ ਜਿਸ ਦੀ ਅਜੀਜ ਸਲਾਹ ਦਿੰਦਾ ਸੀ। ਮੈਂ ਆਪਣੇ ਦਿਮਾਗ ਨੂੰ ਝੰਜੋੜਿਆ ਅਤੇ ਕਹਿਣ ਲੱਗਾ, "ਬੈਠ ਜਾਉ, ਉਠ ਜਾਉ, ਆ ਜਾਉ, ਚਲੇ ਜਾਉ, ਅਤੇ ਚੰਗਾ ਖੁਸ਼ ਰਹੋ।" ਬਦਕਿਸਮਤੀ ਨਾਲ ਉਹਨਾਂ ਵਿਚੋਂ ਕਿਸੇ ਦਾ ਵੀ ਕੋਈ ਫਾਇਦਾ ਨਹੀਂ ਸੀ। ਬਹੁਤ ਕੋਸ਼ਿਸ਼ਾਂ ਨਾਲ, ਆਪਣੇ ਸਿਰ ਨੂੰ ਹਿਲਾਉਣ ਨਾਲ ਅਤੇ ਆਪਣੇ ਹੱਥਾਂ ਦੇ ਇਸ਼ਾਰਿਆਂ ਨਾਲ, ਮੈਂ ਉਸ ਨੂੰ ਇਹ ਸਮਝਾਉਣ ਦੀ ਕੋਸ਼ਿਸ਼ ਕੀਤੀ, ਕਿ ਕਿਉਂ ਜੋ ਮੇਰੀ ਪਤਨੀ

ਨੂੰ ਮੇਰੇ ਨਾਲ ਕੰਮ ਕਰਨਾ ਪਵੇਗਾ, ਇਸ ਲਈ ਮੈਂ ਸਿਰਫ ਪਾਕਿਸਤਾਨੀ ਲੜਕੀ ਨਾਲ ਵਿਆਹ ਕਰਵਾ ਸਕਦਾ ਹਾਂ। ਉਹ ਇਹ ਵੀ ਕਰਨ ਨੂੰ ਤਿਆਰ ਸੀ। ਮੈਂ ਜਾਣਦਾ ਸਾਂ ਕਿ ਇਹ ਅਸੰਭਵ ਹੈ।

ਅਸੀਂ ਉਸ ਦੇ ਚਾਕਲੇਟ ਸਾਂਝੇ ਖਾਂਦੇ, ਉਹ ਸੁਆਦ ਜਿਸ ਨੂੰ ਉਸ ਦੇ ਨਾਲ ਮੈਂ ਹਮੇਸ਼ਾ ਹੀ ਯਾਦ ਰੱਖਦਾ ਸਾਂ। ਉਸ ਨੇ ਮੈਨੂੰ ਆਪਣਾ ਪਤਾ ਦਿੱਤਾ ਅਤੇ ਮੈਨੂੰ ਆਪਣੇ ਕੋਲ ਆਉਣ ਲਈ ਕਿਹਾ। ਜਦੋਂ ਅਸੀਂ ਇਕ ਦੂਜੇ ਨੂੰ ਅਲਵਿਦਾ ਕਹੀ ਤਾਂ ਮੈਨੂੰ ਉਸ ਦੇ ਚਲੇ ਜਾਣ ਦਾ ਅਫਸੋਸ ਹੋਇਆ, ਪਰ ਮੈਨੂੰ ਯਕੀਨ ਸੀ ਕਿ ਵਿਆਹ ਕਰਾਉਣ ਲਈ ਹੋਰ ਬਹੁਤ ਕੁਝ ਚਾਹੀਦਾ ਹੈ, ਬਜਾਇ ਕਿ ਸਰੀਰ ਦੀ ਖਿੱਚ ਦੇ। ਬੋਲੀ, ਸਭਿਆਚਾਰ ਅਤੇ ਰਿਵਾਇਤਾਂ ਮਹੱਤਵਪੂਰਨ ਸਨ, ਖਾਸ ਕਰ ਜਿਸ ਤਰ੍ਹਾਂ ਮੇਰੇ ਕੋਲ ਸਮਾਂ ਨਹੀਂ ਸੀ ਕਿ ਆਪਣੇ ਆਪ ਨੂੰ ਘਰ ਵਿਚ ਸਮਝਦਾ।

ਸਫਰ ਕਰਨ ਦੀ ਮੇਰੀ ਖਾਹਿਸ਼ ਸੰਤੁਸ਼ਟ ਹੋ ਗਈ ਸੀ। ਮੈਂ ਕਰਾਚੀ ਆਪਣੀ ਦੁਕਾਨ ਚਲਾਉਣ ਲਈ ਨਵੇਂ ਖਿਆਲ ਲੈ ਕੇ ਵਾਪਸ ਮੁੜਿਆ ਅਤੇ ਮੈਂ ਆਪਣੇ ਬੰਨਟਵਾ ਦੇ ਦੋਸਤਾਂ ਨੂੰ ਦੱਸਿਆ, "ਇਕ ਦਿਨ ਮੈਂ ਸੜਕ ਰਾਹੀਂ 'ਹੱਜ' ਕਰਾਂਗਾ।" ਇਸ ਸਮੇਂ ਉਹ ਸਾਰੇ ਸਹਿਮਤ ਹੋ ਗਏ, ਉਹਨਾਂ ਨੂੰ ਯਕੀਨ ਸੀ ਕਿ ਮੈਂ ਇਸ ਤਰ੍ਹਾਂ ਹੀ ਕਰਾਂਗਾ।

ਅਜੀਜ ਨੇ ਹਾਈ ਸਕੂਲ ਤੋਂ ਡਿਗਰੀ ਲੈ ਲਈ ਅਤੇ ਕਾਲਜ ਦਾਖਿਲ ਹੋਣ ਲਈ ਅਰਜ਼ੀ ਦਿੱਤੀ। ਕਈ ਵਾਰ ਉਹ ਮੇਰੇ ਕੰਮ ਕਰਨ ਦੇ ਢੰਗ ਦੀ ਆਲੋਚਨਾ ਕਰਦਾ, ਉਸ ਦਾ ਵਿਵਹਾਰ ਸਾਡੇ ਪਾਲਣ ਪੋਸ਼ਣ ਲਈ ਵਿਦੇਸ਼ੀ ਲੱਗਦਾ ਸੀ। ਮੈਨੂੰ ਅਜੀਜ ਨਾਲ ਹਮਦਰਦੀ ਸੀ ਅਤੇ ਮੇਰੀ ਮਿਸਾਲ ਉਸ ਲਈ ਕਿੰਨੀ ਪ੍ਰੇਸ਼ਾਨੀ ਰਹੀ ਹੋਵੇਗੀ ਇਸ ਲਈ ਮੈਂ ਉਸ ਦੀ ਤਰੀਫ ਕਰਦਾ ਸਾਂ। ਸਾਡਾ ਬਾਪ ਕਈ ਵਾਰ ਕਹਿੰਦਾ ਹੁੰਦਾ ਸੀ, "ਭਾਵੇਂ ਕੋਈ ਅਧੂਰਾ ਹੀ ਹੋਵੇ, ਜੋ ਮੇਰਾ ਵੱਡਾ ਪੁੱਤਰ ਹੈ, ਉਸ ਦੀ ਅਰਥ ਭਰਪੂਰ ਜੀਵਨ-ਸ਼ੈਲੀ ਹੋਵੇਗੀ।" ਅਜੀਜ ਇਸ ਨੂੰ ਨਹੀਂ ਸੀ ਸਮਝਦਾ ਅਤੇ ਕਿਉਂ ਜੋ ਮੈਂ ਇਸ ਨੂੰ ਥੋੜਾ ਹੀ ਸਮਝਦਾ ਸਾਂ, ਮੈਂ ਇਸ ਦੀ ਵਿਆਖਿਆ ਨਹੀਂ ਸਾਂ ਕਰ ਸਕਦਾ। ਮੇਰਾ ਭਰਾ ਮੂਲ ਰੂਪ ਵਿਚ ਇਕ ਚੁੱਪ ਆਤਮਾ ਸੀ। ਪਰ ਉਹ ਛੇਤੀ ਹੀ ਗੁੱਸੇ ਵਿਚ ਆ ਜਾਂਦਾ ਸੀ, ਇਸ ਤੋਂ ਬਚਣ ਲਈ ਮੈਂ ਲੰਮਾ ਸਮਾਂ ਬਾਹਰ ਰਹਿੰਦਾ ਅਤੇ ਦੋਸ਼ੀ ਹੋਣ ਦਾ ਅਹਿਸਾਸ ਅਤੇ ਆਪਣੀ ਮਾਂ ਬਾਰੇ ਖਿਆਲ ਕਰਦਾ ਹੋਇਆ ਵਾਪਸ ਮੁੜਦਾ।

ਔਰਤਾਂ ਦੀ ਸਮਾਜ ਵਿਚ, ਆਮ ਕਰਕੇ ਮਾੜੀ ਸਥਿਤੀ ਹੋਣ ਕਰਕੇ ਮੈਂ ਡਿਸਪੈਂਸਰੀ ਦੇ ਉੱਪਰ ਇਕ ਕਮਰਾ ਕਿਰਾਏ 'ਤੇ ਲੈ ਕੇ ਜੱਚਾ-ਬੱਚਾ ਕੇਂਦਰ ਖੋਲ੍ਹ ਦਿੱਤਾ ਅਤੇ ਨਰਸਾਂ ਦੇ ਕੋਰਸ ਲਈ ਪ੍ਰਚਾਰ ਕੀਤਾ। ਇਸ ਨਵੇਂ ਕੰਮ ਕਰਕੇ ਮੈਨੂੰ ਆਪਣੇ ਚਰਿੱਤਰ 'ਤੇ ਹਮਲੇ ਦਾ ਸਾਹਮਣਾ ਕਰਨਾ ਪਿਆ। ਮੈਮਨ ਪਤਵੰਤਿਆਂ ਦੇ

ਏਜੰਟ ਤਿਆਰ ਬਰ ਤਿਆਰ ਸਨ, ਅਤੇ ਮੇਰੇ 'ਤੇ ਦੋਸ਼ ਲਾਇਆ ਕਿ ਗ਼ਲਤ ਕੰਮਾਂ ਲਈ ਜਗ੍ਹਾ ਸਥਾਪਿਤ ਕੀਤੀ ਸੀ ਅਤੇ ਮੇਰੀ ਚੋਰੀ ਦੇ ਸੁਭਾਅ ਦੀਆਂ ਕਹਾਣੀਆਂ, ਮਾੜਾ ਨੈਤਿਕ ਚਲਣ ਅਤੇ ਗੈਰ ਇਸਲਾਮੀ ਆਚਰਣ ਨੂੰ ਪ੍ਰਚਾਰਣਾ ਸ਼ੁਰੂ ਕਰ ਦਿੱਤਾ। ਇਸ ਨੇ ਸਿਰਫ ਮੇਰੇ ਕੰਮ ਨੂੰ ਅਤੇ ਮੇਰੇ ਅੜੀਅਲ ਸੁਭਾਅ ਨੂੰ ਹੋਰ ਤਾਕਤਵਰ ਕੀਤਾ। ਮੇਰੇ ਬਾਪ ਨੇ ਮੈਨੂੰ ਕਿਹਾ, "ਅਮਲੀ ਕੰਮ ਤੁਹਾਡਾ ਹਥਿਆਰ ਹੋਣਾ ਚਾਹੀਦਾ ਹੈ, ਇਸ ਤੋਂ ਇਲਾਵਾ ਹੋਰ ਕੁਝ ਉਹਨਾਂ ਨੂੰ ਇਸ ਜੰਗ ਦੇ ਮੈਦਾਨ ਵਿਚੋਂ ਪਿੱਛੇ ਹਟਣ ਲਈ ਮਜ਼ਬੂਰ ਨਹੀਂ ਕਰੇਗਾ।" ਮੁਕਾਬਲੇ ਨੇ ਮੇਰੀ ਸ਼ਕਤੀ ਵਧਾ ਦਿੱਤੀ ਸੀ, ਮੈਂ ਆਪਣੇ ਬੰਨਟਵਾ ਦੇ ਦੋਸਤਾਂ ਨਾਲ ਹੱਸਦਾ ਸਾਂ, "ਮੈਂ ਇਕ ਦੌੜ ਵਿਚ ਭੱਜ ਰਿਹਾ ਹਾਂ, ਇਹ ਭਾਵੇਂ ਮਾਰਥਨ ਦੌੜ ਹੋਵੇ...... ਤੁਸੀਂ ਕੀ ਸੋਚਦੇ ਹੋ ਕਿਹੜਾ ਜਿੱਤੇਗਾ ?"

ਲੇਡੀ ਡਾਕਟਰ ਦੀ ਨਿਗਰਾਨੀ ਹੇਠ ਮੈਂ "ਜੱਚਾ-ਬੱਚਾ" ਕੇਂਦਰ ਸਥਾਪਿੱਤ ਕਰ ਲਿਆ, ਜਿਸ ਵਿਚ ਛੇਤੀ ਹੀ ਸਿਖਲਾਈ ਲੈਣ ਲਈ ਅਰਜ਼ੀਆਂ ਦਾ ਹੜ੍ਹ ਆ ਗਿਆ। ਕਿਉਂਕਿ ਮੈਮਨ ਲੜਕੀਆਂ ਲਈ ਘਰ ਤੋਂ ਬਾਹਰ ਕੰਮ ਕਰਨਾ ਜਾਂ ਬੰਦਿਆਂ ਨਾਲ ਕੰਮ ਕਰਨਾ ਆਮ ਗੱਲ ਨਹੀਂ ਸੀ, ਨਰਸਿੰਗ ਦੀ ਪੇਸ਼ਕਸ਼ ਛੇਤੀ ਹੀ ਪ੍ਰਸਿੱਧ ਹੋ ਗਈ। ਉਹ ਲੋਕ ਜੋ ਚਲ ਰਹੀਆਂ ਅਫਵਾਹਾਂ ਕਰਕੇ ਪਹਿਲਾਂ ਨਾ ਆਏ, ਉਦੋਂ ਆਏ ਜਦੋਂ ਉਹਨਾਂ ਦੀਆਂ ਸਹੇਲੀਆਂ ਜਾਂ ਵਾਕਿਫਾਂ ਨੇ ਇਹ ਕੋਰਸ ਅਪਨਾ ਲਿਆ।

ਅਸੀਂ ਤਿੰਨਾਂ ਮਹੀਨਿਆਂ ਦੀ ਸਿਖਲਾਈ ਦੇ ਕੋਰਸ ਵਿਚ 150 ਰੁਪਏ ਦਿੰਦੇ, ਅਤੇ ਉਸ ਤੋਂ ਬਾਅਦ ਇਨ੍ਹਾਂ ਸਿੱਖੀਆਂ ਹੋਈਆਂ ਲੜਕੀਆਂ ਨੂੰ ਨਵੀਆਂ ਵਿਦਿਆਰਥਣਾਂ ਨੂੰ ਤਿੰਨ ਮਹੀਨੇ ਪੜ੍ਹਾਉਣਾ ਪੈਂਦਾ। ਛੇ ਮਹੀਨੇ ਖ਼ਤਮ ਹੋਣ 'ਤੇ ਉਹ ਕਿਸੇ ਹੋਰ ਜਗ੍ਹਾ ਕੰਮ ਲੈਣ ਲਈ ਸੁਤੰਤਰ ਹੋ ਜਾਂਦੀਆਂ ਸਨ ਅਤੇ ਸਾਨੂੰ ਆਪਣੀਆਂ ਸੇਵਾਵਾਂ ਦਾ ਯਕੀਨ ਦਿਵਾਉਂਦੀਆਂ ਸਨ ਅਤੇ ਉਹਨਾਂ ਨੂੰ ਆਪਣੀ ਆਰਥਿਕ ਸੁਤੰਤਰਤਾ ਦਾ ਯਕੀਨ ਹੁੰਦਾ ਸੀ। ਬੱਚਾ ਪੈਦਾ ਹੋਣ ਵਾਲੀਆਂ ਔਰਤਾਂ ਸਾਰਾ ਦਿਨ ਅਤੇ ਰਾਤ ਦੇ ਹਰ ਸਮੇਂ ਆਉਂਦੀਆਂ ਰਹਿੰਦੀਆਂ, ਤਾਕਤਵਰ ਅਤੇ ਸਿਆਣੀਆਂ ਲੜਕੀਆਂ ਨੇ ਦਾਈਆਂ ਦਾ ਕੰਮ ਸਿੱਖ ਲਿਆ ਅਤੇ ਛੇਤੀ ਹੀ ਉਹ ਜਣੇਪੇ ਦੇ ਕੰਮਾਂ ਨੂੰ ਸੰਭਾਲ ਲੈਂਦੀਆਂ।

ਛੇਤੀ ਹੀ ਬਜ਼ੁਰਗ ਲੋਕ, ਬੇਘਰੇ ਅਤੇ ਬਿਮਾਰ ਬੱਚੇ ਸਾਡੇ ਬੂਹੇ 'ਤੇ ਚੌਂਕੜੀ ਮਾਰ ਕੇ ਬੈਠਣਾ ਸ਼ੁਰੂ ਹੋ ਗਏ। ਮੈਂ ਉਹਨਾਂ ਨੂੰ ਇਮਾਰਤ 'ਤੇ ਉਪਰ ਇਕ ਸਿਰਕੀ ਦੀ ਛੱਤ ਥੱਲੇ ਰੱਖ ਲੈਂਦਾ। ਗੰਭੀਰ ਬਿਮਾਰਾਂ ਨੂੰ ਸਰਕਾਰੀ ਹਸਪਤਾਲਾਂ ਵਿਚ ਵਲੰਟੀਅਰ ਲੈ ਜਾਂਦੇ।

ਜਿਵੇਂ ਇਥੇ ਕਮੇਟੀਆਂ ਅਤੇ ਬੋਰਡਾਂ ਦਾ ਕੋਈ ਦਬਾਅ ਨਹੀਂ ਸੀ, ਸਾਰੇ ਹੀ ਫੈਸਲੇ ਮੇਰੇ ਆਪਣੇ ਸਨ। ਮੈਂ ਜਿਸ ਨੂੰ ਮਰਜ਼ੀ ਨੌਕਰੀ 'ਤੇ ਲਾ ਲੈਂਦਾ ਜਾਂ ਕੱਢ ਦਿੰਦਾ ਅਤੇ ਚੰਗੇ ਕੰਮ ਕਰਨ ਵਾਲਿਆਂ ਦੀ ਖੋਜ ਕਰਦਾ ਅਤੇ ਸੁਸਤਾਂ ਨੂੰ, ਮੂਰਖਾਂ ਨੂੰ,

ਅਣਗਹਿਲੀ ਅਤੇ ਬਹਾਨੇ ਬਨਾਉਣ ਵਾਲਿਆਂ ਨੂੰ ਕੱਢ ਦਿੰਦਾ। ਹਰ ਕੋਈ ਮੇਰੇ ਕੋਲੋਂ ਡਰਦਾ ਸੀ। ਮੈਂ ਆਪਣੇ ਫਰਜ਼ ਤੋਂ ਕਦੀ ਝਿਜਕਿਆ ਨਹੀਂ ਸਾਂ ਅਤੇ ਚੰਗਾ ਕੰਮ ਕਰਨ ਦੀ ਉਮੀਦ ਕਰਦਾ ਸਾਂ ਨਾ ਕਿ ਸੰਪੂਰਨਤਾ ਦੀ। ਉਹ ਥੋੜਾ ਜਿਹਾ ਪੈਸਾ ਜੋ ਦਵਾਈਆਂ ਤੋਂ ਇੱਕਠਾ ਹੁੰਦਾ ਸੀ, ਉਹ ਜ਼ਿਆਦਾ ਨਹੀਂ ਸੀ, ਅਤੇ ਜਾਨਵਰਾਂ ਦੀਆਂ ਖੱਲਾਂ ਵੇਚਣ ਦਾ ਖਿਆਲ ਸਾਡੇ ਦਿਮਾਗ ਵਿਚ ਆਇਆ। ਅਸੀਂ ਇਸ ਪ੍ਰਚਾਰ ਲਈ ਇਸ਼ਤਿਹਾਰ ਦਿੱਤਾ ਕਿ ਲੋਕ ਈਦ ਦੇ ਸਮੇਂ ਕੁਰਬਾਨੀ ਵਾਲੀਆਂ ਬੱਕਰੀਆਂ ਦੀਆਂ ਖੱਲਾਂ ਦਾ ਦਾਨ ਦੇਣ। ਜਿਨ੍ਹਾਂ ਕੋਲ ਕੁਰਬਾਨੀ ਦੇ ਬੱਕਰੇ ਖਰੀਦਣ ਦੇ ਸਾਧਨ ਸਨ, ਉਨ੍ਹਾਂ ਲਈ ਥੋੜੇ ਜਿਹੇ ਪੈਸਿਆਂ ਦਾ ਕੋਈ ਅਰਥ ਨਹੀਂ ਸੀ, ਲੋਕਾਂ ਨੇ ਸਾਡੇ ਬੂਹੇ ’ਤੇ ਖੱਲਾਂ ਨੂੰ ਜਮਾਂ ਕਰਨਾ ਸ਼ੁਰੂ ਕਰ ਦਿੱਤਾ। ਅਸੀਂ ਵੀ ਉਹਨਾਂ ਨੂੰ ਥੋਕ ਵਿਚ ਮੀਟ ਵੇਚਣ ਵਾਲਿਆਂ ਕੋਲੋਂ ਸਸਤੀਆਂ ਕੀਮਤਾਂ ’ਤੇ ਖਰੀਦ ਲੈਂਦੇ ਅਤੇ ਉਹਨਾਂ ਨੂੰ ਉੱਚੀਆਂ ਕੀਮਤਾਂ ’ਤੇ ਵੇਚ ਦਿੰਦੇ। ਛੇਤੀ ਹੀ ਇਹ ਇਕ ਬਹੁਤ ਕਮਾਈ ਵਾਲਾ ਵਪਾਰ ਬਣ ਗਿਆ। ਲੋਕ ਇਕ ਉਸ ਸੇਵਾ ਨੂੰ ਜੋ ਕਮਾਈ ਵਾਲਾ ਵਪਾਰ ਸੀ, ਉਸ ਨੂੰ ਚੰਗਾ ਹੁੰਗਾਰਾ ਦੇਣ ਲੱਗ ਪਏ ਅਤੇ ਜਕਾਤ, ਸਦਕਾ ਅਤੇ ਖੈਰਾਤ ਦੇ ਤੌਰ ’ਤੇ ਦਾਨ ਵਧਣ ਲੱਗਾ। ਉਹ ਜੋ ਰੋਜ਼ਾਨਾ ਡਿਸਪੈਂਸਰੀ ਵਿਚ ਆਉਂਦੇ ਸਨ, ਉਹ ਪੈਸੇ ਵਾਲੇ ਬਕਸੇ ਵਿਚ ਜੋ ਕੁਝ ਦੇ ਸਕਦੇ ਸਨ, ਦੇ ਜਾਂਦੇ।

ਇਸ ਸਮੇਂ, ਜਦੋਂ ਮੈਂ ਖਰਾਇਤ, ਤੇ ਇਕ ਫਿਰਕੇ ਦੇ ਏਕਾਧਿਕਾਰ ਨੂੰ ਖ਼ਤਮ ਕਰਨ ਦਾ ਸੰਘਰਸ਼ ਕਰ ਰਿਹਾ ਸਾਂ, ਮੇਰੀ ਮਾਂ ਹਰ ਰੋਜ਼ ਕੰਮਜ਼ੋਰ ਮਹਿਸੂਸ ਕਰਦੀ ਸੀ ਅਤੇ ਲੱਗਦੀ ਵੀ ਸੀ। ਪਿਛਲੇ 4 ਸਾਲਾਂ ਵਿਚ ਉਹ ਸੁੰਗੜ ਕੇ ਮੁਰਝਾ ਕੇ ਆਪਣੇ ਆਪ ਦਾ ਇਕ ਧੁੰਧਲਾ ਜਿਹਾ ਪਰਛਾਵਾਂ ਰਹਿ ਗਈ ਸੀ ਅਤੇ ਉਸ ਨੇ ਆਪਣੀ ਅਧਿਕਾਰ ਜਮਾਉਣ ਵਾਲੇ ਸੁਭਾਅ ਨੂੰ ਛੱਡ ਦਿੱਤਾ ਸੀ। ਉਹ ਸਾਡੇ ਨਾਲ ਕੋਈ ਵੀ ਵਾਧੂ ਗੱਲ ਨਹੀਂ ਸੀ ਕਰਦੀ ਅਤੇ ਆਪਣੇ ਮੂੰਹ ਵਿਚ ਹੀ ਬੋਲਦੀ ਰਹਿੰਦੀ ਸੀ। ਕਈ ਵਾਰ ਉਹ ਉਦਾਸੀ ਵਿਚ ਰੋਣ ਲੱਗ ਪੈਂਦੀ ਅਤੇ ਕਈ ਹੋਰ ਮੌਕਿਆਂ ’ਤੇ ਉਹ ਬਗੈਰ ਕਿਸੇ ਗੱਲ ਤੋਂ ਹੱਸਣ ਲੱਗ ਜਾਂਦੀ। ਮੈਂ ਜਾਣਦਾ ਸਾਂ ਕਿ ਉਸ ਦੀ ਇਹ ਹਲਾਤ ਉਸ ਦੇ ਪਹਿਲੇ ਜੰਮਿਆਂ ਹੋਇਆ ਬੱਚਿਆਂ ਤੋਂ ਵੱਖ ਹੋਣ ਕਰਕੇ ਹੈ, ਹਾਲਤਾਂ ਦੇ ਫਰਜ਼ਾਂ ਵਿਚ ਰਹਿਣ ਕਰਕੇ, ਉਸ ਦੇ ਅੰਦਰ ਵਾਲੀ ਲੜਾਈ ਨੂੰ ਘਟਾ ਦਿੱਤਾ ਸੀ। ਹੁਣ ਉਸ ਦੀ ਦੁਖੀ ਆਤਮਾ ਉਸ ਸੱਚਾਈ ਨੂੰ ਮੰਨਣ ਨੂੰ ਤਿਆਰ ਨਹੀਂ ਸੀ।

ਉਸ ਦੀ ਬਿਮਾਰੀ ਦੇ ਸਮੇਂ ’ਤੇ ਮੈਨੂੰ ਆਵਾਜਾਈ ਦੀ ਮੁਸ਼ਕਲ ਦਾ ਸਾਹਮਣਾ ਕਰਨਾ ਪਿਆ ਜਿਸ ਨੇ ਮੈਨੂੰ ਹੈਰਾਨ ਕਰ ਦਿੱਤਾ, ਬਿਮਾਰਾਂ ਦੇ ਆਉਣ ਜਾਣ ਲਈ ਕੁਝ ਵੀ ਨਹੀਂ ਸੀ ਮਿਲਦਾ। ਪਹਿਲੀ ਵਾਰ ਮੈਂ ਆਪਣੀ ਮਾਂ ਨੂੰ ਹਸਪਤਾਲ ਵਿਚ ਲੈ ਜਾਣ ਲਈ ਐਂਬੂਲੈਂਸ ਲੈਣ ਦੀ ਕੋਸ਼ਿਸ਼ ਕੀਤੀ। ਮੈਨੂੰ ਦੱਸਿਆ ਗਿਆ ਕਿ ਸਾਰੇ ਕਰਾਚੀ ਸ਼ਹਿਰ ਵਿਚ ਸਿਰਫ ਇਕ ਹੀ ਐਂਬੂਲੈਂਸ ਹੈ, ਉਹ ਰੈੱਡ ਕਰਾਸ ਦੀ ਹੈ ਅਤੇ

ਅਸਾਨੀ ਨਾਲ ਨਹੀਂ ਮਿਲਦੀ। ਮੈਂ ਉਸ ਨੂੰ ਅਕਸਰ ਰਿਕਸ਼ਾ 'ਤੇ ਲੈ ਜਾਂਦਾ। ਮੈਂ ਉਸ ਨੂੰ ਉਸ ਵਿਚ ਬਿਠਾਉਣ ਤੋਂ ਬਾਅਦ ਘੁੱਟ ਕੇ ਫੜ ਲਿਆ ਅਤੇ ਮੈਂ ਛਾਲ ਮਾਰ ਕੇ ਉਸ ਦੇ ਨਾਲ ਬੈਠ ਗਿਆ ਅਤੇ ਉਹ ਇੰਨੀ ਸ਼ੋਰ ਅਤੇ ਜਲਦਬਾਜ ਅਸਾਵਧਾਨੀ ਵਾਲੀ ਮਸ਼ੀਨ ਸਾਨੂੰ ਲੈ ਗਈ। ਕਿਸੇ ਯੋਗਤਾ ਪ੍ਰਾਪਤ ਮਾਹਿਰਾਂ ਦੀ ਮਦਦ ਵੀ ਨਾ ਮਿਲੀ। ਇਹ ਇਕ ਉਹ ਕਾਰਨ ਸੀ ਜਿਸ ਕਰਕੇ ਮੈਂ ਨਰਸਿੰਗ ਹੋਮ ਸ਼ੁਰੂ ਕੀਤਾ। ਭਾਵੇਂ ਕਿ ਲੇਡੀ ਡਾਕਟਰ ਨੇ ਇਹ ਸੁਝਾਅ ਦਿੱਤਾ ਕਿ ਕਈ ਲੜਕੀਆਂ ਨੇ ਮਦਦ ਕਰਨ ਦੀ ਪੇਸ਼ਕਸ਼ ਕੀਤੀ ਸੀ ਪਰ ਮੈਂ ਆਪਣੀ ਮਾਂ ਲਈ ਮਦਦ ਤੋਂ ਨਿਮਰਤਾ ਪੂਰਨ ਇਨਕਾਰ ਕਰ ਦਿੱਤਾ।

ਇਕ ਗੁਆਂਢੀ ਭੱਜਾ ਹੋਇਆ ਡਿਸਪੈਂਸਰੀ 'ਤੇ ਆਇਆ। ਉਸ ਨੇ ਮੇਰੀ ਮਾਂ ਦੇ ਡਿੱਗਣ ਬਾਰੇ ਸੂਚਨਾ ਦਿੱਤੀ। ਬੂਹਾ ਖੁੱਲ੍ਹਾ ਸੀ, ਉਹ ਫਰਸ਼ 'ਤੇ ਬੈਠੀ ਹੋਈ ਆਪਣੇ ਭਾਂਡੇ ਸਾਫ ਕਰ ਰਹੀ ਸੀ, ਜਦੋਂ ਉਸ ਨੂੰ ਕੁਝ ਬੱਚਿਆਂ ਨੇ ਡਿੱਗੀ ਹੋਈ ਨੂੰ ਵੇਖਿਆ। ਜਿੰਨੇ ਚਿਰ ਨੂੰ ਮੈਂ ਉਸ ਕੋਲ ਪਹੁੰਚਿਆ ਉਹ ਸਾਹ ਬੜੀ ਮੁਸ਼ਕਲ ਨਾਲ ਲੈ ਰਹੀ ਸੀ। ਉਸ ਨੂੰ ਇਕ ਦੌਰਾ ਪਿਆ ਸੀ, ਜਿਸ ਨਾਲ ਉਸ ਦੇ ਅੱਧੇ ਸਰੀਰ ਨੂੰ ਅਧਰੰਗ ਹੋ ਗਿਆ ਸੀ। ਮੇਰਾ ਬਾਪ ਅਤੇ ਮੇਰਾ ਭਰਾ ਵੀ ਮੇਰੇ ਵਾਂਗ ਹੀ ਉਦਾਸ ਸਨ, ਪਰ ਕਿਉਂ ਜੋ ਕੋਈ ਵੀ ਕੰਮ ਨਹੀਂ ਸੀ ਛੱਡ ਸਕਦਾ, ਮੈਂ ਉਸ ਦੀ ਦੇਖਭਾਲ ਦੀ ਜ਼ਿੰਮੇਵਾਰੀ ਲੈ ਲਈ।

ਮੈਂ ਖਿਆਲ ਕੀਤਾ ਕਿ ਇਹ ਮੇਰਾ ਪਹਿਲਾ ਫਰਜ਼ ਸੀ ਜਿਸ ਵਿਚ ਮੈਂ ਇਕ ਉਸ ਔਰਤ ਦਾ ਧਿਆਨ ਰੱਖ ਰਿਹਾ ਸਾਂ ਜਿਸ ਨੇ ਮੈਨੂੰ ਜਨਮ ਦਿੱਤਾ ਅਤੇ ਪਿਆਰ ਕੀਤਾ ਸੀ, ਇਹ ਮੇਰੀ ਮਾਂ ਲਈ ਮਹੱਤਵਪੂਰਨ ਨਹੀਂ ਸੀ। ਮੈਂ ਇਸ ਦੀ ਬਹੁਤ ਵਿਆਖਿਆ ਕੀਤੀ, ਕਿ ਉਸ ਦੀ ਦੇਖ-ਭਾਲ ਨਾਲ ਮੈਨੂੰ ਖੁਸ਼ੀ ਮਿਲਦੀ ਹੈ, ਉਹ ਆਪਣੀ ਦਬੀ ਹੋਈ ਵੱਖਰੀ ਆਵਾਜ਼ ਵਿਚ ਇਸ ਤੋਂ ਪਹਿਲਾਂ ਇਨਕਾਰ ਕਰਦੀ, "ਪ੍ਰਾਰਥਨਾ ਕਰ ਕਿ ਪ੍ਰਮਾਤਮਾ ਮੈਨੂੰ ਇਸ ਸੇਵਾ, ਜੋ ਤੂੰ ਮੇਰੇ ਲਈ ਕਰ ਰਿਹਾ ਹੈ, ਤੋਂ ਮੁਕਤ ਕਰੇ।" ਇਸ ਨਾਲ ਮੇਰਾ ਮਨ ਟੁੱਟ ਜਾਂਦਾ। ਮੈਂ ਉਸ ਨੂੰ ਸ਼ਾਤ ਕਰਨ ਦੀ ਕੋਸ਼ਿਸ਼ ਕਰਦਾ, ਇਥੋਂ ਤਕ ਕਿ ਉਸ ਨੂੰ ਗੁੱਸੇ ਹੁੰਦਾ ਪਰ ਉਹ ਹਰ ਵਕਤ ਧਿਆਨ ਨਾ ਦੇਂਦੀ ਅਤੇ ਇਹੋ ਜਹੇ ਸਮਿਆਂ 'ਤੇ ਵੱਖ ਹੋ ਜਾਂਦੀ। ਸਵੇਰ ਵੇਲੇ ਮੈਂ ਉਸ ਨੂੰ ਖਾਣਾ ਖੁਆਉਂਦਾ ਅਤੇ ਉਸ ਦੇ ਕੱਪੜੇ ਬਦਲਦਾ, ਉਸ ਨੂੰ ਦਵਾਈ ਦਿੰਦਾ ਅਤੇ ਟੀਕੇ ਲਾਉਂਦਾ, ਅਤੇ ਉਸ ਕੋਲ ਉਦੋਂ ਤਕ ਰਹਿੰਦਾ ਜਦੋਂ ਤਕ ਉਹ ਠੀਕ ਠਾਕ ਹੋ ਕੇ ਬੈਠ ਨਾ ਜਾਂਦੀ, ਡਿਸਪੈਂਸਰੀ ਤੋਂ ਛੇਤੀ ਆ ਜਾਂਦਾ ਤਾਂ ਕਿ ਬਾਪ ਨੂੰ ਵਿਹਲਿਆਂ ਕਰਾਂ ਅਤੇ ਸ਼ਾਮ ਦਾ ਖਾਣਾ ਬਣਾਵਾਂ।

ਉਸ ਦੀ ਬਿਮਾਰੀ ਦੇ ਪਹਿਲੇ ਕੁਝ ਮਹੀਨਿਆਂ ਵਿਚ, ਮੈਂ ਮਹਿਸੂਸ ਕੀਤਾ ਕਿ ਨਿਰਭਰ ਔਰਤਾਂ, ਬਿਮਾਰੀ ਨਾਲ ਜ਼ਿਆਦਾ ਨਿਰਭਰ ਹੋ ਜਾਂਦੀਆਂ ਹਨ। ਗ਼ਰੀਬਾਂ

ਲਈ ਇਹ ਬਹੁਤ ਡਰਾਉਣਾ ਸੁਪਨਾ ਸੀ। ਪਰਿਵਾਰ ਦੇ ਮੈਂਬਰਾਂ ਕੋਲ ਨਾ ਸਮਾਂ ਹੁੰਦਾ ਹੈ ਅਤੇ ਨਾ ਹੀ ਪੈਸਾ ਅਤੇ ਉਦਾਸੀ ਵਾਲੀ ਗੱਲ ਇਹ ਹੈ ਕਿ ਦੁਖੀ ਔਰਤ ਕੋਲ ਵਾਪਸੀ 'ਤੇ ਦੇਣ ਲਈ ਕੁਝ ਨਹੀਂ ਹੁੰਦਾ। ਸਹਿਤਮੰਦ ਲੋਕ ਇੰਨੇ ਰੁੱਝੇ ਹੁੰਦੇ ਹਨ ਕਿ ਉਹ ਬਜ਼ੁਰਗਾਂ ਅਤੇ ਬਿਮਾਰਾਂ ਲਈ ਸਮਾਂ ਨਹੀਂ ਕੱਢ ਸਕਦੇ। ਉਹਨਾਂ ਕੋਲੋਂ ਜ਼ਿਆਦਾ ਹਮਦਰਦੀ ਦੀ ਉਮੀਦ ਕਰਨੀ ਦੂਰ ਦੀ ਗੱਲ ਹੁੰਦੀ ਹੈ, ਫਿਰ ਵੀ ਮੇਰੇ ਪਾਲਣ ਪੋਸ਼ਣ ਨੇ ਮੈਨੂੰ ਇਹ ਸਿਖਾਇਆ ਸੀ ਕਿ ਮੈਂ ਮਾਂ ਦੇ ਬਿਸਤਰੇ ਕੋਲ ਰਹਾਂ, ਤਾਂ ਕਿ ਛੇਤੀ ਹੀ ਆ ਸਕਾਂ। ਇਥੋਂ ਤਕ ਡਿਸਪੈਂਸਰੀ ਦੇ ਕੰਮਾਂ ਲਈ ਵੀ ਮੈਨੂੰ ਘਰ ਹੀ ਮਿਲ ਲਿਆ ਜਾਵੇ।

ਜਦੋਂ ਮੇਰੇ ਬਾਪ ਦਾ ਆਉਣ ਦਾ ਸਮਾਂ ਹੁੰਦਾ ਤਾਂ ਉਹ ਮੂੰਹ ਦਰਵਾਜ਼ੇ ਵੱਲ ਕਰ ਲੈਂਦੀ ਅਤੇ ਇਸ ਤਰ੍ਹਾ ਹੀ ਜਦੋਂ ਅਜੀਜ ਦੇ ਘਰ ਆਉਣ ਦਾ ਸਮਾਂ ਹੁੰਦਾ। ਕਦੀ ਉਹ ਇਸ ਸਮੇਂ 'ਤੇ ਬੋਲਦੀ, "ਮੈਂ ਆਪਣੇ ਪਰਿਵਾਰ ਲਈ ਕੀ ਕਰ ਰਹੀ ਹਾਂ, ਮੈਂ ਕੁਝ ਵੀ ਨਹੀਂ ਦੇ ਸਕਦੀ।" ਮੇਰੀ ਮਾਂ ਨੇ ਆਪਣੀ ਖੂਬਸੂਰਤੀ ਗਵਾ ਲਈ। ਅਧਰੰਗ ਇਕ ਬਹੁਤ ਹੀ ਘੱਟੀਆ ਦੁੱਖ ਹੈ। ਇਹ ਇਸ ਦੇ ਪੀੜਿਤ ਨੂੰ ਭਾਰਾ ਬੋਝ ਬਣ ਕੇ ਹੋਰ ਕਿਸੇ 'ਤੇ ਨਿਰਭਰ ਹੋਣ ਤੋਂ ਬਗੈਰ ਨਹੀਂ ਰਹਿਣ ਦਿੰਦਾ।

ਪੁਰਾਣੇ ਸਮੇਂ ਸੰਬੰਧੀ ਮਖੌਲ ਕਰਦਿਆਂ, ਮੈਂ ਉਸ ਨੂੰ ਆਪਣੀਆਂ ਕਾਰਵਾਈਆਂ ਨਾਲ ਖੁਸ਼ ਕਰਨ ਦੀ ਕੋਸ਼ਿਸ਼ ਕਰਦਾ, ਉਸ ਦਾ ਚਿਹਰਾ ਅਤੇ ਹੱਥਾਂ ਨੂੰ ਸਾਬਣ ਵਾਲੇ ਕੱਪੜੇ ਨਾਲ ਗਿੱਲਾ ਕਰਕੇ ਸਾਫ ਕਰਦਿਆਂ ਹੋਇਆਂ ਆਪ ਗਿੱਲਾ ਹੋ ਕਿ ਕਹਿੰਦਾ, "ਤੁਹਾਨੂੰ ਯਾਦ ਹੈ ? ਜਦੋਂ ਮੈਂ ਬਿਮਾਰ ਸਾਂ ਤਾਂ ਤੁਸੀਂ ਮੈਨੂੰ ਇਸ ਤਰ੍ਹਾਂ ਸਾਫ ਕਰਦੇ ਸੀ।" ਸਮਾਂ ਬੀਤਣ ਦੇ ਨਾਲ-ਨਾਲ ਉਹ ਲਗਾਤਾਰ ਮੰਜੀ 'ਤੇ ਰਹਿਣ ਜੋਗੀ ਹੀ ਹੋ ਗਈ ਅਤੇ ਹੁਣ ਉਸ ਨੂੰ ਹੇਠਾਂ ਬਾਥਰੂਮ ਵਿਚ ਵੀ ਨਹੀਂ ਸੀ ਲਿਜਾਇਆ ਜਾ ਸਕਦਾ। ਮੈਂ ਕਮਰੇ ਵਿਚ ਇਕ ਟੀਨ ਦਾ ਟੱਬ ਅਤੇ ਇਕ ਬਾਲਟੀ ਲੈ ਆਉਂਦਾ ਅਤੇ ਉਸ ਦੇ ਪਤਲੇ ਸਰੀਰ ਨੂੰ ਇਕ ਛੋਟੇ ਸਟੂਲ 'ਤੇ ਲੈ ਜਾਂਦਾ। ਉਸ ਦੀ ਪਿੱਠ ਨੂੰ ਕੰਧ ਦਾ ਸਹਾਰਾ ਦੇ ਦੇਂਦਾ, ਤਾਂ ਕਿ ਉਹ ਡਿੱਗ ਨਾ ਪਵੇ, ਮੈਂ ਉਸ ਦੇ ਦੋਵੇਂ ਪਾਸੇ ਦੋ ਡੱਬੇ ਰੱਖ ਦਿੰਦਾ ਅਤੇ ਉਸ ਦੇ ਸਰੀਰ 'ਤੇ ਨਿੱਘਾ ਪਾਣੀ ਪਾਉਂਦਾ, ਉਸ ਨੂੰ ਸਾਬਣ ਲਾਉਂਦਾ ਅਤੇ ਹੋਰ ਜ਼ਿਆਦਾ ਪਾਣੀ ਪਾਉਂਦਾ। ਉਸ ਨੂੰ ਤੌਲੀਏ ਨਾਲ ਪੂੰਜ ਕੇ ਅਤੇ ਤਿਆਰ ਕਰਕੇ ਮੰਜੀ 'ਤੇ ਪਾ ਦਿੰਦਾ, ਫਿਰ ਮੈਂ ਪਾਣੀ ਨਾਲ ਭਰ ਗਏ ਉਸ ਦੇ ਕਮਰੇ ਨੂੰ ਸਾਫ ਕਰਦਾ ਅਤੇ ਮੈਂ ਸਾਡੀ ਆਪਣੀ ਸਾਦਗੀ ਅਤੇ ਫਰਨੀਚਰ ਦੇ ਨਾ ਹੋਣ ਦਾ ਧੰਨਵਾਦੀ ਸਾਂ।

ਜਦੋਂ ਉਹ ਮੰਜੇ 'ਤੇ ਹੀ ਆਪਣੀ ਸਫਾਈ ਕਰਦੀ, ਤਾਂ ਮੈਂ ਬੂਹੇ 'ਤੇ ਉਡੀਕ ਕਰਦਾ, ਉਸ ਦੇ ਨਿੱਜੀਪਨ ਨੂੰ ਬਣਾਈ ਰੱਖਣ ਦੀ ਨਾਕਾਮ ਕੋਸ਼ਿਸ਼ ਕਰਦਾ; ਉਹ ਆਪਣਾ ਚਿਹਰਾ ਦੂਸਰੀ ਤਰਫ ਕਰ ਲੈਂਦੀ, ਜਦੋਂ ਮੈਂ ਦੁਬਾਰਾ ਉਸ ਦੀ ਮੰਜੀ ਦੇ ਕੋਲ

ਜਾਂਦਾ। ਉਸ ਨੂੰ ਸਾਫ ਕਰਦਾ ਤਾਂ ਉਹ ਪੂਰੀ ਉਦਾਸੀ ਦਾ ਸਮਾਂ ਹੁੰਦਾ ਸੀ, ਉਸ ਦੀਆਂ ਸ਼ਰਮੀਲੀਆਂ ਅੱਖਾਂ ਉਸ ਦੇ ਸਰੀਰ ਤੋਂ ਜ਼ਿਆਦਾ ਵੱਧ ਕੇ ਦੱਸ ਜਾਂਦੀਆਂ। ਮੈਂ ਹੋਰ ਕੋਸ਼ਿਸ਼ਾਂ ਕਰਦਾ, "ਤੁਸੀਂ ਇਹ ਨਹੀਂ ਜਾਣਦੇ, ਕਿ ਤੁਸੀਂ ਮੈਨੂੰ ਕਿੰਨੀ ਵਾਰ ਨੁਹਾਇਆ ਸੀ ? ਹੁਣ ਤੁਸੀਂ ਮੇਰਾ ਬੱਚਾ ਹੋ, ਮੈਂ ਤੁਹਾਡੀ ਮਾਂ ਹਾਂ।" ਉਸ ਦੀਆਂ ਗੱਲਾਂ 'ਤੇ ਅੱਥਰੂ ਵਗਣ ਲੱਗ ਜਾਂਦੇ ਜਦੋਂ ਉਹ ਇਹ ਸੁਣਦੀ। ਮੈਂ ਕੁਝ ਵੀ ਕਹਿੰਦਾ ਉਹ ਉਸ ਦੇ ਉਲਟ ਦੀ ਸਥਿਤੀ ਨੂੰ ਹੀ ਪ੍ਰਵਾਨ ਕਰਦੀ।

ਉਹਨਾਂ ਦਾ ਸਤਿਕਾਰ ਅਤੇ ਆਪਣੇ ਆਪ ਦੀ ਹਿੰਮਤ ਉਸ ਦੇ ਠੀਕ ਹੋਣ 'ਤੇ ਨਿਰਭਰ ਕਰਦੇ ਸਨ ਜਿਸ 'ਤੇ ਕੋਈ ਕਾਬੂ ਨਹੀਂ ਸੀ, ਇਹ ਇਕ ਡਰਾਉਣਾ ਪ੍ਰਗਟਾਵਾ ਸੀ। ਇਸ ਨੇ ਮੈਨੂੰ ਪਰਿਵਾਰ ਅਤੇ ਬਿਮਾਰ ਦੋਨਾਂ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਵਾਇਆ, ਜਿੰਨੀ ਵੀ ਦਵਾਈ ਦਿੱਤੀ ਜਾਂਦੀ, ਬਿਮਾਰੀ ਉਸ ਤੋਂ ਜ਼ਿਆਦਾ ਵਧਦੀ ਜਾਂਦੀ। ਭਾਵੇਂ ਜਦੋਂ ਮੈਂ ਗੈਰਹਾਜ਼ਰ ਰਹਿੰਦਾ ਸਾਂ, ਮੇਰਾ ਬਾਪ ਹਮੇਸ਼ਾ ਉਸ ਕੋਲ ਰਹਿੰਦਾ, ਮੈਂ ਹੈਰਾਨ ਸਾਂ ਕਿ ਹੋਰ ਪਤੀ ਇਸ ਤੋਂ ਕਿੰਨਾ ਜ਼ਿਆਦਾ ਜਾਂ ਘੱਟ ਖਿਆਲ ਕਰਦੇ ਹੋਣਗੇ, ਮੇਰੇ ਤੋਂ ਅਤੇ ਅਜੀਜ ਤੋਂ ਮੈਂ ਦੂਸਰੇ ਪੁੱਤਰਾਂ ਨਾਲ ਮੁਕਾਬਲਾ ਕਰਦਾ ਅਤੇ ਸਿੱਟਾ ਕੱਢਦਾ ਕਿ ਬਿਮਾਰੀਆਂ ਸੱਚਮੁੱਚ ਹੀ ਵੱਡਾ ਬੋਝ ਸਨ।

ਮਹੱਤਵਪੂਰਣ ਪਤਵੰਤਿਆਂ ਦੇ ਏਜੰਟ, ਲਗਾਤਾਰ ਮੈਨੂੰ ਦੋਸ਼ੀ ਠਹਿਰਾਉਣ ਦੀਆਂ ਕਹਾਣੀਆਂ ਫੈਲਾ ਰਹੇ ਸਨ ਜਿਨ੍ਹਾਂ ਵਿਚ ਦੇਸ਼ ਦੀਆਂ ਲੜਕੀਆਂ ਨੂੰ ਭ੍ਰਿਸ਼ਟ ਕਰਨ ਦੇ ਦੋਸ਼ ਲਗਾਏ ਜਾ ਰਹੇ ਸਨ। ਫਿਰ ਵੀ ਲੜਕੀਆਂ ਆ ਰਹੀਆਂ ਸਨ। ਅਮਲੀ ਕੰਮ ਇਹ ਸਾਬਿਤ ਕਰਦਾ ਸੀ ਕਿ ਦੋਸ਼ ਗ਼ਲਤ ਸਨ, ਉਹ ਜੋ ਮੇਰੇ ਕੋਲ ਕੰਮ ਕਰਦੇ ਸਨ, ਉਹ ਆਪਣਾ ਪੱਖ ਆਪਣੇ ਆਪ ਫੈਲਾਉਂਦੇ ਸਨ, ਆਪਣੇ ਕੰਮਾਂ ਨੂੰ ਠੀਕ ਰੱਖ ਕੇ ਅਤੇ ਆਪਣੇ ਸਿਰ ਹਿਲਾ ਕੇ ਮੇਰੇ ਸੁਭਾਅ, ਸਖ਼ਤ ਅਨੁਸ਼ਾਸਨ ਅਤੇ ਭੈੜੇ ਗੁੱਸੇ ਕਰਕੇ। ਸਾਡਾ ਉਹ ਪ੍ਰਭਾਵ ਬੜੀ ਸਫਲਤਾ ਨਾਲ ਸਾਡੇ ਦੁਸ਼ਮਣਾਂ ਵਲੋਂ ਲਗਾਏ ਗਏ ਝੂਠੇ ਦੋਸ਼ਾਂ ਦੇ ਖਿਲਾਫ ਲੜ ਰਿਹਾ ਸੀ।

ਮੇਰੀ ਮਾਂ ਦੋ ਸਾਲ ਮੰਜੀ 'ਤੇ ਰਹੀ ਅਤੇ ਇਸ ਸਮੇਂ ਵਿਚ ਮੈਂ ਉਸ ਦੀ ਦੇਖ ਭਾਲ ਕਰਨ ਦਾ ਆਦੀ ਹੋ ਗਿਆ। ਉਹ ਇੰਨੀ ਮਜ਼ਬੂਰ ਅਤੇ ਮਾਸੂਮ ਲੱਗਦੀ ਸੀ ਅਤੇ ਮੈਨੂੰ ਆਪਣੇ ਕੋਲ ਵੇਖ ਕੇ ਇੰਨੀ ਉਦਾਸ ਹੋ ਜਾਂਦੀ ਸੀ ਅਤੇ ਮੇਰੇ 'ਤੇ ਭਾਰ ਸਮਝਣ ਕਰਕੇ ਇੰਨੀ ਸ਼ਰਮਸਾਰ ਸੀ, ਮੈਂ ਕੁਝ ਵੀ ਕਹਾਂ ਉਸ ਦੇ ਭਾਵ ਨਹੀਂ ਸਨ ਬਦਲਦੇ। ਉਸ ਦੀਆਂ ਅੱਖਾਂ ਵਿਚ ਦੁੱਖ ਹਮੇਸ਼ਾ ਹੀ ਉਸੇ ਤਰ੍ਹਾਂ ਹੀ ਰਹਿੰਦਾ ਸੀ ਅਤੇ ਇਸ ਤਰ੍ਹਾਂ ਮੇਰੇ ਘਰ ਦੇ ਹਾਲਾਤਾਂ ਕਰਕੇ ਮੈਨੂੰ ਵਿਆਹ ਕਰਾਉਣ ਦਾ ਫੈਸਲਾ ਕਰਨਾ ਪਿਆ। ਇਸ ਦੀ ਖੋਜ ਨਰਸਿੰਗ ਹੋਮ ਤੋਂ ਸ਼ੁਰੂ ਹੋਈ। ਇਹ ਹੀ ਇਕ ਜਗ੍ਹਾ ਸੀ ਜਿਥੇ ਦੇਖਿਆ ਜਾਂਦਾ। ਕਿਉਂ ਜੋ ਮੈਂ ਸੁਸਤ ਵਿਅਕਤੀਆਂ ਨੂੰ ਬਰਦਾਸ਼ਿਤ ਨਹੀਂ ਸਾਂ ਕਰਦਾ, ਜਿਸ

ਔਰਤ ਨੂੰ ਮੈਂ ਆਪਣੀ ਪਤਨੀ ਵਜੋਂ ਚੁਣਾਂਗਾ ਉਸ ਨੂੰ ਸਭ ਤੋਂ ਜ਼ਿਆਦਾ ਇਕ ਬਹੁਤ ਚੰਗਾ ਵੱਡਾ ਕੰਮ ਕਰਨ ਵਾਲੀ ਹੋਣਾ ਚਾਹੀਦਾ ਹੈ; ਉਸ ਦੀ ਹਮਦਰਦੀ ਅਤੇ ਕੰਮ ਦੀ ਲਗਨ ਨੂੰ ਮੀਠਾਦਾਰ ਦੇ ਇਮਤਿਹਾਨ ਦੇ ਮੈਦਾਨ ਵਿਚ ਆਸਾਨੀ ਨਾਲ ਵੇਖਿਆ ਜਾ ਸਕਦਾ ਸੀ। ਜਿੰਨਾਂ ਚਿਰ ਮੇਰੇ ਕੰਮ ਮੇਰੇ ਸਿਧਾਂਤ ਦੀ ਵਿਰੋਧਤਾ ਵਿਚ ਨਹੀਂ ਆਉਂਦੇ, ਮੈਨੂੰ ਮੇਰੇ ਬਾਰੇ ਬਣੀਆਂ ਵਾਧੂ ਕਹਾਣੀਆਂ ਨਾਲ ਦੁਸ਼ਮਣਾਂ ਨੇ ਆਪਣੇ ਮਨ ਵਿਚ ਕਿਹੜੀ ਤਸਵੀਰ ਬਣਾਈ ਸੀ ਇਸ ਦਾ ਮੈਨੂੰ ਕੋਈ ਡਰ ਨਹੀਂ ਸੀ, ਮੈਨੂੰ ਇਸ ਬਾਰੇ ਪੂਰਾ ਯਕੀਨ ਸੀ ਕਿ ਮੈਂ ਕਿਸੇ ਸੱਚ ਨੂੰ ਅੱਗੇ ਵਧਾਵਾਂ ਅਤੇ ਵਿਆਹ ਕਰਨਾ ਹਰ ਆਦਮੀ ਦਾ ਹੱਕ ਸੀ। ਇਸ ਨਾਲ ਇੱਜ਼ਤ ਮਿਲਦੀ ਸੀ, ਬੇਇੱਜ਼ਤੀ ਨਹੀਂ।

ਇਸ ਸਮੇਂ ਅਮੀਨਾਂ, ਜਿਸਦਾ ਪਿੱਛੇ ਤਾਲਾਕ ਹੋਇਆ ਸੀ ਉਹ ਆਪਣੇ ਪੁੱਤਰ ਨਾਲ ਕਾਫੀ ਸਮੇਂ ਤੋਂ ਸਾਡੇ ਕੋਲ ਰਹਿ ਰਹੀ ਸੀ। ਉਹ ਮੈਟਰਨਟੀ ਸੈਂਟਰ ਵਿਚ ਜੂਨੀਅਰ ਵਿਦਿਆਰਥੀਆਂ ਦੀ ਇੰਨਚਾਰਜ ਸੀ ਅਤੇ ਮੈਂ ਉਸ ਦੇ ਕੰਮ ਵਿਚ ਲਗਾਤਾਰ ਸੁਧਾਰ ਵੇਖ ਰਿਹਾ ਸਾਂ; ਮੈਂ ਧਿਆਨ ਦਿੱਤਾ ਕਿ ਉਹ ਗ਼ਰੀਬ ਔਰਤਾਂ ਅਤੇ ਬੱਚਿਆਂ ਨਾਲ ਹਮਦਰਦੀ ਨਾਲ ਪੇਸ਼ ਆਉਂਦੀ ਸੀ। ਉਹ ਯੋਗ, ਸਿਆਣੀ ਅਤੇ ਆਮ ਹੀ ਹਾਸੇ ਮਖੌਲ ਵਾਲੀ ਸੀ, ਅਤੇ ਉਸ ਦਾ ਢੰਗ ਬੜਾ ਵਿਸ਼ਵਾਸ ਭਰਪੂਰ ਹੁੰਦਾ ਸੀ। ਉਹ ਖੂਬਸੂਰਤ ਵੀ ਸੀ, ਜਿਸ ’ਤੇ ਮੇਰਾ ਬਾਪ ਹਮੇਸ਼ਾ ਜ਼ੋਰ ਦਿੰਦਾ ਸੀ, ਉਸ ਦੀ ਗੋਰੀ ਚਮੜੀ, ਉਸ ਦੀਆਂ ਕਾਲੀਆਂ ਅਤੇ ਤਾਕਤਵਰ ਅੱਖਾਂ ਨਾਲ ਜਚਦੀ ਸੀ। ਮੇਰੇ ਵਲੋਂ ਕੁਝ ਉਤਸ਼ਾਹ ਦੇਣ ’ਤੇ ਉਸ ਨੇ ਉਹ ਪੜਦਾ ਤੋੜਿਆ ਸੀ ਜੋ ਮੇਰੇ ਅਤੇ ਮੇਰੇ ਸਟਾਫ ਵਿਚ ਮੇਰੇ ਸੁਭਾਅ ਕਰਕੇ ਪੈਦਾ ਹੋਇਆ ਸੀ। ਛੇਤੀ ਹੀ ਉਹ ਮੈਨੂੰ ਹੋਰ ਲੋਕਾਂ ਦੀ ਕਮੀਆਂ ਬਾਰੇ ਦੱਸਣ ਲੱਗ ਪਈ।

ਇਕ ਦਿਨ ਮੈਂ ਉਸ ਨੂੰ ਦਫਤਰ ਵਿਚ ਸੱਦਿਆ ਅਤੇ ਉਸ ਨੂੰ ਮੈਂ ਮੇਰੇ ਡੈਸਕ ਦੇ ਸਾਹਮਣੇ ਬੈਠਣ ਲਈ ਕਿਹਾ। ਉਸ ਨੇ ਉਸ ਤਰ੍ਹਾਂ ਹੀ ਕੀਤਾ, ਪਰ ਮੈਂ ਆਪਣਾ ਭਰੋਸਾ ਗਵਾ ਦਿੱਤਾ। ਅਚਾਨਕ ਇਹ ਮੈਨੂੰ ਬਹੁਤ ਕਾਹਲੀ ਲੱਗੀ, ਇਸ ਤੋਂ ਪਹਿਲਾਂ ਕਿ ਮੈਂ ਵਿਆਹ ਦਾ ਜਜ਼ਬਾਤੀ ਮੁੱਦਾ ਉਠਾਵਾਂ, ਮੈਨੂੰ ਇਸ ਦੀ ਗੱਲਬਾਤ ਦਾ ਆਧਾਰ ਬਣਾਉਣਾ ਚਾਹੀਦਾ ਸੀ ਅਤੇ ਮੈਂ ਵਿਆਹ ਦੀ ਗੱਲ ਕਰਨ ਤੋਂ ਝੱਕ ਗਿਆ।

ਕੰਮ ਦੇ ਸਮੇਂ ਉਸ ਨਾਲ ਛੋਟੀਆਂ-ਛੋਟੀਆਂ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ, ਜਿਨ੍ਹਾਂ ਦਾ ਹਰ ਕੋਈ ਮੁੱਦਾ ਹੋਰ ਹੁੰਦਾ ਸੀ। ਮੈਂ ਉਸ ਦਾ ਧਿਆਨ ਆਪਣੇ ਵੱਲ ਖਿੱਚਣ ਦੀ ਕੋਸ਼ਿਸ਼ ਕਰਦਾ ਜਦੋਂ ਮੈਂ ਸ਼ਾਂਤ ਹੁੰਦਾ ਸਾਂ ਅਤੇ ਉਹ ਇੱਕਲੀ ਹੁੰਦੀ ਸੀ। ਪਰ ਮੈਂ ਅਜੇ ਵੀ ਆਪਣਾ ਇਰਾਦਾ ਦੱਸਣ ਤੋਂ ਅਸਮਰਥ ਸਾਂ, ਉਦੋਂ ਤਕ ਜਦੋਂ ਤਕ ਮੈਂ ਆਪਣੇ ਆਪ ਨੂੰ ਇਹ ਨਹੀਂ ਕਿਹਾ, “ਤੂੰ ਕਿਸ ਤਰ੍ਹਾਂ ਦਾ ਆਦਮੀ ਹੈਂ, ਕਿ ਤੂੰ

ਵਿਆਹ ਦੇ ਇਕ ਸਾਧਾਰਨ ਮੁੱਦੇ ਦਾ ਸਾਹਮਣਾ ਨਹੀਂ ਕਰ ਸਕਦਾ ? ਦੁਨੀਆਂ ਦੇ ਆਦਮੀਆਂ ਦੀ ਬਹੁ-ਸੰਮਤੀ ਵਿਆਹੀ ਹੋਈ ਹੈ। ਇਹ ਸਾਧਾਰਨ ਕੰਮ ਕਰਨਾ ਵੀ ਕਿੰਨਾਂ ਮੁਸ਼ਕਲ ਹੋ ਸਕਦਾ ਹੈ ?"

ਇਸ ਲਈ ਮੈਂ ਉਸ ਨੂੰ ਫਿਰ ਬੁਲਾਇਆ ਅਤੇ ਉਸ ਨੂੰ ਦੁਬਾਰਾ ਬਿਠਾ ਲਿਆ। ਇਸ ਸਮੇਂ ਮੈਂ ਖ਼ਾਸ ਤੌਰ 'ਤੇ ਕਿਹਾ, "ਕੀ ਤੂੰ ਮੇਰੇ ਨਾਲ ਵਿਆਹ ਕਰੇਂਗੀ ?" ਮੈਨੂੰ ਇਹ ਮੰਨਣਾ ਪਵੇਗਾ ਕਿ ਉਸ ਦੇ ਦਿਮਾਗ ਵਿਚ ਇਸ ਤਰ੍ਹਾਂ ਦਾ ਕੋਈ ਖਿਆਲ ਨਹੀਂ ਸੀ; ਅਸਲ ਵਿਚ ਉਸ ਦਾ ਸਦਮਾ ਇੰਨਾ ਪ੍ਰਤੱਖ ਸੀ ਕਿ ਮੈਂ ਖਾਹਿਸ਼ ਕੀਤੀ ਕਿ ਕਿਤੇ ਮੈਂ ਸਮੇਂ ਨੂੰ ਉਲਟਾ ਗੇੜਾ ਦੇ ਸਕਦਾ ਅਤੇ ਘਬਰਾਹਟ ਨੂੰ ਮਿਟਾ ਸਕਦਾ। ਅਮੀਨਾ ਬਹੁਤ ਜ਼ਿਆਦਾ ਭਾਵੁਕ ਹੋ ਕੇ ਹੱਸੀ ਅਤੇ ਥੱਲੇ ਵੇਖਣ ਲੱਗੀ, ਆਪਣੇ ਹੱਥਾਂ ਨਾਲ ਖੇਡਣ ਲੱਗੀ, ਕੁਝ ਆਪਣੀ ਮਾਂ ਨੂੰ ਕਹਿਣ ਲਈ ਕੁਝ ਅਸਪਸ਼ਟ ਜਿਹਾ ਕਿਹਾ। ਉਸ ਤੋਂ ਬਾਅਦ ਮੈਂ ਉਸ ਨੂੰ ਅਣਗੌਲਿਆਂ ਕਰ ਦਿੱਤਾ, ਬਹੁਤ ਦਿਨਾਂ ਬਾਅਦ ਉਦੋਂ ਤਕ ਜਦੋਂ ਤਕ ਮੈਨੂੰ ਯਕੀਨ ਹੋ ਗਿਆ ਕਿ ਹੁਣ ਤਕ ਉਸ ਨੂੰ ਜਵਾਬ ਦੇ ਦੇਣਾ ਚਾਹੀਦਾ ਸੀ ? ਸ਼ਾਇਦ ਉਹ ਸੰਗਦੀ ਹੋਵੇਗੀ, ਸ਼ਾਇਦ ਉਹ ਇਸ ਨੂੰ ਅੱਗੇ ਪਾਉਣਾ ਚਾਹੁੰਦੀ ਹੋਵੇਗੀ। ਮੈਨੂੰ ਫਿਕਰ ਲੱਗਾ ਕਿ ਸ਼ਾਇਦ ਇਹ ਇਨਕਾਰ ਹੀ ਹੋਵੇ, ਸ਼ਾਇਦ ਉਹ ਭੁੱਲ ਜਾਣਾ ਚਾਹੁੰਦੀ ਹੋਵੇ ਕਿ ਗੱਲ ਦਾ ਕਦੀ ਜ਼ਿਕਰ ਵੀ ਹੋਇਆ ਸੀ। ਇਸ ਤਰ੍ਹਾਂ ਦੇ ਖਿਆਲਾਂ ਅਤੇ ਹੋਰ ਮਸਲਿਆਂ ਨਾਲ, ਮੈਂ ਉਸ ਨੂੰ ਫਿਰ ਪੁੱਛਿਆ।

ਉਸ ਨੇ ਮੈਨੂੰ ਵੇਖ ਕੇ ਅਣਗੌਲਿਆਂ ਕੀਤਾ ਜਦੋਂ ਉਸ ਨੇ ਕਿਹਾ ਕਿ ਉਸ ਦੀ ਮਾਂ ਨੇ ਮਨਜ਼ੂਰ ਨਹੀਂ ਕੀਤਾ। ਫਿਰ ਉਸ ਨੇ ਤਿੱਖਾ ਜਿਹਾ ਵੇਖਦਿਆਂ ਹੋਇਆਂ ਕਿਹਾ, "ਤੁਹਾਡੇ ਕੋਲ ਮੈਨੂੰ ਦੇਣ ਲਈ ਕੀ ਹੈ ? ਤੁਸੀਂ ਮੈਨੂੰ ਕਿਵੇਂ ਰੱਖੋਗੇ ? ਜਦੋਂ ਤੁਸੀਂ ਆਪਣੀ ਮਾਂ ਕੋਲ ਨਹੀਂ ਹੁੰਦੇ, ਤੁਸੀਂ ਬਾਹਰ ਬੈਂਚ 'ਤੇ ਸੁੱਤੇ ਹੁੰਦੇ ਹੋ।" ਮੈਂ ਸਮਝ ਗਿਆ ਕਿ ਉਹ ਆਪ ਹੀ ਇਸ ਤਜ਼ਵੀਜ ਦੇ ਹੱਕ ਵਿਚ ਨਹੀਂ ਸੀ।

ਅਜੀਜ ਨੇ ਲਾਅ ਕਾਲਜ ਵਿਚ ਦਾਖਲਾ ਲੈ ਲਿਆ ਸੀ, ਅਤੇ ਮੈਨੂੰ ਉਸ 'ਤੇ ਮਾਣ ਸੀ। ਉਹ ਵੀ ਇਕ ਲੜਕੀ ਨੂੰ ਮਿਲਿਆ ਸੀ, ਅਤੇ ਉਸ ਨੂੰ ਪਿਆਰ ਕਰਨ ਲੱਗ ਪਿਆ ਸੀ। ਸਾਡਾ ਬਾਪ ਸਾਨੂੰ ਆਪਣਾ ਜੀਵਨ ਸਾਥੀ ਆਪ ਚੁਣਨ ਨੂੰ ਉਤਸ਼ਾਹਿਤ ਕਰਦਾ ਸੀ ਅਤੇ ਅਕਸਰ ਸਲਾਹ ਦਿੰਦਾ ਸੀ, "ਉਹ ਵਿਆਹ ਕਾਮਯਾਬ ਨਹੀਂ ਹੋ ਸਕਦਾ ਜਿਹੜਾ ਕਿਸੇ ਹੋਰ ਦੇ ਦਿਮਾਗ 'ਤੇ ਆਧਾਰਿਤ ਹੋਵੇ ਅਤੇ ਆਪਣੇ ਦਿਮਾਗ ਨਾਲ ਨਾ ਹੋਵੇ।" ਸਾਡੇ ਮਾਂ ਬਾਪ ਦੇ ਖੁੱਲ੍ਹੇ ਵਿਚਾਰ ਸਾਡੇ ਸਮਾਜ ਵਿਚ ਉਸ ਸਮੇਂ ਅਨੁਸਾਰ ਓਪਰੇ ਜਿਹੇ ਸਨ। ਮੇਰਾ ਬਾਪ ਕਹਿੰਦਾ ਸੀ, "ਸਾਡੇ ਪਰਿਵਾਰ ਦੀ ਅਗਾਂਹ ਵਧੂ ਸੋਚ ਸਾਡੇ ਵੱਡੇ ਵਡੇਰਿਆਂ ਤੋਂ ਆਉਂਦੀ ਸੀ। ਉਹਨਾਂ ਨੂੰ ਤੰਗ ਸਮਿਆਂ ਵਿਚ ਖੁੱਲ੍ਹੇ ਦਿਲ ਦਾ ਤੋਹਫਾ ਮਿਲਿਆ ਸੀ।"

ਬਾਪ ਅਜੀਜ ਦੇ ਫੈਸਲੇ 'ਤੇ ਖੁਸ਼ ਸੀ ਅਤੇ ਉਸ ਨੂੰ ਆਪਣੀਆਂ ਸ਼ੁਭ ਕਾਮਨਾਵਾਂ ਦਿੱਤੀਆਂ। ਮਾਂ ਇਸ ਸਥਿਤੀ ਵਿਚ ਨਹੀਂ ਸੀ ਕਿ ਆਪਣੀ ਰਾਇ ਦੇ ਸਕਦੀ। ਮੈਂ ਅਜੀਜ ਨੂੰ ਉੱਪਰ ਤੋਂ ਥੱਲੇ ਤਕ ਦੇਖਿਆ ਅਤੇ ਆਪਣੇ ਆਪ ਵਿਚ ਹੈਰਾਨ ਸਾਂ ਕਿ ਲੜਕੀ ਦੀ ਸਹਿਮਤੀ ਬਨਾਉਣ ਲਈ ਕੀ ਚਾਹੀਦਾ ਹੈ। ਜੇ ਅਜੀਜ ਇਕ ਮਿਸਾਲ ਸੀ, ਤਾਂ ਮੇਰੇ ਕੋਲ ਕੋਈ ਵੀ ਲੋੜੀਂਦੀ ਵਿਸ਼ੇਸ਼ਤਾਈ ਨਹੀਂ ਸੀ। ਉਹ ਅੰਗਰੇਜ਼ੀ ਬੋਲਦਾ ਸੀ, ਉਸ ਦੀ ਦਾਹੜੀ ਨਹੀਂ ਸੀ ਅਤੇ ਉਹ ਇਕ ਆਧੁਨਿਕ ਨੌਜਵਾਨ ਵਾਂਗ ਕੱਪੜੇ ਪਹਿਨਦਾ ਸੀ। ਉਸ ਦੇ ਬੂਟ ਹਮੇਸ਼ਾ ਪਾਲਿਸ਼ ਨਾਲ ਚਮਕਦੇ ਸਨ। ਮੈਂ ਵੇਖਦਾ ਸਾਂ ਅਜੀਜ ਚਮੜੇ 'ਤੇ ਥੁੱਕ ਲੈਂਦਾ ਸੀ ਅਤੇ ਉਸ ਨੂੰ ਖੰਬ ਵਾਂਗ ਹੌਲੀ ਹੌਲੀ ਘਸਾ ਕੇ ਚਮਕਾ ਲੈਂਦਾ ਸੀ। ਇਸ ਬੜੇ ਕਰੜੇ ਹੱਥ ਫੇਰ ਕੇ ਚਮਕਾਏ ਬੂਟਾਂ ਦੇ ਮੁਕਾਬਲੇ ਵਿਚ ਮੇਰੇ ਸਲੀਪਰਾਂ ਦਾ ਇਕ ਹੀ ਜੋੜਾ, ਮੇਰੀ ਭੱਦੀ ਸੂਰਤ ਬਾਰੇ ਵਿਆਖਿਆ ਕਰਦਾ ਸੀ।

ਵੰਡ ਤੋਂ ਪਹਿਲਾਂ ਦਾਹੜੀਆਂ ਰੱਖਣ ਦੀ ਰਵਾਇਤ ਨਹੀਂ ਸੀ ਜਦੋਂ ਕਿ ਸੌ ਵਿਚੋਂ ਸਿਰਫ ਦੋ ਜਾਂ ਤਿੰਨ ਹੀ ਰੱਖਦੇ ਸਨ; ਹੁਣ ਕਈ ਵੇਖੇ ਜਾ ਸਕਦੇ ਸਨ। ਮੇਰੀ ਦਾਹੜੀ ਕਰਕੇ, ਮੈਨੂੰ ਕਈ ਲੋਕ ਮੁਲਾਨਾ ਕਹਿੰਦੇ ਸਨ, ਜਦੋਂ ਕਿ ਮੇਰੀ ਖੁੱਲ੍ਹੀ ਦਾਹੜੀ ਬਾਗੀ ਭਾਵਨਾਵਾਂ ਅਤੇ ਰਿਵਾਇਤਾਂ ਅਨੁਸਾਰ ਸੀ। ਮੈਂ ਆਪਣੇ ਆਪ ਨੂੰ ਪ੍ਰੇਸ਼ਾਨ ਕਰਨ ਵਾਲੇ ਖਿਆਲਾਂ ਨੂੰ ਦੂਰ ਕਰ ਦਿੱਤਾ ਤਾਂ ਕਿ ਆਪਣੀ ਸੂਰਤ ਨੂੰ ਵਿਆਹ ਵਾਸਤੇ ਬਦਲ ਲਵਾਂ ਅਤੇ ਮੈਨੂੰ ਯਕੀਨ ਸੀ ਕਿ ਮੇਰੀ ਜ਼ਿੰਦਗੀ ਦੀ ਦਿਸ਼ਾ, ਇਸ ਨੂੰ ਬਦਲਣ ਲਈ ਮੇਰੀ ਹਿੱਸੇਦਾਰ ਬਣਨ ਵਾਲੀ ਇਜ਼ਾਜਤ ਨਹੀਂ ਦੇਵੇਗੀ। ਮੇਰੀ ਪਤਨੀ ਨੂੰ ਇਸ ਹੀ ਦਿਸ਼ਾ ਵਿਚ ਹਿੱਸੇਦਾਰ ਬਣਨਾ ਪਵੇਗਾ। ਪਰ ਇਹ ਇਕ ਦੂਰ ਦੀ ਗੱਲ ਲੱਗਦੀ ਸੀ ਅਤੇ ਬੇਉਮੀਦੀ ਨੇ ਮੈਨੂੰ ਘੇਰ ਲਿਆ। ਹੋ ਸਕਦਾ ਸੀ ਮੇਰੇ ਲਈ ਸ਼ਾਇਦ ਕੋਈ ਵੀ ਪਤਨੀ ਨਾ ਹੋਵੇ।

ਅਜੀਜ ਨੂੰ ਮਸਜਿਦ ਵਿਚ ਇਕ ਸਾਦੀ ਰਸਮ ਨਾਲ ਵਿਆਹ ਲਿਆ, ਉਹ ਆਪਣੀ ਪਤਨੀ ਜੋਹਰਾ, ਜੋ ਇਕ ਬਹੁਤ ਮਿਠੀ ਆਵਾਜ਼ ਵਾਲੀ ਅਤੇ ਯੋਗ ਲੜਕੀ ਸੀ, ਨੂੰ ਘਰ ਲੈ ਆਇਆ ਤਾਂ ਕਿ ਉਹ ਸਾਡੀ ਅਧਰੰਗ ਦੀ ਬਿਮਾਰੀ ਨਾਲ ਜੂਝ ਰਹੀ ਮਾਂ ਨੂੰ ਮਿਲ ਲਵੇ, ਇਸ ਤੋਂ ਪਹਿਲਾਂ ਕਿ ਉਹ ਸਾਹਮਣੇ ਵਾਲੀ ਇਮਾਰਤ ਦੇ ਇਕ ਕਮਰੇ ਵਿਚ ਰਹਿਣ ਲੱਗ ਜਾਣ। ਦੂਸਰੀ ਤਰਫ ਅਗਲੇ ਦੋ ਸਾਲਾਂ ਵਿਚ ਮੈਂ ਸੱਤ ਹੋਰ ਲੜਕੀਆਂ ਨੂੰ ਵਿਆਹ ਲਈ ਤਜਵੀਜ਼ ਪੇਸ਼ ਕੀਤੀ। ਉਹਨਾਂ ਹਰ ਇਕ ਨੇ ਇਨਕਾਰ ਕਰ ਦਿੱਤਾ ਅਤੇ ਇਹ ਬਹਾਨਾ ਲਾਇਆ ਕਿ ਜਾਂ ਮੈਂ ਬਹੁਤ ਗ਼ਰੀਬ ਸਾਂ, ਜਾਂ ਬਹੁਤ ਸਖ਼ਤ ਸਾਂ, ਜਾਂ ਬਹੁਤ ਧਾਰਮਿਕ ਸਾਂ, ਜਾਂ ਬਹੁਤ ਹੀ ਕੰਜੂਸ ਜਾਂ। ਮੇਰੇ ਕੰਜੂਸੀ ਦੇ ਸੁਭਾਅ ਕਰਕੇ ਮੈਂ ਜ਼ਿਆਦਾ ਜਾਣਿਆ ਜਾਂਦਾ ਸਾਂ। ਮੇਰੇ ਕੋਲੋਂ ਇਕ ਪੈਸਾ ਵੀ ਨਹੀਂ ਸੀ ਕਢਾਇਆ ਜਾ ਸਕਦਾ, ਜਦੋਂ ਤਕ ਪਹਿਲਾਂ ਉਸ ਦੀ ਛਾਣਬੀਣ ਨਾ ਕਰ

ਲਵਾਂ ਅਤੇ ਦਸਤਖ਼ਤ ਕਰਕੇ ਹਿਸਾਬ ਵਿਚ ਨਾ ਲਿਖ ਲਵਾਂ, ਸਿਰਫ ਆਪਣੀ ਮਾਂ ਦੇ ਇਲਾਜ ਲਈ ਮੈਂ ਕਿਸੇ ਧਿਆਨ ਤੋਂ ਬਗੈਰ ਖ਼ਰਚ ਕਰ ਦਿੰਦਾ ਸਾਂ। ਮੈਂ ਫੈਸਲਾ ਕੀਤਾ ਕਿ ਵਿਆਹ ਦੇ ਖਿਆਲ ਨੂੰ ਅੱਗੇ ਨਹੀਂ ਵਧਾਵਾਂਗਾ ਅਤੇ ਇਕ ਸਮਝੌਤੇ ਵਰਗੇ ਸਿੱਟੇ 'ਤੇ ਪਹੁੰਚ ਗਿਆ, ਲਗਾਤਾਰ ਇਨਕਾਰ ਹੋਣ ਦਾ ਇਹ ਇਸ਼ਾਰਾ ਸੀ ਕਿ ਮੇਰੀ ਜ਼ਿੰਦਗੀ 'ਤੇ ਮੇਰੀ ਕਿਸਮਤ ਦਾ ਕੰਟਰੋਲ ਸੀ।

ਇਸ ਸਮੇਂ ਵਿਚ ਮਾਂ ਇਕ ਖੱਲੜੀ ਅਤੇ ਹੱਡੀਆਂ ਦਾ ਇਕ ਬੁੱਤ ਹੀ ਰਹਿ ਗਈ ਸੀ, ਅਤੇ ਇੰਨੀ ਹੌਲੀ ਹੋ ਗਈ ਸੀ, ਕਿ ਜਦੋਂ ਮੈਂ ਉਸ ਨੂੰ ਟੱਟੀ ਲਈ ਜਾਂ ਨਾਹੁਣ ਲਈ ਖੜ੍ਹਦਾ, ਤਾਂ ਮੈਂ ਹੈਰਾਨ ਰਹਿ ਜਾਂਦਾ ਕਿ ਕੀ ਉਹ ਸਾਹ ਵੀ ਲੈ ਰਹੀ ਹੈ। ਫਿਰ ਉਹ ਸਮਾਂ ਆ ਗਿਆ ਕਿ ਉਹ ਇੰਨੀ ਕੰਮਜ਼ੋਰ ਹੋ ਗਈ ਕਿ ਸਟੂਲ 'ਤੇ ਵੀ ਬੈਠ ਨਹੀਂ ਸੀ ਸਕਦੀ, ਤਾਂ ਮੈਂ ਉਸ ਨੂੰ ਸਿਰਫ ਕੱਪੜਾ ਗਿੱਲਾ ਕਰਕੇ ਫੇਰ ਦਿੰਦਾ। ਜਦੋਂ ਉਸ ਦਾ ਸਿਰ ਨਹਾਉਣ ਦੀ ਲੋੜ ਹੁੰਦੀ, ਮੈਂ ਉਸ ਨੂੰ ਹੌਲੀ ਜਿਹੀ ਮੰਜੀ ਦੇ ਉੱਪਰ ਉਠਾ ਲੈਂਦਾ ਤਾਂ ਕਿ ਉਸ ਦੇ ਵਾਲ ਥੋੜੇ ਜਿਹੇ ਥੱਲੇ ਨੂੰ ਲਮਕ ਜਾਣ ਅਤੇ ਫਿਰ ਉਹਨਾਂ ਨੂੰ ਟੀਨ ਦੇ ਟੱਬ 'ਤੇ ਬਾਲਟੀ ਵਿਚੋਂ ਪਾਣੀ ਲੈ ਕੇ ਉਹਨਾਂ ਨੂੰ ਹੰਘਾਲਦਾ ਅਤੇ ਉਹਨਾਂ ਨੂੰ ਮਲ ਮਲ ਕੇ ਧੋ ਦਿੰਦਾ।

ਪਹਿਲਾਂ-ਪਹਿਲਾਂ ਮੈਨੂੰ ਲੰਮੇ ਵਾਲ ਵਾਹੁਣ ਵਿਚ ਮੁਸ਼ਕਲ ਆਉਂਦੀ ਸੀ, ਪਰ ਛੇਤੀ ਹੀ ਉਸ ਦੀ ਆਦਤ ਬਣ ਗਈ। ਉਹਨਾਂ ਦੀ ਗੁੱਤ ਕਰਨਾ ਇਕ ਹੋਰ ਸਮੱਸਿਆ ਸੀ, ਮੈਂ ਉਹਨਾਂ ਦਾ ਇਕ ਠੀਕ ਢੰਗ ਨਾਲ ਜੂੜਾ ਕਰ ਦਿੰਦਾ ਅਤੇ ਫਿਰ ਵੀ ਉਹ ਠੀਕ ਨਹੀਂ ਸੀ ਲੱਗਦਾ। ਜਦੋਂ ਮੈਂ ਕਮਰਾ ਸਾਫ ਕਰਦਾ ਤਾਂ ਉਹ ਆਪਣੀਆਂ ਅੱਖਾਂ ਮੇਰੇ 'ਤੇ ਕੇਂਦ੍ਰਤ ਰੱਖਦੀ ਅਤੇ ਮੇਰੇ ਸਾਰੇ ਕੰਮਾਂ ਵੱਲ ਵੇਖਦੀ ਰਹਿੰਦੀ। ਭਾਵੇਂ ਮੈਂ ਹਰ ਚੀਜ਼ ਉਸ ਤਰ੍ਹਾਂ ਹੀ ਰੱਖਦਾ ਜਿਸ ਤਰ੍ਹਾਂ ਉਹ ਕਰਦੀ ਹੁੰਦੀ ਸੀ, ਅਤੇ ਬਿਲਕੁਲ ਉਸ ਦੇ ਢੰਗ ਅਨੁਸਾਰ ਹੀ ਕਰਦਾ, ਉਹ ਮਹਿਸੂਸ ਕਰਦੀ ਸੀ ਕਿ ਉਸ ਘਰ ਥੱਲੇ ਵੱਲ ਆ ਰਿਹਾ ਹੈ। ਮੈਂ ਇਹ ਕੋਸ਼ਿਸ਼ ਕਰਦਾ ਕਿ ਉਸ ਦੀਆਂ ਅੱਖਾਂ ਦੇ ਸਾਹਮਣੇ ਇਹ ਨਾ ਹੋਵੇ।

ਉਸ ਦੀ ਜਿੰਦਗੀ ਤਾਂ ਕਈ ਸਾਲ ਪਹਿਲਾਂ ਖ਼ਤਮ ਹੋ ਜਾਣੀ ਸੀ, ਮੈਂ ਉਸ ਨੂੰ ਹੌਲੀ-ਹੌਲੀ ਧੁੰਦਲੇ ਹੁੰਦੇ ਵੇਖਦਾ ਰਿਹਾ, ਇਸ ਪੀੜ ਦੀ ਬਜਾਏ ਜ਼ਿਆਦਾ ਸਤਿਕਾਰ ਕਰਕੇ। ਪਿਛਲੇ ਕੁਝ ਮਹੀਨੇ, ਉਹ ਕਮਰੇ ਵੱਲ ਅਤੇ ਸਾਡੇ ਵੱਲ ਵੇਖਦੀ ਰਹਿੰਦੀ ਸੀ, ਇਕ ਇਸ ਤਰ੍ਹਾਂ ਦੀ ਉਤਸੁਕਤਾ ਨਾਲ ਜਿਸ ਨਾਲ ਕਿ ਮੈਂ ਉਸ ਦੀ ਭਾਵਨਾ ਵਿਚ ਹਰ ਯਾਦ ਤਾਜ਼ਾ ਕਰ ਦਿਆਂ। ਉਹ ਜ਼ਿਆਦਾ ਉਮਰ ਦੀ ਨਹੀਂ ਸੀ ਪਰ ਆਪਣੀ ਉਮਰ ਤੋਂ ਪਹਿਲਾਂ ਹੀ ਬੁੱਢੀ ਹੋ ਗਈ ਸੀ। ਆਪਣੇ ਸਾਹ ਦੇ ਅੰਦਰ ਉਹ ਕਹਿੰਦੀ 'ਅਲਾਹ ਹੂ' ਅਤੇ ਇਸ ਤੋਂ ਇਲਾਵਾ, ਉਹ ਕੁਝ ਵੀ ਨਾ ਕਹਿੰਦੀ।

ਮੈਂ ਉਸ ਦਾ ਸਿਰ ਆਪਣੀਆਂ ਬਾਹਾਂ ਵਿਚ ਲੈ ਲੈਂਦਾ ਅਤੇ ਉਸ ਨੂੰ ਪੰਘੂੜੇ ਵਾਂਗ ਲੋਰੀ ਦਿੰਦਾ ਅਤੇ ਕਹਿੰਦਾ, "ਤੁਹਾਨੂੰ ਯਾਦ ਹੈ, ਜਦੋਂ ਮੈਂ ਛੋਟਾ ਸਾਂ ਤਾਂ ਤੁਸੀਂ ਕਿੰਨੀ ਵਾਰ ਮੈਨੂੰ ਸੌਣ ਲਈ ਲੋਰੀ ਦਿੰਦੇ ਹੁੰਦੇ ਸੀ।" ਮੇਰੀ ਮੁਸਕਰਾਹਟ ਉਸ ਵੇਲੇ ਖ਼ਤਮ ਹੋ ਜਾਂਦੀ ਜਦੋਂ ਉਸ ਦੀਆਂ ਅੱਖਾਂ ਭਰ ਜਾਂਦੀਆਂ। ਮੈਂ ਉਸ ਨੂੰ ਇਸ ਤਰ੍ਹਾਂ ਪਿਆਰ ਕਰਦਾ ਸਾਂ ਜਿਸ ਤਰ੍ਹਾਂ ਇਕ ਮਾਂ ਆਪਣੇ ਬੱਚੇ ਨੂੰ ਕਰਦੀ ਹੈ ਅਤੇ ਉਸ ਦੇ ਗੁਆਚ ਜਾਣ ਤੋਂ ਬਹੁਤ ਪਹਿਲਾਂ ਹੀ ਉਸ ਦਾ ਅਫਸੋਸ ਕਰਦਾ ਸਾਂ। ਇਕ ਦਿਨ ਉਸ ਦੇ ਦਿਮਾਗ ਦੀ ਨਾੜੀ ਫੱਟ ਗਈ ਅਤੇ ਉਹ ਬੇਹੋਸ਼ੀ ਦੀ ਹਾਲਤ ਵਿਚ ਆ ਗਈ। ਪੰਜ ਦਿਨਾਂ ਬਾਅਦ ਉਹ ਮਰ ਗਈ।

ਅਸੀਂ ਕੋਈ ਨਾਟਕੀ ਘਟਨਾਵਾਂ ਵਿਚ ਵਿਸ਼ਵਾਸ ਨਹੀਂ ਸਾਂ ਕਰਦੇ ਅਤੇ ਚੁਪ ਚਾਪ ਉਸ ਨੂੰ ਮੰਜੀ 'ਤੇ ਪਾ ਕੇ ਕਬਰਸਤਾਨ ਵਿਚ ਲੈ ਗਏ। ਜਦੋਂ ਉਸ ਨੂੰ ਦਫਨਾਇਆ ਗਿਆ ਤੇ ਕਬਰ ਨੂੰ ਮਿੱਟੀ ਨਾਲ ਭਰ ਦਿੱਤਾ ਗਿਆ, ਆਪਣੇ ਬਾਪ ਅਤੇ ਭਰਾ ਨੂੰ ਪਿੱਛੇ ਛੱਡ ਕੇ ਮੈਂ ਦੂਰ ਚਲਾ ਗਿਆ। ਅਜੇ ਕੋਈ ਕਾਰਨ ਨਹੀਂ ਸੀ ਕਿ ਛੇਤੀ ਵਾਪਿਸ ਘਰ ਪਰਤਿਆ ਜਾਂਦਾ। ਮੈਂ ਡਿਸਪੈਂਸਰੀ ਵੱਲ ਚਲ ਪਿਆ।

ਇਹ ਖ਼ਤਮ ਹੋ ਗਿਆ ਸੀ। ਉਹ ਜਾ ਚੁੱਕੀ ਸੀ। ਮੈਂ ਜ਼ਿਆਦਾ ਸਮਾਂ ਇਸ ਨੂੰ ਆਪਣੇ ਗਲੇ ਵਿਚ ਰੱਖ ਕੇ ਇਸ ਨੂੰ ਸਹਿਣ ਨਹੀਂ ਸਾਂ ਕਰ ਸਕਦਾ। ਮੈਂ ਕਮਰੇ ਨੂੰ ਜੰਦਰਾ ਮਾਰ ਲਿਆ ਅਤੇ ਖਿੜਕੀਆਂ ਨੂੰ ਕੁੰਡੀਆਂ ਲਗਾ ਲਈਆਂ ਅਤੇ ਬਹੁਤ ਉੱਚੀ-ਉੱਚੀ ਰੋਇਆ। ਪਿੱਛਲਾ ਬੀਤਿਆ ਸਮਾਂ ਦਿਲ ਦਾ ਦਰਦ ਬਣ ਗਿਆ ਸੀ। ਇਕ ਛੋਟੀ ਯਾਤਰਾ, ਦਾਨ ਲਈ ਪੈਕਟ, ਉਸ ਗੈਰ ਵੰਡੇ ਹੋਏ ਪੈਸੇ ਸੰਬੰਧੀ ਟਿੱਪਣੀਆਂ, ਉਸ ਦੀਆਂ ਪ੍ਰਾਰਥਨਾਵਾਂ ਨਾਲ ਉਸ ਦਾ ਨਰਮ ਆਉਂਦਾ ਸਾਹ, ਵਾਪਿਸ ਆ ਗਏ। ਉਸ ਨੇ ਅੰਤ ਤਕ ਮੈਨੂੰ ਬਹੁਤ ਕੁਝ ਦਿੱਤਾ ਸੀ।

ਮੈਂ ਉਸ ਦੀ ਮੰਜੀ ਦੇ ਨਾਲ ਬਿਤਾਏ ਉਨ੍ਹਾਂ ਸਮਿਆਂ ਨੂੰ ਯਾਦ ਕੀਤਾ ਅਤੇ ਆਖੀਰ ਵਿਚ ਉਸ ਦਾ ਇਸ ਗੱਲ ਨੂੰ ਮੰਨਣਾ ਅਤੇ ਉਸ ਦਾ ਇਹ ਦੁੱਖ ਕਿ ਉਹ ਮੇਰੇ 'ਤੇ ਨਿਰਭਰ ਹੋ ਗਈ ਸੀ। ਉਸ ਦੀਆਂ ਅੱਖਾਂ ਹਰ ਵਕਤ ਮੈਨੂੰ ਇਹ ਕਹਿੰਦੀਆਂ ਸਨ ਕਿ ਮੈਂ ਕੰਮ 'ਤੇ ਵਾਪਿਸ ਜਾਵਾਂ, ਤੇ ਉਥੇ ਨਾ ਬੈਠਾਂ। ਮੈਂ ਸਤਿਕਾਰ ਅਤੇ ਬਦਨਾਮੀ ਵਿਚ ਲੜਾਈ ਵੇਖੀ ਸੀ। ਸਤਿਕਾਰ ਗਵਾਚ ਚੁੱਕਿਆ ਸੀ। ਇਥੋਂ ਵੀ ਉਸ ਨੇ ਮੈਨੂੰ ਉਹ ਕੁਝ ਵਿਰਾਸਤ ਵਿਚ ਦਿੱਤਾ ਜੋ ਕਈ ਕਿਸਮਤਾਂ ਦੇ ਬਰਾਬਰ ਸੀ। ਇਸ ਗੱਲ ਨੂੰ ਮਹਿਸੂਸ ਕਰਨ ਤੋਂ ਬਗੈਰ ਉਸ ਨੇ ਮੈਨੂੰ ਮੌਕਾ ਦਿੱਤਾ ਸੀ, ਮੈਂ ਉਸ ਦਾ ਕੁਝ ਕਰਜ਼ਾ ਉਸ ਦੇ ਰਾਹੀਂ ਹੀ ਉਤਾਰ ਸਕਾਂ, ਉਸ ਨੇ ਮੈਨੂੰ ਦੁੱਖਾਂ ਦੀ, ਖ਼ੁਦਗਰਜ਼ੀ ਅਤੇ ਅਹਿਸਾਨ ਫਰਾਮੋਸ਼ੀ ਦੀ ਦੁਨੀਆਂ ਵਿਖਾ ਦਿੱਤੀ। ਇਕ ਪਿਆਰੇ ਪਤੀ ਅਤੇ ਦੋ ਲੜਕਿਆਂ ਦੇ ਹੋਣ ਦੇ ਬਾਵਜੂਦ ਵੀ ਉਹ ਇੱਕਲੀ ਸੀ, ਪੈਸੇ ਦੀ ਮਦਦ ਦੇ ਬਾਵਜੂਦ ਵੀ ਉਹ ਬੇਅਰਾਮ ਸੀ।

ਜਦ ਬੱਚਾ ਸਾਂ ਉਸ ਨੇ ਮੈਨੂੰ ਦਾਨ ਬਾਰੇ ਸਿਖਾਇਆ ਸੀ, ਹੁਣ ਉਸ ਨੇ ਮੈਨੂੰ ਸਾਂਝੇ ਸਮਾਜਿਕ ਕਲਿਆਣ ਬਾਰੇ ਸਿਖਾਇਆ। ਉਸ ਨੇ ਉਹ ਦਰਵਾਜ਼ੇ ਖੋਲ੍ਹੇ, ਜਿਨ੍ਹਾਂ ਤੋਂ ਮੈਨੂੰ ਲੋਕਾਂ ਦੇ ਬਹੁਤ ਜ਼ਿਆਦਾ ਦੁੱਖਾਂ ਬਾਰੇ ਤਜ਼ਰਬਾ ਜਾਨਣ ਦਾ ਗਿਆਨ ਮਿਲਿਆ। ਉਸ ਦੇ ਸਬਕ ਬੜੇ ਦੁੱਖ ਭਰੇ ਸਨ, ਉਸ ਦੀ ਜਿੰਦਗੀ, ਉਸ ਦੀ ਬਿਮਾਰੀ, ਅਤੇ ਉਸ ਦਾ ਚਲੇ ਜਾਣਾ, ਬਹੁਤ ਸਾਰੇ ਟੈਸਟਾਂ ਅਤੇ ਇਮਤਿਹਾਨਾਂ ਬਾਰੇ ਵਿੱਦਿਆ ਸੀ। ਉਸ ਦੇ ਦੁੱਖ ਅਸਲ ਵਿਚ ਸਨ, ਉਹ ਕੋਈ ਭੁਲੇਖਾ ਨਹੀਂ ਸਨ, ਨਾ ਹੀ ਕੋਈ ਸੁਪਨਾ ਸਨ। ਜਿਸ ਤਰ੍ਹਾਂ ਹੋਰ ਵਿਸ਼ਿਆਂ ਵਿਚ ਹੁੰਦਾ ਹੈ, ਸੱਚਾਈ ਨਾਲ ਲੜਨ ਲਈ ਗਿਆਨ ਅਤੇ ਜਾਤੀ ਤਜ਼ਰਬਾ ਚਾਹੀਦਾ ਹੈ। ਮੈਂ ਸੋਚਦਾ ਸਾਂ ਮੈਂ ਉਸ ਦੀ ਹਾਲਤ ਤੋਂ ਕਿੰਨਾਂ ਪ੍ਰੇਸ਼ਾਨ ਹੁੰਦਾ ਸਾਂ, ਕਿੰਨਾ ਮਜ਼ਬੂਰ ਅਤੇ ਥੱਕਿਆ ਹੋਇਆ ਬਣ ਜਾਂਦਾ ਸਾਂ। ਮੈਂ ਕਿੰਨਾ ਘੱਟ ਜਾਣਦਾ ਸਾਂ।

ਉਸ ਦੀ ਮਿਸਾਲ ਅਤੇ ਤਜ਼ਰਬੇ ਨਾਲ ਪ੍ਰਭਾਵਿਤ ਹੋ ਕੇ, ਮੇਰੇ ਅੰਦਰ ਦੁਨੀਆਂ ਨੂੰ ਬਦਲਣ ਦੀ ਖਾਹਿਸ਼ ਪੈਦਾ ਹੋਈ। ਉਸ ਨੇ ਮੇਰੇ ਦਿਲ ਵਿਚ ਜਲਦੀ ਹੋਈ ਖਾਹਿਸ਼ ਨਾਲ ਲੱਛਣ ਪਾਏ ਸਨ ਕਿ ਜਿਸ ਤਰ੍ਹਾਂ ਮੈਂ ਉਸ ਦਾ ਧਿਆਨ ਰਖਿਆ ਸੀ, ਉਸ ਤਰ੍ਹਾਂ ਹੀ ਮਨੁੱਖਤਾ ਦਾ ਧਿਆਨ ਰੱਖਾਂ। ਦਾਨ ਦੇ ਸੰਬੰਧ ਵਿਚ ਉਸ ਨੇ ਨਾ ਜਾਣਦਿਆਂ ਹੋਇਆਂ ਜਾਂ ਜਾਣਦਿਆਂ ਹੋਇਆਂ, ਉਹ ਕੁਝ ਦਿੱਤਾ, ਇਥੋਂ ਜਾਣ ਲਈ ਸਿਰਫ ਇਕ ਹੀ ਰਸਤਾ ਸੀ। ਜਿਸ ਪਹਿਲੀ ਰਾਤ ਉਹ ਆਪਣੀ ਕਬਰ ਵਿਚ ਸੁੱਤੀ, ਮੈਂ ਆਪਣੀ ਜਿੰਦਗੀ ਮਨੁੱਖ ਜਾਤ ਦੀ ਸੇਵਾ ਨੂੰ ਅਰਪਣ ਕਰ ਦਿੱਤੀ।

•

# ਭਾਗ 4

ਕਈ ਰਾਹਾਂ ਵਿਚੋਂ ਲੰਘਦਾ ਹੋਇਆਂ ਇਕ ਨੂੰ ਫੜ ਕੇ ਜੋ ਮੁੱਖ ਬਾਜ਼ਾਰ ਤੋਂ ਕਿਸੇ ਗੁੰਝਲਦਾਰ, ਤਣੀ ਹੋਈ ਤਾਣੀ ਜੋ ਹਰ ਤਰਫ ਤਣੀ ਹੋਵੇ, ਅਤੇ ਬਾਜ਼ਾਰ ਦੇ ਦਿਲ ਵਿਚ ਜਾਂਦੀ ਹੋਵੇ, ਮੈਂ ਮਿਠਾਧਾਰ ਦੀਆਂ ਕੱਚੀਆਂ ਤੰਗ ਗਲੀਆਂ ਵਿਚ ਪਹੁੰਚ ਗਿਆ। ਕੱਚੇ ਰਾਹ ਦੇ ਦੋਵੇਂ ਪਾਸੇ, ਗ਼ਲਤ ਸੰਤੁਲਨ ਨਾਲ ਇਮਾਰਤਾਂ ਖੜ੍ਹੀਆਂ ਸਨ, ਇਕ ਕਿਥੋਂ ਸ਼ੁਰੂ ਹੁੰਦੀ ਸੀ, ਇਸ ਦਾ ਦੂਸਰੀ ਇਮਾਰਤ ਨਾਲ ਲੱਗੇ ਹੋਣ ਕਰਕੇ ਪਤਾ ਨਹੀਂ ਸੀ ਲੱਗਦਾ। ਗੰਦਗੀ ਅਤੇ ਚਿੱਕੜ ਨੂੰ ਅਣਗੌਲਿਆਂ ਕਰਦੇ ਹੋਏ, ਅਤੇ ਡਰੇਨ ਅਤੇ ਗੰਦ ਦੇ ਢੇਰ ਤੋਂ ਜੋ ਬਦਬੂ ਉੱਠਦੀ ਸੀ ਉਸ ਤੋਂ ਬਚਦੇ ਹੋਏ ਲੋਕ ਇਕ ਦੂਜੇ ਤੋਂ ਅੱਗੇ ਲੰਘਣ ਦੀ ਕੋਸ਼ਿਸ਼ ਵਿਚ ਸਨ। ਮੈਂ ਆਪਣਾ ਸਮਾਨ ਥੱਲੇ ਰੱਖਿਆ ਅਤੇ ਉਸ 'ਤੇ ਬੈਠ ਗਿਆ ਅਤੇ ਆਪਣੀ ਨਵੀਂ ਦੁਨੀਆਂ ਬਾਰੇ ਸੋਚਣ ਲੱਗਾ। ਮੈਂ ਇਸ ਲਈ ਤਿਆਰ ਨਹੀਂ ਸਾਂ ਅਤੇ ਬੇਤਰਤੀਬ ਵੀ ਨਹੀਂ ਸਾਂ।

ਮੈਂ ਬੱਚਾ ਜੱਚਾ ਕੇਂਦਰ ਦੇ ਉੱਪਰ ਇਕ ਕਮਰਾ ਕਿਰਾਏ 'ਤੇ ਲੈ ਲਿਆ ਸੀ, ਅਤੇ ਮੇਰੇ ਇਥੇ ਆ ਜਾਣ ਦੇ ਫੈਸਲੇ ਨਾਲ ਘਰ ਵਿਚ ਕਿਸੇ ਨੂੰ ਹੈਰਾਨੀ ਨਹੀਂ ਸੀ ਹੋਈ। ਮੇਰਾ ਬਾਪ ਜਾਣਦਾ ਸੀ ਕਿ ਮੇਰਾ ਕੰਮ ਮੈਨੂੰ ਛੇਤੀ ਜਾਂ ਦੇਰੀ ਨਾਲ ਉਹਨਾਂ ਕੋਲੋਂ ਦੂਰ ਲੈ ਜਾਵੇਗਾ ਅਤੇ ਇਹ ਸਿਰਫ ਮੇਰੀ ਮਾਤਾ ਜੀ ਦੀ ਬਿਮਾਰੀ ਕਰ ਕੇ ਲੇਟ ਹੋਇਆ ਸੀ।

ਮੈਂ ਫਰਸ਼ ਨੂੰ, ਬਾਂਸ ਦੇ ਨਰਮ ਤੀਲਿਆਂ ਨਾਲ ਬਣੇ ਹੋਏ ਝਾੜੂ ਨਾਲ ਸਾਫ ਕੀਤਾ, ਫਿਰ ਉਸ ਨੂੰ ਪਾਣੀ ਨਾਲ ਅਤੇ ਸਾਬਣ ਦੇ ਘੋਲ ਨਾਲ ਧੋਤਾ ਇਸ ਦੇ ਉੱਤੇ ਮੈਂ ਆਪਣੀ ਦਰੀ ਵਿਛਾਈ ਅਤੇ ਇਕ ਪਤਲੀ ਚਾਦਰ, ਦੋ ਸਟੀਲ ਦੀਆਂ ਥਾਲੀਆਂ ਇਕ ਲੱਕੜ ਦਾ ਚਿਮਚਾ, ਛੋਟਾ ਸਟੋਵ, ਦੋ ਪਜਾਮੇ, ਤਿੰਨ ਰੰਗਦਾਰ ਬਨੈਣਾਂ, ਇਕ ਟਰਾਂਜਿਸਟਰ ਰੇਡੀਉ ਅਤੇ ਇਕ ਛੋਟਾ ਸਟੂਲ, ਜਿਸ 'ਤੇ ਮੈਂ ਆਪਣੀ ਮਾਂ ਨੂੰ ਨੁਹਾਉਂਦਾ ਹੁੰਦਾ ਸਾਂ, ਇਹ ਉਹ ਸਾਮਾਨ ਸੀ ਜਿਸ ਨਾਲ ਮੈਂ ਸੁਤੰਤਰ ਹੋ ਗਿਆ ਸਾਂ।

ਉਸ ਰਾਤ ਮੈਂ ਡਿਸਪੈਂਸਰੀ ਨੂੰ ਜਿੰਦਰਾ ਮਾਰ ਦਿੱਤਾ ਅਤੇ ਥੋੜੀ ਜਿਹੀ ਰੋਸ਼ਨੀ ਵਾਲੇ ਕਮਰੇ ਵਿਚ ਮੈਂ ਆਪਣੇ ਬਿਸਤਰੇ ਵਿਚ ਲੇਟ ਗਿਆ। ਮੈਂ ਸਿੱਧਾ ਹੀ ਉਪਰ ਗਿੱਲੀ ਛੱਤ ਵੱਲ ਵੇਖਿਆ, ਜੋ ਮੇਰੇ ਸਿਰ 'ਤੇ ਜੰਗਾਲਿਆ ਅਤੇ ਪੇਪੜੀ ਵਰਗੀ ਬਣੀ

ਹੋਈ ਸੀ, ਉਸ ਰਾਹੀਂ ਆ ਰਹੀ ਬਦਬੂ ਸਹਿਣ ਨਹੀਂ ਸਾਂ ਕਰ ਸਕਦਾ ਅਤੇ ਉਸ ਨੂੰ ਆਪਣੀਆਂ ਨਾਸਾਂ ਵਿਚ ਆਉਣ ਦਿੱਤਾ ਅਤੇ ਉਸ ਨਾਲ ਮੇਰੀ ਚੇਤਨਾ ਭਰ ਗਈ। ਮੈਂ ਇਸ ਵਿਚ ਆਪਣੇ ਭਵਿੱਖ ਦੀ ਸਮਝ, ਆਪਣੀ ਜ਼ਿੰਦਗੀ ਦਾ ਉਦੇਸ਼, ਅਤੇ ਆਪਣੇ ਮਿਸ਼ਨ ਦੀ ਜ਼ਰੂਰਤ ਵੇਖੀ।

ਮੈਂ ਬਹੁਤ ਜ਼ਿਆਦਾ ਬੇਗਿਣਤ ਉਦਾਸੀਨ ਲੋਕਾਂ ਨੂੰ ਵੇਖਿਆ, ਜੋ ਗ਼ਲਤ ਵਿਸ਼ਵਾਸਾਂ ਦੇ ਝਗੜਿਆਂ ਅਤੇ ਉਨ੍ਹਾਂ ਦੇ ਮੁੱਦਿਆਂ ਨੂੰ ਸਫੈਦੀ ਵਿਚ ਲਪੇਟਿਆਂ ਹੋਇਆਂ ਵੇਖ ਕੇ ਸੰਤੁਸ਼ਟ ਸਨ। ਉਹਨਾਂ ਦੇ ਇਲਾਜ ਦੀ ਕੋਈ ਉਮੀਦ ਨਹੀਂ ਸੀ, ਅਤੇ ਉਹਨਾਂ ਦੇ ਵਿਸ਼ਵਾਸਾਂ ਨੂੰ ਤੋੜਨਾ ਬਹੁਤ ਜ਼ਰੂਰੀ ਸੀ। ਮੈਂ ਹੌਲੀ-ਹੌਲੀ ਹੋ ਰਹੀ ਗਿਰਾਵਟ ਦੀ ਛਾਣਬੀਣ ਕੀਤੀ, ਜਿਹੜੀ ਚਲਦੀ ਰਹੇਗੀ, ਜੇਕਰ ਉਸ ਨੂੰ ਅਣਗੌਲਿਆਂ ਕੀਤਾ ਅਤੇ ਉਸ ਨੂੰ ਕਿਸੇ ਵੱਡੀ ਤਬਦੀਲੀ ਨਾਲ ਉਸ ਦੇ ਡਿੱਗਣ ਤੋਂ ਨਾ ਰੋਕਿਆ। ਇਸ ਕੈਂਸਰ ਦਾ ਇਲਾਜ ਕਰਨ ਲਈ ਗਟਰਾਂ ਵਿਚ ਅਤੇ ਖੜ੍ਹੇ ਹੋਏ ਛੱਪੜਾਂ ਵਿਚ ਉਲਝੰਨਾ ਪਵੇਗਾ, ਜਿਥੋਂ ਗੰਦਗੀ ਦੂਰ ਕੀਤੀ ਜਾਵੇਗੀ, ਦਲਦਲ ਵਿਚੋਂ ਜੋ ਚਿੱਕੜ ਪੈਦਾ ਹੁੰਦਾ ਹੈ ਅਤੇ ਹਾਨੀਕਾਰਕ ਉਪਜ ਦੀ ਗੰਦਗੀ ਦੇ ਢੇਰ ਵਿਚੋਂ ਕਿਰਮ ਚੁਣੇ ਜਾਣਗੇ। ਇਹ ਸਪੱਸ਼ਟ ਸੀ ਕਿ ਅਸਲੀਅਤ ਨੂੰ ਜ਼ਰੂਰ ਬਦਲਣਾ ਪਵੇਗਾ, ਪਰ ਅਜੇ ਤਕ ਇਹ ਇਕ ਗੁਆਚਾ ਖਿਆਲ ਸੀ। ਮੈਨੂੰ ਇਹ ਪ੍ਰਾਪਤ ਕਰਨਾ ਹੋਵੇਗਾ, ਪਰ ਕਿਵੇਂ ? ਭਵਿੱਖ ਦੀਆਂ ਬੜੀਆਂ ਬੇਕਾਬੂ ਸੋਚਾਂ ਮੇਰੇ ਦਿਮਾਗ ਵਿਚ ਦੌੜ ਰਹੀਆਂ ਸਨ, ਇਸ ਤੋਂ ਪਹਿਲਾਂ ਕਿ ਮੈਂ ਗੂੜ੍ਹੀ ਨੀਂਦ ਵਿਚ ਸੌਂ ਜਾਂਦਾ।

ਦਿਨ ਚੜ੍ਹੇ, ਮੈਂ ਜਾਗਿਆ ਅਤੇ ਆਪਣੀ ਬਾਰੀ ਵਿਚੋਂ ਦੀ ਹਰੀ ਮਸਜਿਦ ਵੱਲ ਵੇਖਿਆ, ਉਸਦੇ ਮੀਨਾਰ ਤੋਂ ਪ੍ਰਾਰਥਨਾ ਦੀ ਆਵਾਜ਼ ਆ ਰਹੀ ਸੀ, 'ਅਲਾਹ ਹੂ ਅਕਬਰ'। ਮੈਂ ਥੱਲੇ ਸਵੇਰੇ ਸਫਾਈ ਆਦਿ ਦੀਆਂ ਜ਼ਰੂਰੀ ਕ੍ਰਿਆਵਾਂ ਕਰਨ ਲਈ ਗਿਆ, ਅਤੇ ਇਥੇ ਇਸ ਪਹਿਲੇ ਹੀ ਦਿਨ ਮੈਂ ਫੈਸਲਾ ਕੀਤਾ ਕਿ ਸਮਾਜਿਕ ਕਲਿਆਣ ਦਾ ਢੰਗ ਹੀ ਬਦਲ ਦੇਣਾ ਹੈ, ਅਤੇ ਉਹਨਾਂ ਆਪਾ-ਵਿਰੋਧੀ ਪ੍ਰੇਸ਼ਾਨੀਆਂ ਅਤੇ ਵਿਚਾਰਾਂ ਨੂੰ ਜੋ ਧੁੰਦਲਾ ਕਰਦੀਆਂ ਸਨ, ਉਹ ਬਦਲ ਹੀ ਦੇਣੀਆਂ ਹਨ। ਨਾ ਪਾਪਾਂ ਨੂੰ ਧੋਣ ਲਈ, ਨਾ ਸਵਰਗ ਵਿਚ ਪਹੁੰਚਣ ਦੀ ਕੋਸ਼ਿਸ਼ ਵਿਚ, ਪਰ ਮਨੁੱਖ ਜਾਤੀ ਲਈ ਜ਼ਰੂਰੀ ਅਤੇ ਇਕ ਅਮਲੀ ਫਰਜ਼ ਸਮਝ ਕੇ। ਇਹ ਉਸ ਦੀ ਜ਼ਿੰਮੇਵਾਰੀ ਬਣ ਜਾਂਦੀ ਹੈ ਜੋ ਉਸ ਦੀਆਂ ਜ਼ਰੂਰਤਾਂ ਸੰਬੰਧੀ ਸੁਚੇਤ ਹੋ ਜਾਂਦਾ ਹੈ।

ਮੈਂ ਡਿਸਪੈਂਸਰੀ ਦਾ ਫਿਰ ਚਾਰਜ ਲੈ ਲਿਆ, ਪਰ ਜ਼ਿਆਦਾ ਗੰਭੀਰ ਤਰ੍ਹਾਂ ਦੇ ਮਸਲਿਆਂ ਨੂੰ ਪ੍ਰਾਥਮਿਕਤਾ ਦਿੱਤੀ, ਜਿਸ ਕਰਕੇ ਮੈਂ ਉਸ ਸਮੇਂ ਉਸ ਜਗ੍ਹਾ ਤੋਂ ਹੱਟ ਗਿਆ, ਜਿਸ 'ਤੇ ਮੈਂ ਪਹਿਲਾਂ ਸੀ। ਇਹ ਕਰਨ ਦਾ ਹੀ ਨਹੀਂ ਪਰ ਉਹਨਾਂ ਵੱਖ-ਵੱਖ ਪੱਖਾਂ 'ਤੇ ਧਿਆਨ ਦੇਣ ਦਾ ਸਮਾਂ ਵੀ ਸੀ ਜੋ ਮਨੁੱਖ ਦੇ ਵਿਕਾਸ ਦੇ ਰਸਤੇ ਵਿਚ ਖੜੇ ਸਨ। ਇਸ ਪ੍ਰਕਾਰ ਸਪੱਸ਼ਟ ਤੌਰ 'ਤੇ ਅਮਲੀ ਤੌਰ 'ਤੇ ਕੰਮ ਵਿਚ ਉਲਝ ਜਾਣ ਦੇ

ਬਾਵਜੂਦ ਮੈਂ ਭਵਿੱਖ ਦੀ ਯੋਜਨਾ ਬਣਾਉਣ ਦੇ ਕੰਮ ਵਿਚ ਮਗਨ ਹੋ ਗਿਆ। ਕਿਵੇਂ, ਕਦੋਂ ਅਤੇ ਕਿਥੇ ਉਹ ਸੁਆਲ ਸਨ ਜੋ ਮੇਰੇ ਨਾਲ-ਨਾਲ ਰਹਿੰਦੇ ਸਨ, ਹਰ ਸਮੱਸਿਆ ਦਾ ਹੱਲ ਜ਼ਰੂਰ ਹੁੰਦਾ ਸੀ। ਮੇਰਾ ਦਿਮਾਗ ਲਗਾਤਾਰ ਉਲਝਨ ਵਿਚ ਸੀ ਅਤੇ ਇਸ ਨੂੰ ਸਥਿਰ ਹੁੰਦਿਆਂ ਕਈ ਦਿਨ ਲੱਗ ਗਏ, ਇਸ ਤੋਂ ਵੀ ਜ਼ਿਆਦਾ ਕਿਸੇ ਸਿੱਟੇ 'ਤੇ ਪਹੁੰਚਣਾ ਚਾਹੁੰਦਾ ਸੀ, ਤਾਂ ਜੋ ਘੱਟੋ ਘੱਟ ਠੀਕ ਸ਼ੁਰੂਆਤ ਨੂੰ ਯਕੀਨੀ ਬਣਾਇਆ ਜਾਵੇ।

ਮੈਂ ਸਮਝਦਾ ਸਾਂ ਕਿ ਸਮਾਜਿਕ ਕਲਿਆਣ ਦਾ ਕੰਮ ਇਕ ਗੰਦੀ ਧਾਰਣਾ ਹੈ। ਇਸ ਨੂੰ ਮੁੱਢਲੀ ਪੱਧਰ 'ਤੇ ਬਗੈਰ ਚੰਗੀ ਸੰਭਾਲ ਦੇ ਅਤੇ ਠੀਕ ਢੰਗ ਦੇ ਸ਼ੁਰੂ ਕਰਨ ਨਾਲ ਇਹ ਗ਼ਲਤ ਸ਼ਕਲ ਵਿਚ ਵਿਕਸਤ ਹੋਵੇਗਾ ਅਤੇ ਉਹ ਛੇਤੀ ਹੀ ਖ਼ਤਮ ਹੋ ਜਾਵੇਗਾ। ਕੀ ਇਹ ਉਹਨਾਂ ਸਾਰੀਆਂ ਹੀ ਹਾਲਤਾਂ ਵਿਚ ਨਹੀਂ ਹੁੰਦਾ, ਜਿਹੜੀਆਂ, ਬਗੈਰ ਮੁੱਢਲੀ ਦੇਖ ਭਾਲ ਦੇ ਪਲਦੀਆਂ ਹਨ ? ਮੈਂ ਮੁੱਦੇ ਦੇ ਸ਼ੁਰੂ ਵਿਚ ਉਹਨਾਂ ਗਲੀਆਂ ਵਿਚ ਹੌਕਾ ਦੇਣ ਵਾਲੀਆਂ ਬੇਅਰਥ ਸ਼ੁਰੂ ਦੀਆਂ ਯਾਦਾਂ ਵੱਲ ਮੁੜਿਆ। ਉਹਨਾਂ ਤੋਂ ਧਿਆਨ ਰੱਖਣ ਵਾਲੀਆਂ ਬਗੈਰ ਕਿਸੇ ਕੀਮਤ ਦੇ ਹਿਦਾਇਤਾਂ ਮਿਲੀਆਂ ਸਨ, ਜਿਥੋਂ ਮੈਂ ਜ਼ਿੰਦਗੀ ਦੇ ਬਰੀਕੀ ਵਾਲੇ ਕੰਮਾਂ ਬਾਰੇ ਅੱਖਾਂ ਅਤੇ ਕੰਨ ਖੋਲਣੇ ਸਿੱਖੇ। ਸਿਰਫ ਉਦੋਂ ਹੀ ਜਦੋਂ ਮੈਂ ਵੇਖਾਂਗਾ ਅਤੇ ਆਪਣੇ ਆਪ ਨੂੰ ਪੂਰੀ ਤਰ੍ਹਾਂ ਇਸ ਵਿਚ ਉਲਝਾਵਾਂਗਾ, ਉਦੋਂ ਹੀ ਆਪਣੇ ਉਦੇਸ਼ ਦਾ ਨੀਂਹ ਪੱਥਰ ਰੱਖਣ ਲਈ ਤਿਆਰ ਹੋਵਾਂਗਾ।

ਸਮਾਜਿਕ ਕਲਿਆਣ ਕੀ ਹੈ ? ਮੇਰੇ ਲਈ ਇਹ ਮੇਰਾ ਵਿਸ਼ਾ ਸੀ। ਇਹ ਵਿਚਾਰ ਮੈਨੂੰ ਲੋਕਾਂ ਕੋਲ ਲੈ ਕੇ ਗਿਆ। ਕਲਿਆਣ ਉਨ੍ਹਾਂ ਵਾਸਤੇ ਸੀ, ਇਹ ਉਹਨਾ ਨਾਲ ਜੁੜਿਆ ਹੋਇਆ ਸੀ। ਦੋਵਾਂ ਨੂੰ ਵੱਖ ਨਹੀਂ ਸੀ ਕੀਤਾ ਜਾ ਸਕਦਾ। ਮੈਨੂੰ ਕੋਈ ਖਿਆਲ ਨਹੀਂ ਸੀ ਕਿ ਇਸ ਨੂੰ ਕਿਸ ਤਰ੍ਹਾਂ ਕੀਤਾ ਜਾਵੇ ਜਾ ਇਥੋਂ ਤਕ ਕਿ ਕੀ ਹੋਣਾ ਚਾਹੀਦਾ ਹੈ, ਜੋ ਕੁਝ ਮੈਂ ਉਦੋਂ ਜਾਣਦਾ ਸਾਂ ਉਹ ਇਹੋ ਸੀ ਕਿ ਸੋਚਾਂ ਅਤੇ ਕੰਮ ਮੁੱਢਲੇ ਤੌਰ 'ਤੇ ਅਤੇ ਜ਼ਰੂਰੀ ਤੌਰ 'ਤੇ ਜਨ ਸਾਧਾਰਣ ਵੱਲ ਜਾਣਾ ਚਾਹੀਦਾ ਹੈ। ਮੈਂ ਉਹਨਾਂ ਦੇ ਵਿਵਹਾਰ ਅਤੇ ਪ੍ਰਗਟਾਵੇ ਉਹਨਾਂ ਦੇ ਅਧੂਰੇ ਸੁਪਨਿਆਂ ਦੀ ਪ੍ਰਤਿਕ੍ਰਿਆ ਨੂੰ ਅਤੇ ਲੋੜਾਂ ਦਾ, ਉਹਨਾਂ ਦੀ ਸਹਿਣਸ਼ੀਲਤਾ, ਉਹਨਾਂ ਦੇ ਰੁੱਖੇਪਨ ਅਤੇ ਉਹਨਾਂ ਦੀ ਨਿਰਾਸ਼ਾ ਦਾ ਅਧਿਐਨ ਕੀਤਾ।

ਲੋਕ ਸੁਸਤ ਸਨ ਅਤੇ ਨਿਰਭਰ ਕਰਦੇ ਸਨ। ਉਹਨਾਂ ਨੇ ਆਪਣਾ ਸਰੀਰ, ਦਿਮਾਗ ਅਤੇ ਆਤਮਾ ਨੂੰ ਇਸ ਦੁੱਖਦਾਈ ਵਾਤਾਵਰਣ 'ਤੇ ਛੱਡ ਦਿੱਤਾ ਸੀ। ਉਹਨਾਂ ਕੋਲ ਸੁਆਲ ਕਰਨ, ਇਕਲੇ ਰਹਿ ਕੇ ਆਪਣੇ ਆਪ ਨੂੰ ਸੁਤੰਤਰ ਕਰਨ ਦੀ ਇੱਛਾ ਦੀ ਘਾਟ ਸੀ। ਕਿਸੇ ਮਾੜੀ ਜਿਹੀ ਬੇਅਰਾਮੀ ਤੋਂ ਉਹ ਪਿੱਛੇ ਹੱਟ ਜਾਂਦੇ ਸਨ, ਅਤੇ ਕਿਸੇ ਸਾਂਝੀ ਬੁਰਾਈ ਦੇ ਖਿਲਾਫ, ਸੁੰਗੜੇ ਹੋਏ ਦਿਮਾਗ ਨਾਲ ਆਪਣੀ ਟੁੱਟੀਆਂ ਹੋਈਆਂ ਝੁੱਗੀਆਂ ਵਿਚ ਚੁਪ ਚਾਪ ਸੌਂਦੇ ਸਨ।

ਸਰਮਾਏਦਾਰਾਂ ਦੀ ਤਾਕਤ ਨੂੰ ਖ਼ਤਮ ਕਰਨ ਦਾ ਮੁੱਦਾ ਨਹੀਂ ਸੀ, ਉਹ ਤਾਂ ਸਿਰਫ ਇਕ ਰੁਕਾਵਟ ਸੀ। ਲੋਕਾਂ ਨੂੰ ਜਗਾਉਣਾ, ਉਹਨਾਂ ਦੇ ਅੰਧ-ਵਿਸ਼ਵਾਸ ਵਿਚੋਂ ਉਨ੍ਹਾਂ ਨੂੰ ਜਗਾਉਣਾ, ਉਹਨਾਂ ਦੀ ਜਾਤੀ ਯੋਗਤਾ ਵੱਲ ਉਹਨਾਂ ਦਾ ਧਿਆਨ ਦਿਵਾਉਣਾ, ਉਹਨਾਂ ਦੇ ਸਤਿਕਾਰ ਨੂੰ ਆਪਣੀ ਮਦਦ ਆਪ ਕਰਨ ਅਤੇ ਆਪ ਹੀ ਸਿੱਖਣ ਨਾਲ ਬਹਾਲ ਕਰਨਾ, ਇਕ ਮੁੱਦਾ ਸੀ।

ਇਸ ਵੇਲੇ, ਲੋਕਾਂ ਦੇ ਦੁੱਖਾਂ ਨੂੰ ਦੂਰ ਕਰਨਾ, ਮੇਰੀ ਪਹੁੰਚ ਤੋਂ ਬਹੁਤ ਦੂਰ ਸੀ, ਉਹ ਰੁਕਾਵਟਾਂ ਬਹੁਤ ਵੱਡੀਆਂ ਸਨ, ਇਕ ਦੂਸਰੀ ਤੋਂ ਜ਼ਿਆਦਾ ਤਾਕਤਵਰ ਸੀ। ਅਮਲੀ ਕੰਮ ਨੂੰ ਸਥਿਤੀ ਦੀਆਂ ਕਮਜ਼ੋਰੀਆਂ ਅਤੇ ਤਾਕਤ ਦੀ ਸਮਝ ਤੋਂ ਬਗੈਰ, ਉਸ ਦਾ ਠੀਕ ਇਲਾਜ ਨਹੀਂ ਹੋ ਸਕਦਾ। ਇਹ ਤਾਂ ਸਿਰਫ ਦੂਰ ਦੀ ਸੋਚ ਹੀ ਸੀ।

ਕਈ ਮਹੀਨੇ ਬੀਤ ਜਾਣ ਤੋਂ ਬਾਅਦ ਜਦੋਂ ਮੈਂ ਇਹ ਖਿਆਲ ਕੀਤਾ ਕਿ ਭਾਵੇਂ ਡਿਸਪੈਂਸਰੀ ਦੀ ਪ੍ਰਸਿੱਧੀ ਬਹੁਤ ਵੱਧ ਚੁੱਕੀ ਸੀ, ਜਿਹੜੀਆਂ ਮੈਂ ਉਸ ਵਿਚ ਮੁੱਢਲੀਆਂ ਤਬਦੀਲੀਆਂ ਕਰਨ ਬਾਰੇ ਸੋਚਿਆ ਸੀ, ਉਹ ਪ੍ਰਭਾਵਹੀਨ ਸਨ। ਮੈਂ ਸਫਾਈ ਕਰਨ ਲਈ ਵਾਧੂ ਆਦਮੀ ਲੈਣ ਤੋਂ ਰੋਕ ਦਿੱਤਾ, ਇਸ ਲਈ ਕਿ ਆਪਣੇ ਵਿਚ ਆਤਮ ਨਿਰਭਰ ਹੋਇਆ ਜਾਵੇ, ਪਰ ਮੈਂ ਸਿਰਫ ਹਦਾਇਤਾਂ ਹੀ ਲਾਈਆਂ। ਮੈਂ ਫਰਸ਼ਾਂ ਨੂੰ ਰੋਜ ਧੋਂਦਾ ਅਤੇ ਪੋਂਛਦਾ ਜਦੋਂ ਮੈਂ ਇਹ ਨਾ ਕਰਦਾ, ਤਾਂ ਹੋਰ ਵੀ ਕੋਈ ਨਾ ਕਰਦਾ।

ਮੈਂ ਇਹ ਮਹਿਸੂਸ ਕੀਤਾ ਕਿ ਅਸੀਂ ਇਕ ਬਹੁਤ ਡੂੰਘੀ ਰਵਾਇਤ ਵਿਚ ਬਝੇ ਹੋਏ ਸਾਂ.......... ਇਹ ਹਿੰਦੂ ਜਾਤ ਦਾ ਪ੍ਰਭਾਵ ਸੀ, ਇਸਲਾਮ ਜਿੰਦਗੀ ਦੇ ਢੰਗ ਵਿਚ ਸਵੈ ਨਿਰਭਰਤਾ ਤੇ ਜ਼ੋਰ ਦਿੰਦਾ ਹੈ, ਜਿਸ ਵਿਚ ਕਿਸੇ ਕਿਸਮ ਦੇ ਕੰਮ ਕਰਨ ਵਿਚ ਕੋਈ ਬੇਇੱਜ਼ਤੀ ਨਹੀਂ, ਪਰ ਫਿਰ ਵੀ ਇਸ ਹਦਾਇਤ ਨੂੰ ਪ੍ਰਤੱਖ ਤੌਰ 'ਤੇ ਨਹੀਂ ਮੰਨਿਆ ਜਾਂਦਾ। ਬਹੁਤ ਥੋੜੇ ਸਾਧਨਾਂ ਵਾਲੇ ਵੀ ਸਫਾਈ ਵਾਲੇ ਲਾਉਂਦੇ ਹਨ....... ਆਮ ਤੌਰ 'ਤੇ ਇਕ ਇਸਾਈ ਨੂੰ, ਮੁਸਲਿਮ ਉਸ ਨੂੰ ਮਾੜਾ ਸਮਝਦੇ ਹਨ, ਜਿਸ ਤਰ੍ਹਾਂ ਹਿੰਦੂ ਸ਼ੂਦਰ ਜਾਤੀ ਨੂੰ।

ਕੋਈ ਵੀ ਇਸ ਤੋਂ ਬਾਹਰ ਨਹੀਂ ਨਿਕਲਣਾ ਚਾਹੁੰਦਾ। ਕਿਰਤ ਅਤੇ ਉੱਦਮ, ਇਕੋ ਜਿਹੇ ਲਕੜੀ ਜਾਂ ਖਥੱਰਾਂ ਦੀਆਂ ਬਣੀਆਂ ਮਾਮੂਲੀ ਝੁੱਗੀਆਂ ਅਤੇ ਵੱਡੇ-ਵੱਡੇ ਬੰਗਲਿਆਂ ਵਿਚ ਪ੍ਰਫੁੱਲਤ ਹੁੰਦੇ ਹਨ। ਹਰ ਕੋਈ ਜ਼ਮੀਨ ਦੇ ਆਪਣੇ ਟੁੱਕੜੇ ਨੂੰ ਪਿਆਰ ਕਰਦਾ ਸੀ, ਉਹਨਾਂ ਦੇ ਬੂਹੇ 'ਤੇ ਰਾਸ਼ਟਰੀ ਭਾਵਨਾ ਮਰ ਜਾਂਦੀ ਸੀ। ਆਪਣੇ ਇਲਾਕੇ, ਕੌਮ, ਲੋਕਾਂ ਲਈ ਅਤੇ ਦੇਸ਼ ਲਈ ਸਾਂਝੀ ਕੋਸ਼ਿਸ਼ ਦੇ ਵਿਚਾਰ ਦੀ ਹੋਂਦ ਹੀ ਨਹੀਂ, ਲੋਕ ਆਪਣੇ ਆਪ ਨੂੰ ਹੀ ਖ਼ਤਮ ਕਰ ਰਹੇ ਹਨ, ਉਹ ਆਪਣੇ ਆਲੇ ਦੁਆਲੇ ਦੇ ਧਿਆਨ ਨੂੰ ਅਣਗੌਲਿਆਂ ਕਰ ਦਿੰਦੇ ਸਨ ਅਤੇ ਫਿਰ ਗੰਦਗੀ ਜੋ ਉਹਨਾਂ ਦੇ ਆਲੇ-ਦੁਆਲੇ ਪਲ ਰਹੀ ਸੀ ਉਸ ਬਾਰੇ ਬੇਧਿਆਨ ਸਨ। ਇਲਾਕੇ ਦੀਆਂ ਸਾਂਝੀਆਂ

ਮੁਸ਼ਕਲਾਂ ਨੂੰ ਬਿਲਕੁਲ ਨਕਾਰਿਆ ਜਾਂਦਾ ਸੀ, ਕਿਉਂ ਜੋ ਕਿਰਤ ਦਾ ਬਿਲਕੁਲ ਸਤਿਕਾਰ ਨਾ ਕਰਨਾ ਬਹੁਤ ਜ਼ਿਆਦਾ ਸੀ। ਕੋਈ ਵੀ ਪ੍ਰਤੱਖ ਤੌਰ 'ਤੇ ਜਾਂ ਅਪ੍ਰਤੱਖ ਤੌਰ 'ਤੇ ਯੋਗਦਾਨ ਨਹੀਂ ਪਾਉਂਦਾ।

ਇਸ ਗੱਲ ਨੂੰ ਪੂਰੀ ਤਰ੍ਹਾਂ ਮੰਨ ਕੇ ਕਿ ਕ੍ਰਿਆਸ਼ੀਲ ਹੋਣਾ ਵਿਚਾਰਾਂ ਤੋਂ ਜ਼ਿਆਦਾ ਤਾਕਤਵਰ ਅਤੇ ਜ਼ਿਆਦਾ ਚੰਗਾ ਸੀ, ਵਿਚਾਰ ਜਿਹੜੇ ਉੱਨੇ ਹੀ ਅਰਥਹੀਨ ਸਨ ਜਿੰਨੀ ਸਫਾਈ ਜੋ ਮੈਂ ਆਪ ਕਰਦਾ ਸਾਂ, ਮੈਂ ਫੈਸਲਾ ਕੀਤਾ ਕਿ ਸਮੱਸਿਆ ਦੀ ਜੜ੍ਹ ਹੀ ਪੁੱਟ ਦੇਣੀ ਅਤੇ ਆਪਣੀ ਮਦਦ ਆਪ ਕਰਨ ਦੇ ਵਿਚਾਰ ਨੂੰ ਦੁਬਾਰਾ ਸ਼ੁਰੂ ਤੋਂ ਜਾਗ੍ਰਿਤ ਕਰਨਾ ਸੀ।

ਆਪਣੇ ਮੋਢੇ 'ਤੇ ਕਹੀ ਰੱਖ ਕੇ, ਮੈਂ ਗੰਦਗੀ ਦੇ ਢੇਰ੍ਹ ਵੱਲ ਵੱਧਿਆ, ਜੋ ਚੌਂਕ ਦੇ ਵਿਚਕਾਰ ਸੀ। ਉਸ ਦੇ ਨਜ਼ਦੀਕ ਜਾਂਦੇ ਸਮੇਂ, ਮੈਨੂੰ ਲੱਗਾ ਜਿਵੇਂ ਮੇਰੀ ਜ਼ਿੰਦਗੀ ਦੇ ਕੰਮ ਦੀ ਪ੍ਰਤਿਨਿੱਧਤਾ ਦਾ ਸੰਕੇਤ ਹੋਵੇ। ਮੈਂ ਕਹੀ ਦੇ ਟੱਕ ਨੂੰ ਉਸ ਗੰਦਗੀ ਵਿਚ ਡੂੰਘਾਈ ਨਾਲ ਮਾਰਿਆ, ਉਸ ਨੂੰ ਬਾਹਰ ਕੱਢ ਕੇ ਜਿਵੇਂ ਇਹ ਮੇਰੀ ਮਲਕੀਅਤ ਹੋਵੇ, ਇਕ ਵੱਡੀ ਪਲਾਸਟਿਕ ਦੀ ਚਾਦਰ 'ਤੇ ਸੁੱਟ ਦਿੱਤਾ, ਜਿਸ ਨੂੰ ਉਥੇ ਵਿਛਾਇਆ ਹੋਇਆ ਸੀ। ਮੈਂ ਰੁਕਿਆ ਨਹੀਂ, ਅਸਲ ਵਿਚ ਮੈਂ ਠਹਿਰ ਹੀ ਨਹੀਂ ਸਕਦਾ। ਉਦੋਂ ਤਕ, ਜਦੋਂ ਤਕ ਮੈਂ ਸਾਹੋ ਸਾਹੀ ਨਾ ਹੋ ਜਾਵਾਂ, ਛੇਤੀ-ਛੇਤੀ ਸਾਹ ਲੈਂਦਾ, ਮੈਂ ਵੇਖਿਆ ਕਿ ਮੈਂ ਇਕ ਹੋਰ ਟਿੱਲਾ ਬਣਾ ਦਿੱਤਾ ਸੀ। ਫਿਰ ਮੈਂ ਆਪਣੇ ਆਪ ਥੱਲੇ ਬੈਠ ਗਿਆ। ਮੈਂ ਆਪਣੀਆਂ ਕਮੀਜ਼ ਦੀਆਂ ਬਾਹਾਂ ਨਾਲ ਆਪਣਾ ਮੱਥਾ ਅਤੇ ਚਿਹਰਾ ਸਾਫ ਕੀਤਾ, ਜਦੋਂ ਮੈਂ ਇਹ ਕਰ ਰਿਹਾ ਸਾਂ ਤਾਂ ਲੋਕੀਂ ਮੇਰੇ ਕੋਲੋਂ ਲੰਘ ਰਹੇ ਸਨ, ਉਹ ਬਗੈਰ ਵੇਖਣ ਤੋਂ ਭਾਂਪ ਰਹੇ ਸਨ। ਮੈਂ ਉਸ ਪਲਾਸਟਿਕ ਦੀ ਚਾਦਰ ਨੂੰ ਚਾਰਾਂ ਕੰਨੀਆਂ ਤੋਂ ਮਜ਼ਬੂਤੀ ਨਾਲ ਫੜ ਕੇ ਜ਼ੋਰ ਨਾਲ ਗੰਢ ਮਾਰ ਦਿੱਤੀ। ਉਸ ਦੇ ਸਾਹਮਣੇ ਬੈਠ ਕੇ ਮੈਂ ਉਸ ਨੂੰ ਦੋਵਾਂ ਪਾਸਿਆਂ ਤੋਂ ਫੜ ਲਿਆ ਅਤੇ ਆਪਣੀ ਪਿੱਠ 'ਤੇ ਚੁੱਕ ਲਿਆ, ਉਸ ਦੇ ਭਾਰ ਥੱਲੇ ਝੁਕੇ ਹੋਏ, ਮੈਂ ਉਸ ਨੂੰ ਭੀੜ ਭਰੀਆਂ ਗਲੀਆਂ ਦੇ ਵਿਚੋਂ ਦੀ ਲੈ ਗਿਆ ਤੇ ਉਸ ਨੂੰ ਮੁੱਖ ਟੋਏ ਵਿਚ ਸੁਟ ਦਿੱਤਾ। ਕਿਸੇ ਨੇ ਵੀ ਮੇਰੀ ਮਦਦ ਨਾ ਕੀਤੀ। ਹਰ ਕੋਈ ਇਸ ਸਫ਼ਾਈ ਬਾਰੇ ਕੋਈ ਧਿਆਨ ਨਹੀਂ ਸੀ ਦਿੰਦਾ ਜਿਸ ਤਰ੍ਹਾਂ ਬੇਨਿਯਮੀ ਦੁਨੀਆਂ ਵਿਚ ਚਲ ਰਹੀ ਸੀ।

ਮੈਂ ਕਿਸੇ ਨੂੰ ਮਦਦ ਵਾਸਤੇ ਨਾ ਕਿਹਾ, ਨਾ ਹੀ ਮੈਂ ਠਹਿਰਣ, ਵੇਖਣ ਜਾਂ ਉਡੀਕਣ ਲਈ ਕਿਹਾ। ਮੈਂ ਆਪਣੇ ਭਾਰ ਨਾਲ ਅਗੇ ਪਿੱਛੇ ਹੋ ਰਿਹਾ ਸਾਂ, ਜਿਸ ਵਿਚ ਮੈਂ ਇਸ ਦੇ ਸੰਕੇਤਕ ਮੁੱਲ ਕਰਕੇ ਚਲਦਾ ਜਾ ਰਿਹਾ ਸਾਂ, ਮੇਰੇ ਦਿਮਾਗ ਵਿਚ ਸੁਆਲ ਆਉਂਦੇ ਅਤੇ ਮਿਟਦੇ ਰਹੇ। "ਮੈਂ ਲੋਕਾਂ ਨੂੰ ਕਿਸ ਤਰ੍ਹਾਂ ਬਦਲਾਂਗਾ, ਉਹਨਾਂ ਵਿਚ ਕਿਰਤ ਕਰਨ ਦੀ ਭਾਵਨਾ ਕਿਸ ਤਰ੍ਹਾਂ ਭਰਾਂਗਾ, ਉਹਨਾਂ ਨੂੰ ਇਸ ਦੇ ਸਤਿਕਾਰ ਦੀ ਪਹਿਚਾਣ ਕਰਨ ਲਈ ਕਿਸ ਤਰ੍ਹਾਂ ਬਣਾਵਾਂਗਾ, ਮੈਂ ਉਹਨਾਂ ਨੂੰ ਕਿਸ ਤਰ੍ਹਾਂ

ਦਿਮਾਗ ਅਤੇ ਸਰੀਰ ਦੀ ਸ਼ਕਤੀ ਵੱਲ ਪ੍ਰੇਰਤ ਕਰਾਂਗਾ ?" ਜਦੋਂ ਡਿਸਪੈਂਸਰੀ ਖੁੱਲੀ, ਮੇਰੇ ਸਾਥੀ ਮੈਨੂੰ ਰੋਕਣ ਦੀ ਕੋਸ਼ਿਸ਼ ਕਰਨ ਲੱਗੇ, ਫਿਰ ਉਨ੍ਹਾਂ ਮੇਰੇ ਨਾਲ ਮਿਲਣ ਲਈ ਕਿਹਾ ਪਰ ਮੈਂ ਉਹਨਾਂ ਨੂੰ ਸਾਫ ਮਨ੍ਹਾਂ ਕਰ ਦਿੱਤਾ।

ਮੈਂ ਆਪਣੀ ਇਕ ਜਾਤੀ ਮਿਸਾਲ ਪੈਦਾ ਕਰ ਰਿਹਾ ਸਾਂ, ਜਿਸ ਵਿਚ ਮੈਂ ਸਾਬਿਤ ਕਰਨਾ ਚਾਹੁੰਦਾ ਸਾਂ ਕਿ ਇਕ ਆਦਮੀ ਵਿਚ ਸਖ਼ਤ ਮਿਹਨਤ ਕਰਨ ਦੀ ਸਮਰੱਥਾ ਬਹੁਤ ਹੈ। ਮਦਦ ਇਕ ਅਪੰਗ ਹੈ, ਜੋ ਕਿਸੇ ਸੁਸਤ ਦਾ ਬਹਾਨਾ ਹੈ, ਇਕ ਲੰਗੜੇ ਲਈ ਬੈਸਾਖੀ ਹੈ। ਸੂਰਜ ਅਸਤ ਹੋਣ ਤਕ ਮੈਂ ਸਾਫ ਕਰ ਦਿੱਤਾ ਅਤੇ ਰਾਤ ਪੈਣ ਤਕ ਮੈਂ ਉਸ ਨੂੰ ਝਾੜੂ ਲਗਾ ਕੇ ਅਤੇ ਧੋ ਕੇ ਸਾਫ ਕਰ ਦਿੱਤਾ। ਇਸ ਬਾਰੇ ਬਹੁਤ ਚਿਰ ਕਿਸੇ ਨੂੰ ਪਤਾ ਨਹੀਂ ਸੀ ਲੱਗਣਾ, ਕਿਉਂ ਜੋ ਗੰਦਗੀ ਦੀ ਬਦਬੋ ਲਗਾਤਾਰ ਦਸ ਰਹੀ ਸੀ।

ਹਫਤੇ ਦੇ ਅਖੀਰ ਤਕ ਇਕ ਲੰਮੇ ਲੋਹੇ ਦੇ ਪੋਲ ਦੀ ਮਦਦ ਨਾਲ, ਜਿਸ ਦੇ ਮੂੰਹ ਨਾਲ ਇਕ ਤੌਲੀਆ ਲਪੇਟ ਕੇ, ਮੈਂ ਡਰੇਨਾਂ ਨੂੰ ਸਾਫ ਕਰ ਦਿੱਤਾ, ਬੰਦ ਪਏ ਗਟਰਾਂ ਅਤੇ ਉੱਪਰ ਤੋਂ ਪਾਣੀ ਵਗਣ ਵਾਲੇ ਵੱਡੇ ਗਟਰਾਂ ਨੂੰ ਖੋਲ ਦਿੱਤਾ; ਮੈਂ ਕਈ ਚਿਰਾਂ ਤੋਂ ਪਈ ਗੰਦਗੀ ਨੂੰ ਵੀ ਉਸ ਦੇ ਵੱਧਣ ਤੋਂ ਪਹਿਲਾਂ ਹੀ ਸਾਫ ਕਰ ਦਿੱਤਾ। ਫਿਰ ਮੈਂ ਬੜੇ ਮਾਨ ਨਾਲ, ਆਪਣੇ ਮਗਰ ਹੱਥ ਕਰਕੇ ਖੜਾ ਹੋ ਗਿਆ.... ਲੋਕਾਂ ਦੀ ਅੱਖਾਂ ਵਿਚ ਇਸ ਦੀ ਪ੍ਰਵਾਨਗੀ ਦੇ ਨਿਸ਼ਾਨ ਵੇਖਣ ਦੀ ਉਡੀਕ ਕਰਨ ਲੱਗਾ, ਜਦੋਂ ਉਹ ਮੇਰੇ ਲਾਗੋਂ ਲੰਘਦੇ ਸਨ, ਮੈਂ ਉਹਨਾਂ ਵੱਲ ਵੇਖਦਾ ਸਾਂ ਜਾਂ ਜਦੋਂ ਉਹ ਤੇਜੀ ਨਾਲ ਡਿਸਪੈਂਸਰੀ ਦੇ ਅੰਦਰ ਜਾਂ ਬਾਹਰ ਆਉਂਦੇ ਸਨ। ਮੈਂ ਵੇਖਿਆ ਕਿ ਉਹ ਗੰਦਗੀ ਦੇ ਨਾ ਹੋਣ ਨੂੰ ਵੀ ਉਨਾਂ ਹੀ ਅਣਗੌਲਿਆ ਕਰ ਰਹੇ ਸਨ ਜਿੰਨਾਂ ਗੰਦਗੀ ਨੂੰ ਹੋਣ ਕਰਕੇ ਕਰਦੇ ਸਨ।

ਮੀਠਾਦਾਰ ਮੇਰੇ ਇਮਿਤਹਾਨ ਦਾ ਮੈਦਾਨ ਬਣ ਗਿਆ ਸੀ। ਇਥੋਂ ਹੀ ਮੈਂ ਮੁੱਢਲੇ ਮੁੱਦਿਆਂ ਦੇ ਪ੍ਰਭਾਵ ਅਤੇ ਸਿੱਟੇ ਵੇਖਦਾ ਸਾਂ। ਜੇ ਟੱਟੀ ਵਿਚ ਕੋਮੋਡ ਬੰਦ ਸੀ, ਤਾਂ ਮੈਂ ਕੰਮ ਛੱਡ ਦਿੰਦਾ, ਆਪਣਾ ਪੋਲ ਫੜ ਲੈਂਦਾ ਅਤੇ ਉਸ ਨੂੰ ਸਾਫ ਕਰਨ ਤੁਰ ਪੈਂਦਾ। ਜੇ ਕਿਸੇ ਦੀਆਂ ਗਲੀਆਂ ਵਿਚ ਡਰੇਨਾਂ ਭਰ ਜਾਂਦੀਆਂ, ਮੈਂ ਉਹਨਾਂ ਨੂੰ ਸਾਫ ਕਰ ਦਿੰਦਾ, ਮੈਂ ਸਫਾਈ ਦੇ ਕੰਮਾਂ ਲਈ ਹਰ ਵਕਤ ਅਤੇ ਸਭ ਲੋਕਾਂ ਸਾਹਮਣੇ ਉਪਲਬਧ ਸਾਂ। ਉਹ ਇਹ ਟਿੱਪਣੀ ਕਰਦੇ ਸਨ ਕਿ ਮੈਨੂੰ ਸਫਾਈ ਦਾ ਵਹਿਮ ਹੋ ਗਿਆ ਹੈ, "ਕੀ ਇਹ ਇਸਲਾਮ ਦਾ ਸਿਧਾਂਤ ਨਹੀਂ ?" ਮੈਂ ਇਸ ਸੰਬੰਧੀ ਕਹਿੰਦਾ। "ਹਾਜੀ ਅਬਦੁਲ ਸ਼ਕੂਰ ਦਾ ਲੜਕਾ ਇਕ ਨੀਂਵੇ ਦਰਜੇ ਦਾ ਸਫਾਈ ਸੇਵਕ, ਇਕ ਨੀਚ ਬਣ ਗਿਆ ਹੈ", ਉਹ ਖਿੱਲੀ ਉਡਾਉਂਦੇ।

ਹਾਂ, ਮੈਨੂੰ ਇਨ੍ਹਾਂ ਅਣਗੌਲੀਆਂ ਗਲੀਆਂ ਦਾ ਵਹਿਮ ਸੀ ਅਤੇ ਇਹਨਾਂ ਬੰਦ ਦਿਮਾਗਾਂ ਨੂੰ ਜਗਾਉਣਾ ਸੀ। ਮਨੁੱਖ ਜਾਤੀ ਦੀ ਚੇਤਨਾ ਨੂੰ ਜਗਾਉਣ ਦਾ ਮੇਰਾ

ਪ੍ਰੋਗਰਾਮ ਇੰਨਾਂ ਡਰੇਨਾਂ ਅਤੇ ਗਟਰਾਂ ਤੋਂ ਸ਼ੁਰੂ ਹੋਇਆ। ਮੈਂ ਫੈਸਲਾ ਕੀਤਾ ਸੀ ਕਿ ਮੈਂ ਨਿਰਉਤਸ਼ਾਹਿਤ, ਰੁਕਵਟਾਂ ਅਤੇ ਕਾਹਲੀ ਦੇ ਅੱਗੇ ਹੌਂਸਲਾ ਨਹੀਂ ਹਾਰਨਾ....... ਜ਼ਿਆਦਾ ਤਰ ਉਹ ਸਭਨਾਂ ਲਈ ਕਾਹਲੀ ਸੀ। ਇਹ ਤਾਂ ਸਾਰੀ ਜ਼ਿੰਦਗੀ ਦਾ ਕੰਮ ਸੀ ਜੋ ਅਜੇ ਸ਼ੁਰੂ ਹੀ ਹੋਇਆ ਸੀ।

ਮੈਂ ਉਹਨਾਂ ਮਜ਼ਦੂਰਾਂ ਨਾਲ ਕੰਮ ਕਰਦਾ ਸਾਂ, ਆਪਣੀ ਪਿੱਠ 'ਤੇ ਬੋਰਡ ਲੈ ਕੇ, ਸੀਮੈਂਟ ਦੇ ਥਾਲ ਆਪਣੇ ਸਿਰ 'ਤੇ ਚੁੱਕ ਕੇ ਰੇਤ ਦੇ ਗਡਿਆਂ ਨੂੰ ਧੱਕਾ ਲਾਉਂਦੇ ਹੋਏ, ਇੱਟ 'ਤੇ ਇੱਟ ਲਗਾਉਂਦੇ ਹੋਏ, ਫਿਰ ਉਪਰ ਹੋਰ ਇੱਟ ਅਤੇ ਸੋਚਦਿਆਂ ਹੋਇਆਂ, "ਮੈਂ ਲੋਕਾਂ ਨੂੰ ਕਿਸ ਤਰ੍ਹਾਂ ਬਣਾਵਾਂਗਾ, ਮੈਂ ਉਸ ਵਿਸ਼ਾਵਸਤੂ ਨੂੰ ਕਿਸ ਤਰ੍ਹਾਂ ਮਿਲਾਵਾਂਗਾ ਅਤੇ ਇਕ ਢਾਂਚਾ ਕਿਸ ਤਰ੍ਹਾਂ ਬਣਾਵਾਂਗਾ, ਜੋ ਡਿਗੇਗਾ ਨਹੀਂ ?" ਪੱਥਰ 'ਤੇ ਬੈਠ ਕੇ ਆਪਣੇ ਸਾਥੀਆਂ ਦੇ ਨਾਲ ਰੋਟੀ ਦੇ ਟੁੱਕੜੇ ਤੋੜਦਾ ਅਤੇ ਉਹਨਾਂ ਦੀ ਨਾ ਖ਼ਤਮ ਹੋਣ ਵਾਲੀਆਂ ਸ਼ਿਕਾਇਤਾਂ ਸੁਣਦਾ। ਭਾਵੇਂ ਕਿ ਆਪਣੇ ਆਪ ਵਿਚ ਨਿਰਭਰ ਹੋਣਾ, ਜ਼ਿੰਦਗੀ ਦੀ ਵਾਗਡੋਰ ਸੀ, ਬਹੁਤ ਸਖ਼ਤ ਮਿਹਨਤ ਦੇ ਬਾਵਜੂਦ ਉਹਨਾਂ ਦੇ ਦਿਮਾਗ ਸੁਸਤ ਸਨ। ਉਹਨਾਂ ਦੇ ਸਮਝਣ ਵਿਚ ਫਰਕ ਸੀ, ਇਹ ਉਹ ਲੋਕ ਸਨ ਜਿਨ੍ਹਾਂ ਦੇ ਸਰੀਰ ਚਲਦੇ ਸਨ, ਜਦੋਂ ਕਿ ਉਹਨਾਂ ਦੇ ਦਿਮਾਗ ਸੌਂਦੇ ਸਨ। ਕੁਦਰਤੀ ਰੂੜੀ ਜਿਵੇਂ ਗੋਬਰ ਅਤੇ ਖਾਦ, ਇਸ ਗੰਦਗੀ ਦੀ ਉਪਜ ਸੀ, ਕੁਦਰਤ ਦੀਆਂ ਮਿਸਾਲਾਂ ਨੂੰ ਸਾਹਮਣੇ ਰੱਖਦਿਆਂ ਮੈਨੂੰ ਇਸ ਸੰਭਾਵਨਾਂ ਦਾ ਸਬੂਤ ਮਿਲਦਾ ਸੀ, ਅਤੇ ਹਰ ਚੀਜ਼ ਨੂੰ ਮੈਂ ਉਸ ਦੇ ਸ਼ੁਰੂ ਤੋਂ ਵੇਖਦਾ ਸਾਂ। ਕਿਉਂ, ਦੇ ਸੁਆਲ 'ਤੇ, ਤਾਂ ਕਿ ਮੈਂ ਕਿਵੇਂ, ਕਦੋਂ ਅਤੇ ਕੀ ਦੇ ਸੁਆਲਾਂ ਨੂੰ ਸਮਝ ਸਕਾਂ।

ਉਹਨਾਂ ਸ਼ੁਰੂ ਦੇ ਦਿਨਾਂ ਵਿਚ ਮੇਰੇ ਦੋਸਤ, ਮੇਰੇ ਸ਼ੁਰੂ ਦੇ ਬਿਆਨਾਂ ਤੋਂ ਘਬਰਾ ਗਏ ਸਨ ਅਤੇ ਪੁੱਛਦੇ ਸਨ, "ਤੂੰ ਬੰਨਟਵਾ ਵਿਚ ਸੁਪਨੇ ਵੇਖਣੇ ਸ਼ੁਰੂ ਕਰ ਦਿੱਤੇ ਸਨ, ਉਦੋਂ ਤੋਂ ਤੂੰ ਉਹ ਬੰਦ ਨਹੀਂ ਕੀਤੇ, ਪਰ ਕੀ ਤੇਰੇ ਇਹ ਖਿਆਲ ਬਹੁਤ ਵੱਡੇ ਨਹੀਂ ਬਣ ਰਹੇ ?" ਮੈਂ ਜਾਣਦਾ ਸਾਂ ਕਿ ਮੈਂ ਉਸ ਜੰਗ ਲਈ ਹਥਿਆਰਬੰਦ ਨਹੀਂ ਸਾਂ, ਜਿਸ ਦਾ ਮੈਂ ਸਾਮ੍ਹਣਾ ਕਰਨਾ ਸੀ ਅਤੇ ਪੁਰਾਣੇ ਸਮਿਆਂ ਬਾਰੇ ਸੋਚਦਿਆਂ ਹੱਸ ਪੈਂਦਾ, "ਦੌੜ ਸ਼ੁਰੂ ਹੋ ਗਈ ਹੈ ਅਤੇ ਮੈਂ ਸ਼ੁਰੂ ਦੀ ਲਾਈਨ 'ਤੇ ਖੜਾ ਹਾਂ। ਕੋਈ ਚੀਜ਼ ਦੱਸਦੀ ਕਿ ਮੈਂ ਜਿੱਤ ਸਕਦਾ ਹਾਂ।" ਉਹਨਾਂ ਵਿਚੋਂ ਕਈਆਂ ਨੇ ਸਰਕਾਰੀ ਜਾਂ ਕਈਆਂ ਨੇ ਨਿੱਜੀ ਨੌਕਰੀਆਂ ਕਰ ਲਈਆਂ ਸਨ, ਬਾਕੀ ਆਰਥਿਕ ਤੌਰ 'ਤੇ ਮਜ਼ਬੂਤ ਸਨ ਅਤੇ ਸੁਤੰਤਰ ਸਨ। ਅਸੀਂ ਇੱਕਠੇ ਬੈਠ ਗਏ ਅਤੇ ਮੈਂ ਸਿੱਟਾ ਕੱਢਿਆ, "ਪੈਗੰਬਰ ਮੁਹੰਮਦ ਸਾਹਿਬ (PUBH) ਨੇ ਆਪਣੀਆਂ ਪਤਨੀਆਂ ਇਕ ਹੀ ਕਬੀਲੇ ਵਿਚੋਂ ਨਹੀਂ ਸਨ ਲਈਆਂ। ਇਹ ਬਹੁਤ ਵੱਡੀ ਗ਼ਲਤ ਫਹਿਮੀ ਹੈ ਕਿ ਮੱਧ ਦਰਜੇ ਦੀਆਂ ਰਿਵਾਇਤਾਂ ਨੂੰ ਚਾਲੂ ਰੱਖਿਆ ਜਾਵੇ ਅਤੇ ਇਕ ਬੱਧੀ ਹੋਈ ਕੌਮ ਦੇ ਸਖ਼ਤ ਅਸੂਲਾ ਦੀ ਕੈਦ ਵਿਚ ਬੱਧੇ ਰਹੀਏ।"

ਖੈਰਾਇਤ ਦਾ ਕੰਮ ਅਮੀਰਾਂ ਅਤੇ ਤਾਕਤਵਰ ਵਪਾਰੀਆਂ ਵਿਚ ਬੜਾ ਪ੍ਰਸਿੱਧ ਸੀ, ਅਸਲ ਵਿਚ ਉਹਨਾਂ ਤੋਂ ਬਗੈਰ ਇਸ ਦੇ ਵੱਧਣ ਦਾ ਕੋਈ ਮੌਕਾ ਨਹੀਂ ਸੀ, ਸਮਾਜ ਸੇਵਕ ਉਹਨਾਂ ਨਾਲ ਆਪਣੇ ਉਦੇਸ਼ ਪੂਰੇ ਕਰਨ ਲਈ ਸਾਧਨ ਦੇ ਤੌਰ 'ਤੇ ਪਿਆਰ ਭਰਿਆ ਸਲੂਕ ਕਰਦੇ ਸਨ, ਲੋਕ ਉਹਨਾਂ ਕੋਲੋਂ ਕਰਜ਼ੇ ਲੈ ਲੈਂਦੇ ਸਨ ਅਤੇ ਉਹਨਾਂ ਦੇ ਹਮੇਸ਼ਾ ਲਈ ਅਹਿਸਾਨਮੰਦ ਬਣ ਕੇ ਗੁਲਾਮ ਬਣ ਜਾਂਦੇ ਸਨ। ਇਸ ਢੰਗ ਨਾਲ ਸੰਸਥਾਵਾਂ ਨੂੰ ਥੋੜੇ ਜਿਹੇ ਪੈਸੇ ਨਾਲ ਖਰੀਦ ਲਿਆ ਜਾਂਦਾ ਸੀ, ਲੋਕਾਂ ਦੇ ਸਿਧਾਂਤ, ਵਿਚਾਰਧਾਰਾਵਾਂ ਅਤੇ ਖਾਹਿਸ਼ਾਂ ਉੱਚੀ ਤੋਂ ਉੱਚੀ ਬੋਲੀ ਦੇਣ ਵਾਲੇ ਕੋਲ ਵਿਕਰੀ ਲਈ ਸਨ, ਉਹਨਾਂ ਨੂੰ ਫਿਰ ਆਪਣੀ ਤਰੱਕੀ ਲਈ ਵਰਤਦੇ ਸਨ। ਸਮਾਜਿਕ ਕਲਿਆਣ ਮੇਰਾ ਪੇਸ਼ਾ ਸੀ, ਮੈਂ ਇਸ ਨੂੰ ਆਜ਼ਾਦ ਕਰਵਾਉਣਾ ਸੀ।

ਜਦੋਂ ਮੇਰੇ ਦੋਸਤਾਂ ਨੇ ਮੈਨੂੰ ਇਕ ਅਮੀਰ ਆਦਮੀ ਨੂੰ ਮਿਲਣ ਦਾ ਸੁਝਾਅ ਦਿੱਤਾ ਅਤੇ ਇਹ ਦੱਸਿਆ, "ਅੱਜ ਸਾਨੂੰ ਉਸਦੀ ਜ਼ਰੂਰਤ ਹੈ, ਬਾਅਦ ਵਿਚ ਜਦੋਂ ਅਸੀਂ ਸਥਾਪਿੱਤ ਹੋ ਜਾਵਾਂਗੇ, ਤੁਸੀਂ ਉਹ ਢੰਗ ਬਦਲ ਸਕਦੇ ਹੋ। ਸਾਨੂੰ ਪ੍ਰਚਾਰ, ਸਾਖ ਅਤੇ ਪੈਸੇ ਦੀ ਲੋੜ ਹੈ। ਇਹ ਹੋਰ ਕਿਸ ਕੋਲੋਂ ਆਵੇਗਾ ?" ਮੈਂ ਉਹਨਾਂ ਦੀ ਸਲਾਹ ਨੂੰ ਇਹ ਕਹਿੰਦਿਆਂ ਇਕ ਦਮ ਰੱਦ ਕਰ ਦਿੱਤਾ ਜੋ ਮੈਂ ਹਮੇਸ਼ਾ ਅਤੇ ਵਾਰ-ਵਾਰ ਦੁਹਾਰਾਉਂਦਾ ਹਾਂ, "ਮੈਂ ਸਮਾਜ ਸੇਵਾ ਦੀ ਕਲੱਬ ਵਿਚ ਦਾਖਿਲ ਨਹੀਂ ਹੋਵਾਂਗਾ। ਮੈਨੂੰ ਕਿਸੇ ਝੂਠੀ ਮਦਦ ਦੀ ਲੋੜ ਨਹੀਂ, ਨਾ ਹੀ ਕਿਸੇ ਸਫੈਦੀ ਦੀ ਤੇ ਨਾ ਪ੍ਰਚਾਰ ਦੀ। ਮੈਂ ਆਪਣੀ ਸਾਖ ਬਣਾਵਾਂਗਾ, ਮੈਂ ਪੈਸਾ ਕਮਾਂਵਾਗਾ, ਮੈਂ ਕਿਰਤ ਕਰਾਂਗਾ। ਮੈਂ ਅਸਲੀਅਤ ਵਿਚ ਜੀਵਾਂਗਾ। ਇਸ ਲਈ ਮੈਨੂੰ ਲੋਕਾਂ ਦੀ ਲੋੜ ਹੈ, ਉਨ੍ਹਾਂ ਲੋਕਾਂ ਦੀ ਜਿਨ੍ਹਾਂ ਨੂੰ ਮੇਰੀ ਮਦਦ ਦੀ ਜ਼ਰੂਰਤ ਹੈ। ਕੁਝ ਵੀ ਮੁਫਤ ਨਹੀਂ ਮਿਲਦਾ, ਹਰ ਚੀਜ਼ ਦੀ ਕੀਮਤ ਹੈ। ਮੈਂ ਉਨ੍ਹਾਂ ਨੂੰ ਕੀਮਤ ਦੇਵਾਂਗਾ, ਉਹ ਮੈਨੂੰ ਕੀਮਤ ਦੇਣਗੇ। ਲੋਕ ਆਪ ਆਪਣੀ ਕਲਿਆਣ ਦੀ ਸੇਵਾ ਪੈਦਾ ਕਰ ਲੈਣਗੇ, ਮੈਂ ਉਹਨਾਂ ਨੂੰ ਇਹ ਪੈਦਾ ਕਰਨ ਵਿਚ ਮਦਦ ਕਰਾਂਗਾ। ਇਥੋਂ ਅਸੀਂ ਇੱਕਠੇ ਚਲਾਂਗੇ। ਉਥੇ ਢੋਹ ਲਾਉਣ ਲਈ ਕੋਈ ਥੰਮ ਨਹੀਂ ਹੋਵੇਗਾ। ਅਸੀਂ ਆਪਣੇ ਅੰਦਰੋਂ ਹੀ ਮਦਦ ਬਣਾਵਾਂਗੇ। ਕੋਈ ਸਮਝੌਤਾ ਮੇਰੇ ਕੰਮ ਨੂੰ ਮਿਲਾਵਟ ਵਾਲਾ ਜਾਂ ਬੰਦ ਨਹੀਂ ਕਰ ਸਕਦਾ। ਅਸੀਂ ਗਲੀ ਤੋਂ ਸ਼ੁਰੂ ਕਰਾਂਗੇ, ਸ਼ੁਰੂ ਤੋਂ ਸ਼ੁਰੂ ਕਰਾਂਗੇ, ਨਾ ਉਪਰ ਤੋਂ, ਨਾ ਹੀ ਮੱਧ ਤੋਂ, ਸਗੋਂ ਥੱਲੇ ਤੋਂ ਸ਼ੁਰੂ ਕਰਾਂਗੇ।"

ਡਿਸਪੈਂਸਰੀ ਦੇ ਬਾਹਰ ਮੈਂ ਇਕ ਬੋਰਡ ਲਾਇਆ ਜਿਸ ਤਰ੍ਹਾਂ ਦਾ ਮੈਂ ਇੰਗਲੈਂਡ ਵਿਚ ਇਕ ਗਿਰਜਾ ਘਰ ਦੇ ਬਾਹਰ ਵੇਖਿਆ ਸੀ। ਉਹਨਾਂ ਨੇ, ਕੁਝ ਕੰਮ ਪੂਰੇ ਕਰਨ ਲਈ, ਉਹਨਾਂ ਲਈ ਚਾਹੀਦੀ ਰਕਮ ਲਿਖੀ ਹੋਈ ਸੀ ਅਤੇ ਅਕਾਊਂਟ ਨੰਬਰ ਜਮਾਂ ਕਰਾਉਣ ਲਈ ਦਾਨ ਦੀ ਬੇਨਤੀ ਕੀਤੀ ਹੋਈ ਸੀ। ਮੈਮਨ ਸੇਠਾਂ ਅਤੇ ਉਹਨਾਂ ਦੇ ਗ਼ਰੀਬ ਲੋਕਾਂ ਵਿਚੋਂ ਕਠਪੁਤਲੀਆਂ ਬਣ ਕੇ ਇਕ ਨਾਹਰਾ ਚਲਾ ਦਿੱਤਾ, "ਇਹ

ਬਹੁਤ ਨੀਚ ਆਦਮੀ ਪੈਦਾ ਹੋਇਆ ਹੈ। ਇਹ ਜ਼ਰੂਰਤਮੰਦਾਂ ਦੀਆਂ ਜੇਬਾਂ ਕੱਟਣਾ ਚਾਹੁੰਦਾ ਹੈ, ਅਤੇ ਉਹਨਾਂ ਨੂੰ ਸੇਠਾਂ ਕੋਲੋਂ ਮਦਦ ਲਈ ਜਾਣ ਦੀ ਨਿੰਦਾ ਕਰਦਾ ਹੈ। ਸੇਠ ਗ਼ਰੀਬਾਂ ਦੀ ਖੱਲ ਲਾਉਣ ਨੂੰ ਬੁਰਾ ਨਹੀਂ ਸਮਝਦੇ, ਉਹ ਥੋੜ੍ਹੀ ਜਿਹੀ ਰਕਮ ਜੋ ਤੁਹਾਡੇ ਬੱਚਿਆਂ ਨੂੰ ਖਵਾਉਣ ਲਈ ਦਿੱਤੀ ਜਾਂਦੀ ਹੈ, ਉਸ ਵਿਚੋਂ ਵਪਾਰ ਨਹੀਂ ਕਰਨਾ ਚਾਹੁੰਦੇ। ਹੁਸ਼ਿਆਰ ਰਹੋ, ਹੁਸ਼ਿਆਰ ਰਹੋ।” ਇਸ ਤਰ੍ਹਾਂ ਦੇ ਇਲਜ਼ਾਮ ਦੂਰ-ਦੂਰ ਤਕ ਫੈਲਾਏ ਗਏ। ਉਦੋਂ ਤਕ ਜਦੋਂ ਤਕ ਇਲਾਕੇ ਵਿਚ ਰਹਿਣ ਵਾਲੇ ਹਰ ਆਦਮੀ ਨੂੰ ਇਸ ਦੀ ਸੂਚਨਾ ਨਾ ਦੇ ਦਿੱਤੀ ਗਈ।

ਮੇਰੇ ਲਈ ਇਹ ਫਜ਼ੂਲ ਖ਼ਰਚੀ ਦੀ ਇਕ ਢੁੱਕਵੀਂ ਮਿਸਾਲ ਸੀ। ਕਦੇ ਇਰਾਦੇ ਵੀ ਪ੍ਰਚਾਰ ਨਾਲ ਬਦਲਦੇ ਹਨ ? ਮੈਂ ਆਪਣੇ ਪ੍ਰੇਸ਼ਾਨ ਮਦਦਗਾਰਾਂ ਨੂੰ ਠੰਡਿਆਂ ਕੀਤਾ ਅਤੇ ਉਹਨਾਂ ਨੂੰ ਦੱਸਿਆ, “ਬੁਰੇ ਪ੍ਰਚਾਰ ਨਾਲ ਹੋਣ ਵਾਲਾ ਨੁਕਸਾਨ, ਥੋੜ੍ਹੇ ਸਮੇਂ ਲਈ ਹੁੰਦਾ ਹੈ। ਉਹ ਗ਼ਲਤ ਫਹਿਮੀਆਂ ਪੈਦਾ ਕਰ ਸਕਦੇ ਹਨ, ਪਰ ਉਹ ਲਗਾਤਾਰ ਰਹਿ ਨਹੀਂ ਸਕਦੀਆਂ।” ਸੇਠਾਂ ਨੇ ਵੀ ਉਹ ਸੰਭਾਲ ਲਈਆਂ ਪਰ ਹਾਂ, ਇਹ ਗ਼ਲਤ ਫਹਿਮੀਆਂ ਬਹੁਤ ਗੰਭੀਰ ਸਨ, ਪਰ ਮੇਰੇ ਕੋਲ ਜੀਵਨ ਦਾ ਸਮਾਂ ਸੀ, ਜਿਸ ਨਾਲ ਮੈਂ ਉਹਨਾਂ ਨੂੰ ਝੁਠਲਾ ਸਕਦਾ ਸਾਂ। ਉਹ ਕਹਿੰਦੇ ਸਨ, “ਉਹ ਤੁਹਾਡੇ ਪੈਸੇ ਆਪਣੇ ਆਪ ’ਤੇ ਖ਼ਰਚ ਲਵੇਗਾ ਅਤੇ ਚੋਰੀ ਕੀਤੇ ਦਾਨ ਨਾਲ ਆਪ ਐਸ਼ ਕਰੇਗਾ। ਅਸੀਂ ਕਿਸ ਤਰ੍ਹਾਂ ਜਾਣ ਸਕਦੇ ਹਾਂ ਕਿ ਉਸ ਕੋਲ ਕੀ ਕੁਝ ਹੈ।” ਮੈਂ ਜਾਣਦਾ ਸਾਂ ਇਸ ਤਰ੍ਹਾਂ ਦੇ ਇਲਜ਼ਾਮ ਆਪ ਹੀ ਖ਼ਤਮ ਹੋ ਜਾਣਗੇ।

ਉਹਨਾਂ ਦੇ ਇਲਜ਼ਾਮਾਂ ਨਾਲ ਮੈਨੂੰ ਜੁਵਾਬ ਮਿਲ ਗਿਆ। ਇਸ ਵਿਚ ਮੈਨੂੰ ਕੋਈ ਸ਼ੱਕ ਨਹੀਂ ਸੀ ਕਿ ਸੱਚਾਈ ਕੋਈ ਹਾਰ ਨਹੀਂ ਜਾਣਦੀ, ਅਤੇ ਇਸ ਲਈ, ਇਸ ਪੱਕੇ ਵਿਸ਼ਵਾਸ ਨਾਲ, ਮੈਂ ਉਸ ਰਸਤੇ ’ਤੇ ਤੁਰ ਪਿਆ, ਜਿਹੜਾ ਉਹਨਾਂ ਮੇਰੇ ਲਈ ਨਿਰਧਾਰਤ ਕੀਤਾ ਸੀ, ਉਹਨਾਂ ਦੇ ਇਲਜ਼ਾਮਾਂ ਦਾ ਵਿਰੋਧ ਠੀਕ ਕੰਮਾਂ ਨਾਲ ਹੋਇਆਂ, ਤਾਂ ਕਿ ਨੁਕਸਾਨ ’ਤੇ ਕਾਬੂ ਪਾਇਆ ਜਾ ਸਕੇ। ਦੁਨੀਆਂ ਨੂੰ ਬਦਲ ਦੇਣ ਦਾ ਮੇਰਾ ਉਦੇਸ਼ ਸੀ, ਇਹ ਬਿਲਕੁਲ ਇਕ ਛੋਟਾ ਜਿਹਾ ਸਮਾਜ ਸੀ।

ਉਹਨਾਂ ਤੋਂ ਮੈਂ ਇਹ ਗੱਲ ਹਾਸਿਲ ਕੀਤੀ ਕਿ ਦਾਨ ਵਿਚ ਵਿਸ਼ਵਾਸ ਬਣਾਉਣ ਲਈ ਅਤੇ ਆਪ ਲਾਲਚ ਦੇ ਸ਼ੱਕ ਮਿਟਾਉਣ ਲਈ ਆਪਣੇ ਆਪ ਨੂੰ ਠੀਕ ਰੱਖਣਾ ਬਹੁਤ ਜ਼ਰੂਰੀ ਹੈ। ਕੋਈ ਵੀ ਚੀਜ਼ ਜੋ ਕਲਿਆਣ ਨਾਲ ਸੰਬੰਧਿਤ ਨਹੀਂ ਉਹ ਨਹੀਂ ਹੋਣੀ ਚਾਹੀਦੀ, ਇਥੋਂ ਤਕ ਕਿ ਟਰਾਂਜਿਸਟਰ ’ਤੇ ਜਿਹੜੇ ਮੈਂ ਗਾਣੇ ਸੁਣਦਾ ਸਾਂ ਉਹ ਵੀ ਬੰਦ ਕਰ ਦਿੱਤੇ। “ਇਹ ਤੁਹਾਡਾ ਵਿਸ਼ਾ ਨਹੀਂ” ਮੈਂ ਆਪਣੇ ਆਪ ਨੂੰ ਕਿਹਾ, “ਆਪਣੇ ਆਪ ਨੂੰ ਇਕ ਮਿੰਟ ਵਾਸਤੇ ਵੀ ਨਾ ਗਵਾਉ।” ਮੈਂ ਆਪ ਇਸ ਗੱਲ ਨੂੰ ਹਰ ਵਕਤ ਦੁਹਰਾਉਂਦਾ ਰਹਿੰਦਾ, “ਹਰ ਪੱਲ ਨੂੰ ਭਵਿੱਖ ਦੇ ਦੂਰ ਦੇ ਉਦੇਸ਼ ਲਈ ਨਿਵੇਸ਼ ਕਰਨਾ ਚਾਹੀਦਾ ਹੈ।” ਸੋਚਾਂ

ਆਉਂਦੀਆਂ ਰਹੀਆਂ : "ਦੁਨੀਆਂ ਨੂੰ ਆਪਣੀ ਜਿੰਦਗੀ ਦੇ ਢੰਗ ਨਾਲ ਬਦਲੋ, ਇਕ ਦਿਨ ਇਹ ਲੋਕਾਂ ਦੀ ਦਿਸ਼ਾ ਬਦਲ ਦੇਵੇਗੀ।" ਮੇਰੀਆਂ ਸਾਰੀਆਂ ਕਾਰਵਾਈਆਂ ਵਿਚ ਇਹੋ ਗੂੰਜਾਂ ਵਾਰ-ਵਾਰ ਮੇਰਾ ਪਿੱਛਾ ਕਰਦੀਆਂ ਰਹੀਆਂ, "ਦੁਸ਼ਮਣ ਨੂੰ ਆਪਣੀ ਜਾਤੀ ਮਿਸਾਲ ਦੀ ਸ਼ਕਤੀ ਨਾਲ ਨਕਾਰਾ ਕਰ ਦਿਉ, ਇਸ ਨੂੰ ਲੋਕਾਂ ਦੇ ਹਿੱਤ ਵਿਚ ਬਦਲ ਦਿਉ ਅਤੇ ਲੋਕਾਂ ਵਿਚ ਖੜੇ ਹੋ ਜਾਉ ਅਤੇ ਉਹਨਾਂ ਲਈ ਜਿੱਤ ਦਾ ਦਾਅਵਾ ਕਰੋ। ਇਹ ਕੰਮ ਬਹੁਤ ਵੱਡਾ ਹੈ, ਤੁਰਦੇ ਜਾ ਰਹੇ ਸੈਕਿੰਡਾਂ ਨੂੰ ਵੀ ਬਚਾਉ, ਜਿਸ ਤਰ੍ਹਾਂ ਵਪਾਰੀ ਪੈਸੇ ਨੂੰ ਬਚਾਉਂਦਾ ਹੈ। ਛੋਟੀਆਂ ਸ਼ੁਰੂਆਤਾਂ ਤੋਂ ਸ਼ੁਰੂ ਕਰਨ ਦਾ ਢੰਗ ਅਪਨਾਉ, ਉਹ ਹੈਰਾਨੀ ਕਰ ਦੇਣ ਵਾਲੇ ਸਬਕ ਜੋ ਮੈਂ ਗਲੀ ਵਿਚ ਹੋਕਾ ਦਿੰਦੇ ਹੋਏ ਸਿੱਖੇ ਸਨ। ਥੱਲੇ ਤੋਂ, ਆਪਣੇ ਆਪ ਤੋਂ, ਥੱਲੇ, ਥੱਲੇ, ਬਿਲਕੁਲ ਥੱਲੇ, ਆਪਣੀ ਡੂੰਘਾਈ ਤੋਂ ਵੀ ਡੂੰਘੇ ਤੇ ਫਿਰ ਕਦਮ, ਕਦਮ ਕਰਕੇ ਉਪਰ ਨੂੰ ਚੜ੍ਹੋ, ਅਤੇ ਧਰਤੀ 'ਤੇ ਫੈਲ ਜਾਉ। ਤੁਹਾਡੇ ਵਿਚ ਇਹ ਹਿੰਮਤ ਹੈ, ਰਸਤੇ ਵਿਚ ਗਿਆਨ ਹੈ, ਗਲੀਆਂ ਵਿਚ ਮੁੱਦੇ ਅਤੇ ਉਹਨਾਂ ਦੇ ਹੱਲ ਹਨ। ਗਲੀਆਂ ਵਿਚ ਚਲੋ, ਉਹਨਾਂ 'ਤੇ ਰਹੋ ਅਤੇ ਉਹਨਾਂ ਨਾਲ ਵੱਧਣ ਦਾ ਉਦੇਸ਼ ਰੱਖੋ।"

ਆਪਣੇ ਦਾਦੇ ਦੀ ਤਰ੍ਹਾਂ, ਮੈਂ ਵੀ ਉਹਨਾਂ ਚੀਜ਼ਾਂ ਨੂੰ ਪਸੰਦ ਨਹੀਂ ਸਾਂ ਕਰਦਾ, ਜਿਹੜੀਆਂ ਮੇਰੀ ਜਿੰਦਗੀ ਵਿਚ ਵਾਧੂ ਆ ਜਾਂਦੀਆਂ ਸਨ। ਮੈਂ ਆਪਣੀਆਂ ਹਰੀ, ਲਾਲ, ਅਤੇ ਨੀਲੀਆਂ ਕਮੀਜ਼ਾਂ ਜਿਨ੍ਹਾਂ ਨੂੰ ਮੇਰੀ ਮਾਂ ਨੇ ਇੰਨੇ ਪਿਆਰ ਨਾਲ ਸੀਤਾ ਸੀ, ਹਟਾ ਦਿੱਤੀਆਂ ਅਤੇ ਗਲੀ ਵਿਚ ਇਕ ਆਦਮੀ ਨੂੰ ਦੇ ਦਿੱਤੀਆਂ। ਇਸ ਨੁਕਸਾਨ ਦੀ ਮੈਨੂੰ ਕੋਈ ਉਦਾਸੀ ਨਹੀਂ ਸੀ, ਇਹ ਇਕ ਲਾਭਦਾਇਕ ਵਟਾਂਦਰਾ ਸੀ। ਮੈਂ ਆਪਣੇ ਆਪ ਲਈ ਚੁਣੀ ਹੋਈ ਫੌਲਾਦੀ ਭੂਰੇ ਰੰਗ ਦੀ ਟਰੇਡ ਮਾਰਕ ਵਾਲੀ ਕਮੀਜ਼ ਪਹਿਨ ਲਈ ਤੇ ਨਾਗਰਿਕਾਂ ਦੀ ਸੈਨਾ ਵਾਲਾ ਸੂਟ ਪਾ ਲਿਆ ਅਤੇ ਆਮ ਆਦਮੀਆਂ ਵਿਚ ਖਲੋ ਗਿਆ। ਮੇਰੀ ਗਰਮੀ ਅਤੇ ਸਰਦੀ ਵਿਚ ਰਹਿਣ ਦੀ ਸ਼ਕਤੀ ਮੇਰੇ ਅੰਦਰ ਦੀ ਗਰਮੀ ਤੋਂ ਮਿਲੀ ਸੀ, ਮੈਂ ਨਾ ਕਦੀ ਬਹੁਤ ਗਰਮੀ, ਨਾ ਹੀ ਬਹੁਤੀ ਸਰਦੀ ਮਹਿਸੂਸ ਕਰਦਾ ਸਾਂ। ਜਿਹੜੀ ਰੋਟੀ ਮੈਂ ਆਪਣੇ ਕਮਰੇ ਵਿਚ ਬਣਾਉਂਦਾ ਸਾਂ ਉਹ ਕਈ ਦਿਨ ਚਲਦੀ ਰਹਿੰਦੀ, ਮੈਂ ਤਾਂ ਸਗੋਂ ਖਾਣ ਤੋਂ ਪਹਿਲਾਂ ਉਸ ਦੀ ਹਾਲਤ ਵੀ ਨਹੀਂ ਸਾਂ ਵੇਖਦਾ। ਬਨਾਉਟੀ ਸੰਭਾਲ ਅਤੇ ਕੰਟਰੋਲ ਵਿਚ ਕੀਤਾ ਤਾਪਮਾਨ, ਇਸ ਤੋਂ ਇਲਾਵਾ ਕਿ ਉਹ ਮਾਲਕਾਂ ਤੋਂ ਗੁਲਾਮ ਬਣਾ ਦਿੰਦਾ ਹੈ, ਉਹ ਸੁਸਤੀ, ਨਿਰਭਰਤਾ ਅਤੇ ਬੇਅਰਾਮੀ ਵੀ ਪੈਦਾ ਕਰਦਾ ਹੈ, ਜਦੋਂ ਉਹ ਸਹੂਲਤਾਂ ਨਹੀਂ ਮਿਲਦੀਆਂ। ਉਹ ਚੀਜ਼ਾਂ ਜਿਨ੍ਹਾਂ ਦੀ ਆਦਤ ਬਣ ਜਾਵੇ, ਉਹਨਾਂ ਨੂੰ ਨਕਾਰਣ ਨਾਲ ਮੈਂ ਜਿਸ ਤਰਫ ਦੁਨੀਆਂ ਜਾ ਰਹੀ ਸੀ, ਉਸ ਦਿਸ਼ਾ ਤੋਂ ਹੋਰ ਦੂਰ ਚਲਿਆ ਗਿਆ। ਇਹ ਵੀ ਮੇਰੀ ਚੋਣ ਕਰਕੇ ਸੀ। ਉਸ ਵਿਚ ਕੋਈ ਬੇਅਰਾਮੀ ਨਹੀਂ ਸੀ, ਜਦੋਂ ਕੋਈ ਵਿਰੋਧਤਾਈ ਨਾ ਹੋਵੇ।

ਅਪਹਰਣ ਕਰਨਾ ਇਸ ਲਾਸ਼ ਦਾ ਮਾਰਗ ਦਰਸ਼ਨ ਸਿਧਾਂਤ ਨਹੀਂ, ਮੈਂ ਇਸ ਨੂੰ ਪ੍ਰਬੰਧਕੀ ਜ਼ਰੂਰਤ ਸਮਝ ਕੇ ਇਸ ਨੂੰ ਬੇਭਰੋਸੇ ਵਾਲੇ ਵਾਤਾਵਰਣ ਵਿਚ ਅਪਨਾਇਆ ਹੈ। ਇਹ ਇਕ ਸੋਚ ਸਮਝ ਕੇ ਲਿਆ ਗਿਆ ਫੈਸਲਾ ਸੀ, ਜੋ ਲੜਾਈ ਲਈ ਹਥਿਆਰ ਸੀ, ਜੋ ਉਹਨਾਂ ਹਮਲਾ ਕਰਨ ਵਾਲੇ ਦੁਸ਼ਮਣਾਂ ਨੂੰ ਹਰਾ ਦੇਵੇਗਾ। ਮੈਂ ਧਨ ਦੌਲਤ ਦੀ ਇੱਛਾ ਨੂੰ ਪਹਿਲੀ ਜਗ੍ਹਾ 'ਤੇ ਨਹੀਂ ਰੱਖਦਾ, ਸਿਰਫ ਇਸ ਨੂੰ ਅਸਾਨ ਬਣਾਉਂਦਾ ਸਾਂ।

ਮੈਂ ਆਪਣੇ ਥੋੜ੍ਹੇ ਜਿਹੇ ਮਦਦਗਾਰਾਂ ਸਾਹਮਣੇ ਘੋਸ਼ਣਾਂ ਕੀਤੀ, "ਇਸ ਦਿਨ ਤੋਂ ਬਾਅਦ ਇਸ ਵਿਚ ਕੋਈ ਫਰਕ ਨਹੀਂ ਕਿ ਮੈਂ ਕੀ ਹਾਂ ਅਤੇ ਲੋਕ ਕੀ ਵੇਖਦੇ ਹਨ। ਮੇਰੇ 'ਤੇ ਕੋਈ ਖ਼ਰਚ ਨਹੀ ਹੋਵੇਗਾ, ਅਤੇ ਇਸ ਲਈ ਕੋਈ ਵਿਰੋਧਤਾ ਨਹੀਂ ਹੋਵੇਗੀ। ਮੇਰਾ ਘਰ ਖੁਲ੍ਹਾ ਰਹੇਗਾ, ਮੇਰੀ ਜ਼ਿੰਦਗੀ ਲੋਕਾਂ ਦੀ ਜ਼ਿੰਦਗੀ ਹੋਵੇਗੀ।" ਹੋਰ ਕੰਮਾਂ ਲਈ ਸਮਾਂ ਨਹੀਂ ਕੱਢਿਆ ਜਾਂਦਾ ਸੀ ਅਤੇ ਮੈਂ ਆਪਣੇ ਆਪ ਨੂੰ ਪੂਰੀ ਤਰ੍ਹਾਂ ਸਮਰਪਨ ਕਰਦਾ ਸਾਂ, ਕੁਝ ਵੀ ਪਿੱਛੇ ਨਹੀਂ ਰੱਖਦਾ, ਆਦਮੀ ਲਈ ਕੁਝ ਵੀ ਨਹੀਂ.....ਈਦੀ।

ਮੇਰੇ ਇਲਾਕੇ ਦੇ ਲੋਕ ਮੇਰੀ ਉਭਰਨ ਦੀ ਸ਼ਕਤੀ ਉੱਤੇ ਈਰਖਾ ਕਰਦੇ ਸਨ। ਮੈਂ ਉਹਨਾਂ ਨੂੰ ਆਪਣੇ ਨਜ਼ਦੀਕ ਆਉਂਦਿਆਂ ਮਹਿਸੂਸ ਕੀਤਾ ਅਤੇ ਆਪਣੇ ਮਦਦਗਾਰਾਂ ਨੂੰ ਸ਼ਾਂਤ ਕੀਤਾ, "ਉਹ ਇਹ ਸਮਝਣ ਤੋਂ ਅਸਮਰਥ ਹਨ ਕਿ ਮੇਰੇ ਪਿਆਰ ਦੀ ਪ੍ਰੇਰਣਾ ਉਹਨਾਂ ਦੀ ਨਫਰਤ ਤੋਂ ਬਹੁਤ ਜ਼ਿਆਦਾ ਤਾਕਤਵਰ ਹੈ, ਸਗੋਂ ਨਫਰਤ ਵੀ ਸੱਚ ਦੀ ਤਾਕਤ ਨਾਲ ਹੁੰਦੀ ਹੈ। ਨਹੀਂ ਤਾਂ ਉਹ ਖਿੰਡ ਜਾਂਦੀ ਹੈ ਅਤੇ ਗੁੱਸੇ ਦੇ ਕਮਜ਼ੋਰ ਦੌਰੇ ਵਾਂਗ ਡਿੱਗ ਪੈਂਦੀ ਹੈ। ਇਹ ਦੋ ਤਰ੍ਹਾਂ ਦੇ ਜ਼ਜ਼ਬਾਤਾਂ ਦਾ ਅਸੰਤੁਲਨ ਹੈ, ਜੋ ਅੱਗੇ ਆ ਜਾਂਦੇ ਹਨ। ਮੈਂ ਇਕ ਭਾਵਨਾ ਨਾਲ ਉਹਨਾਂ ਨੂੰ ਪਿਆਰ ਕਰਦਾ ਹਾਂ, ਜਿਸ ਨੂੰ ਉਹ ਬਰਾਬਰ ਕਰਨ ਦੇ ਯੋਗ ਨਹੀਂ।"

ਮੇਰੇ ਮਜ਼ਬੂਤ ਦਿਲ ਨੇ, ਸੱਚ ਨੂੰ ਉਹਨਾਂ ਦੇ ਝੂਠੇ ਅਤੇ ਮੇਰੇ ਅਕਸ ਨੂੰ ਖ਼ਰਾਬ ਕਰਨ ਵਾਲਿਆਂ ਦੇ ਸਾਹਮਣੇ ਪੈਦਾ ਕਰ ਦਿੱਤਾ ਸੀ। ਸੁਰੱਖਿਆ ਨਾਲ ਸਾਦਗੀ, ਇਕ ਅਜੀਬ ਸਮਝ ਅਤੇ ਮੇਰੀ ਤੀਬਰ ਬੁੱਧੀ ਨੇ ਦੁਸ਼ਮਣ ਨੂੰ ਕਮਜ਼ੋਰ ਕਰ ਦਿੱਤਾ ਸੀ, ਉਹ ਮੈਨੂੰ ਵੇਖਦੇ ਅਤੇ ਨਾ ਵੇਖਦੇ, ਮੈਂ ਆਪਣੀ ਸਾਧਾਰਨ ਸੋਚ ਦੀ ਤਾਕਤ ਜੋ ਉੱਚੀ ਤਾਕਤ ਵਾਲੀ ਚਾਲ ਤੋਂ ਉਪਰ ਸੀ, ਉਸ ਲਈ ਖੁਸ਼ ਅਤੇ ਹੈਰਾਨ ਸਾਂ। ਛੇਤੀ ਤੋਂ ਛੇਤੀ ਮੇਰੀ ਪ੍ਰਤਿਕ੍ਰਿਆ ਦੇ ਲੋੜੀਂਦੇ ਮਾਨਸਿਕ ਪ੍ਰਭਾਵ ਪੈਣ ਲੱਗ ਪਏ। ਉਹ ਆਦਮੀ ਜਿਸ ਕੋਲ ਕੱਪੜਿਆਂ ਦੇ ਦੋ ਜੋੜੇ ਹਨ, ਜਿਸ ਦਾ ਕੋਈ ਘਰ ਨਹੀਂ, ਜਿਸ ਨੇ ਆਰਾਮ ਛੱਡ ਦਿੱਤਾ ਸੀ, ਥੋੜ੍ਹਾ ਜਿਹਾ ਖਾਣਾ ਖਾਂਦਾ ਸੀ, ਕਿਸ ਲਈ ਪੈਸਾ ਚਾਹੁੰਦਾ ਸੀ ? ਮੈਂ ਉਹਨਾਂ ਦੇ ਇਲਜ਼ਾਮ ਦੇ ਵਿਰੁੱਧ ਇਕ ਸਵਾਲ ਉਛਾਲ ਦਿੱਤਾ ਅਤੇ, "ਈਦੀ ਆਪਣੇ ਲਈ ਕੁਝ ਵੀ ਨਹੀਂ ਚਾਹੁੰਦਾ।" ਵਾਪਸ ਗੱਲ ਗੂੰਜਾ ਦਿੱਤੀ।

1957 ਵਿਚ ਹਜ਼ਾਰਾਂ ਲੋਕ ਹਾਂਗਕਾਂਗ ਫਲੂ ਦੀ ਮਹਾਂਮਾਰੀ ਨਾਲ ਬਿਮਾਰ ਹੋ ਗਏ ਤੇ ਸੈਂਕੜੇ ਮਰ ਗਏ। ਮੈਂ ਇਸ ਮੁਸੀਬਤ ਵਿਚ ਆਪਣੇ ਆਪ ਦੇ ਕੁੱਦਣ ਦਾ ਫੈਸਲਾ ਕੀਤਾ। ਇਹ ਮੇਰਾ ਸਭ ਤੋਂ ਪਹਿਲਾ ਵਿੱਤੀ ਜੋਖ਼ਮ ਸੀ ਅਤੇ ਇਸ ਨੂੰ ਮੈਂ ਆਪਣੇ ਸਾਥੀਆਂ ਦੀਆਂ ਚਿੱਤਾਵਨੀਆਂ ਦੇ ਖਿਲਾਫ ਉਠਾਇਆ ਸੀ।

ਮੈਂ ਤੰਬੂ ਕਿਰਾਏ 'ਤੇ ਲੈ ਲਏ ਅਤੇ ਸਾਰੇ ਸ਼ਹਿਰ ਵਿਚ ਕੈਂਪ ਲਾ ਦਿੱਤੇ। ਇੱਕਲੇ ਮਲੀਰ ਵਿਚ ਹੀ ਜਿਥੇ ਜ਼ਿਅਦਾ ਵਸੋਂ ਨਹੀਂ ਸੀ ਰਹਿੰਦੀ, ਅਸੀਂ 13 ਕੈਂਪ ਲਾਏ। ਮੈਂ ਪਿਛਲੇ ਦੋ ਸਾਲਾਂ ਤੋਂ ਬਣਾਈ ਹੋਈ ਲਿਸਟ ਵਿਚੋਂ ਵਲੰਟੀਅਰ ਭਰਤੀ ਕੀਤੇ ਅਤੇ ਬਿਮਾਰੀ ਨਾਲ ਸੰਘਰਸ਼ ਅਤੇ ਉਸ ਉੱਤੇ ਕਾਬੂ ਪਾਉਣ ਲਈ ਕੈਂਪਾਂ ਵਿਚ ਬਚਾਅ ਦੇ ਟੀਕੇ ਅਤੇ ਦਵਾਈਆਂ ਨੂੰ ਜਮ੍ਹਾ ਕਰ ਲਿਆ। ਹਰ ਤੰਬੂ ਦੇ ਬਾਹਰ ਮੈਂ ਟੀਨ ਦਾ ਇਕ ਬਕਸਾ ਲਾ ਦਿੱਤਾ ਜਿਸ 'ਤੇ ਪੜ੍ਹਿਆ ਜਾਂਦਾ, "ਜੋ ਦੇ ਸਕਦੇ ਹੋ ਦਿਉ, ਜੇ ਨਹੀਂ ਦੇ ਸਕਦੇ ਹੋ ਤਾਂ ਨਾ ਦਿਉ।" ਭਾਵੇਂ ਸਾਰੇ ਹੀ ਕੈਂਪ ਮੁਫਤ ਸਨ, ਲੋਕਾਂ ਨੇ, ਜੋ ਕੁਝ ਵੀ ਦੇ ਸਕਦੇ ਸਨ, ਦਾਨ ਦਿੱਤਾ।

ਇਸ ਤਰ੍ਹਾਂ ਦੇ ਇਕ ਸਥਾਨ ਦੇ ਨਜ਼ਦੀਕ ਖਲੋਤਿਆਂ ਮੈਂ ਲੋਕਾਂ ਨੂੰ ਆਉਂਦਿਆਂ ਅਤੇ ਜਾਂਦਿਆਂ ਵੇਖਦਾ ਰਿਹਾ...... ਕਈਆਂ ਨੂੰ ਕੋਈ ਉਮੀਦ ਨਹੀਂ ਸੀ, ਕਈ ਪ੍ਰਮਾਤਮਾ ਦੀ ਮਿਹਰ ਨਾਲ ਠੀਕ ਹੋ ਗਏ ਸਨ। ਛੋਟੇ ਬੱਚਿਆਂ ਦੀਆਂ ਅੱਖਾਂ ਵਿਚੋਂ ਪਾਣੀ ਵਗ ਰਿਹਾ ਸੀ ਜੋ ਬੁਖਾਰ ਦੇ ਕਾਰਨ ਵਗਦਾ ਸੀ, ਉਹ ਚਿੱਲਾ ਰਹੇ ਸਨ ਅਤੇ ਮਾਵਾਂ ਉਹਨਾਂ ਦੇ ਵਗ ਰਹੇ ਨੱਕਾਂ ਨੂੰ ਆਪਣੇ ਪੁਰਾਣੇ ਸ਼ਾਲ ਨਾਲ ਸਾਫ ਕਰਦੀਆਂ, ਆਪ ਵੀ ਖੰਘ ਰਹੀਆਂ ਸਨ ਅਤੇ ਉਹਨਾਂ ਦੇ ਨੱਕਾਂ ਵਿਚੋਂ ਪਾਣੀ ਬੁਰੀ ਤਰ੍ਹਾਂ ਵਗ ਰਿਹਾ ਸੀ। ਬਜ਼ੁਰਗ ਛਾਂ ਥੱਲੇ ਲੰਮੇ ਪਏ ਹੋਏ ਕਰਾਹ ਰਹੇ ਸਨ, ਜਿਸ ਤਰ੍ਹਾਂ ਉਥੇ ਰਹਿਣ ਨਾਲ ਉਹਨਾਂ ਦੀ ਹਾਲਤ ਬਦਲ ਜਾਵੇਗੀ ਜਾਂ ਉਹਨਾਂ ਦੀ ਬੇਅਰਾਮੀ ਘੱਟ ਜਾਵੇਗੀ। ਕਈ ਦੇਰ ਨਾਲ ਇਲਾਜ ਹੋਣ ਕਰਕੇ ਮਰ ਗਏ, ਜਾਂ ਬਿਲਕੁਲ ਇਲਾਜ ਨਾ ਹੋਣ ਕਰਕੇ, ਪਰ ਕਈ ਬਚਾ ਲਏ ਗਏ।

ਲੋਕਾਂ ਨੇ ਮੈਨੂੰ ਲੱਭ ਲਿਆ, ਇਹ ਲੋਕਾਂ ਵਾਸਤੇ ਕੀਤੇ ਮੇਰੇ ਕੰਮ ਦੀ ਪਹਿਲੀ ਪਹਿਚਾਣ ਸੀ ਅਤੇ ਮੇਰੇ ਵਿਸ਼ਵਾਸ ਦਾ ਸਬੂਤ ਕਿ ਲਗਨ ਅਤੇ ਲੋਕ ਇਕ ਸਾਥ ਆਉਂਦੇ ਹਨ। ਇਸ ਤੋਂ ਛੇਤੀ ਹੀ ਬਾਅਦ ਅਸੀਂ ਪਹਿਲੀ ਵਾਰ ਪੈਸੇ ਦੀ ਤੰਗੀ ਨਾ ਵੇਖੀ, ਜਦੋਂ ਇਕ ਮੈਮਨ ਵਪਾਰੀ ਜਿਸ ਨੇ ਮੇਰੇ ਕੰਮ ਨੂੰ ਬੜੀ ਬਰੀਕੀ ਨਾਲ ਵੇਖਿਆ ਸੀ, ਉਸ ਨੇ ਸਾਡੀ ਡਿਸਪੈਂਸਰੀ ਲਈ ਵੀਹ ਹਜ਼ਾਰ ਰੁਪਏ ਦਾਨ ਦੇ ਦਿੱਤੇ। ਉਸ ਹੀ ਸ਼ਾਮ, ਮੈਂ ਸੱਤ ਹਜ਼ਾਰ ਦੀ ਇਕ ਪੁਰਾਣੀ ਹਿਲਮੈਨ ਵੈਨ ਖ਼ਰੀਦ ਲਈ। ਇਹ ਛੋਟੀ ਜਿਹੀ ਸ਼ੁਰੂਆਤ ਸੀ। ਚਿੱਬਾਂ ਪਈ ਹੋਈ ਇਕ ਨੀਲੀ ਕਾਰ ਜਿਸ ਦੇ ਥਾਂ-ਥਾਂ 'ਤੇ ਪੇਂਟ ਲੱਥੀ ਹੋਈ ਸੀ, ਉਸ ਨੂੰ ਡਿਸਪੈਂਸਰੀ ਦੇ ਬਾਹਰ ਪਾਰਕ ਕਰ ਦਿੱਤਾ ਅਤੇ ਉਸ ਨੂੰ ਸਾਫ ਕਰਕੇ ਇਕ ਸਾਥੀ ਦੀ ਨਿਗਰਾਨੀ ਹੇਠ ਪਾਲਿਸ਼ ਕੀਤਾ। ਅਸੀਂ ਇਸ ਦੀ

ਬੱਾਡੀ ਥੱਲੇ ਰਖਣ ਲਈ ਅਤੇ ਇਸ ਦੇ ਕਾਬਲੇ ਤੇ ਬੋਲਟ ਸਾਰੇ ਚੈੱਕ ਕੀਤੇ, ਇਸ ਦੇ ਖੁੱਲੇ ਬੋਨਟ ਵਿਚ ਸਾਡੇ ਸਿਰ ਆ ਜਾਂਦੇ ਸਨ, ਅਸਾਂ ਇਸ ਦੀ ਜਾਂਚ ਕੀਤੀ ਅਤੇ ਇਸ ਦੀਆਂ ਤਾਰਾਂ ਅਤੇ ਹਿੱਸਿਆਂ ਦੀ ਅਧਿਐਨ ਕੀਤਾ, ਫਿਰ ਮੈਂ ਇਸ ਨੂੰ ਚਲਾਣਾ ਸਿੱਖਿਆ। ਪੇਂਟ ਦੇ ਕੰਮ ਨੂੰ ਕਦੇ ਹੱਥ ਨਾ ਲਾਇਆ, ਮੇਰੇ ਦੋਸਤ ਨੇ ਇਸ ਦੇ ਦੋਵਾਂ ਪਾਸਿਆਂ ’ਤੇ ‘ਗ਼ਰੀਬ ਆਦਮੀ ਦੀ ਵੈਨ’ ਲਿੱਖ ਦਿੱਤਾ।

ਇਸ ਤਰ੍ਹਾਂ ਮੈਨੂੰ ਗੱਡੀ ਮਿਲੀ ਜਿਸ ਬਾਰੇ ਮੈਂ ਬੰਨਟਵਾ ਵਿਚ ਸੋਚਿਆ ਸੀ ਅਤੇ ਪ੍ਰਾਪਤ ਕਰਨ ਦੀ ਕੋਸ਼ਿਸ਼ ਕੀਤੀ ਸੀ। ਫਿਰ ਮੈਂ ਤੇਜ ਰਫਤਾਰ ਨਾਲ ਚਲ ਪਿਆ। ਹੁਣ ਮੈਂ ਆਪਣੀਆਂ ਪਿਛਲੀਆਂ ਰੁਕਾਵਟਾਂ ਤੋੜ ਦਿੱਤੀਆਂ ਅਤੇ ਆਪਣੇ ਕਾਬੂ ਵਿਚ ਹੀ ਰਫਤਾਰ ’ਤੇ ਤੇਜੀ ਨਾਲ ਦਬਾਅ ਪਾਉਂਦਾ ਰਿਹਾ, ਕਈ ਵਾਰ ਇਸ ਨੂੰ ਘਟਾਉਂਦਾ, ਪਰ ਹਰ ਵਕਤ ਕਾਬੂ ਵਿਚ ਅਤੇ ਹਰ ਵਕਤ ਚਲਦਾ ਰਹਿੰਦਾ। ਇਸ ਸਮੇਂ ਸਿੰਧ ਪ੍ਰਾਂਤ ਵਿਚ ਸਿਰਫ 5 ਐਂਬੂਲੈਂਸਾਂ ਸਨ ਅਤੇ ਉਹਨਾਂ ਨੂੰ ਪਹਿਲਾਂ ਬੁਕ ਕਰਾਉਣਾ ਪੈਂਦਾ ਸੀ..... ਇਕ ਅਜੀਬ ਸਥਿਤੀ ਵਾਲੀ ਹਾਲਤ ਇਕ ਵੱਡੀ ਆਬਾਦੀ ਨੂੰ ਦੇ ਰਹੀ ਸਹੂਲਤ ਸੀ ਅਤੇ ਸਿਹਤ ਬਾਰੇ ਅਨਿਸ਼ਚਤਾ ਸੀ। ਵੈਨ ਦੀ ਮੰਗ ਦੀ ਜ਼ਰੂਰਤ ਉਸ ਦੇ ਲਗਾਤਾਰ ਵਰਤੋਂ ਕਰਨ ਨਾਲ ਸੀ। ਉਹ ਜਿਹੜੇ ਹੋਰ ਐਂਬੂਲੈਂਸ ਦਾ ਖ਼ਰਚ ਬਰਦਾਸ਼ਤ ਕਰ ਸਕਦੇ ਸਨ, ਹੋਰ ਸੇਵਾ ਨਾ ਮਿਲਣ ਦੀ ਹਾਲਤ ਵਿਚ ਮੈਨੂੰ ਵਰਤਦੇ ਸਨ। ਲੋਕੀਂ ਛੇਤੀ ਹੀ ਮੈਨੂੰ ਕਿਸੇ ਹੋਈ ਦੁਰਘੱਟਨਾ ਬਾਰੇ ਦੱਸਦੇ, ਇਥੋਂ ਤਕ ਕਿ ਪੁਲੀਸ ਨੇ ਵੀ ਮੇਰੀ ਮਦਦ ਲੈਣੀ ਸ਼ੁਰੂ ਕਰ ਦਿੱਤੀ। ਮੈਂ ਕਿਸੇ ਨੂੰ ਮਨਾਹ ਨਹੀਂ ਸੀ ਕੀਤਾ। ਕਈ ਵਾਰ ਮੈਥੋਂ ਦੇਰੀ ਹੋ ਜਾਂਦੀ, ਪਰ ਮੈਂ ਹਮੇਸ਼ਾਂ ਉੱਥੇ ਹੁੰਦਾ ਅਤੇ ਮੇਰੀ ਇੱਕਲੀ ਐਂਬੂਲੈਂਸ ਦੀ ਸੇਵਾ ਬਹੁਤ ਹੀ ਕੀਮਤੀ ਜਿੰਦਗੀ ਬਚਾਉਣ ਵਾਲੀ ਸੇਵਾ ਪ੍ਰਦਾਨ ਕਰਦੀ, ਉਸ ਵੇਲੇ ਜਦੋਂ ਕੋਈ ਹੋਰ ਸੇਵਾ ਨਹੀਂ ਸੀ ਮਿਲਦੀ।

ਇਨ੍ਹਾਂ ਥਾਵਾਂ ’ਤੇ ਜਾਣ ਦੇ ਵਿਚਲੇ ਸਮੇਂ ’ਤੇ ਮੈਂ ਡਿਸਪੈਂਸਰੀ ’ਤੇ ਕੰਮ ਕਰਦਾ, ਕਿਸੇ ਦੀ ਅਯੋਗਤਾ ’ਤੇ ਚਿੱਲਾਉਂਦਾ, ਹਿਸਾਬ ਚੈੱਕ ਕਰਦਾ, ਦਵਾਈਆਂ ਦੀ ਲਿਸਟ ਬਣਾਉਂਦਾ, ਟੀਕੇ ਲਾਉਂਦਾ..... ਫਿਰ ਮੈਂ ਦੁਬਾਰਾ ਵਿਹਲਾ ਹੋ ਜਾਂਦਾ; ਮੈਂ ਕਿਸੇ ਨੂੰ ਲੈ ਕੇ ਹਸਪਤਾਲ ਚਲਾ ਜਾਂਦਾ ਜਾਂ ਕਿਸੇ ਲਾਸ਼ ਨੂੰ ਦਫਨਾਉਣ ਲਈ ਲੈ ਜਾਂਦਾ। ਮੈਂ ਦੁਰਘੱਟਨਾਵਾਂ ਦੀ ਜਗ੍ਹਾ ’ਤੇ ਪਹੁੰਚ ਜਾਂਦਾ, ਲਾਸ਼ ਨੂੰ ਲੈ ਕੇ ਪੁਲਿਸ ਸਟੇਸ਼ਨ ਪਹੁੰਚਦਾ, ਮੌਤ ਦੇ ਸਰਟੀਫਿਕੇਟ ਦੀ ਉਡੀਕ ਕਰਦਾ, ਅਤੇ ਜੇ ਕੋਈ ਵੀ ਉਸ ’ਤੇ ਦਾਅਵਾ ਨਾ ਕਰਦਾ, ਤਾਂ ਮੈਂ ਕਰਦਾ। ਕਿਉਂ ਜੋ ਮੈਂ ਪੁਰਾਣੀ ਵੈਨ ਹੋਣ ਕਰਕੇ ਕਿਸੇ ਹੋਰ ’ਤੇ ਵਿਸ਼ਵਾਸ ਨਹੀਂ ਸਾਂ ਕਰਦਾ। ਮੇਰਾ ਸਿਰ ਇੰਨਾਂ ਜ਼ਿਆਦਾ ਡਰਾਈਵਿੰਗ ਕਰਦੇ ਘੁੰਮ ਰਿਹਾ ਹੁੰਦਾ, ਪਰ ਮੈਂ ਕਦੀ ਇੰਨਾਂ ਥਕਿਆ ਹੋਇਆ ਨਹੀਂ ਸਾਂ ਹੁੰਦਾ ਕਿ ਖੜੇ ਹੋਣ ਦੀ ਜ਼ਰੂਰਤ ਸਮਝਾਂ।

ਕਈ ਵਾਰ, ਇਸ ਤਰ੍ਹਾਂ ਦੇ ਸਮਿਆਂ 'ਤੇ ਮੇਰੀਆਂ ਚੇਤਨਾਵਾਂ ਜਵਾਬ ਦੇ ਜਾਂਦੀਆਂ ਅਤੇ ਧੁੰਦਲੀਆਂ ਹੋ ਜਾਂਦੀਆਂ ਅਤੇ ਮੈਂ ਈਦੀ ਹੈਲੀਕਾਪਟਰਾਂ ਦਾ ਖਿਆਲ ਕਰਦਾ। ਇਹ ਇਕ ਅਜੀਬ ਸੁਪਨਾ ਸੀ, ਉਸ ਵਕਤ ਜਦੋਂ ਮੇਰੀ ਇੱਕਲੀ ਐਂਬੂਲੈਂਸ ਇੰਨੀ ਮਾੜੀ ਹਾਲਤ ਵਿਚ ਸੀ। ਇਹ ਵੀ ਇਕ ਬਹੁਤ ਵੱਡਾ ਆਰਥਿਕ ਕਿਲਾ ਸੀ, ਜੋ ਮੈਂ ਹਵਾ ਵਿਚ ਬਣਾ ਰਿਹਾ ਸਾਂ। ਫਿਰ ਵੀ ਮੈਂ ਇਸ ਨੂੰ ਕਿਸੇ ਤਰ੍ਹਾਂ ਆਪਣੇ ਦਿਮਾਗ ਦੇ ਕਿਸੇ ਹਿੱਸੇ ਵਿਚ ਵਸਾ ਲਿਆ ਅਤੇ ਇਸ ਬਹੁਤ ਵੱਡੀ ਗ਼ਲਤ ਫਹਿਮੀ ਨੂੰ ਪ੍ਰਾਪਤ ਕਰਨ ਲਈ ਐਂਬੂਲੈਂਸ ਦੇ ਪ੍ਰਬੰਧਕਾਂ ਦਾ ਅਧਿਐਨ ਇਕ ਵੈਨ ਨਾਲ ਕੀਤਾ।

ਯਾਤਰੀ ਭ੍ਰਿਸ਼ਟਾਚਾਰ ਦਾ ਸਾਧਨ ਸਨ। ਮੈਂ ਵੇਖਿਆ ਕਿ ਡਰਾਈਵਰ ਝਾਂਸੇ ਵਿਚ ਫਸ ਜਾਂਦੇ ਸਨ ਜਦੋਂ ਪੈਸਾ ਦਿੱਤਾ ਜਾਂਦਾ ਸੀ, ਇਸ ਤੋਂ ਮੈਂ ਮੁੱਢਲੇ ਅਸੂਲ ਬਣਾਏ ਅਤੇ ਨੀਹਾਂ ਰੱਖੀਆਂ। ਇਕ ਪੱਕੀ ਸ਼ੁਰੂਆਤ, ਵੱਡੇ ਵਿਕਾਸ ਨੂੰ ਸੁਰੱਖਿਅਤ ਕਰਦੀ ਹੈ। ਮੈਂ ਕੰਟਰੋਲ ਕਰਨ ਲਈ ਰਸੀਦਾਂ ਜਾਰੀ ਕਰਨ ਦਾ ਢੰਗ ਅਪਨਾਇਆ; ਦੋ ਰਸੀਦਾਂ ਗਾਹਕਾਂ ਲਈ ਜੋ ਟਿਕਟਾਂ ਲੱਗੇ ਲਿਫਾਫੇ ਵਿਚ ਪਾਈਆਂ ਜਾਂਦੀਆਂ ਸਨ, ਅਤੇ ਇਕ ਡਰਾਈਵਰ ਲਈ, ਜਿਹੜੀ ਮੈਂ ਆਪਣੇ ਦਫਤਰ ਨੂੰ ਦੇ ਦਿੰਦਾ। ਗਾਹਕ ਦੀ ਪਹਿਲੀ ਰਸੀਦ ਰਜਿਸਟਰ ਵਿਚ ਚਾੜ੍ਹ ਲਈ ਜਾਂਦੀ ਅਤੇ ਦੂਸਰੀ ਨੇ ਡਾਕ ਰਾਹੀਂ ਆਉਣਾ ਹੁੰਦਾ ਸੀ। ਭਾਵੇਂ ਕਿ ਥੋੜੇ ਜਿਹੇ ਲੋਕ ਹੀ ਸੁਚੇਤ ਹੋ ਕੇ ਇਨ੍ਹਾਂ ਕੰਮਾਂ ਦੀ ਪ੍ਰਵਾਹ ਕਰਦੇ ਸਨ, ਇਹ ਇਕ ਸੁਰੱਖਿਅਤ ਢੰਗ ਸੀ। ਫੜੇ ਜਾਣ ਦਾ ਡਰ ਇਕ ਚੰਗਾ ਕੰਟਰੋਲ ਸੀ।

ਹੁਣ ਮੈਂ ਦੁੱਖਾਂ ਨੂੰ ਦੇਖ ਰਿਹਾ ਸਾਂ ਜੋ ਸਾਡੀ ਧਰਤੀ 'ਤੇ ਫੈਲੇ ਹੋਏ ਸਨ, ਪਰ ਉਹ ਡਿਸਪੈਂਸਰੀ ਤਕ ਨਹੀਂ ਆ ਸਕਦੇ ਸਨ। ਬਹੁਗਿਣਤੀ ਪੱਛੜੇ ਲੋਕਾਂ ਦੀ ਸੂਰਜ ਦੀ ਤੇਜ ਧੁੱਪ ਥੱਲੇ, ਆਪਣੀਆਂ ਘੱਟ ਤੋਂ ਘੱਟ ਚੀਜ਼ਾਂ ਨਾਲ ਰਹਿੰਦੀ ਸੀ। ਬਿਮਾਰ ਬੱਚਿਆਂ ਨੂੰ ਉਹਨਾਂ ਦੀ ਬੇਸਬਰ ਮਾਵਾਂ ਨੰਗੀ ਪੈਰੀਂ ਧੂਹ ਕੇ, ਰੁਝੀਆਂ ਹੋਈਆਂ ਸੜਕਾਂ 'ਤੇ ਹੱਥ ਫੈਲਾ ਕੇ ਲਗਾਤਾਰ ਮੰਗਦੀਆਂ ਸਨ; ਅੰਧੇ ਆਦਮੀ ਸੋਟੀਆਂ ਨਾਲ ਟਟੋਲਦੇ ਫਿਰਦੇ, ਉਹ ਕਿਸੇ ਬੱਚੇ ਨੂੰ ਫੜਦੇ ਤਾਂ ਜੋ ਉਹ ਉਨ੍ਹਾਂ ਨੂੰ ਇੰਨੀ ਤੇਜ ਟਰੈਫਿਕ ਵਿਚ ਕਿਸੇ ਖੁਲੀਆਂ ਥਾਵਾਂ 'ਤੇ ਇਧਰ, ਉਧਰ ਲੈ ਜਾਣ; ਅੰਗਹੀਨ ਲੜਕੇ ਰੀਂਘਦੇ ਹੋਏ, ਇੰਨੀ ਤੇਜ ਰਫਤਾਰ ਟਰੈਫਿਕ ਵਿਚ ਬਿਨਾਂ ਧਿਆਨ ਦਿੱਤਿਆਂ ਤੇਜ਼ ਰਫ਼ਤਾਰ ਮੋਟਰ ਗੱਡੀਆਂ ਵਿਚੋਂ ਦੀ ਲੰਘਦੇ; ਬੁੱਢੇ ਅਤੇ ਝੁਰੜੀਆਂ ਪਏ ਲੋਕ ਆਪਣੀਆਂ ਮੰਗਣ ਵਾਲੀ ਖਾਲੀ ਕਟੋਰੀਆਂ ਨਾਲ ਪਾਸਿਆਂ 'ਤੇ ਲੰਘਦੇ ਲੋਕਾਂ ਦੇ ਸਾਹਮਣੇ ਝੁਕੇ ਹੁੰਦੇ ਸਨ। ਇਨ੍ਹਾਂ ਲੋਕਾਂ ਦੀ ਜ਼ਿੰਮੇਵਾਰੀ ਕਿਸ ਦੀ ਹੈ...... ਜਿਨ੍ਹਾਂ ਦਾ ਕੋਈ ਮਾਨ ਨਹੀਂ। ਆਪਣੇ ਆਪ ਦੀ ਸੁਰੱਖਿਆ ਕਰਨ ਤੋਂ ਅਸਮਰੱਥ, ਉਹ ਸਟੇਟ 'ਤੇ ਇਕ ਬੋਝ ਸਨ, ਪਰ ਇਸ ਵਿਚ ਕੋਈ ਸ਼ੱਕ ਨਹੀਂ ਕਿ ਇਹ ਉਸ ਦੀ ਜ਼ਿੰਮੇਵਾਰੀ ਸੀ।

ਮੈਂ ਸੋਚਿਆ ਕਿ ਸਰਕਾਰ ਨੂੰ ਕਿਸ ਤਰ੍ਹਾਂ ਇਸ ਸਥਿਤੀ ਵਿਚ ਪਾਇਆ ਜਾਵੇ ਕਿ ਉਹ ਇਸ ਫਰਜ਼ ਦੀ ਪਹਿਚਾਣ ਕਰੇ। ਪਰ ਸਰਕਾਰ ਦੇ ਕਰਮਚਾਰੀ, ਇਨ੍ਹਾਂ ਸੜਕਾਂ 'ਤੇ ਆਮ ਇਧਰ ਉਧਰ ਤੇਜੀ ਨਾਲ ਲੰਘ ਜਾਂਦੇ ਸਨ, ਕਈ ਪ੍ਰਭਾਵਪੂਰਨ ਲੋਕ ਜੋ ਰੋਜ਼ਾਨਾਂ ਕਾਰਾਂ 'ਤੇ ਇਧਰ ਉਧਰ ਜਾਂਦੇ ਸਨ, ਉਹ ਵੀ ਇਸ ਤਰ੍ਹਾਂ ਦੀਆਂ ਹਾਲਤਾਂ ਨੂੰ ਜਾਣਦੇ ਹੋਣਗੇ, ਜਿਨ੍ਹਾਂ ਦਾ ਮੈਂ ਸਾਹਮਣਾ ਕਰਦਾ ਸਾਂ।

ਮੇਰਾ ਬਾਪ ਆਪਣੇ ਪੁਰਾਣੇ ਘਰ ਵਿਚ ਹੀ ਰਹਿੰਦਾ ਰਿਹਾ। ਕਿਉਂ ਜੋ ਮੈਂ ਕੰਮ ਵਿਚ ਰੁੱਝਾ ਹੋਇਆ ਸਾਂ ਅਤੇ ਉਸ ਕਮਰੇ ਵਿਚ ਜਿਥੇ ਮੇਰੇ ਮਾਤਾ ਜੀ ਰਹਿੰਦੇ ਸਨ, ਉਸ ਨੂੰ ਖਾਲੀ ਵੇਖ ਕੇ ਬਾਪ ਉਦਾਸ ਹੋ ਜਾਂਦਾ ਸੀ। ਇਸ ਲਈ ਉਹ ਮੈਨੂੰ ਮੀਠਾਦਾਰ ਮਿਲਣ ਆ ਜਾਂਦੇ। ਉਹ ਜੋਰੀਆਂ ਬਾਜ਼ਾਰ ਦੇ ਵਿਚੋਂ ਚੱਬਾ ਗਲੀ ਰਾਹੀਂ ਅਤੇ ਨੇਪੀਅਰ ਰੋਡ ਅਤੇ ਚੂਨਾ ਮੰਡੀ ਦੇ ਵਿਚੋਂ ਦੀ ਛੇਤੀ ਹੀ ਮੀਠਾਦਾਰ ਪਹੁੰਚ ਜਾਂਦੇ। ਮੈਂ ਉਹਨਾਂ ਦਾ ਲੰਮਾ ਸਰੀਰ ਗਲੀਆਂ ਦੇ ਵਿਚੋਂ ਦੀ ਆਉਂਦਾ ਹੋਇਆ ਵੇਖਦਾ। ਉਹਨਾਂ ਹਮੇਸ਼ਾ ਕਾਲੀ ਸ਼ੇਰਵਾਨੀ ਪਹਿਨੀ ਹੁੰਦੀ ਸੀ, ਜਿਸ ਉਤੇ ਲਾਲ ਟੋਪੀ ਅਤੇ ਤੁਰਨ ਲਈ ਖੂੰਡੀ ਨੂੰ ਹੱਥਾਂ ਵਿਚ ਫੜੀ ਹਿਲਾਉਂਦੇ ਰਹਿੰਦੇ। ਮੈਂ ਆਪਣਾ ਕੰਮ ਬੰਦ ਕਰ ਦਿੰਦਾ ਅਤੇ ਬਾਹਰ ਆ ਕੇ ਬੈਂਚ 'ਤੇ ਬੈਠ ਜਾਂਦਾ। ਕੰਮ ਸੰਬੰਧੀ ਕੁਝ ਸੁਆਲ ਉਹ ਮੇਰੇ ਕੋਲੋਂ ਪੁੱਛਦੇ, ਕੁਝ ਚੰਗੇ ਨਿਵੇਸ਼ਾਂ ਸੰਬੰਧੀ ਅਤੇ ਫਿਰ ਉਹ ਉਸ ਹੀ ਰਸਤੇ ਵਾਪਸ ਚਲੇ ਜਾਂਦੇ। ਉਹਨਾਂ ਦਾ ਆਉਣਾ ਸਦਾ ਮੇਰਾ ਹੌਂਸਲਾ ਵਧਾ ਜਾਂਦਾ।

ਅਜੀਜ ਅਤੇ ਜੋਹਰਾ ਅਜੇ ਵੀ ਸਾਡੇ ਪਿਤਾ ਜੀ ਦੇ ਘਰ ਦੇ ਸਾਹਮਣੇ ਵਾਲੀ ਇਮਾਰਤ ਵਿਚ ਰਹਿੰਦੇ ਸਨ ਅਤੇ ਉਹਨਾਂ ਦੀ ਬੇਅਰਾਮੀ ਨੂੰ ਸਮਝਦਿਆਂ, ਜੋਹਰਾ ਸਾਡੇ ਪਿਤਾ ਜੀ ਦਾ ਖਾਣਾ ਭੇਜ ਦਿੰਦੀ। ਕਈ ਵਾਰ ਮੈਂ ਅਜੀਜ ਨੂੰ ਕਿਸੇ ਸਮੱਸਿਆ ਸੰਬੰਧੀ ਮਿਲਦਾ ਅਤੇ ਭਾਵੇਂ ਉਸ ਨੇ ਮਦਦ ਕਰਨ ਤੋਂ ਕਦੀ ਵੀ ਇਨਕਾਰ ਨਹੀਂ ਸੀ ਕੀਤਾ, ਉਹ ਲਗਾਤਾਰ ਮੇਰੇ ਕੰਮ ਕਰਨ ਦੇ ਢੰਗ ਨੂੰ ਠੀਕ ਨਹੀਂ ਸੀ ਸਮਝਦਾ।

ਸਮਾਜ ਵਿਚ ਯੋਗ ਸਰਟੀਫਿਕੇਟਾਂ ਤੋਂ ਬਗੈਰ ਵਿਸ਼ਵਾਸ ਦੀ ਘਾਟ ਸੀ। ਇਨ੍ਹਾਂ ਦੀ ਕਿਸੇ ਸਥਾਪਿੱਤ ਵਿਦਿਅਕ ਅਦਾਰੇ, ਸਮਾਜ ਜਾਂ ਕਿਸੇ ਜਾਣੂ ਤਾਕਤ ਦੇ ਗਰੁੱਪ, ਉੱਚੇ ਵਾਰਸ ਵਲੋਂ ਪ੍ਰਮਾਣਤਾ ਅਤੇ ਵੱਡੇ-ਵੱਡੇ ਸਿਫਤਾਂ ਦੇ ਪੱਤਰਾਂ ਵਾਲੇ ਸਮਾਜ ਵਿਚ ਮੇਰੇ ਵਰਗੇ ਆਦਮੀ ਨੂੰ ਇਸ ਦਲਦਲ ਵਿਚੋਂ ਲੰਘਣਾ ਪੈਂਦਾ ਸੀ। ਸਾਨੂੰ ਸਿੱਧੇ ਤੌਰ 'ਤੇ ਨਕਾਰਿਆ ਜਾਂਦਾ ਸੀ ਕਿਉਂ ਜੋ ਸਾਡੇ ਕੋਲ ਗਿਆਨ ਅਤੇ ਯੋਗਤਾ ਦੋਵੇਂ ਨਹੀਂ ਸਨ ਹੁੰਦੀਆਂ। ਮੇਰੀ ਸਮਝ ਦੇ ਅਨੁਸਾਰ ਉਹ ਸਿਧਾਂਤ ਜੋ ਲਿਖਤਾਂ ਤੋਂ ਆਉਂਦਾ ਸੀ ਅਤੇ ਤਜ਼ਬਰਬੇ ਤੋਂ ਨਹੀਂ ਆਉਂਦਾ ਉਸ ਨੂੰ ਆਮ ਤੌਰ 'ਤੇ ਲਾਗੂ ਨਹੀਂ ਕੀਤਾ ਜਾ ਸਕਦਾ। ਸੱਚਾਈਆਂ ਸਧਾਰਨ ਅਤੇ ਲਾਗੂ ਹੁੰਦੀਆਂ ਸਨ, ਜਦੋਂ ਕਿ ਗੁੰਝਲਦਾਰ ਮਸਲਾ ਤਾਂ ਝੂਠ ਦਾ ਇਕ ਭੰਡਾਰ ਹੁੰਦਾ ਸੀ। ਮੇਰੇ ਲਈ ਬੁੱਧੀਜੀਵੀ ਸਿਧਾਂਤਾਂ ਅਤੇ ਗਿਆਨਵਾਨ ਵਿਚ ਫਰਕ ਦੀ ਮਹੱਤਤਾ ਸੀ।

ਗਿਆਨਵਾਨ ਸੱਚਾਈ ਨੂੰ ਖੋਲਦਾ ਸੀ ਅਤੇ ਇਕ ਭੇਦ ਵਿਚੋਂ ਕਈ ਭੇਦ ਨਿਕਲ ਆਉਂਦੇ ਸਨ; ਇਕ ਹੀ ਭੇਦ ਖੁਲਣ ਨਾਲ ਬਹੁਤ ਜ਼ਿਆਦਾ ਭੇਦ ਖੁਲ ਜਾਂਦੇ ਸਨ, ਇਕ ਇੱਕਲੀ ਦੁੱਖਦਾਈ ਘਟਨਾ ਹਜ਼ਾਰਾਂ ਮੁੱਦਿਆਂ ਨੂੰ ਸਾਹਮਣੇ ਲੈ ਆਉਂਦੀ ਸੀ। ਅਫਸੋਸ ਦੀ ਗੱਲ ਸੀ ਕਿ ਬਹੁਸੰਮਤੀ ਜਿੰਦਗੀ ਨੂੰ ਥੋੜਾ ਜਿਹਾ ਧਿਆਨ ਦਿੰਦੀ ਸੀ।

ਡਿਸਪੈਂਸਰੀ ਵਿਚ ਅਸੀਂ ਲੋਕਾਂ ਨੂੰ ਥੋੜਾ ਜਿਹਾ ਅਰਾਮ ਦੇਣ ਦੇ ਯੋਗ ਹੋ ਗਏ ਸਾਂ। ਅਸੀਂ ਪੁਰਾਣੇ ਕੱਪੜੇ ਅਤੇ ਵਾਧੂ ਖਾਣਾ ਵੀ ਪ੍ਰਾਪਤ ਕਰ ਰਹੇ ਸਾਂ, ਜਿਸ ਨੂੰ ਲੋੜਵੰਦਾਂ ਵਿਚ ਵੰਡ ਦਿੱਤਾ ਜਾਂਦਾ ਸੀ। ਖੱਲਾਂ ਦੀ ਵਿਕਰੀ, ਸਾਡੀ ਆਮਦਨ ਦਾ ਮੁੱਖ ਸਾਧਨ ਬਣ ਰਿਹਾ ਸੀ। ਦਾਨ ਆਮ ਕਰਕੇ ਗ਼ਰੀਬਾਂ ਤੋਂ ਆਉਂਦਾ ਸੀ ਅਤੇ ਅਜੇ ਵੀ ਇੰਨਾਂ ਨਹੀਂ ਸੀ ਕਿ ਸਾਰੇ ਖ਼ਰਚ ਪੂਰੇ ਕੀਤੇ ਜਾ ਸਕਦੇ, ਇਸ ਨੂੰ ਇਕਸਾਰ ਰੱਖਣ ਲਈ ਕਈ ਵਾਰ ਮੈਨੂੰ ਆਪਣੇ ਪੈਸੇ ਕਢਵਾਉਣੇ ਪੈਂਦੇ ਸਨ। ਵੈਨ, ਡਿਸਪੈਂਸਰੀ ਸਫਲਤਾਪੂਰਵਕ ਪ੍ਰਚਾਰ ਦਾ ਇਕ ਸਾਧਨ ਬਣ ਗਈ ਸੀ, ਜਿਹੜਾ ਵੀ ਉਸ ਨੂੰ ਵਰਤਦਾ ਉਹ ਹੋਰਨਾਂ ਨੂੰ ਵੀ ਦੱਸਦਾ, ਜਿਹੜਾ ਵੀ ਇਸ ਨੂੰ ਵੇਖਦਾ, ਉਹ ਜਾਣਦਾ ਕਿ ਇਹ ਕਿਥੋਂ ਆਈ ਹੈ। ਜਦੋਂ ਸਾਨੂੰ ਦਾਨ ਵਿਚ ਤਿੰਨ ਲੱਖ ਰੁਪਏ ਮਿਲੇ ਮੈਂ ਐਕਸਰੇ ਦੀ ਇਕ ਪੁਰਾਣੀ ਮਸ਼ੀਨ ਅਤੇ ਹੋਰ ਥਾਂ ਖਰੀਦ ਲਈ ਅਤੇ ਕਿਰਾਏ 'ਤੇ ਦੋ ਡਾਕਟਰਾਂ ਨੂੰ ਦੁਕਾਨ 'ਤੇ ਮਰੀਜ਼ ਵੇਖਣ ਲਈ ਲਾ ਲਿਆ।

ਜਿਹੜੇ ਲੋਕ ਸਿੰਧ ਦੇ ਪੇਂਡੂ ਇਲਾਕਿਆਂ ਨਾਲ ਸੰਬੰਧਿਤ ਸਨ, ਉਹਨਾਂ ਨੂੰ ਰਾਤ ਨੂੰ, ਜਦੋਂ ਮੈਂ ਕੰਮ ਤੋਂ ਵਿਹਲਾ ਹੁੰਦਾ ਤਾਂ ਲਿਆਉਣਾ ਪੈਂਦਾ। ਜਦੋਂ ਮੈਂ ਉਹਨਾਂ ਨੂੰ ਦਫਨਾਉਣ ਵਿਚ ਦੇਰੀ ਕਰਨ ਦਾ ਕੋਈ ਵਾਜਬ ਕਾਰਨ ਨਾ ਦੱਸਦਾ ਤਾਂ ਲੋਕ ਮੇਰੀ ਗੱਲ ਨਾ ਸੁਣਦੇ, "ਮਰਿਆ ਹੋਇਆਂ ਲਈ ਜਾਣ ਲਈ ਇਕ ਹੀ ਜਗ੍ਹਾ ਹੈ.... ਉੱਪਰ। ਤੁਸੀਂ ਜਿਥੇ ਵੀ ਉਨ੍ਹਾਂ ਨੂੰ ਦਫਨਾਉਗੇ, ਉਹ ਉਸ ਹੀ ਰਸਤੇ 'ਤੇ ਚਲੇ ਜਾਣਗੇ..... ਉੱਪਰ ਹੀ।" ਪਰ ਉਹ ਜਿੱਦ ਕਰਦੇ, "ਮੇਰੀ ਮਾਂ ਮਰ ਜਾਏਗੀ, ਮੇਰਾ ਭਰਾ ਰੋਏਗਾ, ਕਬਰਾਂ 'ਤੇ ਕੋਈ ਨਹੀਂ ਆਏਗਾ ਅਤੇ ਇਸ 'ਤੇ ਕਈ ਕੁਝ ਪੈਦਾ ਹੋ ਜਾਵੇਗਾ।" ਮੈਂ ਉਹਨਾਂ ਨੂੰ ਮੁੜ ਯਕੀਨ ਕਰਾਉਂਦਾ, "ਉਸ ਨੂੰ ਇਸ ਦੁਨੀਆਂ ਤੋਂ ਹੋਰ ਕੁਝ ਨਹੀਂ ਚਾਹੀਦਾ, ਸਿਵਾਏ ਪ੍ਰਾਰਥਨਾਵਾਂ ਦੇ, ਉਹ ਉਸ ਕੋਲ ਕਿਸੇ ਵੀ ਜਗ੍ਹਾ ਤੋਂ ਪਹੁੰਚ ਜਾਣਗੀਆਂ। ਉਹ ਨਹੀਂ ਚਾਹੁੰਦਾ ਕਿ ਤੁਸੀਂ ਉਸ ਉੱਤੇ ਇਕ ਬਾਗ ਲਾਉ।" ਜੰਗਲੀ ਰੇਗਿਸਤਾਨ ਦਾ ਪ੍ਰਦੇਸ਼ ਅਤੇ ਟੁੱਟੇ ਹੋਏ ਰਾਹਾਂ ਵਿਚ ਜਿਨ੍ਹਾਂ ਵਿਚ ਦੂਰ-ਦੂਰ ਤਕ ਕੋਈ ਵੀ ਨਹੀਂ ਸੀ ਰਹਿ ਰਿਹਾ ਅਤੇ ਇਸ ਉੱਚੇ ਨੀਂਵੇ ਇਲਾਕੇ ਵਿਚ ਮੈਂ ਉਹਨਾਂ ਦੁੱਖਦਾਈ ਪਰਿਵਾਰ ਦੇ ਮੈਂਬਰਾਂ ਨੂੰ ਜੋ ਵੈਨ ਵਿਚ ਇੱਕਠੇ ਹੋਏ ਜਾ ਰਹੇ ਹੁੰਦੇ ਸਨ, ਨਾਲ ਇਸ ਤਰ੍ਹਾਂ ਮਖੌਲ ਕਰਦਾ, "ਕੀ ਉਸ ਨੂੰ ਮਿਲਣ ਵਾਲੇ ਇਥੇ ਆਉਣਗੇ ? ਸ਼ਾਇਦ ਵਾਧੂ ਦੇਵਤੇ ਹੀ ਇਥੇ ਹੋਣਗੇ, ਹੋਰ ਤਾਂ ਕੋਈ ਨੇੜੇ ਤੇੜੇ ਦਿਸਦਾ ਨਹੀਂ।" ਬੇਸ਼ੱਕ, ਮੈਂ ਇਸ ਵਾਕਫੀ ਨਾਲ ਆਪਣੇ ਗਿਆਨ ਵਿਚ ਵਾਧਾ ਸਮਝਦਾ ਸਾਂ।

'ਗ਼ਰੀਬ ਆਦਮੀ ਦੀ ਵੈਨ' ਮੇਰੀ ਵਿੱਦਿਆ ਦਾ ਮੁੱਖ ਹਿੱਸਾ ਸੀ। ਇਸ 'ਤੇ ਛੇਤੀ ਹੀ ਮੈਂ ਪ੍ਰਾਂਤ ਦੀ ਲੰਬਾਈ ਚੌੜਾਈ ਗਾਹੀ ਸੀ। ਇਸਨੇ ਮੈਨੂੰ ਬੇਕੀਮਤੀ ਦੁੱਖ ਅਤੇ ਨਿਰਾਸਤਾ ਦਾ ਅਮਲੀ ਤਜ਼ਰਬਾ ਦਿੱਤਾ ਸੀ, ਜੋ ਬਹੁਤ ਦੂਰ-ਦੂਰ ਤਕ ਫੈਲਿਆ ਹੋਇਆ ਸੀ, ਉਸ ਤੋਂ ਵੀ ਜ਼ਿਆਦਾ ਜਿਸ ਦਾ ਮੈਂ ਪਹਿਲਾਂ ਆਪਣੀ ਮਾਤਾ ਜੀ ਦੇ ਨਾਲ ਤਜ਼ਰਬਾ ਕੀਤਾ ਸੀ। ਇਥੇ ਮੈਂ ਹਰ ਤਰਫ ਆਪਣੇ ਆਪ ਨੂੰ ਅਤੇ ਉਹਨਾਂ ਨੂੰ ਵੇਖਦਾ, ਇੰਨੀਂ ਦੂਰ ਦੇ ਰੇਗਿਸਤਾਨ ਦੇ ਛੋਟੇ-ਛੋਟੇ ਰਸਤਿਆਂ 'ਤੇ ਸੜਕਾਂ ਦੇ ਇਕ ਪਾਸੇ ਅਤੇ ਖੇਤਾਂ ਵਿਚ ਹਰ ਵਕਤ ਇਕ ਤਰ੍ਹਾਂ ਦਾ ਹੀ ਦ੍ਰਿਸ਼ ਸੀ, ਉਹੋ ਪੀੜ, ਉਹੋ ਗੈਰ ਸਵੈਮਾਨ। ਇਹ ਮੈਨੂੰ ਚਲਦੇ ਰੱਖਦੇ, ਅਤੇ ਮੈਨੂੰ ਵਾਧੂ ਕੰਮ ਦੇ ਦਿੰਦੇ, ਉਸ ਤੋਂ ਵੀ ਜ਼ਿਆਦਾ ਕਿ ਮੈਂ ਆਪਣੀ ਘਾਟ ਦੀ ਹੱਦ ਨੂੰ ਸਪੱਸ਼ਟ ਕਰ ਲੈਂਦਾ। ਬਹੁਤ ਪੱਛੜੇ ਲੋਕਾਂ ਨੂੰ ਰਾਹਤ ਪਹੁੰਚਾਉਣੀ ਅਸੰਭਵ ਸੀ, ਜੋ ਸਾਰੇ ਹੀ ਦੇਸ਼ ਵਿਚ ਫੈਲੇ ਹੋਏ ਸਨ, ਅਤੇ ਅਜਿਹਾ ਵੀ ਵੱਧ ਤੋਂ ਵੱਧ ਅਸੰਭਵ ਹੋ ਰਿਹਾ ਸੀ ਕਿ ਇਸ ਕੰਮ ਤੋਂ ਮੂੰਹ ਮੋੜਿਆ ਜਾਵੇ, ਸੌਣਾ ਅਸੰਭਵ ਸੀ।

ਛੇਤੀ ਹੀ ਮੈਨੂੰ ਉਹਨਾਂ ਅਧਿਕਾਰੀਆਂ ਦੀ ਬੇਧਿਆਨੀ ਦਾ ਸਾਹਮਣਾ ਕਰਨਾ ਪਿਆ ਜੋ ਸਾਸ਼ਨ ਚਲਾਉਂਦੇ ਸਨ। ਮੈਂ ਹਰ ਮੌਕੇ 'ਤੇ ਚਿੱਲਾਇਆ, "ਉਹ ਉੱਥੇ ਕਿਸ ਵਾਸਤੇ ਹਨ ? ਉਹ ਕੌਣ ਹਨ ਜੋ ਸੇਵਾ ਕਰ ਰਹੇ ਹਨ ? ਰਾਸ਼ਟਰ ਦਾ ਪੈਸਾ ਕਿੱਥੇ ਹੈ ? ਕੀ ਸਰਕਾਰੀ ਕਾਰਾਂ ਵਿਚ ਲੱਗਾ ਹੋਇਆ ਹੈ ਉਹਨਾਂ ਨੂੰ ਐਸ਼-ਪ੍ਰਸਤੀ ਦੇਣ ਲਈ ? ਲੋਕਾਂ ਦਾ ਕੀ ਬਣੇਗਾ?" ਮੈਂ ਉਦੋਂ ਤਕ ਉੱਚੀ ਸਾਰੀ ਡਰਾਮਾਂ ਕਰਨ ਵਾਂਗ ਬੋਲਦਾ ਰਹਿੰਦਾ, ਜਦੋਂ ਤਕ ਮੇਰੀ ਆਵਾਜ਼ ਬੈਠ ਨਾ ਜਾਂਦੀ। ਮੈਂ ਨਹੀਂ ਸਾਂ ਜਾਣਦਾ ਕਿ ਪ੍ਰਧਾਨ ਕੌਣ ਹੈ, ਕਿਹੜੀ ਪਾਰਟੀ ਰਾਜ ਕਰ ਰਹੀ ਹੈ, ਕੌਣ ਸਰਕਾਰ ਚਲਾ ਰਿਹਾ ਹੈ, ਮੇਰੇ ਵਾਸਤੇ ਜੋ ਜਿਹੜਾ ਵੀ ਜਾਂ ਜਿਥੇ ਵੀ ਸੀ ਉਹ ਅਯੋਗ ਸੀ। ਮੈਂ ਆਪਣੀ ਉੱਚੀ ਆਵਾਜ਼ ਵਿਚ ਚਿੱਲਾਇਆ, ਇਸ ਗੱਲ ਦੇ ਖਿਆਲ ਤੋਂ ਬਗੈਰ ਕਿ ਮੈਂ ਕਿਥੇ ਸਾਂ, ਉਦੋਂ ਤਕ ਜਦੋਂ ਤਕ ਲੋਕਾਂ ਦਾ ਇਕ ਵੱਡਾ ਝੁਰਮਟ ਮੇਰੇ ਇਰਦ ਗਿਰਦ ਇੱਕਠਾ ਨਾ ਹੋ ਜਾਂਦਾ।

ਇਸ ਵਿਚ ਕੁਝ ਮਹੀਨੇ ਲੱਗੇ ਕਿ ਮੈਂ ਇਕ ਹੋਰ ਬੇਉਮੀਦ ਖੇਤਰ ਦੀ ਘੋਸ਼ਣਾ ਕੀਤੀ ਅਤੇ ਇਸ ਦੀ ਜ਼ਿੰਮੇਵਾਰੀ ਆਪਣੇ 'ਤੇ ਲੈਣ ਲਈ ਮਨ ਬਣਾ ਲਿਆ। ਫੁੱਟਪਾਥਾਂ ਤੋਂ ਬੇਘਰੇ, ਲੋਕਾਂ ਦੇ ਧਾਰਮਿਕ ਸਥਾਨਾਂ ਅਤੇ ਗੰਦਗੀ ਦੇ ਢੇਰਾਂ ਤੋਂ ਮਾਨਸਿਕ ਰੋਗੀ, ਬਜ਼ੁਰਗ ਜਿਨ੍ਹਾਂ ਨੇ ਸੀਮੇਂਟ ਦੀਆਂ ਪਾਈਪਾਂ ਵਿਚ ਆਸਰਾ ਲਿਆ ਹੋਇਆ ਸੀ, ਪੁਲਾਂ ਦੇ ਥੱਲੇ, ਸਾਰੇ ਦੇ ਸਾਰੇ ਪਰਿਵਾਰਾਂ ਨੂੰ ਮੀਠਾਦਾਰ ਦੀ ਛੱਤ ਦੇ ਥੱਲੇ ਲਿਆਂਦਾ ਗਿਆ। ਮੈਂ ਛੇਤੀ ਹੀ ਦੋ ਹਾਲ, ਤਿੰਨ ਬਰਾਂਡੇ ਅਤੇ ਚਾਰ ਕਮਰੇ ਮੈਟਰਨਿਟੀ ਯੂਨਿਟ ਦੇ ਪਿੱਛੇ ਕਿਰਾਏ 'ਤੇ ਲੈ ਲਏ।

ਸੇਠ ਫਿਰ ਮੇਰੇ 'ਤੇ ਹਮਲਾ ਕਰਨ ਲਈ ਤਿਆਰ ਸਨ, "ਵੇਖੋ ਉਹ ਗ਼ਰੀਬਾਂ ਨੂੰ ਕਿਸ ਤਰ੍ਹਾਂ ਰੱਖਦਾ ਹੈ। ਉਹ ਉਸ ਗੰਦਗੀ ਵਿਚ ਪਏ ਰਹਿੰਦੇ ਹਨ। ਉਹ ਉਹਨਾਂ ਨੂੰ ਕੁਝ ਵੀ ਨਹੀਂ ਦਿੰਦਾ।" ਬਵੇਕੂਫੀ ਤੋਂ ਮੈਨੂੰ ਹਮੇਸ਼ਾ ਚਿੜ ਆਉਂਦੀ ਸੀ ਅਤੇ ਮੈਂ ਉਹਨਾਂ ਨੂੰ ਝਾੜਦਾ, ਜੋ ਮੈਨੂੰ ਇਸ ਤਰ੍ਹਾਂ ਦੀ ਸ਼ਿਕਾਇਤ ਕਰਦੇ ਸਨ, "ਹੋਰ ਕਿਹੜਾ ਢੰਗ ਹੈ? ਇਕ ਫੁੱਟਪਾਥ, ਇਕ ਪਾਈਪ, ਗੰਦਗੀ ਦੇ ਢੇਰ੍ਹ ਤੋਂ ਖੁਰਾਕ, ਜਾਂ ਕੀ ਉਹ ਉਹਨਾਂ ਨੂੰ ਆਪਣੇ ਘਰਾਂ ਵਿਚ ਲੈ ਜਾਣਗੇ ਤਾਂ ਕਿ ਉਹ ਉਹਨਾਂ ਦੇ ਮਹਲਾਂ ਵਿਚ ਰਹਿਣ? ਜੇਕਰ ਉਹ ਉਹਨਾਂ ਨੂੰ ਆਪਣੇ ਧਨ ਵਿਚੋਂ ਇਕ ਹਿੱਸਾ ਵੀ ਨਹੀਂ ਦੇ ਰਹੇ ਤਾਂ ਉਹ ਮੇਰੀ ਗ਼ਰੀਬੀ ਦੀ ਅਲੋਚਨਾ ਕਰ ਕੇ ਠੀਕ ਨਹੀਂ ਕਰ ਰਹੇ।"

ਮੈਂ ਇਹ ਸ਼ੁਰੂ ਵਿਚ ਹੀ ਪ੍ਰਵਾਨ ਕਰ ਲਿਆ ਸੀ ਕਿ ਦਾਨ ਨੂੰ ਤਰੋੜ ਮਰੋੜ ਕੇ ਪੇਸ਼ ਕਰਕੇ ਅਤੇ ਪੂਰੀ ਤਰ੍ਹਾਂ ਇਸ ਦੀ ਮੂਲ ਵਿਚਾਰਧਾਰਾ ਨਾਲ ਕੋਈ ਸੰਬੰਧ ਨਹੀਂ ਰਹਿਣ ਦੇਣਾ। ਆਪਣੇ ਆਦਰਸ਼ ਵੱਲ ਮੁੜਨਾ, ਉਸ ਤਰ੍ਹਾਂ ਸੀ ਜਿਸ ਤਰ੍ਹਾਂ ਮਹਾਂਸਾਗਰ ਦੇ ਤੂਫਾਨੀ ਪਾਣੀਆਂ ਨੂੰ ਮੋੜਨਾ। ਮੇਰੇ ਨਵੇਂ ਉੱਦਮ ਦੇ ਸਿੱਟੇ ਨੇ ਕਲਿਆਣ ਦੇ ਵਾਧੇ ਵਿਚ ਇਕ ਹੋਰ ਸਮੱਸਿਆ ਨੂੰ ਖੋਲ ਦਿੱਤਾ ਅਤੇ ਉਸ ਨੂੰ ਮੇਰੇ ਸਾਹਮਣੇ ਖੜੀ ਕਰ ਦਿੱਤੀ..... ਆਦਮੀ ਦਾ ਮਨੁੱਖ ਜਾਤੀ ਤੋਂ ਪ੍ਰੇਸ਼ਾਨ ਹੋ ਜਾਣਾ। ਮਨੁੱਖ ਜਾਤੀ ਛੋਟੇ-ਛੋਟੇ ਕੀੜਿਆਂ ਤੋਂ ਪ੍ਰਭਾਵਿਤ ਹੋ ਗਈ ਸੀ ਅਤੇ ਬਿਮਾਰ ਸੀ, ਬੇਘਰਿਆਂ ਦੀ ਬਦਬੂ ਨੇ ਸਾਨੂੰ ਬਹੁਤ ਹਮਦਰਦੀ ਵਾਲਾ ਬਣਾ ਦਿੱਤਾ ਸੀ ਕਿ ਅਸੀਂ ਆਪਣੇ ਨੱਕ ਬੰਦ ਕਰ ਲੈਂਦੇ ਸਾਂ ਅਤੇ ਉਥੇ ਹਰ ਇਕ ਵੱਲੋਂ ਇਕ ਹੀ ਪ੍ਰਗਟਾਵਾ ਸੀ, ਹਰ ਇਕ ਦੀ ਇਕ ਹੀ ਪ੍ਰਤਿਕ੍ਰਿਆ ਸੀ..... ਡਰ ਨਾਲ ਦੱਬੇ ਰਹਿਣਾ। ਮੇਰੇ ਸਾਥੀਆਂ ਦੇ ਘਬਰਾਏ ਹੋਏ ਚਿਹਰਿਆਂ ਤੋਂ ਮੈਂ ਸਮਝ ਗਿਆ ਕਿ ਸਿਰਫ ਮੈਨੂੰ ਹੀ ਸਖ਼ਤ ਨਫ਼ਰਤ ਨਹੀਂ ਸੀ। ਮੈਂ ਕੰਮ ਸ਼ੁਰੂ ਕਰ ਦਿੱਤਾ, ਉਹਨਾਂ ਦੀ ਚਮੜੀ ਤੋਂ ਛੋਟੇ-ਛੋਟੇ ਕੀੜਿਆਂ ਨੂੰ ਸਾਫ ਕੀਤਾ, ਉਹਨਾਂ ਦੇ ਪੀਕ ਨਾਲ ਭਰੇ ਜ਼ਖਮਾਂ ਨੂੰ ਸਾਫ ਕੀਤਾ ਅਤੇ ਉਹਨਾਂ ਦੀਆਂ ਬਿਮਾਰੀਆਂ ਦਾ ਇਲਾਜ ਕੀਤਾ। ਇਹ ਕ੍ਰਿਆ ਹਰ ਰੋਜ਼ ਕਰਨੀ ਪੈਂਦੀ ਸੀ। ਮਾਨਸਿਕ ਤੌਰ 'ਤੇ ਰੋਗੀ ਕੁਝ ਵੀ ਨਹੀਂ ਸਨ ਸਮਝਦੇ ਅਤੇ ਉਹਨਾਂ ਨੇ, ਜਦੋਂ ਹੀ ਉਹ ਸਾਫ ਹੋ ਗਏ, ਤਾਂ ਇਕ ਨਵੀਂ ਮੁਸੀਬਤ ਪੈਦਾ ਕਰ ਦਿੱਤੀ।

ਇਥੋਂ ਤਕ ਕਿ ਉਹ ਜੋ ਮੇਰੀ ਮਦਦ ਕਰਨ ਲਈ ਹਮਦਰਦੀ ਰੱਖਦੇ ਸਨ, ਉਹਨਾਂ ਦੇ ਚਿਹਰਿਆਂ 'ਤੇ ਵੀ ਦਰਦ ਦਾ ਪ੍ਰਗਟਾਵਾ ਸੀ। ਉਹਨਾਂ ਨੇ ਆਪਣੇ ਹੱਥ ਬੜੇ ਜੋਸ਼ ਨਾਲ ਸਾਫ ਕੀਤੇ, ਆਪਣੇ ਕੱਪੜਿਆਂ ਨੂੰ ਵਾਰ-ਵਾਰ ਸੁੰਘਿਆ ਅਤੇ ਉਸ ਬਦਬੂ ਦੇ ਉਹਨਾਂ ਦੀ ਚਮੜੀ ਦੇ ਅੰਦਰ ਤਕ ਧੱਸ ਜਾਣ ਦੀ ਲਗਾਤਾਰ ਸ਼ਿਕਾਇਤ ਕੀਤੀ। ਫਿਰ ਉਹ ਨਹਾਉਣ ਲਈ ਘਰ ਭੱਜ ਗਏ, ਆਪਣੇ ਕੱਪੜਿਆਂ ਨੂੰ ਮਲ-ਮਲ ਕੇ ਧੋਤਾ ਅਤੇ ਉਹਨਾਂ 'ਤੇ ਕੀੜੇ ਮਾਰ ਦਵਾਈਆਂ ਦਾ ਛਿੜਕਾਉ ਕੀਤਾ ਅਤੇ ਕਈ ਵਾਰ ਉਹਨਾਂ ਕੱਪੜਿਆਂ ਨੂੰ ਕਿਸੇ ਹੋਰ ਨੂੰ ਦੇ ਦਿੱਤਾ ਅਤੇ ਇਹ ਕਹਿਣ ਲੱਗੇ, "ਉਹ

ਸਾਰੀ ਤਾਣੀਂ ਹੀ ਵਿਗੜੀ ਹੋਈ ਹੈ।" ਮੈਂ ਕਲਿਆਣ ਨੂੰ ਕਿਸ ਤਰ੍ਹਾਂ ਵਧਾ ਸਕਦਾ ਸਾਂ ਜਦੋਂ ਕਿ ਉਹ ਜੋ ਇਸ ਲਈ ਖ਼ਰਚ ਕਰਦੇ ਸਨ ਉਹਨਾਂ ਬੰਦ ਕਰ ਦਿੱਤਾ ਸੀ। ਇਸ ਨੂੰ ਇਕ ਉਹ ਪੇਸ਼ੇ ਦੇ ਤੌਰ 'ਤੇ ਚੁਣਦੇ ਸਨ, ਜਾਂ ਸਮਾਂ ਬਤੀਤ ਕਰਨ ਦਾ ਇਕ ਵਧੀਆ ਢੰਗ। ਉਹ ਉਲਟੀਆਂ ਕਰਨ ਵਾਲੇ ਹੋ ਜਾਂਦੇ ਸਨ ਜਦੋਂ ਉਹ ਇਸ ਮੁਸੀਬਤ ਦੇ ਸਾਹਮਣੇ ਆਉਂਦੇ ਸਨ, ਉਹਨਾਂ ਦੇ ਇਸ ਵਿਵਹਾਰ ਨਾਲ ਕਿਤੇ ਵੀ ਨਹੀਂ ਸੀ ਪਹੁੰਚਿਆ ਜਾ ਸਕਦਾ। ਅਸੀਂ ਦੁੱਖ ਨੂੰ ਘਟਾ ਨਹੀਂ ਸਕਦੇ, ਜਿੰਨਾਂ ਚਿਰ ਅਸੀਂ ਆਪਣੀ ਸਮਝ ਤੋਂ ਉੱਪਰ ਨਹੀਂ ਉੱਠ ਜਾਂਦੇ।

ਮੈਂ ਹੁਣ ਤਕ ਜੋ ਕੁਝ ਵੀ ਕੀਤਾ ਸੀ ਉਹ ਠੀਕ ਤਰ੍ਹਾਂ ਮੌਕੇ ਮੁਤਾਬਕ ਨਹੀਂ ਸੀ। ਇਹ ਇਕ ਛੋਟਾ ਜਿਹਾ ਕੰਮ ਸੀ ਜਿਸ ਨੂੰ ਵਾਧੂ ਸਮਝ ਕੇ ਕੀਤਾ ਸੀ। ਕਿਉਂ ਜੋ ਅਸੀਂ ਸਿਰਫ ਇਕ ਆਡੰਬਰੀ ਖੇਡ ਖੇਡਦੇ ਸਾਂ, ਇਸ ਲਈ ਇਸ ਦਾ ਕੋਈ ਆਧਾਰ ਨਹੀਂ ਸੀ ਹੁੰਦਾ। ਡਰ ਨਾਲ ਦੱਬੇ ਰਹਿਣਾ, ਇਸ ਵਿਚ ਪਹਿਲੀ ਅਤੇ ਸਭ ਤੋਂ ਵੱਡੀ ਰੁਕਾਵਟ ਸੀ ਜੋ ਸਾਡਾ ਰਾਹ ਰੋਕਦੀ ਸੀ, ਇਹ ਸਭ ਤੋਂ ਮਾੜੀ ਸੀ ਪਰ ਸਭ ਤੋਂ ਜ਼ਿਆਦਾ ਸਮਝ ਵਿਚ ਆਉਣ ਯੋਗ ਸੀ। ਬੇਸ਼ੱਕ, ਸਾਡੇ ਵਿਚੋਂ ਕਿੰਨੇ ਹੀ ਮਾਨਸਿਕ ਰੋਗੀਆਂ ਅਤੇ ਬਿਮਾਰਾਂ ਦਾ ਖਿਆਲ ਕਰਦੇ ਹਨ? ਕਿੰਨੇ ਸਨ ਜੋ ਉਹਨਾਂ ਲਾਸ਼ਾਂ ਦਾ ਸਾਮ੍ਹਣਾ ਕਰਦੇ ਸਨ ਜਿਹੜੀਆਂ ਗੱਲ ਸੜ੍ਹ ਗਈਆਂ ਸਨ, ਜਾਂ ਕਿਸੇ ਨੇ ਮਨੁੱਖੀ ਅੰਗ ਨੂੰ ਹੱਥ ਵਿਚ ਫੜ ਕੇ ਉਹ ਭਾਵਨਾਵਾਂ ਪੈਦਾ ਕੀਤੀਆਂ ਹੋਣ, ਜਾਂ ਚਿੱਥੇ ਗਏ ਅਤੇ ਚਪਟੇ ਹੋ ਗਏ ਬੱਚਿਆਂ ਦੇ ਚਿਹਰਿਆਂ ਨੂੰ ਜੋ ਛੱਤਾਂ ਤੋਂ ਡਿੱਗ ਪਏ ਸਨ, ਉਹਨਾਂ ਨੂੰ ਵੇਖਿਆ ਹੋਵੇ? ਕਿੰਨੇ ਸਨ ਜਿਹੜੇ ਹਨੇਰੀਆਂ ਕੋਠੜੀਆਂ ਵਿਚ, ਜਿਥੇ ਬਿਮਾਰ ਲੋਕ ਰਹਿੰਦੇ ਸਨ, ਉਥੇ ਦਾਖਿਲ ਹੋਏ ਹੋਣ, ਜਿਥੇ ਲੋਕ ਖੰਘ ਖੰਘ ਕੇ ਖੰਘਾਰ ਇਕ ਦੂਜੇ 'ਤੇ ਸੁੱਟਦੇ ਸਨ ? ਜਿੰਦਗੀ ਦੇ ਇਸ ਖੇਤਰ ਵਿਚ ਵਿਚਰਣ ਵਾਲੇ ਬਹੁਤ ਥੋੜੇ ਸਨ ਅਤੇ ਉਹ ਪਹਿਲਾਂ ਵੀ ਕਿੰਨੇ ਕੁ ਸਨ ?

ਇਹ ਇਕ ਡਰਾਉਣਾ ਸੰਸਾਰ ਸੀ। ਕੋਈ ਵੀ ਇਸ ਵਿਚ ਟਹਿਲਣਾ ਨਹੀਂ ਚਾਹੁੰਦਾ, ਇੱਕਲੇ ਨੂੰ ਹੀ ਇਸ ਵਿਚ ਰਹਿਣ ਲਈ ਛੱਡ ਦਿੱਤਾ ਜਾਂਦਾ ਸੀ। ਮੇਰੇ ਲਈ ਕੋਈ ਹੋਰ ਸੀ ਹੀ ਨਹੀਂ। ਇਥੋਂ ਤਕ ਕਿ ਸਵਰਗ, ਜਿਸ ਦੀ ਲੋਕ ਮੇਰੇ ਕੋਲ ਗੱਲ ਕਰਦੇ ਹਨ, ਉਥੇ ਵੀ ਰਹਿਣ ਲਈ ਜਗ੍ਹਾ ਨਹੀਂ ਸੀ, ਨਾ ਹੀ ਮੇਰੀ ਕੋਈ ਇਸ ਤਰ੍ਹਾਂ ਦੀ ਨੀਤੀ ਸੀ ਕਿ ਮੈਂ ਆਪ ਉਥੇ ਜਾਣ ਦਾ ਰਸਤਾ ਬਣਾਵਾਂ। ਮੇਰੀਆਂ ਕ੍ਰਿਆਵਾਂ ਇੱਕਲੇ ਇਕ ਫਰਜ਼ 'ਤੇ ਆਧਾਰਿਤ ਸਨ, ਮੂਲ ਕਮੀਆਂ ਨੂੰ ਠੀਕ ਕਰਨ ਲਈ ਇਹ ਨਾਂ ਦੀ ਪ੍ਰਬੰਧਕੀ ਲੋੜ ਸੀ।

ਮੈਂ ਫਿਰ ਹਵਾ ਵਿਚ ਕਿਲਾ ਬਣਾਇਆ। ਮੇਰੇ ਮਨੁੱਖੀ ਮਨ ਨੂੰ ਬਦਲਣ ਦੇ ਵਹਿਮ ਨੇ ਮੇਰੇ ਦਿਮਾਗ 'ਤੇ ਭਾਰ ਪਾਇਆ, ਜਿਸ ਵਿਚ ਨਾ ਜੁੜੀਆਂ ਹੋਈਆਂ ਸੋਚਾਂ ਸਨ। ਇਸ ਵਿਵਹਾਰ ਨੂੰ ਕਿਸ ਤਰ੍ਹਾਂ ਬਦਲਿਆ ਜਾਵੇ ਅਤੇ ਮਨੁੱਖ ਜਾਤੀ

ਨੂੰ ਮਨੁੱਖਤਾ ਦੀ ਕਦਰ ਕਰਾਉਣਾ ਕਿਸ ਤਰ੍ਹਾਂ ਸਿਖਾਇਆ ਜਾਵੇ ? ਉਹਨਾਂ ਨੂੰ ਡਰ ਨਾਲ ਦੱਬੇ ਰਹਿਣ ਤੋਂ ਕਿਵੇਂ ਮੁਕਤ ਕੀਤਾ ਜਾਵੇ ? ਲੋਕ ਆਪਣੀ ਹੋਂਦ ਵਿਚ ਇੰਨੇ ਗਵਾਚ ਗਏ ਸਨ, ਜਿਸ ਕਰਕੇ ਮੂਲ ਕਦਰਾਂ ਖ਼ਤਮ ਹੋ ਗਈਆਂ ਸਨ। ਮੈਂ ਉਹਨਾਂ ਵਿਚ ਇਕ ਪਵਿੱਤਰ ਜੀਵਨ ਦੀ ਖਾਹਿਸ਼ ਕਿਸ ਤਰ੍ਹਾਂ ਭਰ ਸਕਦਾ ਹਾਂ, ਅਤੇ ਮੈਂ ਇਸ ਨੂੰ ਕਿਸ ਤਰ੍ਹਾਂ ਬਦਲ ਸਕਦਾ ਸਾਂ ? ਮੇਰੇ ਅੰਦਰ ਇਹ ਲੜਾਈ ਕਈ ਦਿਨ ਚਲਦੀ ਰਹੀ। ਜਦੋਂ ਵੀ ਮੈਂ ਨਹਾਉਣ ਲੱਗਦਾ ਤਾਂ ਹਮੇਸ਼ਾ ਮੇਰੇ 'ਤੇ ਉਹਨਾਂ ਸੋਚਾਂ ਦਾ ਹਮਲਾ ਹੋ ਜਾਂਦਾ ਜਿੰਨਾਂ ਦਾ ਮੈਨੂੰ ਮੁਕਾਬਲਾ ਕਰਨਾ ਪੈਂਦਾ ਸੀ, ਮੈਂ ਕੀ ਕਰ ਸਕਦਾ ਸਾਂ ਅਤੇ ਕੀ ਨਹੀਂ ਸਾਂ ਕਰ ਸਕਦਾ। ਇਥੋਂ ਤਕ ਕਿ ਥੋੜਾ ਜਿਹਾ ਸੌਣ ਦੇ ਸਮੇਂ ਵੀ ਮੈਂ ਇਸ ਬਿਮਾਰੀ ਦੇ ਇਲਾਜ ਬਾਰੇ ਸੁਪਨੇ ਲੈਂਦਾ ਰਹਿੰਦਾ। ਕਈ ਵਾਰ ਮੈਂ ਪਸੀਨੀਉ ਪਸੀਨੀ ਹੋਇਆਂ ਜਾਗ ਪੈਂਦਾ ਅਤੇ ਮੇਰੇ ਕੋਲ ਸਮੱਸਿਆ ਦਾ ਹਲ ਹੁੰਦਾ ਜਿਹੜਾ ਪੱਕੇ ਤੌਰ ਅਤੇ ਪ੍ਰਤੱਖ ਤੌਰ 'ਤੇ ਦਿਨ ਚੜ੍ਹਨ ਵੇਲੇ ਖ਼ਤਮ ਹੋ ਜਾਂਦਾ। ਮੈਂ ਆਪਣੇ ਸਿਰਹਾਣੇ ਇਕ ਨੋਟ ਬੁੱਕ ਰੱਖਣੀ ਸ਼ੁਰੂ ਕਰ ਦਿੱਤੀ।

ਇਨਸਾਨੀਅਤ ਦਾ ਕੋਈ ਵੀ ਪ੍ਰੋਗਰਾਮ ਇਸ ਰੁਕਾਵਟ ਤੋਂ ਅਗੇ ਨਾ ਚਲਦਾ। ਕੋਈ ਵੀ ਕੰਮ ਇਸ ਮੁੱਢਲੀ ਬੇਨਿਯਮੀ ਨੂੰ ਦੂਰ ਕਰਨ ਤੋਂ ਬਗੈਰ ਇਕ ਸਰਕਦੀ ਹੋਈ ਰੇਤ 'ਤੇ ਕਈ ਮੰਜਿਲਾਂ ਉੱਚੀ ਇਮਾਰਤ ਬਨਾਉਣ ਵਾਂਗ ਸੀ। ਮੈਨੂੰ ਆਧਾਰ 'ਤੇ ਵਾਪਸ ਮੁੜਨਾ ਪੈਂਦਾ, ਉਹਨਾਂ ਛੋਟੀਆਂ-ਛੋਟੀਆਂ ਸ਼ੁਰੂਆਤਾਂ 'ਤੇ ਜੋ ਸਖ਼ਤ ਆਧਾਰ 'ਤੇ ਸਨ ਅਤੇ ਬਾਅਦ ਵਿਚ ਉਪਰ ਵੱਲ ਵਧਦੀਆਂ ਸਨ।

ਮੈਂ ਧਾਰਮਿਕ ਕੰਮਾਂ ਨੂੰ ਜਿੰਦਗੀ ਦੀ ਰਾਹ ਬਣਾ ਕੇ ਜਵਾਬ ਲਿਆ। ਪ੍ਰਮਾਤਮਾ ਕੋਲ ਸਮਰਪਣ ਕਰਨ ਨਾਲ ਹਮਦਰਦੀ ਪੈਦਾ ਹੁੰਦੀ ਸੀ ਅਤੇ ਆਪਣੇ ਨਾਲ ਦੇ ਮਨੁੱਖਾਂ ਨਾਲ ਘਿਰਣਾ ਲਈ ਚੇਤਾਵਨੀ ਦਿੰਦੀ ਸੀ। ਇਸ ਤੋਂ ਆਦਮੀ ਨੂੰ ਮਨੁੱਖ ਭਲਾਈ ਸੰਬੰਧੀ ਅਗਵਾਈ ਮਿਲਦੀ ਸੀ, ਮਨੁੱਖੀ ਸੇਵਾ ਤੇ ਧਰਮ ਨਾਲ-ਨਾਲ ਚਲਦੇ ਸਨ। ਮੈਂ ਕੋਈ ਪ੍ਰਚਾਰਕ ਨਹੀਂ ਸਾਂ, ਫਿਰ ਵੀ ਇਨ੍ਹਾਂ ਲੋਕਾਂ ਨੂੰ ਬਹੁਤ ਸਬਕ ਸਿੱਖਣ ਦੀ ਲੋੜ ਸੀ, ਇਸ ਤੋਂ ਪਹਿਲਾਂ ਕਿ ਅਸੀਂ ਇਸ ਰਸਤੇ 'ਤੇ ਤੁਰੀਏ।

ਆਮ ਮਨੁੱਖੀ ਦੁੱਖਾਂ ਤੋਂ ਛੁਟਕਾਰਾ ਪਾਉਣਾ ਦੂਸਰੀਆਂ ਦੋ ਤਰਜੀਹਾਂ ਤੋਂ ਘੱਟ ਨਹੀਂ ਸੀ, ਮੈਂ ਇਹ ਨੋਟ ਕੀਤਾ..... ਜਿੰਦਗੀ ਦੇ ਜੀਉਣ ਦੇ ਢੰਗ ਦੀ ਮਿਸਾਲ ਅਤੇ ਆਪਣੀ ਮਦਦ ਆਪ ਕਰਨੀ। ਮੈਂ ਨਵੀਂ ਰੁਕਾਵਟ ਨੂੰ ਦੂਰ ਕਰਨ ਲਈ ਪਹਿਲਾ ਕਦਮ ਚੁੱਕ ਲਿਆ। ਮੈਂ ਵੇਖਿਆ ਅਤੇ ਫਿਰ ਫੈਸਲਾ ਕੀਤਾ ਕਿ ਆਪਣੇ ਨਾਲ ਕੰਮ ਕਰਨ ਵਾਲਿਆਂ ਵਿਚ ਚੇਤਨਾ ਭਰਨ ਲਈ ਮੈਂ ਆਪਣੀ ਜਾਤੀ ਮਿਸਾਲ ਦੇਵਾਂਗਾ। ਮੈਂ ਫਿਰ ਪਹਿਲਾ ਹੋਵਾਂਗਾ, ਮੈਂ ਮਿਸਾਲ ਹੋਵਾਂਗਾ, ਮੈਂ ਅੱਗੇ ਤੋਂ ਉਹਨਾਂ ਦੀ ਅਗਵਾਈ ਕਰਾਂਗਾ, ਜੋ ਸ਼ੁਰੂ ਤੋਂ ਹੋਵੇਗੀ।

ਮੈਂ ਮੀਠਾਦਾਰ ਤੋਂ ਸ਼ੁਰੂ ਕੀਤਾ ਅਤੇ ਡੁੱਬੀਆਂ ਹੋਈਆਂ ਅਤੇ ਤਰ ਰਹੀਆਂ ਲਾਸ਼ਾਂ ਨੂੰ ਸਮੁੰਦਰ ਵਿਚੋਂ ਲਿਆਂਦਾ। ਕਾਲੀਆਂ ਹੋਈਆਂ ਲਾਸ਼ਾਂ, ਜਿਨ੍ਹਾਂ ਨੂੰ ਇਕ ਵਾਰ ਛੂਹਿਆਂ ਹੀ, ਉਹ ਖਿਲਰ ਜਾਂਦੀਆਂ ਸਨ। ਮੈਂ ਉਹਨਾਂ ਨੂੰ ਦਰਿਆਵਾਂ ਵਿਚੋਂ, ਖੂਹਾਂ ਵਿਚੋਂ, ਸੜਕਾਂ ਦੇ ਕੰਢਿਆਂ ਤੋਂ, ਦੁਰਘਟਨਾ ਵਾਲੀਆਂ ਜਗ੍ਹਾ ਤੋਂ ਅਤੇ ਹਸਪਤਾਲਾਂ ਵਿਚੋਂ ਚੁੱਕਿਆ। ਮੈਂ ਉਹਨਾਂ ਨੂੰ ਟੋਇਆਂ ਵਿਚੋਂ, ਅਤੇ ਗਟਰਾਂ ਵਿਚੋਂ, ਪੁਲਾਂ ਦੇ ਥੱਲੋਂ, ਰੇਲਵੇ ਦੇ ਡੱਬਿਆਂ ਵਿਚੋਂ, ਰੇਲਵੇ ਲਾਈਨਾਂ ਤੋਂ, ਪਾਣੀ ਦੇ ਕੰਢਿਆਂ ਤੋਂ ਅਤੇ ਡਰੇਨਾਂ ਵਿਚੋਂ ਉੱਠਾਇਆ। ਜਦੋਂ ਉਹਨਾਂ ਦੇ ਪਰਿਵਾਰਾਂ ਨੇ ਉਹਨਾਂ ਨੂੰ ਲੈਣ ਤੋਂ ਨਾਂਹ ਕਰ ਦਿੱਤੀ ਅਤੇ ਅਧਿਕਾਰੀਆਂ ਨੇ ਉਨ੍ਹਾਂ ਨੂੰ ਦੂਰ ਸੁੱਟ ਦਿੱਤਾ, ਮੈਂ ਉਹਨਾਂ ਨੂੰ ਉਠਾ ਲਿਆ। ਉਹ ਲਾਸ਼ਾਂ ਜਿਨ੍ਹਾਂ ਵਿਚ ਕੀੜੇ ਚਲ ਰਹੇ ਸਨ, ਉਹਨਾਂ ਦੇ ਸਰੀਰਾਂ ’ਤੇ ਸਖ਼ਤ ਕੱਪੜੇ ਕਰਕੇ, ਬੜੇ ਪੱਕੇ ਜ਼ਖ਼ਮ ਸਨ, ਮੈਂ ਉਹਨਾਂ ਨੂੰ ਆਪਣੇ ਨਾਲ ਕੰਮ ਕਰਨ ਵਾਲਿਆਂ ਦੀ ਮਦਦ ਨਾਲ ਘਰ ਲਿਆਉਂਦਾ, ਉਸ ਬਦਬੂ ਨੂੰ ਹਮੇਸ਼ਾ ਲਈ ਹਵਾ ਵਿਚ ਫੈਲਾ ਦਿੰਦਾ। ਫਿਰ ਮੈਂ ਹਾਲਤਾਂ ਦੇ ਮਾਰੇ ਹਰ ਇਕ ਪੀੜਿਤ ਨੂੰ ਨਹਾਉਂਦਾ ਅਤੇ ਉਸ ਦਾ ਖਿਆਲ ਕਰਦਾ, ਉਸ ਤਰ੍ਹਾਂ ਹੀ ਜਿਸ ਤਰ੍ਹਾਂ ਮੈਂ ਆਪਣੀ ਮਾਤਾ ਜੀ ਲਈ ਕਰਦਾ ਸਾਂ। ਮੈਂ ਉਹਨਾਂ ’ਤੇ ਕੈਮਫਰ ਮਲ੍ਹਮ ਲਗਾਉਂਦਾ, ਉਹਨਾਂ ਨੂੰ ਕਫਨਾਂ ਵਿਚ ਲਪੇਟਦਾ ਅਤੇ ਦਫਨਾ ਦਿੰਦਾ।

ਮੀਠਾਦਾਰ ਦੇ ਲੋਕ ਇਸ ਗਲੀ ਸੜੀ ਬਦਬੂ ਜੋ ਉਸ ਇਲਾਕੇ ਵਿਚ ਫੈਲ ਜਾਂਦੀ ਸੀ, ਉਸ ਦੀ ਸ਼ਿਕਾਇਤ ਕਰਨ ਲੱਗੇ ਅਤੇ ਮੈਂ ਉਸ ਦਾ ਤਿੱਖਾ ਜਵਾਬ ਦਿੱਤਾ, “ਮੈਂ ਸੋਚਿਆ ਤੁਸੀਂ ਬਦਬੂ ਨੂੰ ਸੁੰਘਣ ਤੋਂ ਮੁਕਤ ਹੋ। ਅਗਲੀ ਵਾਰ ਇਹ ਤੁਸੀਂ ਹੋਵੋਗੇ ਜਾਂ ਤੁਹਾਡਾ ਕੋਈ ਆਪਣਾ।” ਫਿਰ ਸ਼ਰਮਿੰਦੇ ਹੋ ਕੇ ਚਲੇ ਜਾਂਦੇ, ਹਰ ਵਕਤ ਆਪਣੇ ਆਪ ਤੋਂ ਡਰਦੇ।

ਕਰਾਚੀ ਦੇ ਬਾਹਰਲੇ ਹਿੱਸੇ ਵਿਚ ਇਕ ਬੁੱਢਾ ਆਦਮੀ ਇਕ ਸੁੱਕੇ ਹੋਏ ਖੂਹ ਵਿਚੋਂ ਮਿਲਿਆ, ਉਸ ਦੇ ਭਰਾ ਮੇਰੀ ਮਦਦ ਲੈਣ ਲਈ ਮੇਰੇ ਕੋਲ ਆਏ। ਮੈਂ ਅਜੇ ਐਂਬੂਲੈਂਸ ਵਿਚ ਹੀ ਸਾਂ, ਉਸ ਦ੍ਰਿਸ਼ ਤੋਂ ਕੁਝ ਫਰਲਾਂਗ ਦੂਰ, ਜਦੋਂ ਮੈਨੂੰ ਮਾਸ ਦੀ ਬਦਬੂ ਆਈ। ਕਰਾਚੀ ਦੀ ਗਰਮੀ ਦੇ ਗਰਮ ਦੁਪਹਿਰ ਦੀ ਗਰਮੀ ਨੇ ਲਾਸ਼ ਨੂੰ ਭੁੰਨ ਦਿੱਤਾ ਸੀ ਅਤੇ ਉਹ ਹਵਾ ਵਿਚ ਬੜੀ ਤਿੱਖੀ ਤੇਜ਼ਾਬੀ ਧੂੰਆਂ ਫੈਲਾ ਰਹੀ ਸੀ। ਤਜ਼ਰਬੇ ਨੇ ਮੈਨੂੰ ਦੱਸਿਆ ਕਿ ਉਹ ਨੌਂ ਦਿਨ ਪੁਰਾਣੀ ਸੀ।

ਪਿੰਡ ਦੇ ਅਤੇ ਪਰਿਵਾਰ ਦੇ ਲੋਕ ਕੁਝ ਦੂਰੀ ’ਤੇ ਖੜੇ ਸਨ। ਭਾਵੇਂ ਕਿ ਪਰਿਵਾਰ ਬਹੁਤ ਬੁਰੀ ਤਰ੍ਹਾਂ ਟੁੱਟ ਚੁੱਕਾ ਸੀ, ਕਿਸੇ ਨੇ ਵੀ ਚਾਦਰ ਨਾ ਹਟਾਈ ਜਿਹੜੀ ਉਹਨਾਂ ਆਪਣੇ ਨੱਕਾਂ ਦੇ ਦੁਆਲੇ ਘੁੱਟ ਕੇ ਲਪੇਟੀ ਹੋਈ ਸੀ। ਮੈਂ ਲਾਸ਼ ਦੇ ਕੋਲ ਇਹ ਸੋਚਦਾ ਗਿਆ, “ਕੀ ਕੋਈ ਇਹ ਮਹਿਸੂਸ ਕਰਦਾ ਹੈ ਕਿ ਇਹੋ ਜਿਹੇ ਦ੍ਰਿਸ਼ ਜਿਸ ਤਰ੍ਹਾਂ ਇਹ ਹੈ, ਇਕ ਗੰਭੀਰ ਭੇਦ ਨੂੰ ਖੋਲਦਾ ਹੈ ਅਤੇ ਉਸ ਦੀ ਤਹਿ ਤਕ ਜਾਂਦਾ

ਹੈ ?” ਮੈਂ ਆਪਣੇ ਹੱਥ ਨਾਲ ਹਜ਼ਾਰਾਂ ਕੀੜੇ ਅਤੇ ਦੀਮਕਾਂ ਉਸ ਗਲੀ ਸੜੀ ਲਾਸ਼ ਤੋਂ ਹਟਾਏ ਅਤੇ ਉਸ ਨੂੰ ਇਕ ਚਿੱਟੀ ਚਾਦਰ ਵਿਚ ਬੰਨਿਆ ਅਤੇ ਉਸ ਨੂੰ ਮੈਂ ਆਪਣੇ ਮੋਢਿਆਂ ’ਤੇ ਚੁੱਕ ਕੇ ਆਪਣੀ ਐਂਬੂਲੈਂਸ ਵਿਚ ਲੈ ਗਿਆ। ਮੈਂ ਉਸ ਨੂੰ ਨੇੜੇ ਦੇ ਕਬਰਤਸਾਨ ਵਿਚ ਲੈ ਗਿਆ, ਜਦੋਂ ਕਿ ਥੋੜੇ ਜਿਹੇ ਲੋਕ ਪੈਦਲ ਮੇਰੇ ਨਾਲ ਆਏ, ਉਥੇ ਵੀ ਸਿਰਫ ਉਸ ਕਬਰਸਤਾਨ ਵਿਚ ਰਹਿਣ ਵਾਲਾ ਆਦਮੀ ਹੀ ਅੱਗੇ ਆਇਆ। ਪਰਿਵਾਰ ਉਦੋਂ ਆਇਆ ਜਦੋਂ ਉਸ ’ਤੇ ਮਿੱਟੀ ਪਾਉਣ ਦਾ ਸਮਾਂ ਸੀ।

ਉਹਨਾਂ ਨੇ ਮੈਨੂੰ ਕੁਝ ਪੈਸੇ ਦਿੱਤੇ ਅਤੇ ਇਕ ਬਜ਼ੁਰਗ ਔਰਤ ਅੱਗੇ ਆਈ ਅਤੇ ਪੁੱਛਣ ਲੱਗੀ, “ਤੂੰ ਕੌਣ ਹੈਂ ? ਤੇਰਾ ਕੀ ਨਾਂ ਹੈ ?” ਜਦੋਂ ਮੈਂ ਉਸ ਨੂੰ ਆਪਣੇ ਬਾਰੇ ਦੱਸਿਆ, ਉਹ ਕਹਿਣ ਲੱਗੀ, “ਤੂੰ ਮੇਰੇ ਪੁੱਤਰ ਨੂੰ ਸਤਿਕਾਰ ਨਾਲ ਦਫਨਾਇਆ ਹੈ। ਮੈਂ ਤੇਰੇ ਲਈ ਇਸਦੇ ਇਵਜਾਨੇ ਲਈ ਪ੍ਰਮਾਤਮਾ ਨੂੰ ਪ੍ਰਾਰਥਨਾ ਕਰਦੀ ਹਾਂ। ਉਹ ਤੈਨੂੰ ਇਸ ਦਾ ਇਨਾਮ ਦੇਵੇਗਾ।” ਮੈਂ ਉਸ ਨੂੰ ਕਿਹਾ ਕਿ ਪ੍ਰਮਾਤਮਾ ਕੋਲ ਪ੍ਰਾਰਥਨਾ ਕਰੋ ਕਿ ਉਹ ਉਸ ਨੂੰ ਇਹੋ ਜਿਹੀਆਂ ਸਥਿੱਤੀਆਂ ਨੂੰ ਜਿੱਤਣ ਦੀ ਸ਼ਕਤੀ ਦੇਵੇ, ਜੋ ਉਸ ਨੇ ਹੁਣੇ ਹੀ ਵੇਖੀਆਂ ਸਨ। ਸਗੋਂ ਆਪਣੇ ਆਪ ਵਿਚ.... ਘਿਰਣਾ। ਘਰ ਵੱਲ ਐਂਬੂਲੈਂਸ ਚਲਾਉਂਦਿਆਂ ਮੈਂ ਸੋਚਿਆ, “ਜਦੋਂ ਕੋਈ ਇਸ ਤਰ੍ਹਾਂ ਮਰ ਜਾਵੇ, ਨਫ਼ਰਤ ਘਾਟੇ ਦੀ ਪੀੜ ਨੂੰ ਖ਼ਤਮ ਕਰ ਦਿੰਦੀ ਹੈ। ਲਾਸ਼ ਨੂੰ ਉਸ ਜਗ੍ਹਾ ਤੋਂ ਭੇਜਣ ਦੀ ਰਾਹਤ ਨੇ ਦੁੱਖ ’ਤੇ ਕਾਬੂ ਪਾਇਆ ਅਤੇ ਸ਼ਾਂਤ ਕੀਤਾ।”

ਡਿਸਪੈਂਸਰੀ ਕੋਲ ਹੁਣ ਟੈਲੀਫੋਨ ਸੀ ਜਿਸ ਨੇ ਮੇਰੇ ਕੰਮ ਨੂੰ ਦੁੱਗਣਾ ਕਰ ਦਿੱਤਾ ਸੀ। ਜਿੰਨੇ ਦਿਨ ਵਿਚ ਘੰਟੇ ਨਹੀਂ ਹੁੰਦੇ, ਉਸ ਤੋਂ ਵੀ ਜ਼ਿਆਦਾ ਘਟਨਾਵਾਂ ਹੁੰਦੀਆਂ ਸਨ ਅਤੇ ਸੌਣ ਦਾ ਸਮਾਂ ਵੀ ਘੱਟ ਹੀ ਮਿਲਦਾ ਸੀ। ਜ਼ਖ਼ਮੀ ਮੇਰੀ ਪਹਿਲੀ ਤਰਜੀਹ ਸਨ, ਉਸ ਤੋਂ ਬਾਅਦ ਮਰੇ ਹੋਏ, ਅਤੇ ਉਸ ਤੋਂ ਬਾਅਦ ਜਿਨ੍ਹਾਂ ਨੂੰ ਹਸਪਤਾਲ ਵਿਚ ਬਦਲਣ ਦੀ ਲੋੜ ਜਾਂ ਹਸਪਤਾਲ ਤੋਂ ਬਿਨਾਂ ਕਾਹਲੀ ਵਿਚ ਬਦਲਣ ਦੀ ਲੋੜ ਸੀ। ਕਰਾਚੀ ਦੇ ਸਾਰੇ ਪੁਲੀਸ ਸਟੇਸ਼ਨ ਸੜਕਾਂ ’ਤੇ ਜਾਂ ਸਮੁੰਦਰ ਵਿਚ ਹੋਏ ਕਿਸੇ ਵੀ ਦੁਰਘਟਨਾ ਦੀ ਹਾਲਤ ਵਿਚ ਮੇਰੇ ਨਾਲ ਸੰਪਰਕ ਕਰਦੇ ਸਨ। ਮੇਰਾ ਨਾ ਕੋਈ ਮੁਕਾਬਲਾ ਸੀ, ਨਾ ਹੀ ਕੋਈ ਹਰ ਸਮੇਂ, ਹਰ ਜਗ੍ਹਾ ’ਤੇ ਹੋ ਸਕਦਾ ਸੀ, ਸਮਾਂ ਚਲਦਾ ਰਹਿੰਦਾ। ਕਈ ਵਾਰ, ਮੈਂ ਸਾਰੀ ਰਾਤ ਉਹਨਾਂ ਦੀ ਮਹਾਂਸਗਰ ਵਿਚ ਖੋਜ ਕਰਨ ਦੀ ਮਦਦ ਵਿਚ ਗੁਜਾਰ ਦਿੰਦਾ ਅਤੇ ਫਿਰ ਦਫਨਾਉਣ ਦੀ ਤਿਆਰੀ ਕਰਦਾ।

ਸਮੁੰਦਰ ਇਕ ਯੂਨੀਵਰਸਿਟੀ ਸੀ। ਇਸ ਦਾ ਵਿਵਹਾਰ ਇੰਨਾਂ ਮਨੁੱਖੀ ਸੀ ਕਿ ਇਸ ਦੇ ਨਾ ਖ਼ਤਮ ਹੋਣ ਵਾਲੇ ਕੰਢੇ ਵੱਖ-ਵੱਖ ਵਿਵਹਾਰ ਦੇ ਸਬਕ ਸਨ। ਮੈਂ ਸਿੱਧਾ ਖੜਾ ਰਹਿੰਦਾ ਅਤੇ ਉਹਨਾਂ ਨੂੰ ਦੂਰ ਤਕ ਫੈਲੇ ਹੋਏ ਨੀਲੇ, ਹਰੇ ਰੰਗ ਦੇ ਪਾਣੀਆਂ ਨੂੰ ਵੇਖਦਾ ਰਹਿੰਦਾ, ਮਹਾਂਸਾਗਰ ਦੀ ਆਵਾਜ਼ ਬਹੁਤ ਵੱਡੀਆਂ-ਵੱਡੀਆਂ ਲਹਿਰਾਂ ਦੀ

ਸ਼ਕਤੀ ਨਾਲ ਉੱਚੀ ਹੁੰਦੀ ਰਹਿੰਦੀ ਅਤੇ ਫਿਰ ਨੀਵੀਂ ਹੋ ਜਾਂਦੀ ਅਤੇ ਉਹ ਵਾਪਸ ਚਲੀਆਂ ਜਾਂਦੀਆਂ ਅਤੇ ਝੱਗ ਬੈਠ ਜਾਂਦੀ। ਉਥੇ ਆਵਾਜ਼, ਰੰਗ ਅਤੇ ਪ੍ਰਵਾਹ ਵਿਚ ਇਕਸਾਰਤਾ ਸੀ, ਇਹ ਛੁਪੇ ਹੋਏ ਇਰਾਦਿਆਂ ਦੀ ਇਕ ਬੜੀ ਉੱਤਮ ਕਲਾ ਸੀ, ਜੋ ਉਹਨਾਂ ਦੀ ਨਿਪੁੰਣ ਬੁੱਧੀ ਜੋੜ ਤੋੜ ਅਤੇ ਵਰਗਲਾਉਣ ਵਰਗੀ ਸੀ। ਕਈ ਵਾਰ ਮੈਂ ਇਸ ਦੇ ਅਸਲ ਸੁਭਾਵ ਦੇ ਪ੍ਰਗਟ ਹੋਣ 'ਤੇ ਹੈਰਾਨ ਰਹਿ ਜਾਂਦਾ। ਇਸ ਦੀ ਸਾਰੀ ਸਮਰੱਥਾ ਨੂੰ ਅੱਗੇ ਸੁੱਟ ਕੇ, ਇਹ ਜ਼ਮੀਨ 'ਤੇ ਇਕ ਵੱਡੇ ਪਹਾੜ ਵਾਂਗ ਲੱਗਦਾ, ਜਿਥੇ ਇਹ ਠਹਿਰਦਾ, ਉਹ ਪਵਿੱਤਰ ਵੰਡ ਦੀ ਲਕੀਰ ਹੁੰਦੀ, ਇਕ ਕੁਦਰਤੀ ਡੈਮ। ਕਈ ਇਸ ਦੀਆਂ ਚੇਤਾਵਨੀਆਂ ਨੂੰ ਅਣਗੌਲਿਆਂ ਕਰ ਦਿੰਦੇ ਅਤੇ ਇਸ ਦੀ ਗਹਿਰਾਈ ਵਿਚ ਗੁੰਮ ਹੋ ਜਾਂਦੇ।

ਇਹ ਇਸ ਗੁੱਸੇ ਭਰੇ ਮਹਾਂਸਾਗਰ ਦੀ ਮਾਰੂ ਫੁੰਕਾਰ ਸੀ, ਜਦੋਂ ਫੁੰਕਾਰਦਾ ਤਾਂ ਕਈ ਮਸੂਮਾਂ ਨੂੰ ਆਪਣੀ ਲਪੇਟ ਵਿਚ ਲੈ ਲੈਂਦਾ, ਜਿਹੜੀ ਮੈਨੂੰ ਰੁੱਝਿਆ ਰੱਖਦੀ। ਪ੍ਰਮਾਤਮਾ ਦੀ ਕੁਦਰਤ ਦੀ ਖੂਬਸੂਰਤੀ ਵਿਚ ਹੋਣ ਦੀ ਸਲਾਹਣਾ ਮੈਨੂੰ ਬਹੁਤ ਲੰਮਾ ਸਮਾਂ ਮੇਰਾ ਧਿਆਨ ਖਿੱਚਦੀ ਪਰ ਇਹ ਕੁਝ ਪਲਾਂ ਤੋਂ ਵੱਧ ਨਾ ਹੁੰਦਾ। ਦੁੱਖ ਵੀ ਪ੍ਰਮਤਮਾ ਦੀ ਪੈਦਾਵਾਰ ਦਾ ਇਕ ਹਿੱਸਾ ਸੀ ਜੋ ਉਸ ਕੋਲੋਂ ਕਰਨ ਤੋਂ ਰਹਿ ਗਿਆ ਸੀ ਅਤੇ ਮੈਂ ਮਹਿਸੂਸ ਕਰਦਾ ਕਿ ਇਹ ਫਜ਼ੂਲ ਹੀ ਸੀ ਕਿ ਜੋ ਉਸ ਨੇ ਸੰਪੂਰਨ ਕੀਤਾ ਸੀ, ਉਸ 'ਤੇ ਧਿਆਨ ਟਿਕਾਈ ਰੱਖਿਆ ਜਾਵੇ।

ਇਕ ਡੁੱਬੇ ਹੋਏ ਮਨੁੱਖ ਦੀ ਲਾਸ਼ ਫੁਲ ਕੇ ਬਹੁਤ ਵੱਡੇ ਆਕਾਰ ਵਿਚ ਹੋ ਗਈ ਸੀ, ਉਸ ਨੂੰ ਛੂਹਣ ਦੇ ਨਾਲ ਹੀ, ਇਕ ਛਾਲੇ ਵਾਂਗ ਉਸ ਦਾ ਸਰੀਰ ਖੁਰ ਜਾਂਦਾ ਸੀ। ਭਾਵੇਂ ਉਸ ਨੂੰ ਸਾਫ ਨਹੀਂ ਸੀ ਕੀਤਾ ਜਾ ਸਕਦਾ, ਨਾ ਹੀ ਦਵਾਈਆਂ ਲਾਉਣਾ ਸੰਭਵ ਸੀ, ਉਸ ਨੂੰ ਦਫਨਾਉਣਾ ਜ਼ਰੂਰੀ ਸੀ, ਸਾਰੇ ਲੋਕ ਜਿੱਦ ਕਰ ਰਹੇ ਸਨ ਕਿ ਉਸ ਨੂੰ ਘਰ ਖੜਿਆ ਜਾਵੇ। ਮੇਰਾ ਦਿਮਾਗ ਇਸ ਗੱਲ ਨੂੰ ਨਹੀਂ ਸੀ ਮੰਨਦਾ। ਇਹ ਅੱਗਿਆਨਤਾ ਦਾ ਪ੍ਰਤੱਖ ਪ੍ਰਮਾਣ ਸੀ, ਸਮੇਂ ਅਤੇ ਪੈਸੇ ਦੀ ਫਜ਼ੂਲ ਵਰਤੋਂ, ਪਰ ਜਿੰਦਗੀ ਦੀ ਕੀਮਤ ਅਤੇ ਮਰ ਗਏ ਦੇ ਫਜ਼ੂਲ ਜਾਣ ਦਾ ਪ੍ਰਚਾਰ, ਲੋਕ ਨਹੀਂ ਸਨ ਸੁਣਦੇ। ਲੋਕ ਰੋਮਾਂਚਿਕ ਤੌਰ 'ਤੇ ਯਾਦਾਂ ਵਿਚ ਬਝੇ ਰਹਿੰਦੇ ਸਨ।

ਖਟਾਰਾ ਹੋ ਚੁੱਕੀ ਪੁਰਾਣੀ ਐਂਬੂਲੈਂਸ ਸਮੁੰਦਰ ਤਲ ਤੋਂ ਬਹੁਤ ਦੂਰ ਦੇ ਇਲਾਕੇ ਵਿਚ ਮਰਿਆ ਹੋਇਆਂ ਨੂੰ ਤੇਜ ਰਫਤਾਰ ਨਾਲ ਪਹੁੰਚਾਉਂਦੀ, ਜਿਸ ਰਫਤਾਰ ਨਾਲ ਮੈਂ ਉਸ ਨੂੰ ਚਲਾ ਸਕਦਾ ਸਾਂ। ਕਈ ਵਾਰ ਇਸ ਵਿਚ ਖ਼ਰਾਬੀ ਪੈ ਜਾਂਦੀ ਅਤੇ ਇਹ ਬੜੇ ਦੂਰ ਦਰਾਜ ਦੇ ਇਲਾਕਿਆਂ ਵਿਚ ਖੜੀ ਹੋ ਜਾਂਦੀ ਅਤੇ ਉਹ ਵੀ ਬੜੇ ਗ਼ਲਤ ਮੌਕੇ 'ਤੇ। ਮੈਂ ਆਪਣਾ ਟੂਲ ਬਕਸ ਬਾਹਰ ਕੱਢਦਾ ਅਤੇ ਇਸ ਦੇ ਖ਼ਰਾਬ ਹੋਣ ਦੇ ਕਾਰਨਾਂ ਸੰਬੰਧੀ ਜੋ ਵੀ ਮੇਰੇ ਕੋਲ ਗਿਆਨ ਸੀ, ਮੈਂ ਉਸ ਦੀ ਵਰਤੋਂ ਕਰਦਾ ਅਤੇ ਕੋਸ਼ਿਸ਼ ਕਰਦਾ ਕਿ ਮੈਂ ਅਤੇ ਮੇਰੇ ਯਾਤਰੀ ਸ਼ਾਂਤ ਰਹਿਣ।

ਅਸੀਂ ਜੈਕਬਾਬਾਦ, ਠੱਠਾ, ਨਵਾਬਸ਼ਾਹ ਅਤੇ ਬਲੋਚਿਸਤਾਨ ਤਕ ਐਂਬੂਲੈਂਸ ਚਲਾ ਕੇ ਗਏ। ਰਸਤੇ ਵਿਚ, ਲਾਸ਼ਾਂ ਨੂੰ ਇਸ ਸਫਰ ਵਿਚ ਲਿਜਾਣ ਦੀ ਫਜ਼ੂਲ ਕੋਸ਼ਿਸ਼ ਸੰਬੰਧੀ ਮੈਂ ਗੁੱਸੇ ਵਿਚ ਬੋਲਦਾ ਰਿਹਾ, ਜ਼ਿਅਦਾਤਰ ਆਪਣੇ ਨਾਲ ਉਹਨਾਂ ਬੇਅਰਥ ਲਾਸ਼ਾਂ ਬਾਰੇ ਜੋ ਇਸ ਯਾਤਰਾ ਵਿਚ ਨਾਲ ਸਨ। ਭਾਵੇਂ ਉਹ ਆਪਣੇ ਆਪ ਲਈ ਭੋਜਨ ਮੰਗਦੇ ਸਨ, ਪਰ ਉਹ ਇਸ ਨੂੰ ਬਹੁਤ ਵੱਡੀ ਬਣਾਉਂਦੇ ਸਨ ਤਾਂ ਕਿ ਆਪਣੇ ਆਪ ਦਾ ਵਿਖਾਵਾ ਕਰਨ ਅਤੇ ਆਪਣਾ ਮੂੰਹ ਵਿਖਾ ਸਕਣ। ਇਸ ਵਿਸ਼ੇ ਨੂੰ ਛੱਡਣ ਲਈ ਮੈਨੂੰ ਕਈ ਸਾਲ ਲੱਗੇ। ਮੈਂ ਸਾਥੀਆਂ ਦੀਆਂ ਭਾਵਨਾਵਾਂ ਨੂੰ ਸ਼ਕਤੀਸ਼ਾਲੀ ਸਮਝਦਿਆਂ ਇਸ ਲਈ ਆਤਮ ਸਮਰਪਣ ਕਰ ਦਿੱਤਾ ਜੋ ਕਿ ਕਾਰਨ ਅਤੇ ਤਰਕ ਤੋਂ ਬਾਹਰ ਲੱਗਦਾ ਸੀ।

ਇਸ ਤਰ੍ਹਾਂ ਦੇ ਸਫਰਾਂ ਵਿਚ ਮੈਨੂੰ ਡਰੇ ਅਤੇ ਦੱਬੇ ਹੋਏ ਵਿਵਹਾਰ ਦੀ ਬੜੀ ਮਜ਼ਬੂਤ ਗਵਾਹੀ ਮਿਲਦੀ। ਜਦੋਂ ਕਿ ਕੁਰਾਨ ਜਾਨਵਰਾਂ ਲਈ ਦਇਆ ਅਤੇ ਸ਼ਰਾਫਤ ਦਾ ਹੁਕਮ ਕਰਦੀ ਹੈ, ਲੋਕ ਇਨ੍ਹਾਂ ਹਦਾਇਤਾਂ ਤੋਂ ਬੇਖਬਰ ਸਨ। ਉਹਨਾਂ ਦੀ ਇਕ ਮਰੇ ਹੋਏ ਕੁੱਤੇ ਬਾਰੇ ਪ੍ਰਤਿਕ੍ਰਿਆ ਇਕ ਗਲੀ ਸੜੀ ਲਾਸ਼ ਨਾਲੋਂ ਬਹੁਤ ਮਾੜੀ ਹੈ। ਜਦੋਂ ਮੈਂ ਕਿਸੇ ਇਕ ਨੂੰ ਸੜਕ ’ਤੇ ਵੇਖਦਾ, ਮੈਂ ਸੜਕ ਦੇ ਇਕ ਪਾਸੇ ਵੈਨ ਰੋਕ ਲੈਂਦਾ, ਮੈਂ ਜਾਨਵਰ ਕੋਲ ਜਾਂਦਾ, ਉਸ ਨੂੰ ਆਪਣੀਆਂ ਬਾਹਾਂ ਉਸ ਦੇ ਸਰੀਰ ਦੇ ਥੱਲੇ ਰੱਖ ਕੇ ਚੁੱਕ ਲੈਂਦਾ। ਉਸ ਨੂੰ ਹੌਲੀ ਜਿਹੀ ਕਿਸੇ ਦਰਖ਼ਤ ਦੀ ਛਾਂਅ ਹੇਠ ਜਾਂ ਕਿਸੇ ਝਾੜੀ ਦੇ ਨਜ਼ਦੀਕ, ਮੈਂ ਉਸ ਨੂੰ ਪੱਤਿਆਂ ਨਾਲ ਢੱਕ ਦਿੰਦਾ, ਆਪਣੇ ਹੱਥਾਂ ਨੂੰ ਇਕ ਦੂਜੇ ਨਾਲ ਕੁਝ ਸਮਾਂ ਮਲਦਾ ਅਤੇ ਵਾਪਸ ਵੈਨ ਕੋਲ ਆ ਜਾਂਦਾ ਤਾਂ ਕਿ ਫਿਰ ਸਫਰ ਸ਼ੁਰੂ ਕੀਤਾ ਜਾਵੇ। ਮੈਂ ਕਦੀ ਕਿਸੇ ਨੂੰ ਮਦਦ ਲਈ ਨਹੀਂ ਸੀ ਕਿਹਾ, ਅਸਲ ਵਿਚ ਪਹਿਲੀਆਂ ਸਟੇਜਾਂ ਵਿਚ ਤਾਂ ਮੈਂ ਮਦਦ ਲੈਣ ਤੋਂ ਇਨਕਾਰ ਕਰ ਦਿੰਦਾ ਸਾਂ ਕਿਉਂ ਜੋ ਇਸ ਦਾ ਕੋਈ ਅਰਥ ਨਹੀਂ ਸੀ ਹੁੰਦਾ ਜਦੋਂ ਕਿ ਇਹ ਕਿਸੇ ਪ੍ਰੇਰਣਾ ਨਾਲ ਨਹੀਂ, ਸਗੋਂ ਮੇਰੇ ਲਈ ਕੀਤੀ ਜਾਂਦੀ ਸੀ। ਕੋਈ ਵੀ ਦਿਨ ਨਹੀਂ ਸੀ ਗੁਜ਼ਰਦਾ ਜਦੋਂ ਵੈਨ ਇਸ ਕੰਮ ਲਈ ਕੁਝ ਥਾਵਾਂ ’ਤੇ ਨਾ ਖਲੋਂਦੀ। ਇਹ ਇੰਨੀ ਵਾਰ ਅਤੇ ਜ਼ਿਆਦਾ ਵਾਰ ਹੁੰਦਾ ਕਿ ਲੋਕ ਇਸ ਤੋਂ ਪ੍ਰੇਰਿਤ ਹੋਏ ਅਤੇ ਗੋਲਮੋਲ ਢੰਗ ਨਾਲ ਪਰ ਠੀਕ ਦਿਸ਼ਾ ਵਿਚ ਇਸ ਦਾ ਜਵਾਬ ਦੇਣ ਲੱਗ ਪਏ। ਫਿਰ ਤਾਂ ਹੀ ਮੈਂ ਉਹਨਾਂ ਦੀਆਂ ਪੇਸ਼ਕਸ਼ਾਂ ਪ੍ਰਵਾਨ ਕਰਨ ਲੱਗ ਪਿਆ, ਕਦੀ ਵੀ ਇਸ ਤਬਦੀਲੀ ਵੱਲੋਂ ਧਿਆਨ ਨਾ ਹਟਾਇਆ।

ਮੈਂ ਇਕ ਪੁਰਾਣੀ ਇਮਾਰਤ ਕਿਰਾਏ ’ਤੇ ਲੈ ਲਈ ਅਤੇ ਸਾਰੇ ਬੇਘਰਿਆਂ ਨੂੰ ਉਥੇ ਬਦਲ ਦਿੱਤਾ। ਸੇਠਾਂ ਨੇ ਵੀ ਉਸ ਵਕਤ ਇਕ ਵਿਸ਼ੇਸ਼ ਫੈਸ਼ਨ ਨਾਲ, ਇਸ ਦੀ ਅਲੋਚਨਾ ਕੀਤੀ, “ਉਹ ਥੋੜਾ ਜਿਹਾ ਦੇ ਰਿਹਾ ਹੈ, ਤਾਂ ਕਿ ਕੋਈ ਵੱਡਾ ਲਾਭ ਲਿਆ ਜਾਵੇ। ਇਸ ਆਦਮੀ ’ਤੇ ਵਿਸ਼ਵਾਸ ਨਾ ਕਰੋ। ਉਹ ਪੱਛੜੇ ਹੋਇਆਂ ਦੀ ਰੋਟੀ

’ਤੇ ਪਲਦਾ ਹੈ।” ਦੂਜੇ ਚਿੱਲਾਏ, “ਉਸ ਦੇ ਹਿਸਾਬ ਬਾਰੇ ਕੌਣ ਜਾਣਦਾ ਹੈ? ਕਿਸ ਨੇ ਉਸ ਦੀ ਆਮਦਨ ਅਤੇ ਖ਼ਰਚ ਦੇ ਹਿਸਾਬ ਨੂੰ ਜਾਂਚਿਆ ਹੈ ? ਪੈਸਾ ਕਿਥੇ ਜਾ ਰਿਹਾ ਹੈ ? ਇਹ ਸਾਰਾ ਇਸ ਇਕ ਪੁਰਾਣੀ ਵੈਨ ਅਤੇ ਖ਼ਸਤਾ ਇਮਾਰਤ ’ਤੇ ਤਾਂ ਨਹੀਂ ਜਾ ਰਿਹਾ ?” ਉਹ ਮੇਰਾ ਹਿਸਾਬ ਚੈੱਕ ਕਰਨ ਦੀ ਮੰਗ ਕਰਦੇ ਸਨ ਅਤੇ ਮੇਰੇ ਦੋਸਤ ਇਸ ਨਾਲ ਘਬਰਾਏ ਹੋਏ ਸਨ। ਜੇ ਕੋਈ ਡਿਸਪੈਂਸਰੀ ਨਹੀਂ, “ਤਾਂ ਤੁਸੀਂ ਕਿਉਂ ਘਬਰਾਉਂਦੇ ਹੋ?” ਮੈਂ ਪ੍ਰਸ਼ਨ ਕੀਤਾ। ਮੈਨੂੰ ਜਿਸ ਗੱਲ ਦਾ ਫ਼ਿਕਰ ਸੀ ਉਹ ਹੋਰ ਸੀ, ਉਹ ਹਿਸਾਬ ਮੰਗਣ ਵਾਲੇ ਕੌਣ ਸਨ, ਮੈਂ ਉਹਨਾਂ ਨੂੰ ਹਿਸਾਬ ਨਹੀਂ ਦੇਵਾਂਗਾ।

ਕਲਿਆਣ ਨੂੰ ਉਸ ਦੀ ਸੱਚੀ ਭਾਵਨਾ ਅਤੇ ਇਤਬਾਰ ਯੋਗ ਬਣਾ ਕੇ ਮੈਨੂੰ ਇਸ ਤੋਂ ਵੱਖ ਬਣਾ ਦਿੱਤਾ ਸੀ ਕਿ ਮੈਂ ਇਸ ਤਰ੍ਹਾਂ ਦੇ ਜੁਆਬ ਦੇਣ ਅਤੇ ਡਰਾਵਿਆਂ ਵਿਚ ਘਿਰ ਜਾਂਵਾਂ। ਮੈਨੂੰ ਕਿਸੇ ਨੂੰ ਵੀ ਇਹ ਦੇਣ ਦੀ ਲੋੜ ਨਹੀਂ ਸੀ। ਇਹ ਮੇਰਾ ਕੰਮ ਸੀ ਅਤੇ ਮੈਨੂੰ ਇਸ ਦਾ ਬਹੁਤ ਸਤਿਕਾਰ ਸੀ, ਮੇਰੇ ਵਿਰੋਧੀ, ਬਦਕਿਸਮਤੀ ਨਾਲ, ਇਸ ਗੱਲ ਦਾ ਖਿਆਲ ਨਹੀਂ ਸਨ ਕਰਦੇ ਕਿ ਮੈਂ ਉਹਨਾਂ ਅਨੁਸਾਰ ਸਾਧਾਰਨ ਵਿਅਕਤੀ ਨਹੀਂ ਸਾਂ। ‘ਅਮੀਨ’ ਦੇ ਅਰਥ ਲਈ ਵਚਨਬੱਧ ਸਾਂ, ਮੈਂ ਪ੍ਰਮਾਤਮਾ ਦੀ ਹਾਜ਼ਰੀ ਵਿਚ ਇਕ ਟਰੱਸਟੀ ਸਾਂ। ਕੇਵਲ ਇਸ ਹੀ ਵਿਆਖਿਆ ਜਿਸ ਦੇ ਦੇਣ ਤੋਂ ਮੈਂ ਨਹੀਂ ਸਾਂ ਝਿਜਕਦਾ, ਉਹ ਸੀ ਮੇਰੇ ਆਪਣੇ ਆਪ ਦੀ, ਅਸਲ ਵਿਚ ਇਹ ਹੀ ਇਕ ਵਿਆਖਿਆ ਸੀ। ਲੋਕਾਂ ਦੀ ਜਾਇਦਾਦ ਦੇ ਤੌਰ ’ਤੇ ਇਸ ਬਾਰੇ ਪੁੱਛਿਆ ਜਾ ਸਕਦਾ ਸੀ, ਵਿਸ਼ਵਾਸ ਜਾਂ ਬੇਵਿਸ਼ਵਾਸੀ ਕੀਤੀ ਜਾ ਸਕਦੀ ਸੀ, ਇਸ ਨੂੰ ਸਲਾਹਿਆ ਜਾਂ ਨਾ ਸਲਾਹਿਆ ਜਾਂਦਾ। ਜਿਹੜੇ ਮੇਰੇ ਇਰਾਦਿਆਂ ’ਤੇ ਸ਼ੱਕ ਕਰਦੇ ਸਨ, ਉਹਨਾਂ ਨੂੰ ਦਾਨ ਦੇਣ ਲਈ ਮਜ਼ਬੂਰ ਨਹੀਂ ਕੀਤਾ ਜਾ ਸਕਦਾ ਸੀ। ਜਿਹੜੇ ਮੇਰੇ ’ਤੇ ਵਿਸ਼ਵਾਸ ਕਰਦੇ ਸਨ, ਉਹਨਾਂ ਨੂੰ ਇਸ ਕੰਮ ਨੂੰ ਅੱਗੇ ਵਧਾਉਣ ਲਈ ਮੇਰੇ ਇਰਾਦਿਆਂ ’ਤੇ ਵੀ ਵਿਸ਼ਵਾਸ ਕਰਨਾ ਚਾਹੀਦਾ ਸੀ।

ਸਿਆਲ ਦੀ ਇਹ ਇਕ ਠੰਡੀ ਅਤੇ ਹਨੇਰੀ ਰਾਤ ਸੀ। ਮੈਂ ਚੌਂਕੀ ’ਤੇ ਬੈਠ ਕੇ ਕੱਪੜੇ ਧੋ ਰਿਹਾ ਸਾਂ, ਜਿਸ ’ਤੇ ਮੈਂ ਆਪਣੇ ਮਾਤਾ ਜੀ ਨੂੰ ਨੁਹਾਉਂਦਾ ਹੁੰਦਾ ਸਾਂ, ਤਾਂ ਇਕ ਦਮ ਬਿਜਲੀ ਚਲੀ ਗਈ। ਇਸ ਤਰ੍ਹਾਂ ਠਹਿਰਣ ਕਰਕੇ ਸੋਚਾਂ ਦਾ ਹੜ੍ਹ ਆ ਗਿਆ, ਮੇਰੇ ਦਿਮਾਗ ਵਿਚ ਜਿਵੇਂ ਬਿਜਲੀ ਚਮਕ ਪਈ ਹੋਵੇ, “ਤੁਸੀਂ ਸਿਰਫ ਆਪਣੀ ਹੀ ਜ਼ਿੰਮੇਵਾਰੀ ਲੈ ਸਕਦੇ ਹੋ। ਉਸ ਨਾਲ ਹੀ ਲੜੋ, ਉਸ ਨਾਲ ਲੜੋ ਈਦੀ।” ਇਹ ਸਾਧਾਰਨ ਸੱਚਾਈ ਦਾ ਚਮਕਣਾ ਸੀ, ਜੋ ਕਿ ਬੜਾ ਤਾਕਤਵਰ ਢੰਗ ਸੀ। ਉਸ ਤੋਂ ਅਗਲੀ ਸਵੇਰ, ਮੈਂ ਆਪਣੀ ਡਿਸਪੈਂਸਰੀ ਦਾ ਅਤੇ ਆਪਣੀ ਵੈਨ ਦਾ ਨਾਂ ਬਦਲ ਕੇ ‘ਈਦੀ’ ਲਿਖ ਦਿੱਤਾ।

ਮੈਂ ਘੋਸ਼ਣਾ ਕੀਤੀ ਕਿ ਕਿਉਂ ਜੋ ਸਾਰਾ ਪੈਸਾ ਮੈਨੂੰ ਦਿੱਤਾ ਜਾਂਦਾ ਹੈ, ਈਦੀ ਇਕ ਆਦਮੀ ਨੂੰ, ਨਾ ਕਿ ਕਿਸੇ ਕਮੇਟੀ, ਬੋਰਡ, ਗਰੁੱਪ ਜਾਂ ਸੰਸਥਾ ਨੂੰ, ਇਸ ਲਈ

ਮੈਂ ਜਾਤੀ ਤੌਰ 'ਤੇ ਜ਼ਿੰਮੇਵਾਰ ਸਾਂ। "ਪਰ ਉਹੋ ਹੀ ਮੈਨੂੰ ਸਵਾਲ ਪੁੱਛ ਸਕਦੇ ਹਨ ਜੋ ਮੈਨੂੰ ਦਾਨ ਦਿੰਦੇ ਹਨ।" ਆਦਮੀ ਦੇ ਵਿਕਣ ਵਾਲੇ ਸੁਭਾਅ ਨੂੰ ਜਾਣਦਿਆਂ ਹੋਇਆਂ, ਮੈਂ ਸੇਠਾਂ ਦੀ ਸ਼ਕਤੀ ਤੋਂ ਸੁਚੇਤ ਸਾਂ ਅਤੇ ਇਸ ਲਈ ਖ਼ਾਸ ਤੌਰ 'ਤੇ ਕਿਹਾ, "ਜੇ ਕਿਸੇ ਦਾਨ ਦੇਣ ਵਾਲੇ ਨੂੰ ਸ਼ੱਕ ਹੋਵੇ ਤਾਂ ਉਸ ਦੇ ਪੈਸੇ ਵਾਪਸ ਹੋ ਸਕਦੇ ਹਨ, ਇਸ ਤੋਂ ਜ਼ਿਆਦਾ, ਮੈਂ ਉਸ ਨੂੰ ਸ਼ਾਂਤ ਕਰਨ ਲਈ ਤਿਆਰ ਨਹੀਂ। ਜੋ ਪੈਸੇ ਮੈਨੂੰ ਦਿੱਤੇ ਗਏ ਹਨ ਅਤੇ ਉਹਨਾਂ ਦੀ ਘੋਸ਼ਣਾ ਕੀਤੀ ਗਈ ਹੈ, ਮੈਨੂੰ ਉਸ ਦੇ ਖ਼ਰਚ ਕਰਨ ਦੇ ਢੰਗ ਦਾ ਅਧਿਕਾਰ ਹੈ। ਮੈਂ ਉਸ ਦੇ ਦਬਾਅ ਦੇ ਥੱਲੇ ਨਹੀਂ ਝੁਕਾਂਗਾ, ਜਿਹੜਾ ਉਹਨਾਂ ਲੋਕਾਂ ਨੇ ਪੈਦਾ ਕੀਤਾ ਹੈ, ਜਿਨ੍ਹਾਂ ਨੇ ਇਸ ਕੰਮ ਲਈ ਉਂਨਾਂ ਨਹੀਂ ਦਿੱਤਾ ਜਿੰਨਾਂ ਮੈਂ ਦਿੱਤਾ। ਨਾ ਹੀ ਕੋਈ ਵੱਡੇ ਦਾਨ ਦੇਣ ਵਾਲੇ, ਨਾ ਹੀ ਮੇਰੇ ਕੋਲ ਥੋੜਾ ਸਮਾਂ ਕੰਮ ਕਰਨ ਵਾਲੇ ਲੋਕ ਇਸ ਅਧਿਕਾਰ ਦੇ ਯੋਗ ਹਨ। ਪੱਕੇ ਤੌਰ 'ਤੇ ਕਿਸੇ ਵੀ ਸੇਠ ਦੀ ਇਸ ਤਰ੍ਹਾਂ ਦੀ ਸਥਿੱਤੀ ਨਹੀਂ ਕਿ ਉਹ ਉਸ ਕੰਮ ਵਿਚ ਦਖ਼ਲ ਦੇਵੇ ਜਿਸ ਨੂੰ ਉਸ ਨੇ ਨਹੀਂ ਵਧਾਇਆ।"

ਵਿਰੋਧੀਆਂ ਨੇ ਮੈਨੂੰ ਸਖ਼ਤ ਅਤੇ ਬੇਝਿੱਜਕ ਬਣਾ ਦਿੱਤਾ। ਇਸ ਲਈ ਮੈਂ ਝੁੱਕਣ ਦੀ ਬਜਾਏ, ਮੈਂ ਇਕ ਡਿਕਟੇਟਰ ਬਣ ਗਿਆ। ਇਹ ਇਕ ਔਜਾਰ ਸੀ ਜਿਸ ਨੇ ਮੈਨੂੰ ਕਿਸੇ ਵੀ ਮਾੜੀ ਘਟਨਾ 'ਤੇ ਕਾਬੂ ਪਾਉਣ ਅਤੇ ਉਸ ਨੂੰ ਖ਼ਤਮ ਕਰਨ ਦੀ ਸ਼ਕਤੀ ਦਿੱਤੀ, ਜਿਹੜੀ ਮੇਰੇ ਕੰਮ ਨੂੰ ਨਾ ਤਾਂ ਘਟਾ ਸਕਦੀ ਸੀ, ਨਾ ਹੀ ਮੇਰੇ ਉਦੇਸ਼ ਨੂੰ ਪ੍ਰਭਾਵਿਤ ਕਰ ਸਕਦੀ ਸੀ। ਮੈਂ ਆਪਣੇ ਉਸ ਤਰਕ 'ਤੇ ਜ਼ੋਰ ਦਿੱਤਾ, ਜਿਸ ਕਰਕੇ ਮੈਂ ਸਿਰਫ ਪ੍ਰਮਾਤਮਾ ਨੂੰ ਜੁਆਬਦੇਹ ਸਾਂ ਨਾ ਕਿ ਕਿਸੇ ਹੋਰ ਨੂੰ, "ਮੈਂ ਇਕੱਲਾ ਪ੍ਰਾਰਥਨਾ ਕਰ ਰਿਹਾ ਸਾਂ, ਜੇ ਕੋਈ ਮੇਰੇ ਨਾਲ ਸ਼ਾਮਿਲ ਹੋਣਾ ਚਾਹੁੰਦਾ ਹੈ, ਉਸ ਨੂੰ ਸਾਡੇ ਕੰਮ ਨੂੰ ਮੰਨਣਾ ਪਵੇਗਾ। ਮੈਂ ਵਿਆਖਿੱਆ ਦੇ ਕੇ ਜਵਾਬ ਦੇਣ ਲਈ ਤਿਆਰ ਨਹੀਂ ਅਤੇ ਨਾ ਹੀ ਚੱਕਰਾਂ ਵਿਚ ਪੈਣਾ ਚਾਹੁੰਦਾ ਹਾਂ।"

ਡਿਸਪੈਂਸਰੀ ਵਿਚ ਮੈਂ ਪੂਰਾ ਕੰਟਰੋਲ ਕਰ ਲਿਆ, ਪਰ ਵਲੰਟੀਅਰ ਅਤੇ ਥੋੜਾ ਸਮਾਂ ਕੰਮ ਕਰਨ ਵਾਲੇ ਹਮੇਸ਼ਾ ਕੁਝ ਸਮੇਂ ਬਾਅਦ ਨਕਾਰਾਤਮਕ ਢੰਗ ਵਰਤਣ ਲੱਗ ਜਾਂਦੇ ਸਨ। ਸੀਮਤ ਜਿਹੇ ਯੋਗਦਾਨ ਦੇ ਬਾਵਜੂਦ, ਉਹ ਪੱਕੇ ਤੌਰ 'ਤੇ ਅਲੋਚਨਾ ਕਰਨ ਦੇ ਹੱਕਦਾਰ ਸਮਝਦੇ, ਦੋਸ਼ਾਂ ਨੂੰ ਉਜਾਗਰ ਕਰਦੇ ਅਤੇ ਅਗਵਾਈ ਨੂੰ ਨਿਰਉਤਸ਼ਾਹਿਤ ਕਰਦੇ। ਉਹਨਾਂ ਦੇ ਵਿਵਹਾਰ ਕਰਕੇ ਮੇਰੇ ਡਿਕਟੇਟਰਸ਼ਿਪ ਦੀ ਜ਼ਰੂਰਤ ਹੋਰ ਜ਼ਿਆਦਾ ਜਾਪਦੀ। "ਮੈਨੂੰ ਨਾ ਕੋਈ ਸਲਾਹ ਚਾਹੀਦੀ ਹੈ, ਜਾਂ ਪ੍ਰਾਰਥਨਾ ਕਰਨ ਦੀ ਇਜ਼ਾਜਤ ਚਾਹੀਦੀ ਹੈ, ਉਸ ਹੀ ਭਾਵਨਾ ਨਾਲ, ਨਾ ਹੀ ਮੈਨੂੰ ਐਂਬੂਲੈਂਸ ਖਰੀਦਣ ਲਈ ਇਜਾਜ਼ਤ ਚਾਹੀਦੀ ਹੈ, ਨਾ ਹੀ ਕਿਸੇ ਬੇਵਾਰਸ ਲਾਸ਼ ਦੇ ਦਫਨਾਉਣ ਲਈ। ਮੁੱਦੇ ਸਪੱਸ਼ਟ ਹਨ ਅਤੇ ਇਨ੍ਹਾਂ ਦੇ ਹੱਲ ਬਹੁਤ ਸਾਧਾਰਨ ਹਨ ਜਿਸ ਤਰ੍ਹਾਂ ਮਾਂ ਨਾਲ ਜਾਂ ਭੈਣ ਨਾਲ ਵਿਆਹ ਦੀ ਮਨਾਹੀ ਹੈ, ਪ੍ਰਮਾਤਮਾ ਵੱਲੋਂ ਇਨਸਾਨੀਅਤ

ਵਧਾਉਣ ਦੀ ਮੰਗ ਵੀ ਆਖਰੀ ਹੈ। ਜਿਹੜਾ ਵੀ ਇਸ ਨਾਲ ਸਹਿਮਤ ਨਹੀਂ, ਉਹ ਜਾ ਸਕਦਾ ਹੈ।" ਮੈਂ ਉਹਨਾਂ ਸਾਰੇ ਮਰੇ ਹੋਏ ਭਾਰ ਨੂੰ ਜੋ ਬੋਝ ਬਣਦੇ ਸਨ, ਉਹਨਾਂ ਨੂੰ ਛੱਡ ਦਿੱਤਾ, ਉਹ ਜਿਹੜੇ ਮੈਨੂੰ ਉਲਝਨ ਵਿਚ ਪਾਉਂਦੇ ਸਨ ਅਤੇ ਡਰਾਉਂਦੇ ਸਨ ਉਹਨਾਂ ਨਕਾਰਤਮਕ ਪ੍ਰਭਾਵ ਪਾਉਣ ਵਾਲਿਆਂ ਸਾਰਿਆਂ ਨੂੰ ਨੌਕਰੀ ਤੋਂ ਬਰਤਰਫ ਕਰ ਦਿੱਤਾ। ਬਾਹਰਲੇ ਪਾਸੇ ਮੈਂ ਇਕ ਬੋਰਡ ਲਟਕਾ ਦਿੱਤਾ, ਜੋ ਆਮ ਲੋਕਾਂ ਲਈ ਘੋਸ਼ਣਾ ਕਰਦਾ ਸੀ : "ਜਿਹੜਾ ਵੀ ਯੋਗਦਾਨ ਪਾਉਂਦਾ ਹੈ, ਉਸ ਨੂੰ ਜਦੋਂ ਵੀ ਸ਼ੱਕ ਹੋਵੇ ਉਹ ਪੈਸੇ ਵਾਪਸ ਲੈ ਸਕਦਾ ਹੈ।" ਇਹ ਸੂਚਨਾ ਹੁਣ ਤੋਂ ਬਾਅਦ ਹਰ ਸਮੇਂ ਲਈ ਸਾਰੀਆਂ ਰਸੀਦਾਂ 'ਤੇ ਛਾਪੀ ਗਈ।

ਸਮਾਜ ਸੁਧਾਰ ਲਈ ਡੂੰਘਾ ਮਨੋਵਿਗਿਆਨਕ ਸੁਧਾਰ ਚਾਹੀਦਾ ਸੀ। ਮੈਂ ਦਾਨ ਇੱਕਠਾ ਨਹੀਂ ਸਾਂ ਕਰ ਰਿਹਾ ਅਤੇ ਲੋੜਵੰਦਾਂ ਨੂੰ ਵਜੀਫੇ ਨਹੀਂ ਸਾਂ ਦੇ ਰਿਹਾ। ਇਹ ਮੇਰੇ ਲਈ ਬੇਅਰਥ ਸੀ ਕਿ ਕਿਸੇ ਵੀ ਮਹੱਤਵਪੂਰਨ ਮਾਮਲੇ ਨੂੰ ਮੈਂ ਅੱਧੇ ਮਨ ਨਾਲ ਲਵਾਂ, ਇਕ ਨੂੰ ਛੱਡ ਕੇ ਜਿਸ ਨਾਲ ਮੈਂ ਵਚਨਬੱਧ ਸਾਂ। ਇਸ ਕੋਸ਼ਿਸ਼ ਸੰਬੰਧੀ, ਮੈਂ ਮਨੁੱਖੀ ਹਾਲਤਾਂ ਦੀ ਡੂੰਘਾਈ ਤਕ ਜਾਂਦਾ ਸਾਂ। ਮੁੱਢਲੀਆਂ ਗੱਲਾਂ ਦੀ ਪਹਿਚਾਣ ਕਰਕੇ ਅਤੇ ਪੱਕਾ ਕਰਕੇ, ਇਕ ਹਮਦਰਦ ਸਮਾਜ ਸਥਾਪਿਤ ਕਰਨ ਲਈ ਮੈਂ ਸਖ਼ਤੀ ਨਾਲ ਇਨਸਾਨੀਅਤ ਦੇ ਨਿਯਮਾਂ ਨੂੰ ਦੁਬਾਰਾ ਲਾਗੂ ਕਰਨਾ ਚਾਹੁੰਦਾ ਸਾਂ, ਕਿਉਂ ਜੋ ਮੇਰੀਆਂ ਸਾਰੀਆਂ ਕ੍ਰਿਆਵਾਂ ਵਿਚ ਇਥੇ ਵੀ ਮੇਰੇ ਧਿਆਨ ਵਿਚ ਸੀ ਕਿ ਮੁੱਢਲੇ ਆਧਾਰ ਨੂੰ ਠੀਕ ਕੀਤਾ ਜਾਵੇ। ਮੈਂ ਇਸ ਨੂੰ ਬਹੁਤੀ ਕਾਹਲੀ ਵਿਚ ਨਹੀਂ ਸਾਂ ਬਣਾ ਰਿਹਾ। ਉਹ ਮੈਨੂੰ ਰੋਕਣ ਵਾਲੇ ਬੇਵਕੂਫ ਸਨ, ਮੈਂ ਆਪਣੇ ਆਪ ਨਹੀਂ ਸਾਂ ਰੁੱਕ ਸਕਦਾ।

ਨਾ ਕੇਵਲ ਮੇਰੇ ਕੰਮ ਦੀ ਕਦਰ ਕਿਸੇ ਸ਼ੱਕ ਵਿਚ ਸੀ, ਇਸ ਦੇ ਆਧਾਰ 'ਤੇ ਹੋਰ ਕੰਮਾਂ ਵਾਂਗ ਮੌਕਾ ਪ੍ਰਸਤਾਂ ਨੇ ਵਿਰੋਧ ਕੀਤਾ ਸੀ। ਇਹ ਕੁਝ ਵੀ ਪ੍ਰਾਪਤ ਕਰਨ ਤੋਂ ਪਹਿਲਾਂ ਇਸ ਘੁੱਟੇ ਹੋਏ ਮਾਹੌਲ ਤੋਂ ਵੀ ਪ੍ਰਭਾਵਿਤ ਹੋ ਸਕਦਾ ਸੀ। ਇਨ੍ਹਾਂ ਉਲਝਨਾਂ ਦੇ ਵਿਚੋਂ ਅੱਗੇ ਜਾਣ ਲਈ ਅਤੇ ਬਹੁਤ ਜ਼ਿਆਦਾ ਵਿਰੋਧਤਾਈਆਂ ਨਾਲ ਲੜਨਾ ਇੰਨਾਂ ਖਿੱਝ ਭਰਿਆ ਅਤੇ ਪ੍ਰੇਸ਼ਾਨੀ ਦਾ ਕੰਮ ਸੀ, ਕਿ ਸਾਧਾਰਣ ਸ਼ਕਤੀ ਦਾ ਆਦਮੀ ਇਸ ਖੇਤਰ ਵਿਚ ਆਮ ਕਰਕੇ ਜਿੰਦਾ ਹੀ ਨਹੀਂ ਸੀ ਰਹਿ ਸਕਦਾ।

ਹੁਣ ਤਕ ਮੈਂ ਸੁਚੇਤ ਹੋਣ ਲਈ ਬਹੁਤ ਬਦਲ ਗਿਆ ਸਾਂ ਕਿ ਮੈਂ ਹਰ ਇਕ 'ਤੇ ਸ਼ੱਕੀ ਹੋ ਗਿਆ ਸਾਂ। ਫਿਰ ਵੀ ਮੈਂ ਸੁਚੇਤ ਸਾਂ, ਜੇ ਇਸ ਬਿੰਦੂ ਤੋਂ ਅੱਗੇ ਗਏ, ਤਾਂ ਵਿਵੇਕਸ਼ੀਲਤਾ ਦੀ ਲਾਈਨ ਨੂੰ ਟੱਪ ਜਾਵਾਂਗਾ। ਵਹਿਮ ਇਕ ਬਿਮਾਰੀ ਹੈ, ਫਿਰ ਵੀ, ਕੋਈ ਕੰਮ ਉਪਜਾਊ ਢੰਗ ਨਾਲ ਇਸ ਦੇ ਸਕਾਰਾਤਮਕ ਤੱਤਾਂ ਤੋਂ ਬਗੈਰ ਵਿਕਾਸ ਨਹੀਂ ਕਰ ਸਕਦਾ। ਇਸ ਸਮਝ ਨੂੰ ਤੇਜ਼ ਕਰਨਾ, ਜ਼ਿੰਦਗੀ ਦੇ ਹਰ ਖੇਤਰ ਵਿਚ ਇਕ ਵੱਡੀ ਜਾਇਦਾਦ ਹੈ; ਜੇ ਇਹ ਸਿਰਫ ਸ਼ੱਕ 'ਤੇ ਹੀ ਆਧਾਰਿਤ ਹੋਵੇ, ਤਾਂ ਇਹ ਵੱਡੇ

ਨੁਕਸਾਨ ਵੱਲ ਲੈ ਜਾਂਦੀ ਹੈ। ਕਲਪਨਾ ਕੀਤੇ ਗਏ ਸ਼ੰਕੇ, ਵਿਕਾਸ ਵਿਚ ਰੁਕਾਵਟ ਬਣਦੇ ਹਨ ਅਤੇ ਅਸਫਲਤਾ ਨੂੰ ਤੇਜ ਕਰਦੇ ਹਨ। ਮੈਂ ਇਸ ਦੀਆਂ ਅਲਾਮਤਾਂ ਨੂੰ ਆਪਣੇ ਆਪ ਵਿਚ ਪਹਿਚਾਣ ਲਿਆ ਅਤੇ ਉਹਨਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ। ਛੋਟੇ ਤੋਂ ਛੋਟੇ ਮਾਮਲੇ ਨੂੰ ਇਸ ਦੇ ਛੋਟੇ ਤੋਂ ਛੋਟੇ ਪੱਖ ਵਿਚ ਖਿਆਲ ਕਰਕੇ ਇਸ ’ਤੇ ਕੰਟਰੋਲ ਕਰਨਾ ਅਤੇ ਇਸ ਨੂੰ ਵਰਤਣਾ, ਇਹ ਕਿਸੇ ਸ਼ੰਕੇ ਤੋਂ ਬਗੈਰ ਸੰਸਥਾ ਬਨਾਉਣਾ ਸੰਭਵ ਬਣਾ ਦਿੰਦਾ ਸੀ।

ਮੈਂ ਹਰ ਇਕ ਨੂੰ ਜਾਨਣਾ ਚਾਹੁੰਦਾ ਸਾਂ। ਜਦੋਂ ਮੇਰੇ ਕੋਲ ਪੂਰੀ ਸੂਚਨਾ ਨਾ ਹੋਵੇ ਤਾਂ ਮੈਂ ਖ਼ੌਫ ਪੈਦਾ ਕਰ ਦਿੰਦਾ। ਮੇਰੇ ਸਾਥੀ ਛੇਤੀ ਹੀ ਇਹ ਸਮਝ ਗਏ ਕਿ ਕੋਈ ਗੱਲ ਨਹੀਂ, ਮਸਲਾ ਭਾਵੇਂ ਕਿੰਨਾ ਵੀ ਵੱਡਾ ਕਿਉਂ ਨਾ ਹੋਵੇ ਮੈਂ ਸ਼ਾਂਤ ਰਹਿੰਦਾ ਸਾਂ ਜਦੋਂ ਮੈਨੂੰ ਦੱਸਿਆ ਗਿਆ ਹੋਵੇ, ਨਹੀਂ ਤਾਂ ਨਰਕ ਖੜਾ ਕਰ ਦਿੱਤਾ ਜਾਂਦਾ ਸੀ। ਜਦੋਂ ਇਹ ਗੱਲ ਪੱਕੀ ਹੋ ਗਈ, ਕੋਈ ਵੀ ਮੇਰੇ ਕੋਲ ਨਿੱਕੀ ਤੋਂ ਨਿੱਕੀ ਗੱਲ ਨੂੰ ਲੁਕਾਉਣ ਦੀ ਜ਼ੁਅਰਤ ਨਹੀਂ ਸੀ ਕਰਦਾ ਅਤੇ ਇਹ ਇਕ ਮੁੱਖ ਅਸੂਲ ਬਣ ਗਿਆ। ਕਿਉਂ ਜੋ ਮੇਰੀ ਦਿਲਚਸਪੀ ਨਹੀਂ ਸੀ ਹੁੰਦੀ, ਇਸ ਲਈ ਅਸਾਂ ਕੰਮਾਂ ਨਾਲ ਸੰਬੰਧਿਤ ਨਾ ਹੋਣ ਵਾਲੇ ਵਿਸ਼ਿਆਂ ਬਾਰੇ ਕਦੀ ਵੀ ਚਰਚਾ ਨਾ ਕੀਤੀ। ਉਸ ਲਈ ਕੋਈ ਸਮਾਂ ਨਹੀਂ ਸੀ। ਸਖ਼ਤ ਅਨੁਸ਼ਾਸਨ ਬਣਾਈ ਰੱਖਣ ਲਈ ਜਿਹੜਾ ਮੈਂ ਸਥਾਪਿੱਤ ਕੀਤਾ ਸੀ ਉਸ ਲਈ ਸਮਾਂ ਨਹੀਂ ਸੀ। ਮੈਂ ਹੋਰ ਸਭ ਨਾਲੋਂ ਜ਼ਿਆਦਾ ਸਰੀਰਕ ਕੰਮ ਕਰਦਾ। ਮੇਰੇ ਜਾਤੀ ਕੰਮ ਕਰਨ ਕਰਕੇ ਹੀ ਮੇਰੀ ਇਹ ਸਥਿਤੀ ਅਤੇ ਅਧਿਕਾਰ ਬਣਿਆ ਸੀ।

ਮੇਰੇ ਅਗਾਂਹ ਵਧੂ ਵਿਚਾਰਾਂ ਕਰਕੇ ਹੀ ਹੁਣ ਸੇਠ ਕਹਿੰਦੇ ਸਨ ਕਿ ਮੈਂ ਕਮਿਊਨਿਸਟ ਹਾਂ ਅਤੇ ਉਹ ਲੋਕਾਂ ਨੂੰ ਪ੍ਰਭਾਵਿਤ ਕਰਦੇ ਕਿ ਉਹ ਆਪਣਾ ਹਿੱਸਾ ਨਾ ਪਾਉਣ। ਮੈਂ ਆਪਣੇ ਅੰਦਰ ਇਸ ਸੱਚਾਈ ’ਤੇ ਹੱਸਦਾ ਅਤੇ ਸੋਚਦਾ ਕਿ ਇਹ ਚੰਗਾ ਹੈ ਕਿ ਇਕ ਉਹ ਆਦਮੀ ਜੋ ਕਮਜ਼ੋਰ ਪਿਛੋਕੜ ਤੋਂ ਪੈਦਾ ਹੋਇਆ ਸੀ, ਜੋ ਸਾਧਾਰਨ ਵਾਤਾਵਰਣ, ਥੋੜਾ ਗਿਆਨ ਅਤੇ ਇਕ ਵੱਡੀ ਪ੍ਰੇਰਣਾ ਅਤੇ ਮਾਨਸਿਕ ਤੌਰ ’ਤੇ ਪ੍ਰੇਸ਼ਾਨ ਮਾਤਾ ਜੀ ਦੀ ਔਲਾਦ ਸੀ, ਉਹ ਇਕ ਵੱਡੀ ਸਮੱਸਿਆ ਬਣ ਗਿਆ ਸੀ।

1958 ਵਿਚ ਸਾਡੇ ਪਿਤਾ ਜੀ ਨੇ ਸਾਡੀ ਵਿਰਾਸਤ ਦੀ ਵੰਡ ਕੀਤੀ ਅਤੇ ਮੈਨੂੰ ਕਾਫੀ ਜ਼ਿਆਦਾ ਪੈਸੇ ਮਿਲੇ, ਉਹਨਾਂ ਦਿਨਾਂ ਵਿਚ ਇੰਨੇ ਪੈਸੇ ਵਾਲੇ ਆਦਮੀ ਨੂੰ ਬੜੇ ਮਾਣ ਨਾਲ ਲੱਖ ਪਤੀ ਕਿਹਾ ਜਾਂਦਾ ਸੀ। ਮੈਂ ਇਹ ਪੈਸੇ ਸ਼ੇਅਰਾਂ ਵਿਚ ਨਿਵੇਸ਼ ਕਰ ਦਿੱਤੇ। ਇਨ੍ਹਾਂ ਤੋਂ ਮਿਲਣ ਵਾਲਾ ਹਰ ਮਹੀਨੇ ਦਾ ਲਾਭ ਮੇਰੇ ਜਾਤੀ ਹਿਸਾਬ ਵਿਚ ਜਾਂਦਾ ਸੀ, ਇਸ ਵਿਚੋਂ ਮੈਂ ਥੋੜਾ ਜਿਹਾ ਹੀ ਵਰਤਦਾ ਸਾਂ ਅਤੇ ਹਰ ਵਕਤ ਬੱਚਤ ਵਿਚੋਂ ਬੱਚਤ ਦੀ ਵਿਚਾਰਧਾਰਾ ’ਤੇ ਚਲਦਾ ਸਾਂ।

ਇਸ ਹੀ ਸਾਲ ਰਾਜਨੀਤਕ ਏਕਤਾ ਨਾ ਹੋਣ ਕਰਕੇ ਸਰਕਾਰ ਦੀ ਟੁੱਟਣ ਦੀ ਸਥਿੱਤੀ ਪੈਦਾ ਹੋ ਗਈ, ਜਿਸ ਦੇ ਸਿੱਟੇ ਵਜੋਂ ਫੀਲਡ ਮਾਰਸ਼ਲ ਅਯੂਬ ਖਾਨ ਨੇ ਮਾਰਸ਼ਲ ਲਾਅ ਲਾ ਦਿੱਤਾ। ਪੱਛੜੇ ਲੋਕਾਂ ਨਾਲ ਮੈਂ ਬੜੇ ਨੇੜੇ ਤੋਂ ਉਲਝਦਾ ਸਾਂ, ਮਾੜੀ ਸਰਕਾਰ ਦੇ ਪ੍ਰਭਾਵਾਂ ਨੂੰ ਜਾਤੀ ਤੌਰ 'ਤੇ ਵੇਖਿਆ ਸੀ। ਇਸ ਦੇ ਸ਼ੁਰੂ 'ਤੇ ਹੀ ਬਗੈਰ ਯੋਗਤਾ ਦੇ ਨੌਕਰੀਆਂ ਦੇਣ ਦੀ ਰਿਵਾਇਤ, ਰਿਸ਼ਵਤ ਨਾਲ ਮਦਦ ਲੈਣੀ ਅਤੇ ਉੱਪਰਲੀ ਜਮਾਤ ਦੇ ਜ਼ੁਰਮਾਂ ਲਈ ਹਿਸਾਬ ਨਾ ਦੇਣਾ, ਸ਼ੁਰੂ ਹੋਣ ਲੱਗ ਪਿਆ।

ਸਾਰੇ ਹੀ ਸ਼ਹਿਰ ਦੇ ਲੋਕਾਂ ਵਿਚ ਮੇਰੀ 24 ਘੰਟੇ ਦੀ ਸੇਵਾ ਬਹੁਤ ਪ੍ਰਸਿੱਧ ਹੋ ਗਈ ਸੀ ਅਤੇ ਲੋਕ ਕਹਿਣ ਲੱਗ ਪਏ ਸਨ, "ਈਦੀ ਨੂੰ ਸੱਦੋ, ਉਹ ਹਰ ਵਕਤ ਕੰਮ ਕਰਦਾ ਰਹਿੰਦਾ ਹੈ।" ਮੇਰੀ ਇਹ ਸੇਵਾ ਮੇਰੇ ਇਲਾਕੇ ਦੇ ਲੋਕਾ ਦੇ ਗਲੇ ਦਾ ਫੰਦਾ ਬਣ ਗਈ ਸੀ, ਕਿਉਂ ਜੋ ਕਿਸੇ ਨਾ ਕਿਸੇ ਸਮੇਂ ਇਸ ਦੀ ਉਹਨਾਂ ਨੂੰ ਲੋੜ ਸੀ, ਅਤੇ ਇਸ ਲਈ ਮੈਨੂੰ ਜ਼ਿੰਮੇਵਾਰੀ ਦਾ ਸਾਮ੍ਹਣਾ ਕਰਨਾ ਪੈਂਦਾ। ਉਹਨਾਂ ਦੀਆਂ ਦਲੀਲਾਂ ਦਾ ਮੇਰੇ ਕੋਲ ਹਮੇਸ਼ਾ ਇਕ ਹੀ ਜਵਾਬ ਹੁੰਦਾ, "ਜੇ ਮੈਂ ਭੈੜਾ ਹਾਂ, ਤਾਂ ਮੈਨੂੰ ਇਸ ਤੋਂ ਕੁਝ ਚੰਗਾ ਵਿਖਾਉ ਅਤੇ ਉਸ ਦਾ ਮੇਰੇ ਕੰਮ ਨਾਲ ਮੁਕਾਬਲਾ ਕਰੋ।" ਪਰ ਉਹਨਾਂ ਵਿਚੋਂ ਕੋਈ ਗ਼ਲਤੀ ਨਾਲ ਵੀ ਇਸ ਗੱਲ ਵਿਚ ਦਿਲਚਸਪੀ ਨਹੀਂ ਸੀ ਰੱਖਦਾ ਕਿ ਇਕ ਆਵਾਜਾਈ ਦੀ ਜ਼ਰੂਰੀ ਸੇਵਾ ਵਿਚੋਂ ਵਪਾਰਿਕ ਲਾਭ ਲਏ ਜਾਣ, ਇਸ ਲਈ ਹੋਰ ਕੋਈ ਢੰਗ ਰਹਿ ਹੀ ਨਹੀਂ ਸੀ ਜਾਂਦਾ। ਇਸ ਢੰਗ ਨਾਲ ਮੇਰੇ ਕਈ ਵਿਰੋਧੀਆਂ ਨੇ ਹਥਿਆਰ ਸੁੱਟ ਦਿਤੇ।

ਜਦੋਂ ਮੇਰੇ ਇਕ ਬੜਾ ਜ਼ਿਆਦਾ ਬੋਲਣ ਵਾਲੇ ਵਿਰੋਧੀ ਮੈਮਨ ਦਾ ਬੱਚਾ ਘਰ ਦੇ ਕੋਠੇ ਦੀ ਛੱਤ ਤੋਂ ਡਿਗ ਪਿਆ, ਉਹਨਾਂ ਨੇ ਘਬਰਾਹਟ ਅਤੇ ਕਾਹਲੀ ਵਿਚ ਹਰ ਤਰਫ ਐਂਬੂਲੈਂਸ ਲਈ ਫੋਨ ਕੀਤੇ, ਪਰ ਮੇਰੀ ਐਂਬੂਲੈਂਸ ਤੋਂ ਬਗੈਰ ਹੋਰ ਕੋਈ ਨਹੀਂ ਸੀ ਮਿਲਦੀ, ਜਦੋਂ ਇਹ ਸੂਚਨਾ ਸਾਨੂੰ ਦਿੱਤੀ ਗਈ, ਡਿਸਪੈਂਸਰੀ ਵਿਚ ਇਕ ਚੁੱਪੀ ਛਾ ਗਈ। ਭਾਵੇਂ ਕਿ ਮੇਰੇ ਸਾਥੀ ਉਹ ਕੁਝ ਨਹੀਂ ਸਨ ਕਹਿ ਰਹੇ ਜੋ ਉਹਨਾਂ ਦੇ ਚਿਹਰਿਆਂ 'ਤੇ ਨਜ਼ਰ ਆਉਂਦਾ ਸੀ, ਮੈਂ ਜਾਣਦਾ ਸਾਂ, ਉਹ ਸੋਚਦੇ ਸਨ, "ਉਸ ਨੂੰ ਜਾਣਨਾ ਚਾਹੀਦਾ ਹੈ ਕਿ ਤੁਸੀਂ ਉਸ ਲਈ ਨਹੀਂ ਹੋ।" ਪਰ ਮੈਂ ਹਰ ਇਕ ਲਈ ਲੋੜ ਵੇਲੇ ਮਿਲ ਸਕਦਾ ਸਾਂ ਅਤੇ ਆਮ ਨਾਲੋਂ ਜ਼ਿਆਦਾ ਤੇਜੀ ਨਾਲ, ਇਸ ਲਈ ਮੈਂ ਭੱਜ ਪਿਆ।

ਬੱਚਾ ਬੇਸੁੱਧ ਫਰਸ਼ 'ਤੇ ਲੰਮਾ ਪਿਆ ਹੋਇਆ ਸੀ ਅਤੇ ਉਸ ਦੇ ਇਰਦ ਗਿਰਦ ਪਰਿਵਾਰ ਸੀ। ਅਸੀਂ ਉਸ ਨੂੰ ਵੈਨ ਵਿਚ ਪਾਇਆ ਅਤੇ ਕਾਰ ਵਿਚ ਆਪਣੇ ਵਿਰੋਧੀਆਂ ਨੂੰ ਲੱਦ ਕੇ ਤੇਜ਼ੀ ਨਾਲ ਹਸਪਤਾਲ ਵਿਚ ਪਹੁੰਚ ਗਏ। ਇੱਕਲਾ ਹੀ ਵਾਪਸ ਆਉਂਦਿਆਂ ਹੋਇਆ, ਮੈਂ ਮਹਿਸੂਸ ਕੀਤਾ ਕਿ ਮੈਂ ਕੋਈ ਘੱਟ ਨਹੀਂ ਗਿਆ, ਅਤੇ ਮੈਂ ਆਪਣੀ ਮਾਤਾ ਜੀ ਲਈ ਇਸ ਤੋਂ ਜ਼ਿਆਦਾ ਤੇਜੀ ਨਾਲ ਨਹੀਂ ਸਾਂ ਭੱਜਿਆ। ਮੇਰੀ ਸੋਚ ਨੇ ਮੈਨੂੰ ਮਾਤਾ ਨਾਲ ਕੀਤੇ ਵਚਨ ਨੂੰ ਯਾਦ ਕਰਵਾਇਆ, "ਮੈਂ

ਲੋੜਵੰਦਾਂ ਦਾ ਬਿਲਕੁਲ ਉਸ ਹੀ ਭਾਵਨਾ ਨਾਲ ਖਿਆਲ ਕਰਾਂਗਾ, ਜਿਸ ਭਾਵਨਾ ਨਾਲ ਮੈਂ ਤੁਹਾਡਾ ਖਿਆਲ ਕੀਤਾ।" ਪੱਕੇ ਤੌਰ 'ਤੇ ਇਹ ਸਿੱਟਾ ਕੱਢਿਆ ਗਿਆ ਸੀ ਜੋ ਅਲ੍ਹਾ ਨੇ ਆਪਣੇ ਆਪ ਨੂੰ ਰਾਬੁਲ ਅਲਾਮੀਨ ਦੀ ਘੋਸ਼ਣਾ ਕੀਤੀ। ਹਰ ਤਰ੍ਹਾਂ ਦਾ ਪੱਖਪਾਤ ਇਸ ਸਥਿਤੀ ਵਿਚ ਖ਼ਤਮ ਹੋ ਜਾਂਦਾ ਸੀ। ਇਸ ਗੱਲ ਦੇ ਬਾਵਜੂਦ ਕਿ ਕੌਣ ਸੀ, ਇਹ ਅਸੰਭਵ ਸੀ ਕਿ ਆਦਮੀ ਅਤੇ ਮੇਰੇ ਵਿਚਕਾਰ ਕਿਸੇ ਰੁਕਾਵਟ ਦੀ ਇਜ਼ਾਜਤ ਦਿੱਤੀ ਜਾਵੇ। ਉਥੇ ਕੁਝ ਵੀ ਨਹੀਂ ਸੀ ਜਿਹੜਾ ਇਸ ਵਾਅਦੇ ਦੀ ਸ਼ਕਤੀ ਵਿਚ ਰੁਕਾਵਟ ਬਣ ਸਕਦਾ।

ਅਫਸੋਸ ਦੀ ਗੱਲ ਸੀ ਕਿ ਬੱਚਾ ਬਚ ਨਾ ਸਕਿਆ। ਮੈਂ ਸੁਣਦਾਂ ਸਾਂ ਕਿ ਸੇਠ ਆਮ ਕਹਿੰਦਾ ਸੀ, "ਇਹ ਅਜੀਬ ਹੈ ਕਿ ਪ੍ਰਮਾਤਮਾ ਨੇ ਮੈਨੂੰ ਮੇਰੇ ਵਿਰੋਧੀ ਲਈ ਧੰਨਵਾਦੀ ਬਣਾਇਆ ਹੈ।" ਉਸ ਦੀ ਪਤਨੀ ਨੇ ਮੈਨੂੰ ਜਕਾਤ ਦੇ ਪੈਸੇ ਹਰ ਮਹੀਨੇ ਭੇਜਣੇ ਸ਼ੁਰੂ ਕਰ ਦਿੱਤੇ, ਭਾਵੇਂ ਮੈਂ ਸੇਠ ਨੂੰ ਕਦੇ ਨਹੀਂ ਦੇਖਿਆ, ਮੈਂ ਸੁਣਿਆ ਕਿ ਅਖ਼ੀਰ ਵਿਚ ਉਸ ਨੇ ਮੇਰੀ ਵਿਰੋਧਤਾ ਛੱਡ ਦਿੱਤੀ ਸੀ।

ਮੈਮਨ ਮਾਲਕਾਂ ਨਾਲ ਲੜਦਿਆਂ ਹੋਇਆਂ ਅਤੇ ਉਹਨਾਂ ਦੀ ਵਿਰੋਧਤਾ ਦੇ ਬਾਵਜੂਦ ਮਦਦ ਪੈਦਾ ਕਰਦੇ ਹੋਏ, ਮੇਰਾ ਬਹੁਤ ਕੀਮਤੀ ਸਮਾਂ ਲੱਗ ਗਿਆ, ਜਿਸ ਨੂੰ ਮੈਂ ਫਜ਼ੂਲ ਨਹੀਂ ਸਾਂ ਗਵਾ ਸਕਦਾ। ਭਾਵੇਂ ਕਿ ਮੇਰੇ ਆਪਣੇ ਅੱਗੇ ਵਧਣ ਕਰਕੇ ਵਿਰੋਧਤਾ ਘੱਟ ਗਈ ਸੀ, ਉਹਨਾਂ ਵੱਲੋਂ ਧਨ ਅਤੇ ਤਾਕਤ ਦੀ ਗ਼ਲਤ ਵਰਤੋਂ ਦੇ ਵਧਦੇ ਜਾਣ ਦੇ ਖਿਲਾਫ ਮੇਰੇ ਇਰਾਦੇ ਕਰਕੇ ਉਹ ਆਪਣੀਆਂ ਉਹਨਾਂ ਕੋਸ਼ਿਸ਼ਾਂ ਵਿਚ ਰੁਝੇ ਰਹੇ ਕਿ ਮੈਨੂੰ ਬਿਲਕੁਲ ਹੀ ਖ਼ਤਮ ਕੀਤਾ ਜਾ ਸਕੇ। ਮੈਂ ਹੁਣ ਦੀਆਂ ਮਜ਼ਬੂਰੀਆਂ ਨੂੰ ਸਮਝਦੇ ਹੋਏ ਅਤੇ ਸਮੇਂ ਦੀ ਨਜਾਕਤ ਸਮਝਦੇ ਹੋਏ ਮੈਂ ਮੌਕੇ ਦੀ ਉਡੀਕ ਕਰਦਾ ਰਿਹਾ।

ਮੇਰੇ ਕੰਮ ਦੇ ਸੁਭਾਅ ਸੰਬੰਧੀ ਸੇਠਾਂ ਦੇ ਇਲਜ਼ਾਮਾਂ ਦੇ ਜਵਾਬ ਦਿੰਦੇ ਹੋਏ, ਮੈਂ ਉਹਨਾਂ ਦੇ ਸੇਵਕਾਂ ਨੂੰ ਮੇਰੇ ਤਰਕ ਨੂੰ ਉਹਨਾਂ ਦੇ ਮਾਲਕ ਤਕ ਪਹੁੰਚਾਉਣ ਲਈ ਕਿਹਾ, "ਮੈਂ ਉਹਨਾਂ ਮਜ਼ਬੂਰ ਔਰਤਾਂ ਦੀਆਂ ਕਹਾਣੀਆਂ ਬਾਰੇ ਜਾਣਦਾ ਹਾਂ, ਜਿਨ੍ਹਾਂ ਦੇ ਆਦਮੀ ਜੇਲ੍ਹਾਂ ਵਿਚ ਸੜ੍ਹ ਰਹੇ ਹਨ, ਅਤੇ ਜਿਨ੍ਹਾਂ ਨੂੰ ਤੁਸੀਂ ਜਿਸਮ ਫਰੋਸ਼ੀ ਦੀ ਨੌਕਰੀ ਇਕ ਬਦਲ ਦੇ ਤੌਰ 'ਤੇ ਪੇਸ਼ ਕਰਦੇ ਹੋ। ਯਤੀਮਾਂ ਅਤੇ ਗ਼ਰੀਬ ਵਿਧਵਾਵਾਂ ਨੂੰ ਖਾਣਾ ਖੁਆਉਣ ਦੇ ਬਹਾਨੇ, ਮਾਲਕ ਉਹਨਾਂ ਦੀਆਂ ਜਵਾਨ ਲੜਕੀਆਂ ਦੀ ਸਕੂਲ ਦੀ ਫੀਸ, ਕਿਤਾਬਾਂ ਲਈ ਪੈਸੇ ਅਤੇ ਕੱਪੜਿਆਂ ਦਾ ਜੋੜਾ ਦੇਣ ਦੀ ਪੇਸ਼ਕਸ਼ ਕਰਕੇ ਉਹਨਾਂ ਨੂੰ ਡੂੰਘੀ ਖਾਈ ਵਿਚ ਪਾ ਕੇ ਹਰ ਚੀਜ਼ ਤੋਂ ਵਾਂਝਿਆਂ ਕਰ ਦਿੰਦੇ ਹੋ। ਇਸ ਦੇ ਇਵਜਾਨੇ ਵਜੋਂ ਉਹ ਲੜਕੀਆਂ ਨੂੰ ਬੁਰਕਾ ਉਤਾਰਣ ਅਤੇ ਆਪਣਾ ਚਿਹਰਾ ਵਿਖਾਉਣ ਲਈ ਕਹਿੰਦੇ ਹੋ। ਜਿਹੜੀਆਂ ਉਹਨਾਂ ਦਾ ਹੁਕਮ ਨਹੀਂ ਮੰਨਦੀਆਂ, ਉਹਨਾਂ ਨੂੰ ਦਫਤਰਾਂ ਤੋਂ ਧੱਕੇ ਮਾਰ ਦੇ ਬਾਹਰ ਕੱਢ ਦਿੱਤਾ ਜਾਂਦਾ ਹੈ, ਜਿਹੜੀਆਂ

ਆਪਣੀਆਂ ਜ਼ਿੰਦਗੀਆਂ ਬਰਬਾਦ ਨਹੀਂ ਕਰਦੀਆਂ। ਸ਼ਾਹੂਕਾਰ ਛੇਤੀ ਹੀ ਅੱਕ ਜਾਂਦੇ ਹਨ, ਕਿਸੇ ਹੋਰ ਸ਼ਿਕਾਰ ਨੂੰ ਲੱਭਦੇ ਹਨ ਅਤੇ ਕਿਸੇ ਤਰ੍ਹਾਂ ਉਨ੍ਹਾਂ ਨੂੰ ਬਾਹਰ ਸੁੱਟ ਦਿੰਦੇ ਹਨ। ਫਿਰ ਮੈਂ ਉਹਨਾਂ ਦੀ ਮਦਦ ਕਰਨ ਲਈ ਅੱਗੇ ਆਉਂਦਾ ਹਾਂ। ਇਸ ਤੋਂ ਬਗੈਰ ਕਿ ਉਹ ਮੇਰੇ ਅੱਗੇ ਸਿਰ ਝੁਕਾਉਣ, ਆਪਣੇ ਆਪ ਨੂੰ ਘੱਟੀਆ, ਬੇਕਾਰ ਸਮਝਣ ਅਤੇ ਆਪਣੇ ਆਪ ਨੂੰ ਵੇਚਣ, ਮੈਂ ਉਹਨਾਂ ਨਕਾਰੇ ਹੋਏ ਵਿਅਕਤੀਆਂ ਨੂੰ ਸਤਿਕਾਰ ਦਿੰਦਾ ਹਾਂ।"

ਉਹਨਾਂ ਦੇ ਖਰਾਇਤ ਦਾ ਕੰਮ ਅਸਲ ਵਿਚ ਇਸ ਤਰ੍ਹਾਂ ਦੇ ਉਦੇਸ਼ ਲਈ ਬਣਿਆ ਸੀ। ਇਹਨਾਂ ਵਿਚਾਰਾਂ ਕਰਕੇ ਜ਼ਿਆਦਾ ਸੇਠ ਇਹ ਜਿੱਦ ਕਰਦੇ ਸਨ ਕਿ ਮੈਂ ਉਹਨਾਂ ਦੇ ਸਮਾਜ ਨੂੰ ਛੱਡ ਦਿੱਤਾ ਸੀ ਅਤੇ ਧੋਖਾ ਕੀਤਾ ਸੀ, ਪਰ ਮੈਮਨ ਲੋਕਾਂ ਨੇ ਸੱਚ ਨੂੰ ਪਹਿਚਾਣ ਲਿਆ ਸੀ, ਅਤੇ ਉਹ ਯੋਗਦਾਨ ਪਾਉਣ ਲੱਗ ਪਏ ਸਨ। 1961 ਦੇ ਸਾਲ ਤਕ, ਮੈਂ ਹਰ ਫਿਰਕੇ ਅਤੇ ਧਰਮ ਵਾਲਿਆਂ ਤੋਂ ਦਾਨ ਲੈ ਰਿਹਾ ਸਾਂ। ਫਿਰ ਵੀ ਮੇਰੇ ਪੁਰਾਣੇ ਵਿਰੋਧੀ ਅਜੇ ਪਿੱਛੇ ਨਹੀਂ ਸਨ ਹਟੇ, ਅਤੇ ਜਦੋਂ ਉਹਨਾਂ ਮੈਨੂੰ ਕਾਮਯਾਬ ਹੁੰਦਿਆਂ ਵੇਖਿਆ, ਉਹਨਾਂ ਨੇ ਆਪਣੇ ਛੁਰੇ ਤਿੱਖੇ ਕਰ ਲਏ। ਹੁਣ ਉਹ ਇਲਜ਼ਾਮ ਲਾਉਂਦੇ ਸਨ, "ਉਸ ਦੀ ਵਿਰਾਸਤ ਇਕ ਜਾਹਲਸਾਜੀ ਹੈ। ਇਹ ਉਸ ਹਿੱਸੇ ਵਿਚੋਂ ਨਿਕਲਦੀ ਹੈ ਜੋ ਗ਼ਰੀਬਾਂ ਲਈ ਪ੍ਰਮਾਤਮਾ ਦੇ ਨਾਂ 'ਤੇ ਦਾਨ ਦਿੱਤਾ ਜਾਂਦਾ ਹੈ। ਇਹ ਉਸ ਦੇ ਜਾਤੀ ਹਿਸਾਬ ਵਿਚ ਵੱਧਦਾ ਜਾਵੇਗਾ।" ਪ੍ਰੈਸ ਵਿਚ ਇਕ ਲੇਖ ਛੱਪਿਆ, ਜਿਸ ਵਿਚ ਦੋਸ਼ ਦੱਸੇ ਗਏ ਸਨ, ਜਿਸ ਦਾ ਸਿਰਲੇਖ ਸੀ, "ਸਮਾਜਿਕ ਕਲਿਆਣ ਵਿਚ ਭ੍ਰਿਸ਼ਟਾਚਾਰ", ਜਿਸ ਨੂੰ ਦਾਨੀਆਂ ਦੇ ਝੂਠੇ ਨਾਵਾਂ ਹੇਠ ਛਾਪਿਆ ਗਿਆ, ਜਿਸ ਵਿਚ ਮੁਆਵਜ਼ੇ ਦੀ ਮੰਗ ਕੀਤੀ ਗਈ ਸੀ।

ਮੈਂ ਇਸ ਹਮਲੇ ਨੂੰ ਅਣਗੌਲਿਆਂ ਕਰ ਦਿੱਤਾ, ਅਤੇ ਕੰਮ ਕਰਨ ਦਾ ਇਕ ਇਹੋ ਜਿਹਾ ਢੰਗ ਦੱਸਿਆ ਜਿਸਦਾ ਚਲਨ ਯੋਗਤਾ 'ਤੇ ਆਧਾਰਿਤ ਹੋਵੇ, ਜਿਸ ਵਿਚ ਰਾਹਤ ਲੈਣ ਵਾਲੇ ਨੂੰ ਵੱਡੇ ਪੈਮਾਨੇ 'ਤੇ ਦਿਮਾਗ ਵਿਚ ਰੱਖਿਆ ਗਿਆ ਸੀ, "ਅਸੀਂ ਥੋਕ" ਦੀ ਯੋਜਨਾ ਬਣਾ ਰਹੇ ਹਾਂ। ਇਹ ਸਮਾਜਿਕ ਕਲਿਆਣ ਦਾ ਉਦਯੋਗ ਹੈ, ਸੇਠਾਂ ਨੂੰ ਸਮਝ ਜਾਣਾ ਚਾਹੀਦਾ ਹੈ ਕਿ ਹਾਜੀ ਸ਼ਕੂਰ ਦਾ ਲੜਕਾ ਉਹ ਢੰਗ ਜਾਣਦਾ ਹੈ।" ਜਿਹੜੇ ਮੇਰੇ ਕੰਮ ਕਰਨ ਦੇ ਢੰਗ 'ਤੇ ਪੱਕੇ ਰਹੇ ਅਤੇ ਉਸ ਨੂੰ ਅਪਨਾਇਆ, ਅਤੇ 25 ਸਾਲਾਂ ਦੀ ਉਮਰ ਵਿਚ ਮੈਂ ਉਹਨਾਂ ਲਈ ਚੰਗੇਰੀ ਦੁਨੀਆਂ ਦੇ ਖਿਆਲ ਨਾਲ ਅਗਵਾਈ ਕਰ ਰਿਹਾ ਸਾਂ।

ਕਈ ਸਾਲ ਸੁਆਲ ਉਠਾਉਂਦਿਆ ਅਤੇ ਜਵਾਬਾਂ ਦੀ ਖੋਜ ਵਿਚ ਬੀਤ ਗਏ। ਜਦੋਂ ਮੈਨੂੰ ਉਸ ਵੱਡੇ ਖੇਤਰ 'ਤੇ ਕਾਬੂ ਪਾਉਣ ਦੀ ਉੱਤੇਜਨਾ ਜਾਗੀ, ਮੈਂ ਹਜ਼ਰਤ ਮੁਹੰਮਦ ਸਾਹਿਬ (PBUH) ਦੀ ਮਿਸਾਲ ਤੋਂ ਦਲੇਰੀ ਹਾਸਿਲ ਕੀਤੀ। ਉਹਨਾਂ ਨੂੰ ਬਹੁਤ ਵੱਡੀ ਵਿਰੋਧਤਾ ਦਾ ਸਾਮ੍ਹਣਾ ਕਰਨਾ ਪਿਆ ਸੀ ਅਤੇ ਦੋਸਤਾਂ ਨਾਲੋਂ ਜ਼ਿਆਦਾ

ਪਖੰਡੀਆਂ ਨਾਲ। ਇਸ ਗੱਲ ਦਾ ਖਿਆਲ ਕਰਦੇ ਹੋਏ, ਮੈਂ ਫਿਰ ਇਸਲਾਮ 'ਤੇ ਪਹੁੰਚ ਗਿਆ ਤੇ ਉਹਨਾਂ ਰੁਕਾਵਟਾਂ ਦੀ ਛਾਣਬੀਨ ਕਰਨ ਲੱਗਾ, ਜਿਹੜੀਆਂ ਇਸ ਵਿਚ ਆਉਂਦੀਆਂ ਸਨ ਅਤੇ ਅਖ਼ੀਰ ਵਿਚ ਇਸ ਦਾ ਆਧਾਰ ਲੱਭਾ ਜਿਹੜਾ ਸਮਾਜਿਕ ਵਿਕਾਸ ਦਾ ਮੁੱਖ ਤੱਤ ਸੀ।

ਮਨੁੱਖ ਦੇ ਵਿਕਾਸ ਵਿਚ ਧਰਮ ਪਹਿਲਾਂ ਹੀ ਇਕ ਪ੍ਰੇਰਿਤ ਕਰਨ ਵਾਲੀ ਵੱਡੀ ਸ਼ਕਤੀ ਵਜੋਂ ਸੀ। ਇਸ ਵਿਚ ਜ਼ਿਆਦਾ ਮੁੱਢਲੀ ਅਤੇ ਆਮ ਕਮਜ਼ੋਰੀ, ਇਸ ਦੇ ਅਮਲ ਦੀ ਅਣਹੋਂਦ ਸੀ। ਇਸਲਾਮ ਇਕ ਇਹੋ ਜਿਹੀ ਜ਼ਿੰਦਗੀ ਦੇ ਰਾਹ ਦੀ ਸਿੱਖਿਆ ਦਿੰਦਾ ਸੀ, ਜਿਹੜਾ ਆਪਣੀ ਮਦਦ ਆਪ ਕਰਨ ਅਤੇ ਹਮਦਰਦੀ ਦੇ ਜ਼ਰੂਰੀ ਗੁਣਾਂ 'ਤੇ ਜ਼ੋਰ ਦਿੰਦਾ ਸੀ। ਇਹ ਉਹਨਾਂ ਸਾਰੇ ਹੀ ਮੁੱਖ ਵਿਵਹਾਰਾਂ ਬਾਰੇ ਦੱਸਦਾ ਸੀ ਜਿਨ੍ਹਾਂ ਨੂੰ ਮੈਂ ਸਮਾਧਾਨਾਂ ਵਜੋਂ ਪਹਿਚਾਣਿਆ ਅਤੇ ਉਹਨਾਂ ਨੂੰ ਲਾਗੂ ਕਰਨ ਲਈ ਉਹ ਸਭ ਨਹੀਂ ਸਨ ਮਿਲਦੇ। ਮਨੁੱਖੀ ਵਿਕਾਸ ਲਈ ਇਸਲਾਮ ਇਕ ਸੰਪੂਰਨ ਪ੍ਰੋਗਰਾਮ ਸੀ, ਪਰ ਇਸ ਨੂੰ ਅਮਲ ਵਿਚ ਨਾ ਲਿਆਉਣ ਕਰਕੇ ਇਹ ਸਿਰਫ ਰਿਵਾਇਤਾਂ ਤਕ ਹੀ ਘੱਟ ਗਿਆ ਸੀ। ਇਸ ਦੀਆਂ ਸਿੱਖਿਆਵਾਂ ਨੂੰ ਜਾਂ ਤਾਂ ਸੁਣਿਆ ਨਹੀਂ ਜਾਂਦਾ, ਜਾਂ ਤਰੋੜ ਮਰੋੜ ਦਿੱਤਾ ਜਾਂਦਾ ਸੀ, ਅਰਥਾਂ ਅਤੇ ਵਿਆਖਿਆਵਾਂ ਨੂੰ ਆਪਣੇ ਢੰਗ ਨਾਲ ਕੀਤਾ ਜਾਂਦਾ, ਆਪਣੀ ਮਦਦ ਆਪ ਕਰਨੀ ਅਤੇ ਕਿਰਤ ਕਰਨ ਨੂੰ ਮਾੜਾ ਸਮਝਿਆ ਜਾਂਦਾ, ਇਸ ਦੇ ਲੋਕ ਗੁਆਚੀ ਹੋਈ ਭੇਡ ਵਾਂਗ ਫਟਕਦੇ ਵਿਛੜੇ ਫਿਰਦੇ ਸਨ।

ਮੈਂ ਸਿੱਟਾ ਕੱਢ ਲਿਆ ਕਿ ਅਸਲ ਵਿਚ ਇਹ ਹੁਣ ਸ਼ੁਰੂ ਕਰਨ ਦਾ ਬਿੰਦੂ ਸੀ। ਧਾਰਮਿਕ ਸਿੱਖਿਆ, ਮਨੁੱਖੀ ਵਿਵਹਾਰ ਨੂੰ ਚਲਾਉਣ ਵਾਲਾ ਪਤਵਾਰ ਸੀ, ਪਰ ਮੈਂ ਲੋਕਾਂ ਨੂੰ ਇਹ ਕਿਸ ਤਰ੍ਹਾਂ ਸਿਖਾਵਾਂ? ਮੈਂ ਧਾਰਮਿਕ ਵਿਦਵਾਨ ਨਹੀਂ ਸਾਂ, ਅਤੇ ਫਿਰ ਵੀ ਮੈਂ ਇਨਸਾਨੀਅਤ ਨੂੰ ਕਿਸ ਤਰ੍ਹਾਂ ਵਧਾਵਾਂ ਜਿੰਨਾਂ ਚਿਰ ਤਕ ਮੁਸਲਿਮ ਲੋਕ ਧਰਮ ਦਾ ਸੁਨੇਹਾ ਨਹੀਂ ਸਮਝਦੇ ? ਦੋਵੇਂ ਇੰਨੀ ਚੰਗੀ ਤਰ੍ਹਾਂ ਜੁੜੇ ਹੋਏ ਸਨ। ਮੈਂ ਇਸ ਵੱਲ ਜਿੱਨਾਂ ਜ਼ਿਆਦਾ ਧਿਆਨ ਦਿੰਦਾ, ਮੈਂ ਉੱਨਾਂ ਹੀ ਘੁੰਮਣ ਘੇਰੀ ਵਿਚ ਪੈ ਜਾਂਦਾ। ਲੋਕੀਂ ਇਸ ਦੇ ਸੁਨੇਹੇ ਤੋਂ ਬਹੁਤ ਦੂਰ ਚਲੇ ਗਏ ਸਨ, ਲੱਗਦਾ ਕਿ ਸਾਡਾ ਵਿਸ਼ਵਾਸ ਇਕ ਨਾ ਖ਼ਤਮ ਹੋਣ ਵਾਲੇ ਵਹਿਮਾਂ ਅਤੇ ਕਹਾਣੀਆਂ ਦਾ ਭੰਡਾਰ ਬਣ ਗਿਆ ਸੀ, ਜੋ ਇਸ ਦੇ ਮੁੱਢ ਨਾਲ ਬਿਲਕੁਲ ਸੰਬੰਧਿਤ ਨਹੀਂ। ਇਸ ਦੀ ਏਕਤਾ ਟੁੱਟ ਗਈ ਸੀ ਅਤੇ ਇਕ ਪ੍ਰਮਾਤਮਾ ਦੀ ਪੂਜਾ ਕਰਨ ਦੇ ਉਲਟ ਬਹੁਤ ਜ਼ਿਆਦਾ ਬਿੱਖਰ ਗਈ ਸੀ।

ਹਰ ਸਮੇਂ ਅਤੇ ਹਰ ਤਰ੍ਹਾਂ ਦੇ ਲੋਕਾਂ ਦੇ ਇਸ ਧਰਮ ਨੂੰ ਦੁਨੀਆਂ ਵੱਲੋਂ ਮੱਧ ਯੁੱਗ ਦੇ ਵਿਸ਼ਵਾਸ ਦੇ ਤੌਰ 'ਤੇ ਪ੍ਰਵਾਨ ਕੀਤਾ ਜਾਂਦਾ ਸੀ ਅਤੇ ਲੋਕ ਇਸ ਨੂੰ ਕੁਝ ਵੀ ਨਹੀਂ ਵਾਚਦੇ ਸਿਵਾਏ ਇਸਦੇ ਮੰਨਣ ਵਾਲਿਆਂ ਦੇ। ਜਦ ਕਿ ਕੁਰਾਨ ਦਾ ਸਾਰਾ ਅਰਥ ਆਸਾਨੀ ਨਾਲ ਮੁਸਲਮਾਨਾਂ ਦੀਆਂ ਜ਼ਿੰਦਗੀਆਂ ਰਾਹੀਂ ਸਾਹਮਣੇ ਦਿਸਣਾ

ਚਾਹੀਦਾ ਸੀ। ਇਸ ਦੇ ਮੰਨਣ ਵਾਲਿਆਂ ਨੇ ਇਸ ਦੇ ਮੂਲ ਨੂੰ ਛੱਡ ਦਿੱਤਾ ਸੀ ਅਤੇ ਉਹ ਉਸ ਨੂੰ ਤਰੋੜ ਮਰੋੜ ਰਹੇ ਸਨ। ਇਸ ਦੀ ਪੂਜਾ ਨੂੰ ਵੱਖ-ਵੱਖ ਰਸਮਾਂ ਅਪਨਾਉਣ ਲਈ ਕੱਟੜ ਬਿਆਨਾਂ ਤੋਂ ਜਾਚਿਆ ਜਾਂਦਾ ਸੀ, ਅਤੇ ਵਿਸ਼ਵਾਸ ਨੂੰ ਸੁਰੱਖਿਅਤ ਕਰਨ ਦੇ ਕਾਰਨਾਂ ਤੋਂ ਇਸ ਦੀ ਕਲਪਨਾ ਕੀਤੀ ਜਾਂਦੀ ਸੀ।

ਮੈਂ ਜਿਉਂ-ਜਿਉਂ ਵਿਸ਼ੇ ਦੀ ਡੂੰਘਾਈ ਵਿਚ ਗਿਆ, ਮੈਨੂੰ ਇਹ ਯਕੀਨ ਹੋ ਗਿਆ ਕਿ ਮੁਸਲਿਮ ਲੋਕ, ਕੁਲ ਮਿਲਾ ਕੇ, ਸਿਰਫ ਮੂੰਹ ਜ਼ਬਾਨੀ ਵਚਨਬੱਧ ਹੋਣ ਕਰਕੇ ਇਸ ਤਰ੍ਹਾਂ ਦੇ ਸਨ। ਕਿਸੇ ਵੀ ਧਰਮ ਦਾ ਧੁਰਾ ਉਸ ਦਾ ਅਮਲ ਸੀ ਅਤੇ ਹੋਰ ਕੋਈ ਵੀ ਇਸ ਨੂੰ ਮੌਕਾ ਪ੍ਰਸਤੀ, ਖੁਦਗਰਜ਼ੀ ਅਤੇ ਸੁਸਤੀ ਵੱਲ ਜਾਣ ਦੀ ਸਿੱਖਿਆ ਨਹੀਂ ਦੇਂਦਾ। ਇਹ ਆਦਮੀ ਦੇ ਰਹਿਣ ਦਾ ਢੰਗ ਸੀ, ਜੋ ਉਸ ਨੂੰ ਪ੍ਰਮਾਤਮਾ ਦੇ ਨੇੜੇ ਲਿਆਉਂਦਾ ਸੀ।

ਜਦੋਂ ਵੀ ਮੈਨੂੰ ਕੋਈ ਸਮੱਸਿਆ ਆਉਂਦੀ, ਉਸ ਦਾ ਜਵਾਬ ਇਕ ਹੀ ਸੀ..... ਵਾਪਸ ਸ਼ੁਰੂ ਵਿਚ ਜਾਣਾ। ਸ਼ੁਰੂ ਦੀ ਚੰਗੀ ਤਰ੍ਹਾਂ ਛਾਣ ਬੀਣ ਕਰਨ ਨਾਲ, ਇਹ ਬਿਲਕੁਲ ਠੀਕ ਹੱਲ ਵੱਲ ਲੈ ਜਾਂਦੀ। ਹੁਣ ਇਹ ਮੈਨੂੰ ਇਸਲਾਮ ਦੇ ਸਿਧਾਤਾਂ ਨੂੰ ਜ਼ਿੰਦਗੀ ਜੀਉਣ ਦੇ ਢੰਗ ਦੀ ਉਦਾਹਰਣ ਤਕ ਲੈ ਗਿਆ। ਪ੍ਰਚਾਰ ਕਰਨ ਅਤੇ ਅਮਲ ਕਰਨ ਦਾ ਫ਼ਰਕ ਖ਼ਤਮ ਹੋ ਗਿਆ, ਦੋਵੇ ਇਕ ਸਨ। ਮੈਨੂੰ ਉਹ ਸੁਨੇਹਾ ਮੇਰੇ ਰਹਿਣ ਦੇ ਢੰਗ ਨਾਲ ਉਸ ਦੀ ਵਿਆਖਿਆ ਤੋਂ ਕਰਨਾ ਸੀ, ਮੈਨੂੰ ਇਸ ਗੱਲ ਦਾ ਪਤਾ ਲੱਗ ਗਿਆ ਕਿ ਮੇਰੀ ਇਸ ਲੋੜ ਲਈ ਮੈਨੂੰ ਵਿਦਵਾਨ ਹੋਣ ਦੀ ਲੋੜ ਨਹੀਂ। ਇਸਲਾਮ ਦੀ ਸਰਲਤਾ ਇਸ ਦੇ ਹੁਕਮਾਂ ਨੂੰ ਇਕ 'ਇਨਸਾਨੀਅਤ' ਸਿਰਲੇਖ ਹੇਠ ਲਾਲ ਰੰਗ ਵਿਚ ਛਾਪ ਕੇ ਬੰਦ ਕਰ ਦਿੰਦਾ ਸੀ ਅਤੇ ਸਾਰੇ ਧਰਮਾਂ ਨੇ ਇਹ ਹੀ ਕੀਤਾ ਸੀ।

ਵਿਸ਼ਵਾਸ ਦੇ ਸਾਰ ਨੂੰ ਬਾਹਰ ਕੱਢਣ ਅਤੇ ਇਸ ਦੀ ਉਦਾਹਰਣ ਨਾਲ ਵਿਆਖਿਆ ਕਰਨਾ, ਸ਼ਬਦਾਂ ਅਤੇ ਘੋਸ਼ਨਾਵਾਂ, ਲਿਖਤਾਂ ਅਤੇ ਐਲਾਨਾਂ ਖੁਤਬਾ ਅਤੇ ਬਹਿਸਾਂ ਨਾਲ ਪ੍ਰਾਪਤ ਨਹੀਂ ਕੀਤਾ ਜਾ ਸਕਦਾ।

ਇਸ ਨੂੰ ਸਿਰਫ ਇਮਾਨਦਾਰੀ ਦੀ ਉਦਾਹਰਣ ਨਾਲ ਪ੍ਰਾਪਤ ਕੀਤਾ ਜਾ ਸਕਦਾ ਸੀ। ਇਸ ਦੀ ਠੀਕ ਵਿਆਖਿਆ ਲਈ ਹੋਰ ਕੋਈ ਵੀ ਸਾਧਾਰਨ ਢੰਗ ਨਹੀਂ ਅਤੇ ਨਾ ਹੀ ਸਾਰੀ ਦੁਨੀਆਂ ਨੂੰ ਅਪੀਲ ਕਰਨ ਦਾ..... ਪਰ, ਇਹ ਸਾਰੀ ਜ਼ਿੰਦਗੀ ਭਰ ਚੱਕਰ ਖਾਣ ਵਾਲਾ ਸਫਰ ਸੀ।

ਮੈਂ ਆਪਣੀ ਵਿਚਾਰਧਾਰਾ ਨੂੰ ਆਪਣੇ ਮਦਦਗਾਰਾਂ ਵਿਚ ਦੱਸਿਆ, "ਹਕੂਕ ਅਲ੍ਹਾ, ਹਕੂਕ ਅਲ ਇਬਾਦ ਤੋਂ ਬਗੈਰ ਬੇਅਰਥ ਹੈ। ਹਕੂਕ ਅਲ ਇਬਾਦ ਹਮਦਰਦੀ ਅਤੇ ਆਪਣੀ ਮਦਦ ਆਪ ਕਰਨ ਤੋਂ ਬਗੈਰ ਸੰਭਵ ਨਹੀਂ। ਇਸਲਾਮ ਇਨ੍ਹਾਂ ਦੋ ਗੁਣਾਂ ਨੂੰ ਅਪਨਾਉਣ ਤੋਂ ਬਗੈਰ ਲਾਗੂ ਨਹੀਂ ਹੋ ਸਕਦਾ, ਇਨ੍ਹਾਂ ਤੋਂ ਬਗੈਰ ਕੋਈ ਅਮਲ ਨਹੀਂ ਹੋ ਸਕਦਾ। ਇਸਲਾਮ ਨੂੰ ਅਮਲ ਵਿਚ ਨਾ ਲਿਆਉਣਾਂ ਪ੍ਰਮਾਤਮਾ ਨੂੰ

ਨਾ ਮੰਨਣਾ ਹੈ। ਪਵਿੱਤਰ ਪੁਸਤਕ ਨੂੰ ਤਾਂ ਹੀ ਠੀਕ-ਠੀਕ ਸਮਝਿਆ ਜਾ ਸਕਦਾ ਹੈ ਜੇ ਉਸ ਦੀਆਂ ਹਦਾਇਤਾਂ ਨੂੰ ਮੰਨਿਆ ਜਾਵੇ।" ਮੈਂ ਉਨ੍ਹਾਂ ਨੂੰ ਆਪਣਾ ਨਿਰਣਾ ਦੱਸਿਆ, "ਇਸ 'ਤੇ ਅਮਲ ਕਰਕੇ, ਮੈਂ ਆਪਣੀ ਜਾਤੀ-ਉਦਾਰਹਣ ਰੱਖਾਂਗਾ ਅਤੇ ਉਹ ਇਕ ਦਿਨ ਇਸ ਦੀ ਸਰਲ ਵਿਆਖਿਆ ਬਣ ਜਾਵੇਗੀ।"

ਮੈਂ ਮਾਸੂਮੀਅਤ ਨਾਲ ਇਨ੍ਹਾਂ ਖੇਤਰਾਂ ਵਿਚ ਇੰਨੀ ਡੂੰਘਾਈ ਨਾਲ ਘੁੰਮਦਾ ਰਿਹਾ ਅਤੇ ਆਪਣੇ ਉਦੇਸ਼ ਨਾਲ ਇੰਨੀ ਗੂੜੀ ਨਿਪੁੰਨਤਾ ਨਾਲ ਜੁੜਿਆ ਰਿਹਾ, ਅਤੇ ਜਿਨ੍ਹਾਂ ਗੱਲਾਂ ਦਾ ਮੈਨੂੰ ਸਾਮ੍ਹਣਾ ਕਰਨਾ ਪੈਂਦਾ ਸੀ ਕਿ ਜਦੋਂ ਮੇਰਾ ਸਰੀਰ ਕੰਮ ਕਰਦਾ ਸੀ, ਮੇਰਾ ਦਿਮਾਗ ਪਹਿਲਾਂ ਹੀ ਰੁੱਝਿਆ ਰਹਿੰਦਾ ਅਤੇ ਹਰ ਮਾਮਲੇ ਦੇ ਹਰ ਖੇਤਰ ਦੇ ਸ਼ੁਰੂ 'ਤੇ ਮੁੜ ਆਉਂਦਾ।

ਬੰਨਟਵਾ ਵਿਚ ਮੇਰੇ ਬਚਪਨ ਤੋਂ ਹੀ ਮੇਰੀ ਜਿੰਦਗੀ ਨਿਰੰਤਰ ਇਕ ਅਪਾਤ ਸਥਿੱਤੀ ਵਿਚੋਂ ਗੁਜ਼ਰਦੀ ਰਹੀ, ਕੁਝ ਕਰਨਾ, ਕੁਝ ਸ਼ੁਰੂ ਕਰਨਾ। ਹੁਣ ਮੈਂ ਐਂਬੂਲੈਂਸ ਨਾਲ ਦੌੜਦਾ ਸਾਂ। ਬਿਮਾਰ, ਜ਼ਖ਼ਮੀ ਅਤੇ ਮਰਿਆਂ ਦਾ ਕੋਈ ਸਮਾਂ ਨਹੀਂ ਸੀ ਹੁੰਦਾ। ਮੈਂ ਆਪਣੇ ਕੰਮ ਕਰਨ ਵਾਲਿਆਂ 'ਤੇ ਚਿੱਲਾਉਂਦਾ, "ਤੇਜ ਚਲੋ, ਤੁਰੋ ਨਹੀਂ.....ਦੌੜੋ। ਬੈਠਣ ਲਈ ਕੋਈ ਸਮਾਂ ਨਹੀਂ। ਤੁਸੀਂ ਹਾਲੇ ਤਕ ਖੜੇ ਕਿਉਂ ਹੋ, ਤੁਰੋ। ਡਿਸਪੈਂਸਰੀ ਖੁਲ੍ਹੀ ਹੋਈ ਹੈ, ਇਹ ਬੰਦ ਨਹੀਂ ਹੈ। ਤੁਹਾਨੂੰ ਇਸ ਨੂੰ ਚਲਾਉਣ ਲਈ ਕੁਝ ਕਰਨਾ ਪਵੇਗਾ।" ਮੇਰੇ ਸਾਥੀਆਂ ਲਈ ਮੇਰੇ ਨਾਲ ਚਲਣਾ ਮੁਸ਼ਕਲ ਸੀ, ਪਰ ਮੇਰੇ ਇਰਦ ਗਿਰਦ ਹਰ ਇਕ ਨੇ ਆਪਣੀ ਰਫਤਾਰ ਵੱਧ ਤੋਂ ਵੱਧ ਬਣਾ ਲਈ ਸੀ।

ਇਕ ਹੀ ਨਜ਼ਰ ਵਿਚ ਸਥਿੱਤੀ ਦਾ ਅੰਦਾਜ਼ਾ ਲਾਉਣਾ ਅਤੇ ਉਸ ਦੇ ਮੁਲਅੰਕਣ ਦੀ ਸਿਖਲਾਈ ਕਰਕੇ, ਮੇਰਾ ਮੁਲਅੰਕਣ ਤਕਰੀਬਨ ਪਹਿਲਾਂ ਹੀ ਠੀਕ ਹੁੰਦਾ ਸੀ। ਕੋਈ ਵੀ ਫੈਸਲਾ ਲੈਣ ਤੋਂ ਪਹਿਲਾਂ ਉਸ ਦੀ ਡੂੰਘਾਈ ਵਿਚ ਜਾਣਾ, ਮੇਰਾ ਢੰਗ ਨਹੀਂ ਸੀ ਅਤੇ ਸਿਰਫ ਆਉਣ ਵਾਲੇ ਸਿੱਟਿਆਂ ਤੋਂ ਬਾਅਦ ਮੈਂ ਉਸ ਵਿਚ ਸੁਧਾਰ ਕਰਨ ਦੀ ਯੋਜਨਾ ਦਾ ਅੱਧਿਐਨ ਕਰਦਾ। ਜਦੋਂ ਮੈਂ ਉਸ ਪ੍ਰੋਜੈਕਟ ਦੇ ਚੰਗੇ ਸਿੱਟੇ ਵੇਖਦਾ, ਮੈਂ ਕਦਮ, ਕਦਮ ਕਰਕੇ ਉਹਨਾਂ ਮੁਸ਼ਕਲਾਂ ਵਿਚ ਖੁੱਭਦਾ ਜਾਂਦਾ ਅਤੇ ਫਿਰ ਡੂੰਘਾਈ ਵਿਚ ਉੱਤਰਦਾ, ਉਸ ਦੀਆਂ ਖਾਮੀਆਂ ਬੰਦ ਕਰਦਾ ਅਤੇ ਖ਼ਰਚ ਘਟਾਉਂਦਾ। ਮੈਂ ਕਿਸੇ ਗੱਲ ਸੰਬੰਧੀ ਵੀ ਸਖ਼ਤ ਨਹੀਂ ਸਾਂ ਜੋ ਮੇਰੇ ਕੰਮ ਨਾਲ ਸੰਬੰਧਿਤ ਸਨ। ਇਕ ਫੈਸਲਾ 'ਤੇ ਉਦੋਂ ਹੀ ਪੱਕੇ ਰਿਹਾ ਜਾਂਦਾ, ਜੇ ਮੈਂ ਮਹਿਸੂਸ ਕਰਦਾ ਕਿ ਇਹ ਮੁੱਢਲੇ ਤੌਰ 'ਤੇ ਠੀਕ ਸੀ ਅਤੇ ਲੰਮੇ ਸਮੇਂ ਵਿਚ ਉਸ ਦੇ ਹੋਣ ਵਾਲੇ ਨੁਕਸਾਨ ਨੂੰ ਜਾਣ ਕੇ ਇਕ ਪੱਲ ਵਿਚ ਉਸ ਨੂੰ ਛੱਡ ਦਿੱਤਾ ਜਾਂਦਾ। ਇਸ ਲਈ ਜਾਂ ਤਾਂ ਮੈਂ ਸਾਰੀ ਸਕੀਮ ਹੀ ਛੱਡ ਦਿੰਦਾ ਜਾਂ ਧੜੱਲੇ ਨਾਲ ਉਸ ਨੂੰ ਵਧਾਉਂਦਾ।

ਡਿਸਪੈਂਸਰੀ ਦੇ ਕੰਮ, ਐਂਬੂਲੈਂਸ ਨੂੰ ਚਲਾਉਣਾ, ਬੇਘਰਿਆਂ ਦਾ ਪ੍ਰਬੰਧ ਕਰਨਾ, ਨੁਹਾਉਣਾ ਅਤੇ ਮਰਿਆਂ ਹੋਇਆਂ ਦੇ ਦਫਨਾਉਣ ਦੇ ਸਮੇਂ ਵਿਚੋਂ ਮੈਂ ਕੁਝ ਪੱਲ

ਆਪਣੇ ਕਮਰੇ ਵਿਚ ਖਾਣਾ ਬਨਾਉਣ ਲਈ ਵੀ ਕੱਢ ਲੈਂਦਾ। ਖਿੜਕੀ ਦੇ ਥੱਲੇ ਛੋਟੇ ਸਟੋਵ ਨੂੰ ਕਦੀ ਵੀ ਨਾ ਵਰਤਿਆ ਜਾਂਦਾ ਕਿਉਂ ਜੋ ਮੇਰੇ ਮਾਤਾ ਜੀ ਇਸ ਗੱਲ 'ਤੇ ਜ਼ੋਰ ਦਿੰਦੇ ਸਨ ਕਿ ਰਸੋਈ ਵਿਚ ਅੱਗ ਨੂੰ ਜਾਰੀ ਰੱਖਣਾ ਠੀਕ ਨਹੀਂ। ਕਈ ਵਾਰ ਮੈਂ ਸਬਜ਼ੀਆਂ ਬਣਾਉਂਦਾ ਅਤੇ ਕਦੀ ਦਾਲ, ਬਹੁਤ ਹੀ ਘੱਟ ਪਰ ਕਦੀ-ਕਦੀ ਮੈਂ ਮੀਟ ਬਣਾਉਂਦਾ। ਮੈਂ ਮੀਟ ਨੂੰ ਪਸੰਦ ਕਰਦਾ ਸਾਂ, ਇਹ ਮੈਨੂੰ ਕਿਸੇ ਹੋਰ ਖੁਰਾਕ ਨਾਲੋਂ ਜ਼ਿਆਦਾ ਸ਼ਕਤੀ ਦਿੰਦਾ ਸੀ, ਪਰ ਕਿਉਂ ਜੋ ਇਸ ਨੂੰ ਤਿਆਰ ਕਰਨ ਲਈ ਜ਼ਿਆਦਾ ਸਮਾਂ ਚਾਹੀਦਾ ਸੀ ਅਤੇ ਮੇਰੇ ਕੋਲ ਸਮਾਂ ਘੱਟ ਹੁੰਦਾ ਸੀ, ਮੈਂ ਇਸ ਨੂੰ ਖਾ ਨਹੀਂ ਸਾਂ ਸਕਦਾ, ਜਿਉਂ ਜਿਉਂ ਕੰਮ ਵਧਦਾ ਗਿਆ, ਇਹ ਮੇਰੀ ਖੁਰਾਕ ਵਿਚੋਂ ਖ਼ਤਮ ਹੁੰਦਾ ਗਿਆ।

ਮੈਂ ਆਟਾ ਗੁੰਨਦਾ ਉਸ ਦਾ ਗੋਲ ਬਾਲ ਬਣਾ ਲੈਂਦਾ, ਉਸ ਨੂੰ ਇਕ ਹਥੇਲੀ ਤੋਂ ਦੂਸਰੀ 'ਤੇ ਸੁੱਟਦਾ ਅਤੇ ਬਹੁਤ ਹੀ ਹੌਲੀ-ਹੌਲੀ ਵਿਚ ਗੋਲ ਚਪਾਤੀ ਬਣਾ ਲੈਂਦਾ। ਛੇਤੀ ਨਾਲ ਉਸ ਨੂੰ ਕਾਲੇ ਤਵੇ 'ਤੇ ਪਾ ਕੇ ਇਸ ਦੀਆਂ ਦੋ ਤਹਿਆਂ ਬਦਲਦਾ। ਮੈਂ ਕੁਝ ਚਪਾਤੀਆਂ ਬਣਾ ਲੈਂਦਾ, ਉਹਨਾਂ ਨੂੰ ਢੱਕ ਲੈਂਦਾ ਅਤੇ ਆਉਣ ਵਾਲੇ ਕੁਝ ਦਿਨਾਂ ਲਈ ਉਹਨਾਂ ਨੂੰ ਸੁਰੱਖਿਅਤ ਰੱਖ ਲੈਂਦਾ। ਮੈਂ ਗਰਮ-ਗਰਮ ਚਪਾਤੀਆਂ ਖਾਣ ਦੀ ਰਿਵਾਇਤ ਨੂੰ ਪਸੰਦ ਨਹੀਂ ਸਾਂ ਕਰਦਾ, ਇਸ ਤੋਂ ਪਹਿਲਾਂ ਕਿ ਪਹਿਲੀ ਖਾ ਲਈ ਜਾਵੇ। ਇਹ ਵਾਧੂ ਅਤੇ ਆਪਣੇ ਆਪ 'ਤੇ ਕਾਬੂ ਨਾ ਹੋਣ ਦੀ ਇਕ ਫਜ਼ੂਲ ਨਿਸ਼ਾਨੀ ਸੀ।

ਮੇਰੇ ਪੁਰਾਣੇ ਕੱਪੜਿਆਂ ਦੇ ਦੋ ਜੋੜੇ ਅਜੇ ਵੀ ਪਹਿਨਣਯੋਗ ਸਨ, ਪਰ ਉਹ ਕੱਪੜਾ ਹੁਣ ਪਤਲਾ ਹੋ ਗਿਆ ਸੀ, ਜਿਸ ਤਰ੍ਹਾਂ ਇਕ ਤਹਿ ਹੀ ਖ਼ਤਮ ਹੋ ਗਈ ਹੋਵੇ। ਮੇਰੇ ਕੋਲ ਆਮ ਤੌਰ 'ਤੇ ਸਮੇਂ ਦੀ ਘਾਟ ਹੁੰਦੀ ਸੀ, ਅਤੇ ਇਸ ਜੋੜੇ ਨੂੰ ਉਂਨਾਂ ਚਿਰ ਡੁੱਬਿਆ ਰਹਿਣ ਦਿੰਦਾ, ਉਦੋਂ ਤਕ ਜਦੋਂ ਤਕ ਕਿ ਮੈਂ ਇਸ ਨੂੰ ਧੋ ਸਕਾਂ ਅਤੇ ਇਸ ਨੂੰ ਸੁਕਣ ਲਈ ਪਾ ਸਕਾਂ। ਗਰਮੀਆਂ ਦੇ ਦਿਨਾਂ ਵਿਚ ਮੈਂ ਕੁਝ ਦਿਨਾਂ ਬਾਅਦ ਕੱਪੜੇ ਬਦਲ ਲੈਂਦਾ, ਪਰ ਸਰਦੀਆਂ ਵਿਚ ਕਈ-ਕਈ ਦਿਲ ਲੰਘ ਜਾਂਦੇ। ਜ਼ਿਆਦਾਤਰ ਮੈਂ ਇਹ ਭੁੱਲ ਹੀ ਜਾਂਦਾ ਅਤੇ ਇਸ ਮਾਮਲੇ ਨੂੰ ਇਸ ਦੇ ਅਜੋੜ ਹੋਣ ਕਰਕੇ ਵੱਖਰਾ ਕਰ ਦਿੰਦਾ ਕਿ ਇਸ ਦੀ ਕੋਈ ਗੱਲ ਨਹੀਂ। ਜਦੋਂ ਵੀ ਮੈਂ ਕੁਝ ਪੱਲ ਚੁਰਾ ਲੈਂਦਾ, ਮੈਂ ਆਪਣੇ ਗੱਦੇ 'ਤੇ ਲੇਟ ਜਾਂਦਾ ਅਤੇ ਅਰਾਮ ਨਾਲ ਸੌਂ ਜਾਂਦਾ, ਥੋੜਾ ਜਿਹਾ ਹੀ ਸੌਣ ਨਾਲ ਮੈਂ ਫਿਰ ਇਸ ਤਰ੍ਹਾਂ ਤਾਜ਼ਾ ਹੋ ਜਾਂਦਾ, ਜਿਸ ਤਰ੍ਹਾਂ ਮੈਂ ਸਾਰੀ ਰਾਤ ਸੁੱਤਾ ਹੋਵਾਂ। ਦੁਕਾਨ ਨੂੰ ਜਿੰਦਰਾ ਲਗਾਉਣ ਤੋਂ ਬਾਅਦ, ਮੈਂ ਹਮੇਸ਼ਾ ਸਾਮ੍ਹਣੇ ਬੂਹੇ ਦੇ ਬਾਹਰ ਪਏ ਬੈਂਚ 'ਤੇ ਸੌਂ ਜਾਂਦਾ ਅਤੇ ਕੋਈ ਵੀ ਇਸ ਤਰ੍ਹਾਂ ਦੀ ਰਾਤ ਨਹੀਂ ਸੀ ਜਿਸ ਦਿਨ ਕਿਸੇ ਵੀ ਦਵਾਈਆਂ ਦੀ ਜਾਂ ਜਣੇਪੇ ਦੀ ਸੰਭਾਲ ਦੀ ਲੋੜ ਨਾ ਪਈ ਹੋਵੇ।

ਭਾਵੇਂ ਕਿ ਡਿਸਪੈਂਸਰੀ ਅਤੇ ਜੱਚਾ ਬੱਚਾ ਕੇਂਦਰ ਅਜੇ ਛੋਟੇ ਪੈਮਾਨੇ 'ਤੇ ਕੰਮ ਕਰ ਰਹੇ ਸਨ, ਮੈਂ ਹਰ ਵਕਤ ਹਾਜ਼ਿਰ ਹੋਣ ਕਰਕੇ ਉਹਨਾਂ ਤੋਂ ਉੱਪਰ ਹੋ ਚੁੱਕਾ ਸਾਂ। ਐਂਬੂਲੈਂਸ ਕਰਕੇ ਲੋਕ ਮੈਨੂੰ ਮੀਠਾਦਾਰ ਦੀਆਂ ਗਲੀਆਂ ਤੋਂ ਬਾਹਰ ਵੀ ਜਾਣਦੇ ਸਨ, ਕਿਉਂਕਿ ਐਂਬੂਲੈਂਸ ਸੰਸਥਾ ਦੇ ਪ੍ਰਚਾਰ ਦਾ ਇਕ ਬਹੁਤ ਕੀਮਤੀ ਸਾਧਨ ਸਾਬਿਤ ਹੋ ਗਿਆ ਸੀ। ਸਾਡੇ ਮਿਸ਼ਨ ਦੀ ਪਹਿਲੀ ਪੱਧਰ 'ਤੇ ਇਹ ਤਾਂ ਸਾਡੇ ਲਈ ਇਕ ਅਖ਼ਬਾਰ ਸੀ, ਇਸ ਦੇ ਨਾਲ ਅਸੀਂ ਲੋਕਾਂ ਦੇ ਦਿਲ ਜਿੱਤ ਲਏ। ਇਸ ਦੇ ਨਾਲ-ਨਾਲ ਹੀ ਇਸ ਨੇ ਲੋਕਾਂ ਦੀ ਦਾਨ ਸੰਬੰਧੀ ਵਿਚਾਰ ਦੀ ਚੇਤਨਾ ਨੂੰ ਜਾਗ੍ਰਤ ਕੀਤਾ। ਸਾਨੂੰ ਜਾਣਿਆ ਜਾਣਾ ਅਤੇ ਅਗੇ ਵਧਣ ਲਈ ਇਕ ਨੀਂਹ ਪੱਥਰ ਸਾਬਿਤ ਹੋਇਆ, ਕਿਉਂ ਜੋ ਪ੍ਰਚਾਰ ਨਾਲ ਤਿੰਨ ਲੱਖ ਰੁਪਏ ਹੋਰ ਦਾਨ ਵਿਚ ਆਏ। ਅਖ਼ੀਰ ਵਿਚ ਮੈਂ ਮੈਮਨਾਂ ਵਲੋਂ ਲਾਈਆਂ ਰੁਕਾਵਟਾਂ ਤੋੜ ਦਿੱਤੀਆ ਅਤੇ ਅਸੀਂ ਤਿੰਨ ਹੋਰ ਵੈਨਾਂ ਖ਼ਰੀਦ ਲਈਆਂ।

ਇਸ ਸਮੇਂ ਮੈਂ ਸੁਣਿਆ ਕਿ ਵਿਦਿਆਰਥੀਆਂ ਦਾ ਇਕ ਗਰੁੱਪ ਮੇਰੇ 'ਤੇ ਲਗੇ ਇਲਜ਼ਾਮਾਂ ਨੂੰ ਬੜੇ ਜ਼ੋਰ ਨਾਲ ਇਹ ਕਹਿ ਕੇ ਨਕਾਰ ਰਹੇ ਸਨ, ਉਹ ਕਹਿੰਦੇ ਸਨ, "ਉਹ ਆਦਮੀ ਜਿਸ ਦੀ ਆਪਣੇ ਆਪ ਵਿਚ ਕੋਈ ਦਿਲਚਸਪੀ ਨਹੀਂ, ਉਹ ਚੋਰ ਨਹੀਂ ਹੋ ਸਕਦਾ।" ਜਦੋਂ ਮੇਰੇ ਵਿਰੋਧੀਆਂ ਨੇ ਮੈਨੂੰ ਕਮਿਊਨਿਸਟ ਕਿਹਾ ਤਾਂ ਬਚਾਅ ਦੇ ਵਿਚਾਰ ਲਈ ਉੱਚੀ-ਉੱਚੀ ਝਗੜਾ ਸ਼ੁਰੂ ਹੋ ਗਿਆ। ਹੁਣ ਇਕ ਗਰੁੱਪ ਮੇਰੇ ਦਫਤਰ ਵਿਚ ਆਇਆ ਅਤੇ ਸਾਡੇ ਮਿਲਣ ਲਈ ਸਾਂਝਾ ਆਧਾਰ, ਸਮਾਜਵਾਦੀ ਵਿਚਾਰਧਾਰਾ ਬਣ ਗਈ। ਉਹ ਲੜਕੇ ਮੇਰੇ ਸਾਧਾਰਨ ਵਿਚਾਰਾਂ ਨਾਲ ਪ੍ਰਭਾਵਿਤ ਸਨ ਅਤੇ ਉਹ ਮੈਨੂੰ ਇਕ ਸਮਾਜਵਾਦੀ ਨੇਤਾ ਨੂੰ ਮਿਲਾਉਣ ਲਈ ਲੈ ਗਏ, ਬਸ ਭਰੀ ਹੋਈ ਸੀ, ਸਿਵਾਏ ਇਕ ਸੀਟ ਦੇ ਨਾਲ ਦੀ ਜੋ ਇਕ ਸੂਟ ਪਾਈ ਬਾਬੂ ਦੇ ਨਾਲ ਵਾਲੀ ਸੀ। ਜਦੋਂ ਮੈਂ ਉਸ ਦੇ ਨਾਲ ਬੈਠ ਗਿਆ ਤਾਂ ਮੇਰਾ ਗੋਡਾ ਉਸ ਦੇ ਨਾਲ ਲੱਗਾ ਅਤੇ ਉਹ ਡਰ ਨਾਲ ਦਬਕਿਆ ਹੋਇਆ ਚਿੱਲਾਇਆ, "ਮੈਨੂੰ ਨਾ ਛੂਓ, ਤੂੰ ਗੰਦਾ ਆਦਮੀ ਹੈਂ।" ਲੜਕੇ ਛਾਲਾਂ ਮਾਰਦੇ ਮੇਰੇ ਬਚਾਅ ਲਈ ਅੱਗੇ ਆ ਗਏ, "ਤੂੰ ਨਹੀਂ ਜਾਣਦਾ ਕਿ ਤੂੰ ਉਸ ਆਦਮੀ ਨਾਲ ਗੱਲਾਂ ਕਰ ਰਿਹਾ ਹੈਂ ਜਿਹੜਾ ਇੱਕਲਾ ਤੇਰੀ ਲਾਸ਼ ਨੂੰ ਜਦ ਉਹ ਗੱਲ ਸੜ ਗਈ ਤਾਂ ਦਫਨਾਏਗਾ ?" ਮੈਂ ਉਹਨਾਂ ਨੂੰ ਸ਼ਾਂਤ ਕੀਤਾ ਅਤੇ ਅਸੀਂ ਚੁਪ ਚਾਪ ਆਪਣਾ ਸਫਰ ਜਾਰੀ ਰੱਖਿਆ। ਉਹਨਾਂ ਵਿਚੋਂ ਕਈ ਮੇਰੇ ਵੱਡੇ ਮਦਦਗਾਰ ਬਣ ਗਏ, ਜਿਹੜੇ ਮੇਰੀ ਨਿੰਦਿਆ ਕਰਦੇ ਸਨ, ਉਹਨਾਂ ਨੂੰ ਗੁੱਸੇ ਵਿਚ ਜਵਾਬ ਦਿੰਦੇ ਸਨ, "ਜੇ ਕੋਈ ਆਦਮੀ 25 ਫੀਸਦੀ ਇਨਸਾਨੀਅਤ ਦਾ ਕੰਮ ਕਰੇ, ਉਸ ਨੂੰ ਸਲਾਹੁਣਾ ਚਾਹੀਦਾ ਹੈ। ਇਸ ਦੇਸ਼ ਵਿਚ 99 ਫੀਸਦੀ ਤਕ ਦੀ ਵੀ ਸਿਫਤ ਨਹੀਂ ਕੀਤੀ ਜਾਂਦੀ।"

ਸੇਠਾਂ ਨੇ ਬੜੇ ਲਾਭਦਾਇਕ ਰਾਜਨੀਤਕ ਸਾਧਨ ਪੈਦਾ ਕਰ ਲਏ ਸਨ, ਜਿਨ੍ਹਾਂ ਕਰ ਕੇ ਉਹਨਾਂ ਨੇ ਹਰ ਨਵੀਂ ਸਹੁੰ ਚੁੱਕਣ ਵਾਲੀ ਸਰਕਾਰ ਦੀ ਮਦਦ ਯਕੀਨੀ ਬਣਾ

ਲਈ ਸੀ। ਉਹਨਾਂ ਨੇ ਬਹੁਤ ਵੱਡਾ ਨਿਵੇਸ਼ ਕੀਤਾ ਸੀ ਅਤੇ ਹਰ ਤਾਕਤਵਰ ਬਣਨ ਵਾਲੇ ਗਰੁੱਪ ਦੀ ਮਦਦ ਕਰਨ ਲਈ ਚਾਪਲੂਸੀ ਦੇ ਢੰਗ ਨੂੰ ਅਪਨਾਇਆ ਹੋਇਆ ਸੀ। ਇਸ ਤੋਂ ਬਾਅਦ ਸਾਰਾ ਮੈਦਾਨ ਕਾਬੂ ਕੀਤਾ ਹੋਇਆ ਸੀ। ਉਹਨਾਂ ਦੇ ਕੋਈ ਅਸੂਲ ਨਹੀਂ ਸਨ ਜਿਹੜੇ ਤੋੜੇ ਜਾਂ ਘਟਾਏ ਜਾਂ ਵਧਾਏ ਨਹੀਂ ਜਾ ਸਕਦੇ ਸਨ। ਕੁਝ ਵੀ ਗੈਰ ਕਾਨੂੰਨੀ ਨਹੀਂ ਸੀ। ਹਰ ਬਦਮਾਸ਼ ਸੁਰੱਖਿਆ ਨਾਲ ਸਿਫਾਰਸ਼ ਕਰਵਾ ਕੇ ਦੰਡ ਤੋਂ ਮੁਕਤ ਹੋ ਜਾਂਦਾ ਸੀ ਅਤੇ ਉਪਰਲੇ ਸੰਬੰਧਿਤ ਅਧਿਕਾਰੀ ਤਕ ਆਪਣੀ ਪਹੁੰਚ ਬਣਾ ਲੈਂਦਾ ਸੀ। ਉਹ ਵੱਡੇ ਆਦਮੀ ਜਿਨ੍ਹਾਂ ਦੀ ਵਪਾਰ ਸੰਬੰਧੀ ਭਾਵਨਾ ਨੂੰ ਲੋਕਾਂ ਵਿਚ ਕਾਇਦੇ ਆਜ਼ਮ ਨੇ ਸਲਾਹਿਆ ਸੀ, ਉਹ ਭ੍ਰਿਸ਼ਟਾਚਾਰ ਅਤੇ ਮੌਕਾ ਪ੍ਰਸਤੀ ਦੀ ਵਧਦੀ ਹੋਈ ਰੁਚੀ ਦਾ ਸੰਕੇਤ ਬਣ ਗਏ ਸਨ। ਉਹ ਭੈਣ ਭਰਾ ਵਿਚ ਮੁਕਾਬਲਾ ਕਰਾ ਕੇ ਉਹਨਾਂ ਨੂੰ ਰੇਂਗਣ ਦੀ ਪਹਿਲ ਕਰਕੇ ਦੇਸ਼ ਨੂੰ ਵਿਕਾਸ ਵੱਲ ਲੈ ਜਾ ਰਹੇ ਸਨ। ਸ਼ਾਇਦ ਹੀ ਕਿਸੇ ਨੇ ਸ਼ੁਰੂ ਕਰਨ 'ਤੇ ਵੀ ਕੋਈ ਯੋਗਦਾਨ ਪਾਉਣ ਲਈ ਸੋਚਿਆ ਹੋਵੇ।

1962 ਦੇ ਸਾਲ, ਬਗੈਰ ਸਿੱਟਿਆਂ ਨੂੰ ਸੋਚਣ ਦੇ ਮੈਂ ਇਕ ਵੱਡੇ ਰਾਜਨੀਤਕ ਅੱਕਟਪੱਸ ਦੇ ਖਿਲਾਫ ਪ੍ਰਤਿਕ੍ਰਿਆ ਵਿਖਾਈ ਅਤੇ ਮੁੱਢਲੇ ਲੋਕ ਰਾਜ ਦੀ ਮੈਂਬਰੀ ਲਈ ਚੋਣ ਮੈਦਾਨ ਵਿਚ ਆ ਗਿਆ। ਮੇਰੇ ਇਸ ਫੈਸਲੇ ਨੇ ਸੇਠਾਂ ਨੂੰ ਬਹੁਤ ਗੁੱਸੇ ਕਰ ਦਿੱਤਾ, ਜਿਨ੍ਹਾਂ ਨੇ ਮੇਰਾ ਫੈਸਲਾ ਬਦਲਾਉਣ ਦੀ ਹਰ ਕੋਸ਼ਿਸ਼ ਕੀਤੀ। ਜਦੋਂ ਮੈਂ ਆਪਣਾ ਫੈਸਲਾ ਨਾ ਬਦਲਿਆ ਤਾਂ ਉਹ ਮੈਨੂੰ ਹਰਾਉਣ ਲਈ ਇੱਕਠੇ ਹੋ ਗਏ। ਮੇਰੇ 'ਤੇ ਪੁਰਾਣੇ ਇਲਜ਼ਾਮਾਂ ਨੂੰ ਫਿਰ ਬੜੇ ਜ਼ੋਰ ਸ਼ੋਰ ਨਾਲ ਉਛਾਲਿਆ ਗਿਆ ਤਾਂ ਕਿ ਮੈਂ ਅੱਗੇ ਨਾ ਵੱਧ ਸਕਾਂ। ਮੈਨੂੰ ਇਕ ਕਮਿਊਨਿਸਟ, ਇਕ ਵਿਭਚਾਰੀ, ਇਕ ਚੋਰ ਅਤੇ ਸਭ ਤੋਂ ਵੱਧ ਅਨਪੜ੍ਹ ਦੇ ਤੌਰ 'ਤੇ ਪ੍ਰਚਾਰਿਆ ਗਿਆ।

ਭਾਵੇਂ ਕਿ ਮੇਰੇ ਖਿਲਾਫ ਬਣਾਈਆਂ ਗਈਆਂ ਤੁਹਮਤਾਂ ਕੋਈ ਨਵੀਆਂ ਨਹੀਂ ਸਨ, ਪਰ ਪਿੱਛਲੇ ਗਿਆਰਾਂ ਸਾਲਾਂ ਵਿਚ ਬਣਾਈ ਗਈ ਸਾਖ ਨੂੰ ਗਵਾਉਣ ਦੀ ਸੰਭਾਵਨਾ ਦਾ ਫਿਕਰ ਸੀ। ਪਰ ਫਿਰ ਵੀ ਮੈਂ ਜਿੱਤ ਗਿਆ ਅਤੇ 29 ਸਾਲ ਦੀ ਉਮਰ ਵਿਚ ਮੈਂ ਇੱਕਲਾ ਹੀ ਬਗੈਰ ਕਿਸੇ ਵਿਰੋਧ ਤੋਂ ਜਿੱਤਿਆ ਮੈਮਨ ਪਾਰਲੀਆਮੈਂਟ ਮੈਂਬਰ ਸਾਂ। 1964 ਵਿਚ ਮੈਂ ਮੁਹੰਮਦ ਅਲੀ ਜਿਨਾਹ ਦੀ ਭੈਣ ਮੋਹਤਰਮਾਂ ਫਾਤਿਮਾਂ ਜਿਨਾਹ ਦੀ ਮਦਦ ਕੀਤੀ ਜੋ ਪ੍ਰਧਾਨ ਅਯੂਬ ਖਾਨ ਦੇ ਵਿਰੁੱਧ ਸੀ ਅਤੇ ਭਾਵੇਂ ਕਿ ਉਹ ਹਾਰ ਗਈ, ਮੈਂ ਫਿਰ ਮੀਠਾਦਾਰ ਤੋਂ ਮੈਂਬਰ ਬਣ ਗਿਆ।

ਨਿਸ਼ਤਰ ਪਾਰਕ ਵਿਚ ਮੈਂ ਇਕ ਮੀਟਿੰਗ ਵਿਚ ਹਿੱਸਾ ਲਿਆ, ਜਿਸ ਨੂੰ ਅਯੂਬ ਖਾਨ ਨੇ ਬੁਲਾਇਆ ਸੀ। ਜਦੋਂ ਉਸ ਨੇ ਲੋਕਾਂ ਨੂੰ ਪਾਕਿਸਤਾਨ ਸੰਬੰਧੀ ਅਪਨਾਈਆਂ ਗਈਆਂ ਵੱਡੀਆਂ ਯੋਜਨਾਵਾਂ ਅਤੇ ਲੋਕਾਂ ਨੂੰ 'ਆਪਣਾ ਆਪ ਵਾਰਨ ਵਾਲੀ ਲੜਾਈ' ਸੰਬੰਧੀ ਦੱਸਣਾ ਖ਼ਤਮ ਕੀਤਾ, ਮੈਂ ਖੜਾ ਹੋ ਗਿਆ ਅਤੇ ਐਲਾਨ ਕੀਤਾ,

“ਤੁਸੀਂ ਝੂਠ ਬੋਲ ਰਹੇ ਹੋ। ਇਹ ਸੱਚਾਈ ਨਹੀਂ ਹੈ।” ਇਸ ਗੁੱਸੇ ਦਾ ਚੁਪ ਚਾਪ ਵਿਚ ਜਵਾਬ ਦਿੱਤਾ ਗਿਆ। ਬਾਅਦ ਵਿਚ ਮੈਂ ਇਕ ਵਜ਼ੀਰ ਦੀ ਟਿੱਪਣੀ ਸੁਣੀ, “ਦੇਸ਼ ਵਿਚ ਕਈ ਅਸੰਤੁਸ਼ਟ ਆਦਮੀ ਹਨ ਜੋ ਕੰਮ ਸੰਬੰਧੀ ਸੁਸਤ ਅਤੇ ਜ਼ਿੰਦਗੀ ਤੋਂ ਔਖੇ ਹਨ। ਇਸ ਛੋਟੇ ਆਦਮੀ ਸੰਬੰਧੀ ਕੋਈ ਟਿੱਪਣੀ ਨਹੀਂ ।” ਮੈਂ ਬੜੇ ਦੁੱਖ ਨਾਲ ਘਰ ਪਰਤ ਆਇਆ। ਕਿਸੇ ਨੇ ਮੈਨੂੰ ਸੁਸਤ ਅਤੇ ਕੌੜਾ ਕਿਹਾ ਹੈ, ਇਹ ਉਸ ਤਰ੍ਹਾਂ ਦੇ ਇਲਜ਼ਾਮ ਸਨ ਜੋ ਉਹਨਾਂ ਪੱਕੇ ਦੁਸ਼ਮਣਾਂ ਨੇ ਵੀ ਨਹੀਂ ਲਗਾਏ ਸਨ ਜਿਨ੍ਹਾਂ ਨੇ ਮੇਰੇ ਨੁਕਸਾਨ ਲਈ ਕੁਝ ਵੀ ਕਹਿਣਾ ਨਹੀਂ ਸੀ ਛੱਡਿਆ।

ਮੈਂ ਸਮਝ ਗਿਆ ਕਿ ਸਿਆਸਤਦਾਨ, ਕਿਸੇ ਹੋਰ ਦੁਨੀਆਂ ਵਿਚ ਰਹਿੰਦੇ ਸਨ, ਇਕ ਕਲਪਨਾਤਮਕ ਜੋ ਬਿਲਕੁਲ ਝੂਠ ’ਤੇ ਆਧਾਰਿਤ ਅਤੇ ਉਸ ਨੂੰ ਉਹ ਪੂਰਾ ਸੱਚ ਹੋਣ ਦਾ ਪ੍ਰਚਾਰ ਕਰਦੇ ਸਨ। ਮੈਂ ਆਪਣੇ ਆਪ ਨੂੰ ਇਸ ਡੂੰਘੀ ਬੁਰਾਈ ਵਿਚ ਸ਼ਾਮਲ ਹੋਣ ਦੀ ਇਜਾਜ਼ਤ ਨਹੀਂ ਸਾਂ ਦੇ ਸਕਦਾ, ਜਿਹੜੀ ਜਾਂ ਤਾਂ ਮੈਨੂੰ ਵਰਤ ਲਵੇਗੀ, ਇਸ ਦਾ ਗੁਲਾਮ ਬਣਾ ਦੇਵੇਗੀ, ਜਾਂ ਮੈਨੂੰ ਖ਼ਤਮ ਹੀ ਕਰ ਦੇਵੇਗੀ।

ਖੁਸ਼ਕਿਸਤਮੀ ਨਾਲ ਮੇਰਾ ਲੋਕਾਂ ਦੀ ਸੇਵਾ ਵਾਲੀ ਸਰਕਾਰ ਬਣਾਉਣ ਦਾ ਸੁਪਨਾ ਅਚਾਨਕ ਖ਼ਤਮ ਹੋ ਗਿਆ। ਮੈਂ ਆਪਣੇ ਉਲਝਣ ਵਿਚ ਪਏ ਦਿਮਾਗ ਨੂੰ ਸਾਫ ਕੀਤਾ ਅਤੇ ਫੈਸਲਾ ਕੀਤਾ ਕਿ ਇਹ ਮੇਰਾ ਕਿਸੇ ਖਾਸ ਕੰਮ ਕਰਨ ਦਾ ਢੰਗ ਨਹੀਂ ਸੀ, ਨਾ ਹੀ ਇਸ ਲਈ ਸਮਾਂ ਸੀ। ਮੈਨੂੰ ਕੰਮ ਕਰਨਾ ਪਵੇਗਾ, ਭਾਵੇਂ ਸਰਕਾਰ ਇਸ ਨੂੰ ਅਣਗੌਲਿਆਂ ਕਰ ਦੇਵੇ, ਉਸ ਦੇ ਨਾਲ-ਨਾਲ ਕੰਮ ਕਰਾਂ ਨਾ ਕਿ ਇਸ ਦਾ ਹਿੱਸਾ ਬਣਾਂ ਅਤੇ ਨਾ ਹੀ ਇਸ ਦੀ ਵਿਰੋਧਤਾ ਕਰਾਂ।

ਮੈਂ ਇਸ ਗੱਲ ਨੂੰ ਮੰਨ ਗਿਆ ਕਿ ਮੇਰੀ ਸਿਆਸੀ ਕੋਸ਼ਿਸ਼ ਇਕ ਗ਼ਲਤੀ ਸੀ। ਮੁੱਖ ਧਾਰਾ ਵਿਚ ਸ਼ਾਮਲ ਹੋਣਾ ਤਾਂ ਕਿ ਨੀਤੀ ਨੂੰ ਸਮਾਜਿਕ ਭਲਾਈ ਦੇ ਵਾਧੇ ਲਈ ਪ੍ਰਭਾਵਿਤ ਕੀਤਾ ਜਾਵੇ, ਤਾਂ ਕਿ ਇਸ ਵਿਚ ਹੋ ਕੇ ਪ੍ਰਣਾਲੀ ਨੂੰ ਚੈਲੰਜ ਕੀਤਾ ਜਾਵੇ, ਉਦਾਹਰਣ ਦੇ ਕੇ ਬਦਲਿਆ ਜਾਵੇ, ਲੋਕਾਂ ਦੀ ਠੀਕ ਪ੍ਰਤਿਨਿੱਧਤਾ ਨੂੰ ਬਣਾਈ ਰੱਖਿਆ ਜਾਵੇ। ਉੱਦਮ ਸੰਬੰਧੀ ਚੇਤਨਾਂ ਪੈਦਾ ਕਰਨੀ ਸੰਭਵ ਨਹੀਂ ਸੀ, ਜਦੋਂ ਕਿਸੇ ਦੇ ਸਾਥੀ ਭ੍ਰਿਸ਼ਟ ਹੋਣ। ਸਾਧਾਰਨ ਤੌਰ ’ਤੇ ਇਹ ਨਹੀਂ ਸੀ ਹੋ ਸਕਦਾ। ਮੇਰਾ ਉਹ ਫੈਸਲਾ ਵੇਗ ਵਿਚ ਲਿਆ ਗਿਆ ਸੀ ਅਤੇ ਬੁੱਧੀ ਵਾਲਾ ਨਹੀਂ ਸੀ ਅਤੇ ਉਸ ਨੇ ਮੇਰੇ ਪ੍ਰੇਸ਼ਾਨੀ ਅਤੇ ਤਨਾਅ ਦੇ ਸਮੇਂ ਨੂੰ ਵਧਾਇਆ ਸੀ।

ਇਸ ਗੱਲ ਨੂੰ ਮਹਿਸੂਸ ਕਰਕੇ ਕਿ ਇਹ ਪੂਰੀ ਰਾਜਨੀਤੀ ਹੀ ਗੁੰਝਲਦਾਰ ਧੋਖਾ ਸੀ। ਸੰਨ 1964 ਵਿਚ ਮੈਂ ਉਸ ਜਲਸੇ ਵਿਚ ਸ਼ਾਮਲ ਨਾ ਹੋਇਆ ਜੋ ਅਯੂਬ ਖਾਨ ਦੇ ਹੱਕ ਵਿਚ ਮਿਲੇ ਚੋਣ ਨਤੀਜਿਆਂ ਦੇ ਵਿਰੁੱਧ ਸੀ। ਮੈਂ ਆਪਣੇ ਸਹਾਇਕਾਂ ਨੂੰ ਕਿਹਾ, “ਕਾਇਦੇ ਆਜ਼ਮ ਨੇ ਇਸ ਦੇਸ਼ ਨੂੰ ਉਸ ਵਕਤ ਦੀਆਂ ਬਹੁਤ ਵੱਡੀਆਂ ਮੁਸ਼ਕਲਾਂ ਵਿਚ ਬਣਾਇਆ ਸੀ। ਉਸ ਨੇ ਉਸ ਸਭ ਕੁਝ ਨੂੰ ਪ੍ਰਵਾਨ ਕੀਤਾ ਜੋ ਸੰਭਵ

ਸੀ। ਕੋਈ ਵੀ ਗੱਲ ਸਾਡੀ ਗ਼ਲਤੀਆਂ ਨੂੰ ਠੀਕ ਨਹੀਂ ਕਰ ਸਕਦੀ। ਸਾਨੂੰ ਆਪਣੇ ਦੇਸ਼ ਨੂੰ ਉਸ ਦੇ ਸ਼ੁਰੂ ਤੋਂ ਹੀ ਵਿਕਾਸ ਕਰਨ ਲਈ ਸਾਡੀ ਮਾਤਾ ਵੱਲੋਂ ਮਿਲੀ ਹੋਈ ਵਫਾਦਾਰੀ ਉਸ ਨੂੰ ਦੇਣੀ ਚਾਹੀਦੀ ਹੈ, ਉਸ ਚੰਗੇ ਤਰੀਕੇ ਨਾਲ ਜੋ ਵੀ ਅਸੀਂ ਇੱਕਲੇ-ਇੱਕਲੇ ਜਾਣਦੇ ਹਾਂ।" ਮੈਂ ਰਾਇ ਦਿੱਤੀ ਕਿ "ਕਮਜ਼ੋਰ ਲੀਡਰ ਲੋਕਾਂ ਦੀ ਕੰਮਜ਼ੋਰ ਨਬਜ਼ ਵੇਖਦੇ ਹਨ ਅਤੇ ਆਮ ਉਦਾਸੀਨਤਾ ਫੈਲਾਉਣ ਨੂੰ ਉਤਸ਼ਾਹ ਦਿੰਦੇ ਹਨ। ਸਪੱਸ਼ਟ ਇਰਾਦੇ ਦੇ ਬਾਵਜੂਦ, ਮੈਂ ਆਪਣੇ ਸਮਾਜ ਨੂੰ ਇਸ ਰੁਚੀ ਦੇ ਖਿਲਾਫ ਪ੍ਰੇਰਿਤ ਕਰਨ ਵਿਚ ਕਾਮਯਾਬ ਨਹੀਂ ਹੋ ਸਕਿਆ। ਜਦੋਂ ਇਕ ਕਮਜ਼ੋਰ ਅਤੇ ਆਪਣਾ ਪ੍ਰਚਾਰ ਆਪ ਕਰਨ ਵਾਲੀ ਲੀਡਰਸ਼ਿਪ ਉੱਪਰ ਵਧੀ ਹੈ, ਰਿਸ਼ਵਤ, ਗੈਰ ਕਾਨੂੰਨੀ ਮੌਕੇ, ਸਿਫਾਰਸ਼ ਅਤੇ ਗ਼ਲਤ-ਪ੍ਰਬੰਧ ਇਸ ਦੇ ਥੱਲੇ ਵੱਧ ਫੁੱਲ ਰਹੇ ਹਨ, ਇਸ ਦਾ ਜ਼ਹਿਰ ਬਹੁਤ ਤੇਜੀ ਨਾਲ ਫੈਲ ਰਿਹਾ ਹੈ। ਮੈਨੂੰ ਇਕ ਤਰਫ ਹੋਣਾ ਪਵੇਗਾ ਤਾਂ ਕਿ ਅਸਲ ਕੰਮ ਨਾਲ ਸਮਝੌਤਾ ਕੀਤਾ ਜਾ ਸਕੇ।"

ਮੈਂ ਆਪਣੇ ਆਪ ਨੂੰ ਕਿਹਾ, "ਮੀਠਾਦਾਰ ਦੀਆਂ ਡਰੇਨਾਂ ਅਤੇ ਗੱਟਰਾਂ ਤੋਂ ਸ਼ੁਰੂ ਕਰੋ। ਨੀਹਾਂ ਨੂੰ ਨਾ ਤਿਆਗੋ, ਭਾਵੇਂ ਉਹਨਾਂ ਨੂੰ ਖੋਦਦਿਆਂ ਸਾਰੀ ਉਮਰ ਹੀ ਲੱਗ ਜਾਵੇ, ਅਤੇ ਉਹਨਾਂ ਨੂੰ ਭਰਨਾਂ ਵੀ ਸੰਭਵ ਨਾ ਹੋਵੇ। ਸੱਚਾਈ ਅਤੇ ਚੰਗੇ ਕੰਮ ਨੂੰ ਅੱਗੇ ਵਧਾਉ, ਪੱਕੇ ਕੰਮ ਦੀ ਮਦਦ ਕਰੋ। ਨਾ ਕਿਸੇ ਜਗ੍ਹਾ ਨੂੰ ਖ਼ਰਾਬ ਕੀਤਾ ਜਾਵੇ, ਨਾ ਕੋਈ ਝੂਠੀ ਗੱਲ ਨੂੰ ਲੁਕਾਇਆ ਜਾਵੇ ਅਤੇ ਸਭ ਤੋਂ ਜ਼ਿਆਦਾ ਜ਼ਰੂਰੀ, ਕੋਈ ਕਾਹਲੀ ਨਾ ਕੀਤੀ ਜਾਵੇ।"

ਉਦੇਸ਼ ਤੋਂ ਪਰੇ ਜਾਣ ਦਾ ਵੀ ਕੋਈ ਉਦੇਸ਼ ਸੀ। ਸਿਆਸੀ ਡਰਾਮੇ ਦਾ ਠੇਡਾ ਖਾਣ ਨਾਲ ਮੈਂ ਕੁਝ ਗ੍ਰਹਿਣ ਕਰ ਲਿਆ, ਅਤੇ ਇਕ ਰਾਹਤ ਦੀ ਭਾਵਨਾ ਮਹਿਸੂਸ ਕੀਤੀ। ਮੈਂ ਲੰਮੇ ਸਮੇਂ ਦੀ ਯੋਜਨਾ, ਇਸ ਇਰਾਦੇ ਅਤੇ ਇਸ ਦਿਸ਼ਾ ਵਿਚ ਉਸ ਭਾਵਨਾ ਨਾਲ ਬਣਾਈ ਜਿਸ ਨਾਲ ਮੁਹੰਮਦ ਅਲੀ ਜਿਨਾਹ ਨੇ ਪਾਕਿਸਤਾਨ ਬਣਾਇਆ ਸੀ। ਮੈਂ ਉਸ ਚੀਜ਼ ਨੂੰ ਅੱਗੇ ਵਧਾਵਾਂਗਾ, ਜਿਹੜੀ ਇਥੋਂ ਦੇ ਸਿਆਸਤਦਾਨਾਂ ਦੀ ਤਰਜੀਹ ਹੋਣੀ ਚਾਹੀਦੀ ਸੀ, ਜਿਸ ਵਿਚ ਬਹੁ ਸੰਮਤੀ 'ਤੇ ਕੇਂਦਰਿਤ ਹੋਇਆ ਜਾਵੇ, ਜਿਨ੍ਹਾਂ ਨੂੰ, ਇਨ੍ਹਾਂ ਦੀਆਂ ਯੋਜਨਾਵਾਂ ਵਿਚ ਧਿਆਨ ਵਿਚ ਨਹੀਂ ਲਿਆਂਦਾ ਗਿਆ। ਸਰਕਾਰ ਦੀ ਮਦਦ ਤੋਂ ਬਗੈਰ ਜਾਂ ਇਸ ਦੇ ਹਾਕਮਾਂ ਦੀ ਮਦਦ ਨਾਲ ਮੈਂ ਮੀਠਾਦਾਰ ਤੋਂ ਸ਼ੁਰੂ ਕਰਕੇ ਇਕ ਇਹੋ ਜਿਹੀ ਹੀ ਪ੍ਰਣਾਲੀ ਬਣਾਵਾਂਗਾ। ਮੈਂ ਆਪਣੇ ਆਪ ਨੂੰ ਦੇਸ਼ ਨੂੰ ਦੇ ਦਿਆਂਗਾ, ਜਿਸ ਤਰ੍ਹਾਂ ਹਰ ਇਕ ਨੂੰ ਕਰਨਾ ਚਾਹੀਦਾ ਸੀ, ਕਿਸੇ ਦਿਨ ਲੋਕ ਪਿੱਛੇ ਨਹੀਂ ਰਹਿ ਸਕਦੇ, ਘੱਟੋ ਘੱਟ ਉਸ ਖੇਤਰ ਵਿਚ ਨਹੀਂ ਜਿਨ੍ਹਾਂ ਨੂੰ ਮੈਂ ਪੂਰਾ ਕੀਤਾ। ਜਦੋਂ ਹੋਰ ਸਭ ਵਿਨਾਸ਼ 'ਤੇ ਖੜਾ ਹੋਵੇਗਾ ਅਤੇ ਬੁੱਚੜ ਖਾਨਿਆਂ ਵਿਚ ਹੋਵੇਗਾ ਤਾਂ ਜਿਹੜੀ ਪ੍ਰਣਾਲੀ ਮੈਂ ਬਣਾਂਵਾਗਾ ਉਹ ਉਸ ਨੂੰ ਸੁਰੱਖਿਆ ਦੇਵੇਗੀ।

ਜਦੋਂ ਕਿ ਵੱਡੇ ਮਾਲਕਾਂ ਨੇ ਇਹ ਸੋਚਿਆ ਕਿ ਮੈਂ ਕਿਸੇ ਗੈਰ ਮਹੱਤਵਪੂਰਨ ਸੱਥਿਤੀ ਵਿਚ ਵਾਪਸ ਆ ਗਿਆ ਹਾਂ, ਮੈਂ ਲੋਕਾਂ ਦੀ ਪ੍ਰਤਿਨਿਧਤਾ ਵਿਚ ਇਕ ਗਲੀ ਵਿਚੋਂ ਸਾਧਾਰਨ ਆਦਮੀ ਹੋਣ ਕਰਕੇ, ਇਕ ਬਹੁਤ ਵੱਡਾ ਕੰਮ ਕਰਵਾਣਾ ਸ਼ੁਰੂ ਕਰ ਦਿੱਤਾ। ਇਸ ਫਰਜ਼ ਵੱਲ ਵਚਨਬੱਧ ਹੋਣ ਕਰਕੇ, ਮੈਂ ਡਿਸਪੈਂਸਰੀ ਵਿਚ ਇਕ ਨਵੀਂ ਭਾਵਨਾ ਨਾਲ, ਸਿਆਸਤ ਦੇ ਕੰਮਾਂ ਵਿਚ ਹਿੱਸਾ ਲੈਣ ਨੂੰ ਨਕਾਰਦਿਆਂ ਹੋਇਆਂ ਅਤੇ ਆਪਣੇ ਦਿਮਾਗ ਨੂੰ ਮੇਰੇ ਕੰਮ ਦੇ ਫੈਲੇ ਹੋਏ ਆਕਾਰ 'ਤੇ ਵਿਚਾਰ ਕਰਦਿਆਂ ਹੋਇਆਂ ਵਾਪਸ ਮੁੜਿਆ। ਲੋਕਾਂ ਦੀ ਸੇਵਾ ਅਸਲ ਵਿਚ, ਇਕ ਸੱਚੀ ਸਿਆਸਤ ਸੀ। ਇਸ ਖਾਮੋਸ਼ ਸਕੀਮ ਨੂੰ ਲਾਗੂ ਕਰਨ ਲਈ ਮੈਂ ਆਪਣੀ ਬਹੁਤ ਕੀਮਤੀ ਇਕ ਆਦਤ, ਕਿ ਸਮੇਂ ਤੋਂ ਪਹਿਲਾਂ ਆਪਣੀਆਂ ਸੋਚਾਂ ਅਤੇ ਵਿਚਾਰਾਂ ਨੂੰ ਬਾਹਰ ਨਾ ਕੱਢਣਾ, 'ਤੇ ਆਧਾਰਿਤ ਸੀ। ਇਸ ਢੰਗ ਨਾਲ ਉਹ ਸਕੀਮਾਂ ਹਵਾ ਵਿਚ ਨਹੀਂ ਫੈਲਦੀਆਂ। ਮੈਂ ਆਪਣੇ ਮਦਦਗਾਰਾਂ ਨੂੰ ਕਿਹਾ, "ਭੇਤਾਂ ਨੂੰ ਪੱਕੀ ਮੁੱਠੀ ਵਿਚ ਸੁਰੱਖਿਅਤ ਰੱਖਣਾ ਇਕ ਉਸ ਤਰ੍ਹਾਂ ਦਾ ਨਿਵੇਸ਼ ਹੈ, ਜਿਸ ਨੂੰ ਬੋਨਸ 'ਤੇ ਘੋਸ਼ਿਤ ਕੀਤਾ ਜਾਂਦਾ ਹੈ।"

ਮੈਂ ਬੀਤੇ ਹੋਏ ਸਾਲਾਂ ਬਾਰੇ ਸੋਚਿਆ। ਮੇਰੀ ਮਾਤਾ ਜੀ ਦੀ ਬਿਮਾਰੀ ਅਤੇ ਮੌਤ ਨੇ ਮੈਨੂੰ ਇਕ ਉਦੇਸ਼ ਲਈ ਪ੍ਰੇਰਿਤ ਕੀਤਾ। ਸੇਠਾਂ ਨੇ ਮੇਰੇ ਇਸ ਕੰਮ ਨੂੰ ਅੱਗੇ ਵਧਾਉਣ ਲਈ ਤੇਲ ਪਾਇਆ, ਐਂਬੂਲੈਂਸ ਨੇ ਦੁਨੀਆਂ ਨੂੰ ਮੇਰੇ ਲਈ ਖੋਲ ਦਿੱਤਾ। ਪ੍ਰਮਾਤਮਾ ਦੀ ਮਰਜ਼ੀ ਅਨੁਸਾਰ ਕਿ ਨਿਮਾਣੇ ਧਰਤੀ ਦੀ ਵਿਰਾਸਤ ਬਨਣਗੇ, ਇਸ ਲਈ ਉਹ ਮੇਰੀ ਮਿਹਨਤ ਅਤੇ ਕਿਰਤ ਦੇ ਫੱਲ ਦੀ ਵਿਰਾਸਤ ਵੀ ਬਣਨਗੇ, ਉਹ ਮੇਰੇ ਕੋਲੋਂ ਲਾਭ ਲੈਣ ਵਾਲੇ ਹੋਣਗੇ, ਪਰ ਉਹਨਾਂ ਨੂੰ ਉਸ ਲਈ ਜਿੰਦਗੀ ਭਰ ਦਾ ਸਮਾਂ ਉਡੀਕਣਾ ਪਵੇਗਾ। ਮੈਂ ਹਮੇਸ਼ਾ ਨਿਮਾਣਾ ਬਣ ਕੇ ਪ੍ਰਾਰਥਨਾ ਕਰਦਾ ਕਿ ਮੇਰੀ ਮੌਤ ਉਦੋਂ ਤਕ ਉਡੀਕ ਕਰੇ ਜਦੋਂ ਤਕ ਮੇਰੀ ਵੱਧ ਤੋਂ ਵੱਧ ਉਪਯੋਗਤਾ ਲੈ ਲਈ ਜਾਵੇ।

ਇਹ ਠੰਡੀ, ਸ਼ਾਂਤ ਅਤੇ ਭਾਵਨਾਵਾਂ ਤੋਂ ਰਹਿਤ ਰਾਤ ਸੀ। ਮੈਂ ਆਪਣੇ ਸਿਰ 'ਤੇ ਕੰਬਲ ਲੈ ਲਿਆ ਅਤੇ ਹਾਲਾਤ ਦੇ ਰੌਂਅ ਵਿਚ ਵਹਿ ਗਿਆ। ਮੈਂ ਸੋਚਿਆ, ਮੈਨੂੰ ਛੋਟੀਆਂ-ਛੋਟੀਆਂ ਘੰਟੀਆਂ ਵੱਜਣ ਦੀ ਆਵਾਜ਼ ਦਾ ਸੁਪਨਾ ਆ ਰਿਹਾ ਸੀ, ਜਿਸ ਵਿਚ ਇਹ ਗਾਣਾ ਗਾਇਆ ਜਾ ਰਿਹਾ ਸੀ, "ਲਾਲਾ, ਉੱਠੋ ਅਤੇ ਬੂਹਾ ਖੋਲੋ, ਇਕ ਔਰਤ ਇਕ ਬੱਚੇ ਨੂੰ ਬਾਹਰ ਲੈ ਜਾਣਾ ਚਾਹੁੰਦੀ ਹੈ।" ਮੈਂ ਉਸ ਨੂੰ ਫਿਰ ਸੁਣਿਆ, ਉਦੋਂ ਤਕ ਜਦੋਂ ਤਕ ਮੈਂ ਆਪਣੇ ਮੂੰਹ ਤੋਂ ਕੰਬਲ ਨਾ ਹਟਾ ਦਿੱਤਾ ਅਤੇ ਖਿਆਲ ਕੀਤਾ ਕਿ ਕਾਫੀ ਰਾਤ ਹੋ ਚੁੱਕੀ ਸੀ।

ਅਸਮਾਨ ਵਿਚ ਪੂਰਾ ਚੰਦਰਮਾ ਥੱਲੇ ਦਿਸ ਰਿਹਾ ਸੀ, ਜੋ ਨੀਲੀ ਭਾਅ ਮਾਰਦਾ ਚਾਨਣਾ ਖਲੇਰ ਰਿਹਾ ਸੀ। ਇਕ ਖੂਬਸੂਰਤ ਲੜਕੀ ਦੇ ਚਿਹਰੇ 'ਤੇ ਠੰਡ

ਨਾਲ ਲਾਲੀ ਭੱਖ ਰਹੀ ਸੀ, ਅਤੇ ਉਸ ਦੀ ਮੁਸਕਰਾਹਟ ਇਸ ਤਰ੍ਹਾਂ ਖਿਲਰੀ ਹੋਈ ਸੀ ਜਿਵੇਂ ਅਸਮਾਨ ਤੋਂ ਤਾਰੇ ਟੁੱਟ ਕੇ ਉਸ ਦੀਆਂ ਅੱਖਾਂ ਵਿਚ ਆ ਗਏ ਹੋਣ। ਮੈਂ ਅਜੇ ਵੀ ਲੰਮਾ ਪਿਆ ਹੋਇਆ ਸੀ, ਅਜੇ ਵੀ ਉੱਪਰ ਉਸ ਵੱਲ ਵੇਖ ਰਿਹਾ ਸਾਂ, ਜਦੋਂ ਕਿ ਇਕ ਦਰਦ ਭਰੀ ਕਰਾਹ ਨੇ ਖਿਆਲੀ ਉਡਾਰੀ ਨੂੰ ਤੋੜਿਆ ਅਤੇ ਮੈਂ ਛੇਤੀ ਨਾਲ ਉੱਠ ਪਿਆ। ਮੈਂ ਆਪਣੀ ਜੇਬ ਵਿਚ ਚਾਬੀਆਂ ਟਟੋਲਣ ਲੱਗਾ, ਜਦੋਂ ਮੈਂ ਉਹਨਾਂ ਨੂੰ ਉਥੇ ਨਾ ਵੇਖਿਆ, ਮੈਂ ਕੰਬਲ ਨੂੰ ਇਧਰ ਉਧਰ ਝੱਟਕਿਆ, ਉਸ ਨੂੰ ਫੋਲਿਆ, ਮੈਂ ਮਹਿਸੂਸ ਕੀਤਾ ਸ਼ਾਇਦ ਬੈਂਚ 'ਤੇ ਹੋਣਗੀਆਂ, ਉਸ ਦੇ ਇਰਦ ਗਿਰਦ ਚਾਰੇ ਤਰਫ ਵੇਖਿਆ ਅਤੇ ਫਰਸ਼ 'ਤੇ ਹੱਥ ਫੇਰਿਆ ਜਿਸ ਤਰ੍ਹਾਂ ਇਕ ਅੰਨ੍ਹਾ ਆਦਮੀ ਕੋਈ ਚੀਜ਼ ਟਟੋਲਦਾ ਹੈ। ਮੈਂ ਆਪਣੇ ਕੰਨਾਂ ਵਿਚ ਇਕ ਘੁੰਮਦੀ ਆਵਾਜ਼ ਸੁਣੀ ਅਤੇ ਮੈਂ ਉਸ ਤਰਫ ਵੇਖਿਆ, ਮੈਂ ਉਹਨਾਂ ਚਾਬੀਆਂ ਨੂੰ ਆਪਣੀਆਂ ਅੱਖਾਂ ਤੋਂ ਇਕ ਇੰਚ ਦੀ ਦੂਰੀ 'ਤੇ ਲਟਕਦੀਆਂ ਵੇਖੀਆਂ। ਜਦ ਮੈਂ ਉੱਪਰ ਉੱਠ ਕੇ ਸਿੱਧਾ ਹੋਇਆ ਤਾਂ ਉਸ ਨੇ ਚਾਬੀਆਂ ਵੀ ਉੱਪਰ ਕਰ ਲਈਆਂ। ਜਦੋਂ ਉਸ ਨੇ ਕਾਫੀ ਸ਼ੋਰ ਪਾ ਲਿਆ ਤਾਂ ਉਸ ਨੇ ਮੇਰੇ ਅੱਗੇ ਵਧੀ ਹੋਈ ਤਲੀ 'ਤੇ ਚਾਬੀਆਂ ਰੱਖ ਦਿੱਤੀਆਂ ਅਤੇ ਕਹਿਣ ਲੱਗੀ, "ਲਉ ਇਹ, ਲਉ ਅਤੇ ਛੇਤੀ ਦਰਵਾਜ਼ਾ ਖੋਲੋ।" ਮੈਂ ਉਸ ਕੋਲੋਂ ਚਾਬੀਆਂ ਖੋਹ ਲਈਆਂ, ਜਿਸ ਤਰ੍ਹਾਂ ਮੈਂ ਆਪਣੇ ਆਪ ਨੂੰ ਉਸ ਕੋਲੋਂ ਛੁਡਾ ਲਿਆ ਹੋਵੇ ਅਤੇ ਡਿਸਪੈਂਸਰੀ ਖੋਲ੍ਹਣ ਲਈ ਛੇਤੀ ਨਾਲ ਚਲਾ ਗਿਆ।

ਸ਼ਾਦੀ ਕਰਨ ਦੇ ਮੇਰੇ ਆਖਰੀ ਖਿਆਲ ਨੂੰ ਹੁਣ 9 ਸਾਲ ਬੀਤ ਚੁੱਕੇ ਸਨ। ਮੈਂ ਇਸ ਇਰਾਦੇ ਨੂੰ ਇੰਨੀ ਮਜ਼ਬੂਤੀ ਨਾਲ ਲਾਂਭੇ ਕਰ ਦਿੱਤਾ ਸੀ ਕਿ ਕਿਸੇ ਚੀਜ਼ ਨੇ ਵੀ ਫਿਰ ਮੈਨੂੰ ਇਸ ਵੱਲ ਪ੍ਰੇਰਿਤ ਨਾ ਕੀਤਾ। ਸਮਾਂ ਇੰਨੀ ਤੇਜੀ ਨਾਲ ਲੰਘ ਗਿਆ, ਕੰਮ ਇੰਨਾ ਵੱਧ ਚੁੱਕਾ ਸੀ, ਦਿਮਾਗ ਵਿਚ ਇੰਨੀਆਂ ਪ੍ਰੇਰਨਾਵਾਂ ਸਨ ਅਤੇ ਸਰੀਰ 'ਤੇ ਕੰਮ ਦਾ ਇੰਨਾਂ ਬੋਝ ਸੀ ਕਿ ਮੈਂ ਇਹ ਵੀ ਮਹਿਸੂਸ ਨਾ ਕੀਤਾ ਕਿ ਮੇਰੀ ਕਿੰਨੀ ਉਮਰ ਹੋ ਗਈ ਸੀ। ਇਹ ਨਿਸ਼ਚਤ ਨਹੀਂ ਸੀ ਕਿ ਮੈਂ 1928, 1931 ਜਾਂ 1932 ਵਿਚ ਪੈਦਾ ਹੋਇਆ ਸਾਂ, ਸ਼ਾਇਦ ਮੈਂ 32 ਸਾਲ ਦਾ ਸਾਂ। ਮੈਂ ਇਕ ਵੱਡੇ ਤੂਫਾਨ ਵਿਚ ਰਹਿੰਦਾ ਰਿਹਾ ਸਾਂ, ਮੇਰੇ ਤੋਂ ਬਾਹਰ ਦੀ ਦੁਨੀਆਂ ਬਾਰੇ ਮੈਨੂੰ ਪਤਾ ਨਹੀਂ ਸੀ। ਸ਼ਾਦੀ ਦਾ ਸੁਪਨਾ ਉਸ ਤਰ੍ਹਾਂ ਖ਼ਤਮ ਹੋ ਗਿਆ ਸੀ, ਜਿਸ ਨੂੰ ਵਾਪਸ ਨਹੀਂ ਸੀ ਲਿਆਂਦਾ ਜਾ ਸਕਦਾ, ਭਾਵੇਂ ਮੈਂ ਕਿੰਨੀ ਵੀ ਕੋਸ਼ਿਸ਼ ਕਰ ਲੈਂਦਾ। ਚੰਦ ਦੀ ਚਾਨਣੀ ਵਿਚ ਉਸ ਲੜਕੀ ਨੇ ਮੇਰੇ ਉਸ ਖਿਆਲ ਨੂੰ ਵਾਪਸ ਲੈ ਆਂਦਾ।

ਹੁਣ ਤਕ ਆਪਣੀਆਂ ਵਿਵੇਕਸ਼ੀਲਤਾ ਦੀ ਅਣਹੋਂਦ ਤੋਂ ਹੈਰਾਨ ਸਾਂ। ਸਰੀਰ ਦੀ ਸ਼ਕਤੀ ਕੰਮ ਵੱਲ ਢਲ਼ ਗਈ ਸੀ, ਹੋਰ ਸਭ ਚੇਤਨਾਵਾਂ ਵਿਚ ਹੀ ਖ਼ਤਮ ਹੋ ਗਈਆਂ ਸਨ। ਹੁਣ ਜਿਵੇਂ ਉਹਨਾਂ ਨੂੰ ਕਿਸੇ ਨੇ ਜਗਾ ਦਿੱਤਾ ਹੋਵੇ, ਮੈਨੂੰ ਔਰਤ ਦੀ ਲੋੜ ਮਹਿਸੂਸ ਹੋਈ।

ਮੈਂ ਇਸ ਗੱਲ ਨੂੰ ਪਹਿਚਾਣ ਲਿਆ ਸੀ ਕਿ ਔਰਤਾਂ, ਮਰਦਾਂ ਨਾਲੋਂ ਚੰਗੀਆਂ ਸਮਾਜ ਸੇਵਕ ਸਨ, ਉਹਨਾਂ ਕੋਲ ਉੱਚੇ ਪੱਧਰ ਦੀ ਹਮਦਰਦੀ ਹੋਣ ਤੋਂ ਇਲਾਵਾ, ਉਹਨਾਂ ਕੋਲ ਕੁਝ ਕਰਨ ਦਾ ਉਦੇਸ਼ ਸੀ ਅਤੇ ਉਹ ਨੇਮ ਵਿਚ ਰਹਿੰਦੀਆਂ ਸਨ ਅਤੇ ਜ਼ਿਆਦਾ ਸ਼ਕਤੀ ਰੱਖਦੀਆਂ ਸਨ। ਮੈਂ ਹੁਣ ਉਹਨਾਂ ਲੜਕੀਆਂ ਵਿਚੋਂ ਚੋਣ ਕਰਨ ’ਤੇ ਕੇਂਦਰਿਤ ਸਾਂ ਜਿਨ੍ਹਾਂ ਦੀ ਗਿਣਤੀ ਹੁਣ 70 ਹੋ ਚੁੱਕੀ ਸੀ। ਪਰ ਫਿਰ ਵੀ ਮੈਂ ਉਹਨਾਂ ਵੱਲ ਔਰਤਾਂ ਕਰ ਕੇ ਨਹੀਂ ਸੀ ਵੇਖਦਾ, ਸਿਰਫ ਉਹਨਾਂ ਦੇ ਕੰਮ ਦਾ ਖਿਆਲ ਰੱਖਿਆ ਜਾਂਦਾ ਸੀ। ਹੁਣ ਮੈਂ ਆਪਣੇ ਆਪ ਨੂੰ ਉਹਨਾਂ ਵਿਚ ਘਿਰਿਆ ਮਹਿਸੂਸ ਕੀਤਾ ਅਤੇ ਪਹਿਲੀ ਵਾਰ ਮੈਨੂੰ ਇਹ ਪਤਾ ਲੱਗਾ ਕਿ ਫੈਲਣ ਵਾਲੀਆਂ ਅਫਵਾਹਾਂ ਦੇ ਕੀ ਕਾਰਨ ਸਨ। ਛੇਤੀ-ਛੇਤੀ ਹੀ ਮੈਨੂੰ ਉਹ ਦ੍ਰਿਸ਼ ਸੱਚਾ ਲੱਗਣ ਲੱਗ ਪਿਆ। ਮੈਂ ਇਕ ਉਦੇਸ਼ ਲਈ ਅੱਗੇ ਆਇਆ ਸਾਂ, ਉਹ ਮੈਨੂੰ ਔਰਤਾਂ ਵਿਚ ਰੁੱਝਿਆ ਹੋਇਆ ਸੋਚਦੇ ਸਨ, ਇਸ ’ਤੇ ਆਸਾਨੀ ਨਾਲ ਵਿਸ਼ਵਾਸ ਕੀਤਾ ਜਾ ਸਕਦਾ ਸੀ, ਇਹ ਇਕ ਸਾਧਾਰਨ ਆਦਮੀ ਦਾ ਢੰਗ ਸੀ।

ਅਮੀਨਾ ਅਜ੍ਹੇ ਵੀ ਮੇਰੇ ਨਾਲ ਕੰਮ ਕਰਦੀ ਸੀ। ਉਸ ਦੀ ਕਿਸੇ ਅਮੀਰ ਪਤੀ ਦੀ ਖੋਜ ਅਜ੍ਹੇ ਵੀ ਜਾਰੀ ਸੀ, ਉਹ ਉਸ ਨੂੰ ਨਹੀਂ ਸੀ ਮਿਲ ਰਿਹਾ। ਮੈਂ ਇਹ ਧਿਆਨ ਕੀਤਾ ਉਹ ਕਿੰਨੀ ਹੱਠੀ ਹੋ ਚੁੱਕੀ ਸੀ, ਉਹ ਕਿਸੇ ਬਿਜਲੀ ਦੇ ਲਿਸ਼ਕਾਰੇ ਵਾਂਗ ਗੁੱਸਾ ਕੱਢਣ ਨੂੰ ਮੇਰੀ ਹਰ ਵਕਤ ਦੀ ਹਾਜ਼ਰੀ ਵਿਚ ਵੀ ਨਹੀਂ ਸੀ ਰੋਕ ਸਕਦੀ। ਸੱਤ ਵਿਚੋਂ ਪੰਜ ਲੜਕੀਆਂ, ਜਿਨ੍ਹਾਂ ਕੋਲ ਮੈਂ ਵਿਆਹ ਦੀ ਤਜ਼ਵੀਜ਼ ਰੱਖੀ ਸੀ, ਉਹ ਵਿਆਹ ਕਰਵਾ ਕੇ ਜਾ ਚੁੱਕੀਆਂ ਸਨ।

ਮੈਂ ਫਿਰ ਪਤਨੀ ਦੀ ਭਾਲ ਵਿਚ ਸਾਂ। ਸਿਆਣੀ ਨਰਸਾਂ ਵਿਚੋਂ ਇਕ ਬਹੁਤ ਧਿਆਨ ਅਤੇ ਮਿਹਨਤ ਨਾਲ ਕੰਮ ਕਰਦੀ ਸੀ, ਉਸ ਦਾ ਹੌਂਸਲੇ ਵਾਲਾ ਸੁਭਾਅ ਸੀ, ਇਥੋਂ ਤਕ ਕਿ ਜਦ ਮੈਨੂੰ ਉਸ ’ਤੇ ਗੁੱਸਾ ਆਉਂਦਾ ਸੀ, ਉਸ ਦੇ ਸੁਭਾਅ ਨੇ ਉਸ ਨੂੰ ਖੂਬਸੂਰਤ ਬਣਾ ਦਿੱਤਾ ਸੀ। ਮੈਂ ਉਸ ਦਾ ਖਿਆਲ ਕੀਤਾ। ਉਸ ਦੇ ਚੇਹਰੇ ਦੇ ਸਬਰ ਕਰਨ ਦੇ ਪ੍ਰਗਟਾਉ ਕਾਰਨ ਮੈਂ ਸੋਚਣ ਲਈ ਮਜ਼ਬੂਰ ਹੁੰਦਾ ਕਿ ਉਹ ਹਾਂ ਕਹੇਗੀ, ਉਹ ਕਿਸੇ ਨਾਲ ਵੀ ਵਿਆਹ ਕਰਨਾ ਮੰਨ ਜਾਵੇਗੀ। ਪਰ ਇਹ ਸਾਰਾ ਕੁਝ ਗ਼ਲਤ ਸੀ। ਉਸ ਨੇ ਮੇਰੇ ਅਸਮਾਨ ਵਿਚ ਰੋਸ਼ਨੀ ਨਾ ਕੀਤੀ। ਹੁਣ ਜਦੋਂ ਮੈਂ ਇਹ ਹੁੰਦਿਆ ਵੇਖ ਲਿਆ, ਹਾਲਾਂਕਿ ਛੇਤੀ ਨਾਲ ਫਿਰ ਪਿੱਛੇ ਹਟਦੀਆਂ ਇਨ੍ਹਾਂ ਭਾਵਨਾਵਾਂ ਨੂੰ ਮੈਂ ਜਾਣਦਾ ਸਾਂ।

•

# ਭਾਗ 5

ਸੰਨ 1965 ਵਿਚ ਭਾਰਤ ਨੇ ਪਾਕਿਸਤਾਨ ਨਾਲ ਜੰਗ ਦਾ ਐਲਾਨ ਕਰ ਦਿੱਤਾ ਅਤੇ ਅੱਗੇ ਆਉਣ ਵਾਲੇ ਦਿਨਾਂ ਨੇ ਸਾਨੂੰ ਨਿੱਤ ਦੇ ਕੰਮ ਤੋਂ ਇਲਾਵਾ ਹੋਰ ਕੰਮਾਂ ਵਿਚ ਰੁਝਾ ਦਿੱਤਾ। ਅਸੀਂ ਕਰਾਚੀ ਸ਼ਹਿਰ ਵਿਚ ਪ੍ਰਭਾਵਿਤ ਖੇਤਰਾਂ ਵਿਚ ਹਰ ਪਾਸੇ ਭੱਜ ਦੌੜ ਰਹੇ ਸਾਂ, ਜ਼ਖ਼ਮੀਆਂ ਨੂੰ ਬਚਾ ਰਹੇ ਸਾਂ ਅਤੇ ਮਰਿਆਂ ਹੋਇਆਂ ਨੂੰ ਦਫਨਾ ਰਹੇ ਸਾਂ। ਕਰਫਿਊ ਅਤੇ ਬਲੈਕ ਆਊਟ ਦੇ ਘੁਗੂਆਂ ਦੇ ਵੱਜਣ ਦੀਆਂ ਆਵਾਜ਼ਾਂ ਨਾਲ ਸਾਡੇ ਡਰਾਈਵਰ ਮੁੜ ਆਉਂਦੇ, ਪਰ ਉਹਨਾਂ ਨੂੰ ਅਧਿਕਾਰੀਆਂ ਵਲੋਂ ਰੋਕ ਲਿਆ ਜਾਂਦਾ ਅਤੇ ਜੰਗ ਦੇ ਪੀੜਿਤਾਂ ਨੂੰ ਲਿਜਾਣ ਲਈ ਕਿਹਾ ਜਾਂਦਾ। ਬੱਚੇ ਪਾਣੀ ਲਈ ਚਿੱਲਾ ਰਹੇ ਹੁੰਦੇ, ਲੋਕ ਪੀੜ ਨਾਲ ਤੜਪ ਰਹੇ ਹੁੰਦੇ ਅਤੇ ਬੰਬਬਾਰੀ ਨਾਲ ਮਰ ਰਹੇ ਹੁੰਦੇ। 10 ਤੋਂ 15 ਲੋਕਾਂ ਨੂੰ ਇਕ ਵੈਨ ਵਿਚ ਪਾ ਲਿਆ ਜਾਂਦਾ ਅਤੇ ਛੇਤੀ ਨਾਲ ਹਸਪਤਾਲਾਂ ਵਿਚ ਲਿਜਾਇਆ ਜਾਂਦਾ। ਆਪਾਤ ਸਥਿਤੀ ਨੇ ਔਰਤਾਂ, ਜਵਾਨ ਲੜਕਿਆਂ ਅਤੇ ਲੜਕੀਆਂ ਨੂੰ ਉਹਨਾਂ ਦੇ ਘਰਾਂ ਤੋਂ ਬਾਹਰ ਲੈ ਆਂਦਾ। ਉਹਨਾਂ ਨੇ ਹਸਪਤਾਲਾਂ, ਰੇਲਾਂ ਅਤੇ ਫਸਟ ਏਡ ਲਈ ਸੇਵਕ ਦੇ ਤੌਰ 'ਤੇ ਅਤੇ ਜਵਾਨਾਂ ਨੂੰ ਵਸਤੂਆਂ ਲਪੇਟ ਕੇ ਪਹੁੰਚਾਉਣ ਦੀ ਪੇਸ਼ਕਸ਼ ਕੀਤੀ।

ਮੈਂ ਸਿਵਲ ਡਿਫੈਂਸ ਦੀ ਟਰੇਨਿੰਗ ਦਾ ਕੋਰਸ ਕੀਤਾ ਸੀ ਅਤੇ ਜਿਹੜੇ ਜੋਸ਼ੀਲੇ ਵਿਦਿਆਰਥੀ ਲੀਡਰਾਂ ਦੇ ਗਰੁੱਪ, ਜੋ ਮੇਰੀ ਮੰਗੋਪੀਰ ਦੀ ਮਜ਼ਦੂਰਾਂ ਦੀ ਡਿਸਪੈਂਸਰੀ ਵਿਚ ਕੰਮ ਕਰਦੇ ਸਨ, ਉਹਨਾਂ ਰਾਹੀਂ ਹਦਾਇਤਾਂ ਦੇ ਪਰਚੇ ਵੰਡੇ। ਮੈਂ ਉਹਨਾਂ ਨੂੰ ਸਲਾਹ ਦਿੱਤੀ ਕਿ ਉਹ ਸਿਆਸਤ ਤੋਂ ਦੂਰ ਰਹਿਣ, "ਲੀਡਰ, ਕਾਮਿਆਂ ਦੇ ਮੋਢਿਆਂ 'ਤੇ ਉੱਪਰ ਉੱਠਦੇ ਹਨ ਅਤੇ ਉਹ ਉਹਨਾਂ ਨੂੰ ਉਨ੍ਹਾਂ ਹੀ ਥੱਲੇ ਦੀ ਸਥਿੱਤੀ ਵਿਚ ਰੱਖਣ ਦੀ ਕੋਸ਼ਿਸ਼ ਕਰਦੇ ਹਨ। ਉਹ ਇਹ ਬਰਦਾਸ਼ਤ ਨਹੀਂ ਕਰ ਸਕਦੇ ਕਿ ਤੁਸੀਂ ਥੱਲੇ ਤੋਂ ਉਹਨਾਂ ਦੇ ਬਰਾਬਰ ਆ ਜਾਉ, ਤੁਹਾਡਾ ਇਸ ਤਰ੍ਹਾਂ ਕਰਨਾ ਉਹਨਾਂ ਨੂੰ ਗਿਰਾ ਦੇਵੇਗਾ।" ਉਹ ਅਜੇ ਵੀ ਆਸ਼ਾਵਾਦੀ ਸਨ ਕਿ ਉਹ ਵੀ ਇਕ ਦਿਨ ਇਸ ਖੇਤਰ ਵਿਚ ਤਜ਼ਰਬਾ ਕਰਨਗੇ। ਮੈਂ ਇਹ ਭਵਿੱਖਬਾਣੀ ਕੀਤੀ, "ਇਕ ਦਿਨ ਤੁਸੀਂ ਮੇਰੇ ਨਾਲ ਸਿਰਫ ਇਕ ਠੀਕ ਸਿਆਸਤ ਲਈ ਮਿਲ ਜਾਉਗੇ........ ਲੋਕਾਂ ਦੀ ਸੇਵਾ ਦੀ।"

ਮੀਠਾਦਾਰ ਦੇ ਦਫਤਰ ਵਿਚ ਇਕ ਕਮਰੇ ਦੇ ਕੋਲੋਂ ਲੰਘਦਿਆਂ, ਜਿਥੇ ਔਰਤਾਂ ਦਾ ਇਕ ਗਰੁੱਪ ਥੱਲੇ ਬੈਠ ਕੇ ਰਾਹਤ ਦੇ ਪੈਕਟ ਬਣਾ ਰਿਹਾ ਸੀ, ਮੈਂ ਉਹਨਾਂ ਨੂੰ ਠਹਿਰਾਇਆ ਅਤੇ ਉਸ ਵਿਚਲੀਆਂ ਵਸਤੂਆਂ ਨੂੰ ਵੇਖਣ ਲਈ ਇਕ ਪੈਕਟ ਖੋਲ੍ਹਿਆ। ਜਦੋਂ ਮੈਂ ਵੇਖਿਆ ਕਿ ਇਕ ਵਸਤੂ ਉਸ ਵਿਚ ਨਹੀਂ ਹੈ ਤਾਂ ਮੈਂ ਗੁੱਸੇ ਵਿਚ ਕਿਹਾ ਕਿ ਹਰ ਪੈਕਟ ਨੂੰ ਫਿਰ ਖੋਲ੍ਹੋ ਅਤੇ ਫਿਰ ਸ਼ੁਰੂ ਕਰੋ। ਮੈਂ ਸਿਆਸਤਦਾਨਾਂ ਦੇ ਬੇਨਿਯਮੀ ਪੈਦਾ ਕਰਨ ਕਰਕੇ, ਮੁਸਲਮਾਨਾਂ ’ਤੇ ਉਹਨਾਂ ਦੀ ਸਰੀਰਕ, ਦਿਮਾਗੀ ਅਤੇ ਨੈਤਿਕ ਗਿਰਾਵਟ ’ਤੇ ਅਤੇ ਹਿੰਦੂਆਂ ’ਤੇ ਕਿ ਉਹ ਆਪਣੀ ਗ਼ਰੀਬੀ ਨੂੰ ਅਣਗੌਲਿਆਂ ਕਰ ਰਹੇ ਸਨ ਅਤੇ ਸਾਰੇ ਹੀ ਸੁਸਤ ਲੋਕਾਂ ’ਤੇ ਜਿਹੜੇ ਉਪਮਹਾਂਦੀਪ ਦੇ ਕੁਝ ਵੀ ਨਾ ਕਰਨ ਵਾਲੇ ਲੋਕ ਸਨ ਉਹਨਾ ’ਤੇ ਚਿੱਲਾਇਆ।

ਮੈਂ ਇਕ ਗਰੁੱਪ ’ਤੇ ਚਿੱਲਾਇਆ, “ਕੀ ਮੈਂ ਤੁਹਾਡਾ ਖਿਆਲ ਰੱਖਣ ਲਈ ਕਿਸੇ ਪੁਲੀਸ ਵਾਲੇ ਨੂੰ ਨੌਕਰੀ ’ਤੇ ਰੱਖਾਂ ? ਇਕ ਉਸਤਾਦ ਨੂੰ ਤੁਹਾਡੀਆਂ ਗ਼ਲਤੀਆਂ ਠੀਕ ਕਰਨ ਅਤੇ ਤੁਹਾਡੀਆਂ ਗ਼ਲਤ ਗੱਲਾਂ ਨੂੰ ਦਰੁੱਸਤ ਕਰਨ ਲਈ ਅਤੇ ਇਕ ਸਫਾਈ ਕਰਮਚਾਰੀ ਨੂੰ ਤੁਹਾਡੇ ਮਗਰੋਂ ਸਫਾਈ ਕਰਨ ਲਈ ਰੱਖਾਂ ? ਆਪਣੇ ਗੰਦ ਨੂੰ ਆਪ ਸਾਫ ਕਰੋ, ਉਹਨਾਂ ਹੱਥਾਂ ਨਾਲ ਜਿਸ ਦੀਆਂ ਉਂਗਲਾਂ ਹਰਕਤ ਵਿਚ ਹਨ, ਉਹਨਾਂ ਨੂੰ ਦੇਖੋ, ਕੀ ਤੁਸੀਂ ਦੇਖ ਸਕਦੇ ਹੋ ?” ਮੈਂ ਆਪਣਾ ਹੱਥ ਉੱਪਰ ਚੁੱਕਿਆ ਅਤੇ ਆਪਣੀਆਂ ਉਂਗਲਾਂ ਉਹਨਾਂ ਦੇ ਮੂੰਹ ਉੱਤੇ ਫੇਰੀਆਂ, “ਆਪਣੀਆਂ ਉਂਗਲਾਂ ਵਿਖਾਉ ? ਕੀ ਉਹ ਹਿੱਲਦੀਆਂ ਨਹੀਂ ? ਕੀ ਤੁਸੀਂ ਮੇਰੀਆਂ ਵੇਖਦੇ ਹੋ ? ਕੀ ਤੁਹਾਡੇ ਕੋਲ ਅੱਖਾਂ ਹਨ ?” ਮੈਂ ਆਪਣਾ ਇਹ ਜੋਸ਼ ਚਾਲੂ ਰੱਖਣਾ ਸੀ, ਪਰ ਛੇਤੀ ਹੀ ਰੋਕ ਦਿੱਤਾ ਗਿਆ ਅਤੇ ਜਿਹੜਾ ਉਮਰ ਭਰ ਤੋਂ ਸੀ, ਦਰਵਾਜ਼ੇ ’ਤੇ ਇਕ ਮੁਸਕਰਾਹਟ ਨੇ ਚੁੱਪ ਕਰਵਾ ਦਿੱਤਾ। ਇਸ ਮੁਸਕਰਾਹਟ ਦਾ ਪੂਰਾ ਅਰਧ ਚੱਕਰ ਦੋਵਾਂ ਪਾਸਿਆਂ ਤੋਂ ਬਣਿਆ ਸੀ, ਜਿਸ ’ਤੇ ਹੱਸਣ ਨਾਲ ਦੋ ਡੂੰਘੇ ਟੋਏ ਬਣ ਗਏ ਸਨ। ਉਸ ਨੇ ਆਪਣੀ ਚੁੱਪ ਤੋੜੀ, “ਮੇਰੀ ਖਾਲਾ ਨੇ ਮੈਨੂੰ ਇਥੇ ਕੰਮ ਕਰਨ ਲਈ ਭੇਜਿਆ ਹੈ।” ਮੈਂ ਅਮੀਨਾ ਨੂੰ ਕਿਹਾ ਕਿ ਇਸ ਨੂੰ ਭਰਤੀ ਕਰ ਲਉ ਅਤੇ ਛੇਤੀ ਹੀ ਉਥੋਂ ਚਲਾ ਗਿਆ। ਫਿਰ ਅਸੀਂ ਸਾਰੇ ਜੰਗ ਵਿਚ ਰੁੱਝ ਗਏ ਅਤੇ ਉਸ ਦਾ ਧਿਆਨ ਕਰਨ ਦਾ ਮੇਰੇ ਕੋਲ ਸਮਾਂ ਨਹੀਂ ਸੀ ਰਿਹਾ ਉਦੋਂ ਤਕ ਜਦੋਂ ਤੱਕ ਜੰਗ ਖ਼ਤਮ ਨਾ ਹੋ ਗਈ।

ਉਸ ਦਾ ਨਾਂ ਬਿਲਕਿਅਸ ਸੀ। ਉਸ ਦੀ “ਖਾਲਾ” ਜਿਸ ਦਾ ਸਾਡੇ ਯੂਨਿਟ ਵਿਚ ਰਾਤ ਨੂੰ ਬੱਚਾ ਪੈਦਾ ਹੋਇਆ ਸੀ, ਮੈਂ ਉਸ ਨੂੰ ਪਹਿਲਾਂ ਵੇਖਿਆ ਹੋਇਆ ਸੀ, ਜਿਸ ਨੇ ਜੰਗ ਤੋਂ ਪਹਿਲਾਂ ਦਾਈ ਦੇ ਕੋਰਸ ਵਿਚ ਦਾਖਲਾ ਲਿਆ ਸੀ। ਹੁਣ ਉਹ ਦਫਤਰ ਵਿਚ ਇੱਕਠੀਆਂ ਆਈਆਂ। ਮੈਂ ਹਿਸਾਬ ਕਿਤਾਬ ਵਿਚ ਰੁੱਝੇ ਹੋਣ ਕਰਕੇ ਉਹਨਾਂ ਨੂੰ ਇਸ਼ਾਰਾ ਕੀਤਾ ਕਿ ਉਹ ਬੈਠ ਜਾਣ। ਇਸ ਤਰ੍ਹਾਂ ਜਾਪਦਾ ਸੀ, ਜਿਵੇਂ ਉਹ ਸਾਹ ਦੇ ਭਾਰ ਨਾਲ ਹੌਲੀ-ਹੌਲੀ ਗੱਲਾਂ ਕਰਦੀਆਂ ਸਨ, ਜਿਵੇਂ ਬੋਝਲ ਹੋਣ,

ਉਹ ਆਪਣੇ ਬੁੱਲ੍ਹਾਂ ਨੂੰ ਸਪੱਸ਼ਟ ਤੌਰ ’ਤੇ ਹਿਲਾ ਕੇ ਅਤੇ ਕੁਝ ਪਲਾਂ ਬਾਅਦ ਆਪਣਾ ਸਾਹ ਮੇਰੀ ਤਰਫ ਸੁੱਟਦੀ ਸੀ......... ਇਸ ਨਾਲ ਮੇਰਾ ਧਿਆਨ ਹੱਟਦਾ ਸੀ। ਇਸ ਸਭ ਕੁਝ ’ਤੇ ਬਜ਼ੁਰਗ ਔਰਤ ਗੁੱਸਾ ਕਰ ਰਹੀ ਸੀ, ਜਿਸ ਨੇ ਉਸ ਦੇ ਹੱਥ ’ਤੇ ਜ਼ੋਰ ਦੀ ਹੱਥ ਮਾਰਿਆ ਤਾਂ ਕਿ ਉਹ ਜੋ ਕੁਝ ਕਰ ਰਹੀ ਸੀ, ਉਹ ਨਾ ਕਰੇ।

ਜਦੋਂ ਮੈਂ ਫਾਈਲ ਬੰਦ ਕੀਤੀ, ਮੈਂ ਇਹ ਸਿੱਟਾ ਕੱਢਿਆ ਕਿ ਉਹ ਨਰਸ ਦੀ ਸਿਖਲਾਈ ਲੈਣੀ ਚਾਹੁੰਦੀ ਸੀ ਅਤੇ ਉਸ ਨੂੰ ਪੁੱਛਿਆ, “ਕੀ ਇਹ ਹਾਲੇ ਬਹੁਤ ਛੋਟੀ ਨਹੀਂ ਹੈ ? ਕੀ ਇਹ ਸਕੂਲ ਨਹੀਂ ਜਾਂਦੀ ?” ਖਾਲਾ ਨੇ ਆਪਣੀ ਭਣੇਵੀਂ ਵੱਲ ਕਿਸੇ ਅੱਣਲੁਕੇ ਪਿਆਰ ਨਾਲ ਵੇਖਿਆ, “ਇਹ ਸੌਲ੍ਹਾਂ ਸਾਲਾਂ ਦੀ ਜਵਾਨ ਲੜਕੀ ਹੈ, ਪਰ ਉਹ ਪੜ੍ਹਨ ਨੂੰ ਨਫ਼ਰਤ ਕਰਦੀ ਹੈ, ਅਤੇ ਸਗੋਂ ਕੰਮ ਕਰਨਾ ਚਾਹੁੰਦੀ ਹੈ।” ਮੈਂ ਉਸ ਦੀ ਸਥਿੱਰ ਮੁਸਕਰਾਹਟ ਨੂੰ ਵੇਖਿਆ, ਉਸ ਦੀਆਂ ਅੱਖਾਂ ਇਹ ਅਪੀਲ ਕਰ ਰਹੀਆਂ ਸਨ, ਅਤੇ ਉਸ ਦੀਆਂ ਖਾਹਿਸ਼ਾਂ ਦੀ ਮਨਜ਼ੂਰੀ ਮੰਗ ਰਹੀਆਂ ਸਨ। ਉਸ ਨੇ ਆਪਣੇ ਹਾਸੇ ’ਤੇ ਕਾਬੂ ਕਰਕੇ, ਮੇਰੇ ਵਿਚ ਪੈਦਾ ਕਰ ਦਿੱਤਾ। ਮੈਂ ਮੰਨ ਗਿਆ ਅਤੇ ਉਸ ਨੂੰ ਚਿਤਾਵਨੀ ਦਿੱਤੀ, “ਇਥੇ ਕੰਮ ਕਰਨਾ ਕੋਈ ਮਜ਼ਾਕ ਨਹੀਂ ਹੈ। ਮੈਨੂੰ ਇਹ ਮੌਕਾ ਨਾ ਦੇਣਾ ਕਿ ਤੁਹਾਡਾ ਆਪਣਾ ਜਾਂ ਕਿਸੇ ਹੋਰ ਦਾ ਸਮਾਂ ਖ਼ਰਾਬ ਕਰਦਿਆਂ ਮੈਂ ਤੁਹਾਨੂੰ ਫੜ ਲਵਾਂ।” ਉਸ ਦੇ ਚਿਹਰੇ ’ਤੇ ਡਰ ਦੇ ਪ੍ਰਭਾਵ ਆਏ, ਅਤੇ ਫਿਰ ਛੇਤੀ ਹੀ ਆਪਣਾ ਸਿਰ ਹਿੱਲਾ ਕੇ ਦੋਵਾਂ ਮੋਢਿਆਂ ਨੂੰ ਵਾਰ-ਵਾਰ ਹਿਲਾ ਕੇ ਜਿਵੇਂ ਕੋਈ ਬੈਟਰੀ ਨਾਲ ਚੱਲਣ ਵਾਲਾ ਖਿਡੌਣਾ ਹੋਵੇ, ਹੁਕਮ ਮੰਨਣ ਦਾ ਸੰਕੇਤ ਦਿੱਤਾ।

ਉਸ ਤੋਂ ਬਾਅਦ ਮੈਂ ਉਸ ਨੂੰ ਆਮ ਹੀ ਆਪਣੇ ਦਫਤਰ ਤੋਂ ਇਧਰ ਉਧਰ ਜਾਂਦਿਆਂ ਵੇਖਦਾ। ਉਹ ਅੰਦਰ ਝਾਕਦੀ, ਮੁਸਕਰਾਉਂਦੀ ਅਤੇ ਇਕ ਦੌੜ ਰਹੇ ਸਿਤਾਰੇ ਦੀ ਤਰ੍ਹਾਂ ਛਿੱਪ ਜਾਂਦੀ। ਮੈਂ ਵੇਖਿਆ ਸੀ ਮੇਰੇ ਸਾਮ੍ਹਣੇ ਕੋਈ ਵੀ ਨਹੀਂ ਸੀ ਹੱਸਦਾ, ਮੇਰਾ ਜ਼ਾਲਮ ਵਤੀਰਾ ਜੋ ਮੈਂ ਜਾਣ ਕੇ ਉਹਨਾਂ ਨੂੰ ਕਾਬੂ ਕਰਨ ਲਈ ਪੈਦਾ ਕੀਤਾ ਹੋਇਆ ਸੀ, ਉਨ੍ਹਾਂ ਲਈ ਜਿਹੜੇ ਆਪਣੇ ਕੰਮ ਵਿਚ ਗੰਭੀਰ ਨਹੀਂ ਸਨ। ਉਸ ਵਤੀਰੇ ਨੇ ਮੈਨੂੰ ਸਾਰੇ ਖੁਸ਼ੀ ਭਰੇ ਮਜ਼ਾਕਾਂ ਤੋਂ ਦੂਰ ਰੱਖਿਆ ਹੋਇਆ ਸੀ। ਕਿਉਂ ਜੋ ਮੈਂ ਨਾ ਥੱਕਣ ਵਾਲੇ ਕਾਮੇ ਦੇ ਤੌਰ ’ਤੇ ਜਾਣਿਆਂ ਜਾਂਦਾ ਸਾਂ। ਜਦੋਂ ਬਿਲਕਿਅਸ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਇਸ ਮਸਲੇ ਨੂੰ ਹੋਰ ਤਰ੍ਹਾਂ ਦਾ ਬਣਾ ਦਿੱਤਾ....... ਮੈਂ ਹੋਰ ਖੁਸ਼ ਹੋਣ ਦੀ ਕੋਸ਼ਿਸ਼ ਕੀਤੀ। ਜਿਹੜਾ ਦੂਸਰਿਆਂ ਲਈ ਹੈਰਾਨੀ ਭਰਿਆ ਸੀ, ਖਾਸ ਕਰਕੇ ਅਮੀਨਾ ਵੀ ਜਿਹੜੀ ਕਿਹੰਦੀ ਸੀ “ਈਦੀ ਵੀ ਮੁਸਕਰਾ ਰਿਹਾ ਹੈ, ਉਹ ਹੱਸਦਾ ਹੈ ਅਤੇ ਗੱਲਾਂ ਕਰਦਾ ਹੈ।” ਨਵੀਂ ਲੜਕੀ ਖੇਡਦਿਆਂ ਹੋਇਆਂ ਕਹਿੰਦੀ, “ਅਤੇ ਜੀਉਂਦਾ ਵੀ ਹੈ।”

ਕੀ ਉਹ ਮੈਨੂੰ ਮਰਿਆ ਹੋਇਆ ਸਮਝਦੀ ਸੀ ? ਸ਼ਾਇਦ ਉਹ ਠੀਕ ਸੀ। ਮੈਂ ਇਸ ਸਫਰ ਵਿਚ ਕਿਤੇ ਮਰ ਗਿਆ ਸੀ, ਮਰਿਆਂ ਹੋਇਆਂ ਨੂੰ ਦਿਨ ਰਾਤ

ਦਫਨਾਉਂਦਿਆਂ ਹੋਇਆਂ। ਕਿਸੇ ਦਾ ਇਕਲੌਤਾ ਬੱਚਾ, ਕਿਸੇ ਦੀ ਪਤਨੀ, ਛੋਟੇ ਬੱਚਿਆਂ ਦੀ ਕੋਈ ਮਾਂ, ਕਈ ਬੱਚਿਆਂ ਨੂੰ ਪਾਲਣ ਵਾਲਾ ਬਾਪ। ਮੇਰੀ ਜਿੰਦਗੀ ਵਿਚ ਮੌਤ ਜ਼ਿਆਦਾ ਛਾਈ ਰਹਿੰਦੀ ਸੀ। ਮੈਂ ਵੇਖਿਆ ਕਿ ਆਦਮੀ ਦੀ ਹਾਜ਼ਰੀ, ਇਕ ਸਾਹ ਦੇ ਨਾ ਆਉਣ ਕਰਕੇ ਖ਼ਤਮ ਹੋ ਜਾਂਦੀ ਸੀ। ਉਸ ਜਗ੍ਹਾ ਤੋਂ ਉਹ ਸਦਾ ਲਈ ਚਲਾ ਜਾਂਦਾ, ਜਿਥੇ ਉਹ ਹਮੇਸ਼ਾ ਲਈ ਰਹਿਣ ਦੀ ਕੋਸ਼ਿਸ਼ ਕਰਦਾ ਸੀ। ਮੈਂ ਇਹ ਗੱਲ ਹਮੇਸ਼ਾ ਵੇਖਦਾ ਰਹਿੰਦਾ ਸਾਂ। ਇਹ ਗੱਲ ਜਾਣਦਿਆਂ ਹੋਇਆਂ ਵੀ ਕਿ ਅੰਤ ਇੰਨਾਂ ਨਜ਼ਦੀਕ ਹੈ ਫਿਰ ਵੀ ਕਿਵੇਂ ਜੀਆ ਜਾ ਸਕਦਾ ਹੈ ? ਜੇ ਇਹ ਨਹੀਂ ਤਾਂ ਅੱਗੇ ਅਤੇ ਫਿਰ ਹੋਰ ਅੱਗੇ, ਪਰ ਇਹ ਹੈ ਨਜ਼ਦੀਕ। ਮੈਨੂੰ ਇਸ ਕੰਮ ਵਿਚ ਲੱਗੇ ਨੂੰ 14 ਸਾਲ ਹੋ ਗਏ ਸਨ। ਮੈਂ ਸਮਾਜਿਕ ਕਲਿਆਣ ਨੂੰ ਇਕ ਉੱਦਯੋਗ ਬਣਾਇਆ ਸੀ, ਉਸ ਨੂੰ ਉਸ ਇਕ ਐਂਬੂਲੈਂਸ ਅਤੇ ਪਹਿਲੀ ਡਿਸਪੈਂਸਰੀ ਦੇ ਢੰਗ ਨਾਲ ਵਿਕਸਿਤ ਕੀਤਾ ਸੀ। ਇਹ ਸਾਰੇ ਸਾਲ ਡੂੰਘੀਆਂ ਨੀਹਾਂ ਪੁੱਟਦਿਆਂ ਲੱਗ ਗਏ ਸਨ। ਮੈਂ ਉਹਨਾਂ ਨੂੰ ਬਿਲਕੁਲ ਭਰ ਨਹੀਂ ਸਾਂ ਰਿਹਾ, ਉਹਨਾਂ ਨੂੰ ਹੋਰ ਡੂੰਘਾ, ਹੋਰ ਡੂੰਘਾਂ ਪੁੱਟ ਰਿਹਾ ਸਾਂ।

ਹੁਣ ਬਿਲਕਿਅਸ ਆਪਣੀ ਨਰਸ ਦੀ ਚਿੱਟੀ ਵਰਦੀ ਵਿਚ ਹਰ ਸਵੇਰ ਨੂੰ ਆਉਂਦੀ ਸੀ, ਅਤੇ ਮੈਂ ਉਸ ਨੂੰ ਵੇਖਦਾ ਰਹਿੰਦਾ ਸਾਂ। ਕਈ ਵਾਰ ਉਹ ਮੇਰੀ ਝੱਲਕ ਵੇਖ ਕੇ ਜਿਵੇਂ ਜੰਮ ਜਾਂਦੀ, ਮੈਨੂੰ ਗੁੱਸੇ ਦੇ ਭਾਵ ਵਿਚ ਵੇਖ ਕੇ, ਉਸ ਨੂੰ ਸਮਝ ਕੇ, ਛੇਤੀ ਹੀ ਚਲੀ ਜਾਂਦੀ। ਜੇ ਉਹ ਮੈਨੂੰ ਸ਼ਾਂਤ ਵੇਖਦੀ, ਉਹ ਮੈਨੂੰ ਬਿਜਲੀ ਦੀ ਤਰ੍ਹਾਂ ਮੁਸਕਰਾ ਕੇ ਵੇਖਦੀ, ਅਤੇ ਆਪਣੇ ਕੰਮ ਵਿਚ ਲੱਗ ਜਾਂਦੀ। ਕਈ ਵਾਰ ਮੈਂ ਉਸ ਦੇ ਹਾਸੇ ਨੂੰ ਦੂਸਰੇ ਕਮਰੇ ਵਿਚੋਂ ਸੁਣਦਾ, ਮੈਂ ਅੰਦਰ ਦਾਖਲ ਹੁੰਦਾ, ਅਤੇ ਹਾਸਾ ਬੰਦ ਹੋ ਜਾਂਦਾ ਅਤੇ ਉਸ ਦੀ ਜਗ੍ਹਾ ਉਸ ਦਾ ਚਿਹਰਾ ਗੰਭੀਰ ਹੋ ਜਾਂਦਾ, ਜਿਹੜਾ ਉਸ ਦੀ ਸ਼ੈਤਾਨੀ ਨੂੰ ਲੁਕਾ ਨਾ ਸਕਦਾ।

ਉਸ ਦਾ ਸਾਫ ਚਿਹਰਾ ਅਤੇ ਗੁੰਦਿਆ ਹੋਇਆ ਸਰੀਰ, ਉਸ ਦੇ ਲੰਮੇ ਵਾਲ, ਜਿਹੜੇ ਉਸ ਦੇ ਚਿਹਰੇ ਤੋਂ ਥੱਲੇ ਵੱਲ ਨੂੰ ਪਏ ਹੁੰਦੇ ਅਤੇ ਉਸ ਦੀ ਪਿੱਠ 'ਤੇ ਪਈ ਗੁੱਤ ਜਿਹੜੀ ਉਸ ਦੀ ਇਕ ਇਸ ਤਰ੍ਹਾਂ ਦੀ ਸੂਰਤ ਨੂੰ ਪੂਰਿਆਂ ਕਰਦੇ ਸਨ ਜਿਹੜੀ ਮੇਰੀ ਖਿੱਚ ਲਈ ਜ਼ਰੂਰੀ ਸੀ। ਉਸ ਦੀ ਚਮੜੀ ਕਿਸੇ ਅੰਦਰੂਨੀ ਸੋਮੇ ਨਾਲ ਚਮਕ ਰਹੀ ਹੁੰਦੀ ਅਤੇ ਉਸ ਦੀ ਚੰਗਿਆਈ ਨੂੰ ਉਸਦੇ ਚਿਹਰੇ ਦੇ ਭਾਵਾਂ ਤੋਂ ਜ਼ਿਆਦਾ ਡੂੰਘਾ ਵਿਖਾਉਂਦਾ ਸੀ। ਉਸ ਦੀ ਲਗਾਤਾਰ ਦੀ ਮੁਸਕਰਾਹਟ ਤੋਂ ਜਾਪਦਾ ਸੀ ਜਿਵੇਂ ਉਸ ਨੇ ਜਿੰਦਗੀ ਵਿਚ ਕੋਈ ਦੁੱਖ ਨਹੀਂ ਸੀ ਵੇਖਿਆ।

ਭਾਵੇਂ ਕਿ ਉਸ ਦੀਆਂ ਬਹੁਤ ਜ਼ਿਆਦਾ ਗੱਲਾਂ ਉਸ ਦੇ ਕੰਮ ਵਿਚ ਰੁਕਾਵਟ ਨਹੀਂ ਸੀ ਪਾਉਂਦੀਆਂ, ਮੈਂ ਵੇਖਿਆ ਕਿ ਉਹ ਬਹੁਤ ਜ਼ਿਆਦਾ ਗੱਲਾਂ ਕਰਦੀ ਸੀ, ਪਰ ਉਹ ਜ਼ਿਆਦਾ ਤੇਜ਼ ਚਲਦੀ ਵੀ ਸੀ; ਉਹ ਦੂਜਿਆਂ ਨਾਲੋਂ ਅੱਧੇ ਸਮੇਂ ਵਿਚ ਹੀ ਪੱਟੀਆਂ ਬਦਲ ਦਿੰਦੀ ਸੀ, ਉਹ ਕੰਮਾਂ ਲਈ ਪੌੜੀਆਂ ਦੇ ਉੱਪਰ ਥੱਲੇ ਦੌੜਦੀ

ਰਹਿੰਦੀ। ਉਹ ਮੰਜੇ ਵਿਛਾਉਂਦੀ, ਔਜਾਰ ਧੋਂਦੀ, ਟੀਕੇ ਲਗਾਉਂਦੀ ਅਤੇ ਫਰਸ਼ ਨੂੰ ਦਵਾਈ ਪਾ ਕੇ ਸਾਫ ਕਰਦੀ। ਇਸ ਸਭ ਕੁਝ ਦੇ ਨਾਲ-ਨਾਲ ਉਹ ਸਾਰਾ ਸਮਾਂ ਗੱਲਾਂ ਕਰਦੀ ਰਹਿੰਦੀ...... ਸਾਰਾ ਸਮਾਂ। ਸਿਰਫ ਉਦੋਂ ਉਹ ਚੁੱਪ ਹੋ ਜਾਂਦੀ ਜਦੋਂ ਉਹ ਕੋਈ ਲਾਸ਼ ਵੇਖ ਲੈਂਦੀ।

ਮੈਂ ਇਕ ਗੁਆਂਢੀ ਤੋਂ ਇਹ ਭੇਦ ਕੱਢਿਆ ਕਿ ਬਿਲਕਿਅਸ ਦੀ ਮਾਂ ਨੇ ਉਸ ਦੇ ਪਤੀ ਨੂੰ ਖਿੜਕੀ ਰਾਹੀਂ ਵਿਖਾਇਆ ਸੀ। ਉਸ ਦਾ ਦਾਦਾ ਕਹਿੰਦਾ ਸੀ, "ਉਹ ਲਾਲ ਰੁਮਾਲ ਵਾਲਾ ਲੜਕਾ ਤੇਰੇ ਨਾਲ ਸ਼ਾਦੀ ਕਰਨ ਲਈ ਬਹੁਤ ਉੱਤਾਵਲਾ ਹੈ। ਉਸ ਵੱਲ ਵੇਖ ਅਤੇ ਮੈਨੂੰ ਆਪਣਾ ਜਵਾਬ ਦੇ।" ਉਨ੍ਹਾਂ ਦਾ ਵਿਆਹ ਉਦੋਂ ਹੋਇਆ ਸੀ ਜਦੋਂ ਉਹ 15 ਸਾਲ ਦੀ ਸੀ, ਪਰ ਵੰਡ ਤੋਂ ਬਾਅਦ ਉਹ ਵਿਧਵਾ ਹੋ ਗਈ, ਜਦੋਂ ਉਹ ਅਜੇ 19 ਸਾਲ ਦੀ ਸੀ, ਜਦੋਂ ਕਿ ਉਸ ਨੂੰ ਦੋ ਲੜਕੇ ਅਤੇ ਇਕ ਲੜਕੀ ਨੂੰ ਪਾਲਣਾ ਸੀ। ਬਿਲਕਿਅਸ ਦੀ ਦਾਦੀ, ਉਸ ਦੀ ਮਾਸੀ ਜਿਸ ਨੂੰ ਉਹ ਖਾਲਾ ਕਹਿੰਦੇ ਸਨ ਅਤੇ ਉਸ ਦਾ ਮਾਸੜ ਵਿਧਵਾ ਲੜਕੀ ਨੂੰ ਲੈ ਕੇ ਅੰਦਰ ਆ ਗਏ। ਮਾਸੜ ਉਸ ਦੁਕਾਨ ਨੂੰ ਜੋ ਉਹਨਾਂ ਦੀ ਸੀ, ਉਸ ਨੂੰ ਚਲਾਉਣ ਲੱਗ ਪਿਆ, ਅਤੇ ਉਸ ਦੇ ਲਾਭ ਨੂੰ, ਫਿਰ ਉਸ ਦੀ ਪੂੰਜੀ ਨੂੰ ਜੂਏ ਅਤੇ ਗਾਣੇ ਵਾਲੀਆਂ ਪਾਰਟੀਆਂ ਵਿਚ ਬਰਬਾਦ ਕਰਨ ਲੱਗ ਪਿਆ।

ਉਸ ਦੇ ਛੋਟੇ ਬੱਚਿਆਂ ਕਰਕੇ, ਬਿਲਕਿਅਸ ਦੀ ਮਾਂ ਨੂੰ ਦੁਬਾਰਾ ਸ਼ਾਦੀ ਕਰਨ ਲਈ ਘਰ ਦਾ ਕੋਈ ਵੀ ਨਾ ਮਨਾ ਸਕਿਆ। ਸਗੋਂ ਉਸ ਨੇ ਇਕ ਅਧਿਆਪਕਾ ਦੀ ਨੌਕਰੀ 20 ਰੁਪਏ, ਇਕ ਸਵੇਰ ਦੀ ਸ਼ਿਫਟ ਲਈ ਕਰ ਲਈ, ਉਸ ਦੇ ਨਾਲ ਇਕ ਹੋਰ ਇਸਤਰੀ ਅਧਿਆਪਕਾ ਸੀ ਜਿਸ ਨੂੰ ਮਰੀਅਮ ਉਸਤਾਨੀ ਕਹਿੰਦੇ ਸਨ। ਕਈ ਵਾਰ ਉਸ ਨੂੰ ਸ਼ਾਮ ਨੂੰ ਵੀ ਕੰਮ ਕਰਨਾ ਪੈਂਦਾ ਸੀ, ਜਿਸ ਲਈ ਉਸ ਨੂੰ ਹੋਰ ਵੀਹ ਰੁਪਏ ਮਿਲਦੇ ਸਨ। ਜਦੋਂ ਬਿਲਕਿਅਸ ਦੇ ਪਿਤਾ ਸਮਾਨ ਚਾਚੇ ਦੀ ਪਤਨੀ ਨੇ ਆਪਣੇ ਆਪ ਨੂੰ ਸਾੜ ਕੇ ਖੁਦਕੁਸ਼ੀ ਕਰ ਲਈ ਤਾਂ ਪਰਿਵਾਰ ਨੇ ਉਸ ਦਾ ਵਿਆਹ ਬਿਲਕਿਅਸ ਦੀ ਮਾਂ ਨਾਲ ਕਰਨ ਦੀ ਸੋਚੀ ਪਰ ਉਸ ਨੇ ਇਹ ਕਹਿ ਕੇ ਇਨਕਾਰ ਕਰ ਦਿੱਤਾ, "ਮੈਂ ਉਸ ਦੀ ਮੌਤ ਦੀ ਮਨੱਤ ਨਹੀਂ ਸਾਂ ਮੰਗਦੀ। ਕੀ ਉਸ ਨਾਲ ਸ਼ਾਦੀ ਕਰਨ ਲਈ ਕੋਈ ਹੋਰ ਨਹੀਂ ? ਮੈਂ ਉਸ ਨਾਲ ਸ਼ਾਦੀ ਕਿਉਂ ਕਰਾਂ ? ਮੇਰੇ ਕੋਲ ਪਹਿਲਾਂ ਹੀ ਘਰ ਵਿਚ ਦੋ ਲੜਕੇ ਹਨ।"

ਮੈਂ ਉਸ ਨੂੰ, ਜਿਸ ਨੂੰ ਰਾਬੀਆ ਮਾਂ ਕਹਿੰਦੇ ਸਨ, ਉਸ ਨੂੰ ਬਹੁਤ ਚੰਗਾ ਸਮਝਦਾ ਸਾਂ। ਉਹ ਇਕ ਪੱਕੇ ਇਰਾਦੇ ਵਾਲੀ ਔਰਤ ਸੀ ਅਤੇ ਮੇਰੇ ਲਈ ਇਹ ਲਗਾਤਾਰ ਬਿਲਕਿਅਸ ਦੇ ਹੱਕ ਵਿਚ ਜਾਂਦੀ ਹੋਈ ਗੱਲ ਸੀ। ਜਦੋਂ ਰਾਬੀਆ ਮਾਂ ਕੰਮ ਕਰਦੀ ਸੀ ਤਾਂ ਉਸ ਦੇ ਬੱਚਿਆਂ ਦਾ ਖਾਲਾ ਖਿਆਲ ਰੱਖਦੀ ਸੀ, ਜਿਹੜੀ ਹੁਣ ਇਕ ਜੱਚਾ ਬੱਚਾ ਕੇਂਦਰ ਵਿਚ ਦਾਈ ਦੇ ਤੌਰ 'ਤੇ ਰਾਤ ਦੀ ਡਿਊਟੀ ਕਰਦੀ ਸੀ।

ਖਾਲਾ ਨੇ ਅਮੀਨਾ ਨੂੰ ਕਿਹਾ, "ਮੇਰੀ ਵਿਧਵਾ ਭੈਣ ਨੇ ਕਦੀ ਜਕਾਤ ਨਹੀਂ ਲਈ। ਉਸ ਦਾ ਵਿਸ਼ਵਾਸ ਹੈ ਕਿ ਇਹ ਲੂਣ ਦੀ ਤਰ੍ਹਾਂ ਖੁਰ ਜਾਂਦੀ ਹੈ। ਉਸ ਲਈ ਰੋਜ਼ੀ ਕਮਾਉਣ ਦਾ ਇਕ ਹੀ ਢੰਗ ਹੈ ਕਿ ਕਿਰਤ ਕਰੋ।" ਉਸ ਦੇ ਸ਼ਬਦਾਂ ਨੇ ਮੈਨੂੰ ਬਿਲਕਿਅਸ ਦੇ ਪਾਲਣ ਪੋਸ਼ਣ ਬਾਰੇ ਕਾਫੀ ਕੁਝ ਦੱਸ ਦਿੱਤਾ। ਮੈਂ ਇਕ ਗੁਆਂਢੀ ਕੋਲੋਂ ਸੁਣਿਆ ਸੀ ਕਿ ਰਾਬੀਆ ਮਾਂ ਇਕ ਸੰਤ ਔਰਤ ਸੀ, ਜਿਸ ਨੇ ਚਾਰ ਵਾਰ ਹੱਜ ਕੀਤਾ ਸੀ ਅਤੇ ਉਹ ਲਗਾਤਾਰ ਪ੍ਰਾਰਥਨਾਵਾਂ ਕਰਦੀ ਸੀ, ਕੁਰਾਨ ਦਾ ਹਰ ਮਹੀਨੇ ਪਾਠ ਪੂਰਾ ਕਰਦੀ ਸੀ, ਅਤੇ ਹਰ ਮਹੀਨੇ ਦੇ ਗਿਆਰਾਂ ਦਿਨ ਵਰਤ ਰੱਖਦੀ ਸੀ। ਸੁਭਾਅ ਵਿਚ ਉਹ ਤਾਨਾਸ਼ਾਹ ਵਾਂਗ ਸੀ ਅਤੇ ਉਸ ਦਾ ਗੁੱਸਾ ਬਹੁਤ ਬੁਰਾ ਸੀ।

ਇਹ ਪਰਿਵਾਰ ਮੇਰੀ ਸਾਦਗੀ ਤੋਂ ਬਹੁਤ ਵੱਖਰਾ ਸੀ। ਉਹ ਨਾ ਤਾਂ ਜਜ਼ਬਾਤੀ ਸਨ, ਨਾ ਹੀ ਕਿਸੇ ਗੱਲ ਨਾਲ ਉਹ ਗੰਭੀਰਤਾ ਨਾਲ ਵਚਨਬੱਧ ਹੁੰਦੇ ਸਨ ਸਿਵਾਏ ਉਹਨਾਂ ਦੀ ਆਪਣੀ ਜਿੰਦਗੀ ਦੇ, ਜੋ ਕੁਝ ਵੀ ਉਹਨਾਂ ਕੋਲ ਥੋੜਾ ਬਹੁਤਾ ਵੱਧਦਾ, ਉਹ ਸਮੁੰਦਰ ਦੇ ਕੰਢੇ ਕੀਮਾਰੀ ਵਿਚ ਪਿਕਨਿਕ 'ਤੇ ਖ਼ਰਚ ਕਰ ਦਿੰਦੇ ਅਤੇ ਹਰ ਉਸ ਨਵੀਂ ਫਿਲਮ ਨੂੰ ਵੇਖਦੇ ਜਿਸ ਬਾਰੇ ਮਸ਼ਹੂਰੀ ਕੀਤੀ ਹੁੰਦੀ ਸੀ। ਉਹਨਾਂ ਦੇ ਬਹੁਤ ਥੋੜੇ ਸਾਧਨਾਂ ਦੇ ਬਾਵਜੂਦ ਵੀ ਉਹ ਬਹੁਤ ਹਮਦਰਦ ਅਤੇ ਦੂਸਰਿਆਂ ਦੇ ਮਦਦਗਾਰ ਸਨ। ਸਭ ਤੋਂ ਜ਼ਿਆਦਾ, ਉਹ ਬਹੁਤ ਖੁਸ਼ ਲੋਕ ਸਨ।

ਉਹ ਖਾਰਾਦਾਰ (ਖਾਰੇ ਪਾਣੀ ਦੇ ਸੋਮੇ) ਵਿਚ ਦੋ ਕਮਰਿਆਂ ਦੇ ਘਰ ਵਿਚ ਰਹਿਣ ਲੱਗ ਪਏ ਜੋ ਮੀਠਾਦਾਰ (ਮਿੱਠੇ ਪਾਣੀ ਦੇ ਸੋਮੇ) ਦੇ ਪਿੱਛੇ ਸੀ। ਉਹਨਾਂ ਦੇ ਗਵਾਂਢੀ ਨੇ ਮੇਰੇ ਸਾਥੀ ਨੂੰ ਦੱਸਿਆ ਕਿ ਸਾਰਾ ਹੀ ਪਰਿਵਾਰ, ਮਟਰਾਂ ਨੂੰ ਛਿੱਲ ਕੇ ਉਨ੍ਹਾਂ ਦੇ ਦਾਣਿਆਂ ਨੂੰ ਬੋਰੀਆਂ ਵਿਚ ਬੰਦ ਕਰਕੇ ਸਿਨਮਾ ਵੇਖਣ ਲਈ ਵਾਧੂ ਪੈਸੇ ਕਮਾਉਂਦਾ ਸੀ, ਬੜੀ ਖੁਸ਼ੀ ਨਾਲ ਫਿਲਮੀ ਗਾਣੇ ਸਮੂਹਿਕ ਤੌਰ 'ਤੇ ਗਾਉਂਦੇ ਸਨ ਅਤੇ ਫਿਰ ਉਹ ਸਾਰੇ ਖੁਸ਼ੀ-ਖੁਸ਼ੀ ਟਾਂਗੇ ਵਿਚ ਚਲੇ ਜਾਂਦੇ। ਮੈਂ ਇਸੇ ਕੋਲੋਂ ਇਹ ਵੀ ਸੁਣਿਆ ਕਿ ਬਿਲਕਿਅਸ ਆਮ ਹੀ ਘਰ ਤੋਂ ਬਚ ਕੇ ਚਲੀ ਜਾਂਦੀ ਅਤੇ ਆਪਣੀਆਂ ਸਹੇਲੀਆਂ ਨਾਲ ਔਰਤਾਂ ਦਾ ਮੈਟਨੀ ਸ਼ੋ ਵੇਖਦੀ। ਇਥੇ ਲੜਕੀਆਂ ਹੁਸ਼ਿਆਰੀ ਨਾਲ ਆਪਣੇ ਸਾਮ੍ਹਣੇ ਖੜੀਆਂ ਔਰਤਾਂ ਦੇ ਹੈਂਡ ਬੈਗਾਂ ਨੂੰ ਹੱਥ ਲਾ ਕੇ ਦੇਰ ਤੋਂ ਲੱਗੀਆਂ ਲੰਮੀਆਂ ਲਾਈਨਾਂ ਤੋੜ ਦਿੰਦੀਆਂ। ਜੋ ਚੋਰੀ ਦੇ ਡਰ ਤੋਂ ਇਕ ਦਮ ਪਰੇ ਹੋ ਜਾਂਦੀਆਂ ਸਨ, ਜਦੋਂ ਕਿ ਜਵਾਨ ਲੜਕੀਆਂ ਬੜੀ ਹੋਸ਼ਿਆਰੀ ਨਾਲ ਲਾਈਨ ਵਿਚ ਸਭ ਤੋਂ ਅੱਗੇ ਆ ਜਾਂਦੀਆਂ ਸਨ। ਮੈਨੂੰ ਇਸ ਗੱਲ ਦੀ ਬਹੁਤ ਖੁਸ਼ੀ ਹੁੰਦੀ। ਜਦੋਂ ਵੀ ਬਿਲਕਿਅਸ ਦੀ ਘਰੋਂ ਜਾਣ ਦੀ ਚੋਰੀ ਫੜੀ ਜਾਂਦੀ ਤਾਂ ਉਸ ਨੂੰ ਘਰੋਂ ਕੁੱਟ ਪੈਂਦੀ। ਇਹ ਗੱਲ ਸਪੱਸ਼ਟ ਸੀ, ਉਹ ਇਸ ਦਾ ਗੁੱਸਾ ਨਹੀਂ ਸੀ ਕਰਦੀ ਅਤੇ ਇਸ ਦਾ ਜੁਆਬ ਦਿੰਦੀ, "ਉਸ ਦਾ ਇੱਨਾਂ ਮੁੱਲ ਹੈ ਸੀ, ਥੋੜੀਆਂ ਜਿਹੀਆਂ ਚਪੇੜਾਂ ਨਾਲ ਮੈਨੂੰ ਫਿਲਮ ਨਹੀਂ ਭੁੱਲ ਸਕਦੀ।"

ਉਹ ਹਰ ਵਕਤ ਮੀਠਾਦਾਰ ਅਤੇ ਖਾਰਾਦਾਰ ਵਿਚ ਸੜਕ 'ਤੇ ਲੱਗੀਆਂ ਰੇੜ੍ਹੀਆਂ, ਜਿਨ੍ਹਾਂ ਉੱਤੇ ਕਈ ਕਿਸਮ ਦੀਆਂ ਖਾਣ ਵਾਲੀਆਂ ਵਸਤੂਆਂ ਵੇਚੀਆਂ ਜਾਂਦੀਆਂ ਸਨ, ਉਹਨਾਂ 'ਤੇ ਖਾਣ ਲਈ ਭੱਜਦੀ ਰਹਿੰਦੀ। ਨਹੀਂ, ਮੈਂ ਉਸ ਬਾਰੇ ਕਦੀ ਪੁੱਛਗਿੱਛ ਨਹੀਂ ਸਾਂ ਕਰਦਾ, ਮੈਂ ਦਿਲੋਂ ਉਸ ਨਾਲ ਸ਼ਾਦੀ ਕਰਨ ਬਾਰੇ ਨਹੀਂ ਸਾਂ ਸੋਚਦਾ ਪਰ, ਉਸ ਸੰਬੰਧੀ ਗੱਲਾ ਮੈਨੂੰ ਇਧਰੋਂ ਉਧਰੋਂ ਮਿਲਦੀਆਂ ਰਹਿੰਦੀਆਂ ਸਨ, ਜਿਸ ਤਰ੍ਹਾਂ ਮੇਰੇ ਲਈ ਉਹਨਾਂ ਦੇ ਸੁਣਨ ਦਾ ਕੋਈ ਅਰਥ ਸੀ। ਉਹ ਸ਼ਹਿਰ ਦੇ ਜਿਹੜੇ ਸਕੂਲ ਵਿਚ ਪੜ੍ਹਦੀ ਸੀ, ਉਥੇ ਉਹ ਇੰਨੀ ਸ਼ਰਾਰਤੀ ਸੀ ਕਿ ਕੋਈ ਵੀ ਦਿਨ ਨਹੀਂ ਸੀ ਬੀਤਦਾ ਜਦੋਂ ਉਹ ਕਿਸੇ ਸ਼ਰਾਰਤ ਦਾ ਕੇਂਦਰ ਨਾ ਬਣਦੀ। ਕਿਉਂ ਜੋ ਉਸ ਨੇ ਕਦੀ ਸਕੂਲ ਦਾ ਹੋਮਵਰਕ ਨਹੀਂ ਸੀ ਕੀਤਾ ਹੁੰਦਾ, ਉਹ ਆਪਣੀਆਂ ਜਮਾਤਣਾਂ ਕੋਲੋਂ ਨੋਟ ਲੈਣ ਲਈ ਕਹਿੰਦੀ। ਜੇ ਉਹ ਦੇਣ ਤੋਂ ਇਨਕਾਰ ਕਰ ਦਿੰਦੀਆਂ ਤਾਂ ਉਹ ਖਿੜਕੀ ਵਿਚੋਂ ਉਹਨਾਂ ਦੀਆਂ ਕਿਤਾਬਾਂ ਬਾਹਰ ਸੁੱਟ ਦਿੰਦੀ। ਇਸ ਸਮੱਸਿਆ ਕਰਕੇ ਅਧਿਆਪਕਾਵਾਂ ਨੂੰ ਉਹਨਾਂ ਦੇ ਮਸਲੇ ਵਿਚ ਦਖਲ ਦੇਣਾ ਪੈਂਦਾ। ਬਿਲਕਿਅਸ ਚੀਕਦੀ, "ਮੇਰੀ ਚੀਜ਼ਾਂ ਵੇਖ ਲਉ, ਵੇਖੋ ਮੈਂ ਇਹ ਕਿੱਥੇ ਰੱਖੀਆਂ ਹਨ।" ਜਦੋਂ ਉਹ ਖ਼ਤਰਾ ਲੰਘ ਜਾਂਦਾ, ਉਹ ਮੁਸਕਰਾਉਂਦੀ ਅਤੇ ਕੁੜੀ ਨੂੰ ਕਹਿੰਦੀ, "ਮੈਂ ਤੈਨੂੰ ਭਲਮਾਣਸੀ ਨਾਲ ਕਿਹਾ ਸੀ। ਮੈਂ ਤੈਨੂੰ ਪਿਆਰ ਨਾਲ ਕਿਹਾ ਸੀ ਕਿ ਤੂੰ ਮੈਨੂੰ ਨੋਟ ਦੇ ਦੇ, ਤੂੰ ਨਹੀਂ ਦਿੱਤੇ। ਹੁਣ ਉਹ ਗਵਾਚ ਗਏ ਹਨ, ਸ਼ਾਇਦ ਤੂੰ ਉਹਨਾਂ ਨੂੰ ਆਪ ਹੀ ਫਾੜ ਦਿੱਤਾ ਹੈ।" ਜੇ ਕੋਈ ਉਸ ਦੀ ਬੇਇੱਜ਼ਤੀ ਕਰਦਾ ਜਾਂ ਉਸ ਨਾਲ ਹਮਦਰਦੀ ਨਾ ਕਰਦਾ, ਉਹ ਉਹਨਾਂ ਦੇ ਪੈੱਨ ਅਤੇ ਐਨਕਾਂ ਅਤੇ ਉਹਨਾਂ ਦੇ ਪੈਨਸਲਾਂ ਦੇ ਡੱਬੇ ਨੂੰ ਬਾਹਰ ਸੁੱਟ ਦਿੰਦੀ। ਉਹ ਚੋਰੀ ਨਹੀਂ ਸੀ ਕਰਦੀ, ਉਹ ਸਿਰਫ ਸ਼ਰਾਰਤਾਂ ਅਤੇ ਗੜਬੜ ਕਰਦੀ ਸੀ, ਅਤੇ ਅਧਿਆਪਕਾਵਾਂ ਉਸ ਦੇ ਕੰਨ ਪੁੱਟਦੀਆਂ ਅਤੇ ਹਰ ਰੋਜ਼ ਉਸ ਨੂੰ ਜਮਾਤ ਵਿਚੋਂ ਕੱਢ ਦਿੰਦੀਆਂ।

ਉਹ ਗਲੀ ਵਿਚ ਕਿਸੇ ਨਵੇਂ ਕਾਰਨਾਮੇ ਨੂੰ ਕਰਨ ਲਈ ਆਜ਼ਾਦ ਹੋ ਕੇ ਭੱਜਦੀ। ਉਸ ਦੀ ਆਕ੍ਰਸ਼ਿਤ ਮੁਸਕਰਾਹਟ ਹਰ ਵਕਤ ਗੇਟ 'ਤੇ ਖਾਣ ਦੀਆਂ ਚੀਜ਼ਾਂ ਵੇਚਣ ਵਾਲਿਆਂ ਨੂੰ ਨਿਰਸੰਦੇਹ ਬੇਵਕੂਫ ਬਣਾ ਦਿੰਦੀ, "ਮਾਸੀ ਲਉ, ਮੈਨੂੰ ਤੁਹਾਡੇ ਚਨੇ ਵੇਚ ਲੈਣ ਦਿਉ। ਮੈਂ ਇਨ੍ਹਾਂ ਨੂੰ ਇੰਨੀ ਛੇਤੀ ਵੇਚ ਦੇਵਾਂਗੀ ਤਾਂ ਕਿ ਤੂੰ ਛੇਤੀ ਹੀ ਘਰ ਚਲੀ ਜਾਵੇਂਗੀ, ਹੋਰ ਚਨੇ ਲਿਆਵੇਂਗੀ ਅਤੇ ਵਾਧੂ ਪੈਸੇ ਬਣਾਵੇਂਗੀ।" ਉਸ ਨੂੰ ਹਮੇਸ਼ਾ ਇਜਾਜ਼ਤ ਮਿਲ ਜਾਂਦੀ, ਉਹ ਬਿਜਲੀ ਦੀ ਤੇਜੀ ਨਾਲ ਆਪਣੀਆਂ ਸਹੇਲੀਆਂ ਨੂੰ ਆਉਣ ਵਾਲੀ ਦਾਅਵਤ ਦੀ ਸੂਚਨਾ ਦੇ ਕੇ ਅਤੇ ਫਿਰ ਕੰਮ 'ਤੇ ਵਾਪਸ ਆ ਜਾਂਦੀ। ਫਿਰ ਉਹ ਮਸਾਲੇਦਾਰ ਚੀਜ਼ਾਂ ਦੀਆਂ ਪਲੇਟਾਂ ਚੁੱਕੀ ਅੱਗੇ ਪਿੱਛੇ ਭੱਜਦੀ ਰਹਿੰਦੀ ਅਤੇ ਇਸ ਸਮੇਂ ਵਿਚ ਉਹ ਅਖ਼ਬਾਰ 'ਤੇ ਕਈ ਚੀਜ਼ਾਂ ਵੱਡੀ ਮਾਤਰਾ ਵਿਚ ਪਾ ਕੇ ਇਕ ਝਾੜੀ ਦੇ ਪਿੱਛੇ

ਲੁਕਾ ਲੈਂਦੀ ਅਤੇ ਛੁੱਟੀ ਦੇ ਸਮੇਂ ਉਸ ਦੀਆਂ ਸਹੇਲੀਆਂ, ਉਸ ਸਾਰੇ ਸਾਮਾਨ ਨੂੰ ਹੀ ਚੋਰੀ ਚੋਰੀ ਲੈਂ ਜਾਂਦੀਆਂ। ਮਾਸੀ ਕਹਿੰਦੀ, "ਇਕ ਬਹੁਤ ਖ਼ੂਬਸੂਰਤ ਦੇਵਤਾ ਅੱਜ ਮੇਰੇ ਰਾਹ ਵਿਚ ਆਇਆ। ਅਸੀਂ ਸਭ ਕੁਝ ਬਹੁਤ ਛੇਤੀ ਵੇਚ ਦਿੱਤਾ।" ਜਦੋਂ ਉਹ ਤਿੰਨ ਸਾਲ ਇਕੋ ਹੀ ਕਲਾਸ ਵਿਚ ਰਹੀ ਅਤੇ ਫਿਰ ਫੇਲ੍ਹ ਹੋ ਗਈ ਤਾਂ ਉਸ ਨੂੰ ਸਕੂਲ ਤੋਂ ਹਟਾ ਲਿਆ ਗਿਆ। ਉਸ ਨੇ ਸਿਲਾਈ ਦਾ ਕੋਰਸ ਅਤੇ ਫਿਰ ਕੱਢਾਈ ਦੀ ਸਿੱਖਿਆ ਲਈ, ਪਰ ਦੋਵਾਂ ਨੂੰ ਹੀ ਛੱਡ ਦਿੱਤਾ ਜਦੋਂ ਅਧਿਆਪਕਾਵਾਂ ਨੇ ਅਨੁਸ਼ਾਸਨ ਭੰਗ ਕਰਨ ਲਈ ਉਸ ਨੂੰ ਕੁੱਟਿਆ।

ਉਹਨਾਂ ਦਿਨਾਂ ਵਿਚ ਗੈਸ ਨਹੀਂ ਸੀ ਹੁੰਦੀ ਅਤੇ ਬਾਲਣ ਲਈ ਗੋਹੇ ਦੀਆਂ ਪਾਥੀਆਂ ਲੱਕੜ ਨਾਲੋਂ ਸਸਤੀਆਂ ਮਿਲ ਜਾਂਦੀਆਂ ਸਨ। ਗਵਾਂਢੀ ਨੇ ਦੱਸਿਆ ਕਿ ਬਿਲਕਿਅਸ ਨੂੰ ਹਮੇਸ਼ਾ ਇਕ ਗੁੱਸੇ ਦਾ ਦੌਰਾ ਪੈ ਜਾਂਦਾ ਸੀ ਜਦੋਂ ਉਸ ਨੂੰ ਗਊਆਂ ਦੇ ਕਮਰੇ ਵਿਚੋਂ ਪਾਥੀਆਂ ਲਿਆਉਣ ਲਈ ਕਿਹਾ ਜਾਂਦਾ। ਉਹ ਸਾਰਾ ਰਾਹ ਹੀ ਬੁੜ ਬੁੜ ਕਰਦੀ ਰਹਿੰਦੀ, ਜਦੋਂ ਉਹ ਕੋਲੇ ਦਾ ਚੂਰਾ ਲੈਣ ਜਾਂਦੀ ਤਾਂ ਉਹ ਤੂੜੀ ਲੈ ਆਉਂਦੀ ਅਤੇ ਵਾਪਸੀ 'ਤੇ ਛੱਤ 'ਤੇ ਆ ਕੇ ਬੈਠ ਜਾਂਦੀ, ਉਹ ਉੱਚੀ ਸਾਰੀ ਸ਼ਿਕਾਇਤ ਕਰਦੀ ਜਦੋਂ ਉਹ ਦੋਵਾਂ ਵਸਤੂਆਂ ਨੂੰ ਚਿੱਕੜ ਵਿਚ ਮਿਲਾ ਦਿੰਦੀ। ਉਹ ਗੋਹੇ ਨੂੰ ਇਕ ਗੋਲ ਬਾਲ ਬਣਾ ਕੇ ਕੰਧ 'ਤੇ ਜ਼ੋਰ ਦੀ ਸੁੱਟਦੀ ਤਾਂ ਉਹ ਸਿੱਧਾ ਹੋ ਕੇ ਨਾਲ ਜੁੜ ਜਾਂਦਾ। ਇਸ ਸਾਰੇ ਕੰਮ ਵਿਚ ਉਹ ਉੱਚੀ ਚੀਕ ਮਾਰ ਕੇ ਉੱਚੀ-ਉੱਚੀ ਰੋਂਦੀ ਅਤੇ ਹਰ ਇਕ ਨੂੰ ਸੂਚਨਾ ਦਿੰਦੀ ਕਿ ਉਹ ਜੋ ਕੁਝ ਕਰ ਰਹੀ ਸੀ ਉਹ ਉਸ ਨੂੰ ਨਫਰਤ ਕਰਦੀ ਸੀ।

ਉਸ ਦਾ ਇਹੋ ਹੀ ਵਿਵਹਾਰ ਫਿਰ ਦੁਹਰਾਇਆ ਜਾਂਦਾ, ਜਦੋਂ ਉਸ ਨੂੰ ਕੂੜਾ ਸੁੱਟਣ ਜਾਣਾ ਪੈਂਦਾ, ਖਾਲਾ ਉਸ ਨੂੰ ਜਾਣ ਤੋਂ ਇਨਕਾਰ ਕਰਨ 'ਤੇ ਕੁੱਟਦੀ। ਉਹ ਫਿਰ ਛੋਟੇ ਚੂਚਿਆਂ ਵਾਂਗ ਰੋਂਦੀ ਅਤੇ ਸ਼ਿਕਾਇਤ ਉਦੋਂ ਤਕ ਕਰਦੀ ਰਹਿੰਦੀ ਜਦੋਂ ਤਕ ਕਿ ਉਹ ਕੰਮ ਮੁੱਕ ਨਾ ਜਾਂਦਾ ਅਤੇ ਬੂਹੇ 'ਤੇ ਆ ਕੇ ਚਿੱਲਾਉਂਦੀ, "ਖਾਲਾ, ਮੈਂ ਮਰੇ ਹੋਏ ਨੂੰ ਸੁੱਟ ਆਈ ਹਾਂ। ਹੁਣ ਮੈਨੂੰ ਪਿਆਰ ਕਰੋ ਅਤੇ ਚੁੰਮੋ, ਕਿਉਂ ਜੋ ਮੈਂ ਉਥੋਂ ਪਰਤ ਰਹੀ ਹਾਂ, ਜਿਥੋਂ ਕੋਈ ਵੀ ਵਾਪਸ ਨਹੀਂ ਮੁੜਦਾ।" ਖਾਲਾ ਉਸ ਨੂੰ ਜੱਫੀ ਪਾਉਂਦੀ ਅਤੇ ਵਾਰ-ਵਾਰ ਚੁੰਮਦੀ।

ਮੈਂ ਇਹ ਗੱਲ ਵੇਖੀ ਕਿ ਲੇਡੀ ਡਾਕਟਰ ਵਲੋਂ ਮੈਟਰਨਿਟੀ ਹੋਮ ਵਿਚ ਹੋਰ ਲੜਕੀਆਂ ਤੋਂ ਜ਼ਿਆਦਾ ਉਸ ਨੂੰ ਬੁਲਾਇਆ ਜਾਂਦਾ, "ਬਿਲਕਿਅਸ ਤੂੰ ਕਿਥੇ ਹੈ ? ਬਿਲਕਿਅਸ ਇੱਥੇ ਛੇਤੀ ਆ ਜਾਉ", ਜਦੋਂ ਮੈਂ ਆਵਾਜ਼ ਮਾਰਾਂ। ਹਰ ਕੋਈ ਕਹਿੰਦਾ ਸੀ, "ਬਿਲਕਿਅਸ, ਬਿਲਕਿਅਸ, ਬਿਲਕਿਅਸ।" ਅਚਾਨਕ ਹੀ ਮੈਨੂੰ ਬਹੁਤ ਜ਼ਿਆਦਾ ਗੁੱਸਾ ਘੇਰ ਲੈਂਦਾ, ਉਸ ਉੱਤੇ ਗੁੱਸਾ ਕਰਨ ਨਾਲੋਂ ਮੈਨੂੰ ਆਪਣੇ ਆਪ ਨਾਲ ਜ਼ਿਆਦਾ ਗੁੱਸਾ ਸੀ। ਇਥੇ ਇਕ ਲੜਕੀ ਸੀ ਜੋ ਮੇਰੇ ਕੰਮ ਦੀ ਗੰਭੀਰਤਾ ਨੂੰ ਨਹੀਂ

ਸਮਝਦੀ, ਇਹ ਸਿਲਾਈ ਦਾ ਜਾਂ ਕੱਢਾਈ ਦੀ ਜਮਾਤ ਨਹੀਂ। ਮੈਂ ਇਸ ਨੂੰ ਕਿਸ ਤਰ੍ਹਾਂ ਹੋਣ ਦਿਆਂਗਾ। ਕਿਉਂ ? ਕਦੋਂ ? ਚੇਹਰੇ ਦੀ ਗੁੱਸੇ ਦੀ ਲਾਲੀ ਨਾਲ ਮੈਂ ਵਾਰਡ ਤਕ ਗਿਆ, ਮੇਰੀਆਂ ਅੱਖਾਂ ਵਿਚ ਤਨਾਅ ਦੀ ਸਖ਼ਤ ਪੀੜ ਸੀ।

ਮੈਂ ਉਸ ਬਾਰੇ ਸਖ਼ਤੀ ਨਾਲ ਪੁੱਛ ਗਿੱਛ ਕੀਤੀ ਅਤੇ ਡਾਕਟਰ ਨੇ ਮੈਨੂੰ ਹੈਰਾਨ ਕਰ ਦਿੱਤਾ, "ਈਦੀ ਸਾਹਿਬ, ਜਿੰਨੇ ਵੀ ਹੁਣ ਤਕ ਮੇਰੇ ਹੱਥਾਂ ਵਿਚੋਂ ਲੰਘੇ ਹਨ, ਉਹਨਾਂ ਸਾਰਿਆਂ ਤੋਂ ਉਹ ਚੰਗੀ ਕੰਮ ਕਰਨ ਵਾਲੀ ਹੈ। ਉਸ ਦਾ ਕੰਮ ਘੱਟ ਤੋਂ ਘੱਟ ਸਮੇਂ ਵਿਚ ਪੂਰਾ ਹੋਇਆ ਹੁੰਦਾ ਹੈ, ਅਤੇ ਉਸ ਵਿਚ ਕੋਈ ਖ਼ਲਬਲੀ ਨਹੀਂ ਹੁੰਦੀ। ਹਰ ਕੋਈ ਉਸ ਨੂੰ ਚਾਹੁੰਦਾ ਹੈ, ਰੋਗੀ ਉਸ ਨੂੰ ਚਾਹੁੰਦੇ ਹਨ, ਲੜਕੀਆਂ ਉਸ ਨੂੰ ਚਾਹੁੰਦੀਆਂ ਹਨ ਅਤੇ ਮੈਂ ਉਸ ਤੋਂ ਬਗੈਰ ਕੁਝ ਨਹੀਂ ਕਰ ਸਕਦੀ।" ਮੈਂ ਹੈਰਾਨ ਸਾਂ ਅਤੇ ਸ਼ਾਂਤ ਹੋ ਗਿਆ, ਪਰ ਇਹ ਲੜਕੀ ਤਾਂ ਮੇਰੀ ਸੋਚ ਵਾਂਗ ਸੀ। ਮੈਂ ਉਸ ਨੂੰ ਪਸੰਦ ਕਰਦਾ ਸਾਂ। ਮੈਂ ਉਸ ਦੇ ਵਿਵਹਾਰ, ਜੋ ਉਹ ਸਕੂਲ ਵਿਚ ਕਰਦੀ ਸੀ, ਨੂੰ ਵੀ ਠੀਕ ਸਮਝਿਆ ਸੀ। ਉਹ ਗਲੀਆਂ ਵਿਚ ਹੋਕਾ ਦੇਣ ਵਾਲੇ ਕੰਮ ਨੂੰ ਯੋਗਤਾ ਨਾਲ ਕਰ ਸਕਦੀ ਸੀ।

ਸ਼ਾਮ ਨੂੰ ਉਹ ਇਕ ਕਾਲੇ ਬੁਰਕੇ ਵਿਚ ਲਿਪਟੀ ਚਲੀ ਜਾਂਦੀ, ਜਿਸ ਵਿਚੋਂ ਸਿਰਫ ਉਸ ਦਾ ਚਿਹਰਾ ਹੀ ਨਜ਼ਰ ਆਉਂਦਾ ਸੀ ਅਤੇ ਉਸ ਦਾ ਅੱਧ ਪਾਰਦਰਸ਼ੀ ਚਿਹਰਾ ਉਸ ਦੇ ਕਾਲੇ ਕੱਪੜਿਆਂ ਕਰਕੇ ਜਗਮਗ ਪੈਂਦਾ। ਹੁਣ ਮੈਂ ਅਮੀਨਾ ਅੱਗੇ ਆਪਣੀ ਤਜ਼ਵੀਜ਼ ਰੱਖਣ ਵੇਲੇ ਦੀ ਘਬਰਾਹਟ ਨੂੰ ਯਾਦ ਕੀਤਾ, ਉਸ ਤੋਂ ਬਾਅਦ ਇਨਕਾਰ ਹੋਣ ਵਾਲੀ ਲੰਮੀ ਲਾਈਨ ਨੂੰ। ਮੈਨੂੰ ਉਹ ਹੀ ਢੰਗ ਦੁਹਰਾਉਣ ਵਿਚ ਬੇਆਰਾਮੀ ਲੱਗਦੀ ਸੀ। ਸ਼ੱਕ ਪੈਦਾ ਹੁੰਦੇ ਸਨ। ਬਿਲਕਿਅਸ, ਮੇਰੀ ਜ਼ਿੰਦਗੀ ਜਿਊਣ ਦੇ ਇਕ ਆਦਰਸ਼ ਢੰਗ ਮੰਨ ਕੇ ਬਹੁਤ ਖੁਸ਼ ਸੀ। ਉਸ ਦਾ ਸ਼ਾਦੀ ਬਾਰੇ ਵਿਚਾਰ ਸ਼ਾਇਦ ਇਕ ਮੌਜ ਮੇਲਾ ਅਤੇ ਧਨ ਦੌਲਤ ਹੀ ਹੋਵੇ। ਮੈਂ ਇਸ ਨੂੰ ਦੂਰ ਰੱਖਣ ਦਾ ਫੈਸਲਾ ਕੀਤਾ ਅਤੇ ਉਸ ਨਾਲ ਸ਼ਾਦੀ ਕਰਨ ਦੇ ਵਿਚਾਰਾਂ ਨੂੰ ਤਿਆਗਿਆ।

ਇਕ ਦਿਨ ਉਹ ਗਾਜਰਾਂ ਦੇ ਹਲਵੇ ਦਾ ਕਟੋਰਾ ਲੈ ਕੇ ਆਈ ਅਤੇ ਸ਼ਰਮਾਉਂਦਿਆਂ ਹੋਇਆਂ ਕਹਿਣ ਲੱਗੀ, "ਮਾਤਾ ਨੇ ਇਹ ਤੁਹਾਡੇ ਲਈ ਬਣਾਇਆ ਹੈ।" ਕਿਸੇ ਨੇ ਵੀ ਕਦੀ ਕੋਈ ਚੀਜ਼ ਮੇਰੇ ਲਈ ਨਹੀਂ ਸੀ ਲਿਆਂਦੀ ਅਤੇ ਇਸ ਗੱਲ ਦੀ ਮੈਨੂੰ ਬਹੁਤ ਖੁਸ਼ੀ ਸੀ ਕਿ ਇਹ ਬਿਲਕਿਅਸ ਸੀ। ਮੈਂ ਖਾਣੇ ਦਾ ਡੱਬਾ ਲੈ ਲਿਆ ਅਤੇ ਉਸ ਨੂੰ ਉਸ ਦੇ ਸਾਮ੍ਹਣੇ ਖੋਲਿਆ, ਮੈਂ ਇਹ ਸੋਚ ਰਿਹਾ ਸਾਂ, "ਯਕੀਨੀ ਤੌਰ 'ਤੇ ਇਸ ਦਾ ਕੋਈ ਅਰਥ ਹੈ। ਸ਼ਾਇਦ ਉਹ ਮੈਨੂੰ ਪਸੰਦ ਕਰਦੀ ਹੈ।" ਮੇਰੀਆਂ ਭਾਵਨਾਵਾਂ ਇਸ ਉਤਸ਼ਾਹ ਕਰਕੇ ਜਾਗ ਪਈਆਂ ਅਤੇ ਪਹਿਲੀ ਵਾਰ ਆਪਣੇ ਦਫਤਰ ਦੇ ਮੇਜ 'ਤੇ ਖਾਂਦਿਆਂ ਹੋਇਆਂ ਮੈਂ ਸੋਚਿਆ, "ਹੋ ਸਕਦਾ ਹੈ ਉਹ ਮੈਨੂੰ ਆਦਮੀ ਦੇ ਤੌਰ 'ਤੇ ਵੇਖਦੀ ਹੋਵੇ।"

ਇਕ ਛੱਡਿਆ ਹੋਇਆ ਬੱਚਾ, ਡਿਸਪੈਂਸਰੀ ’ਤੇ ਲਿਆਂਦਾ ਗਿਆ। ਮੈਂ ਉਸ ਨੂੰ ਬਿਲਕਿਅਸ ਦੀ ਦੇਖ-ਭਾਲ ਵਿਚ ਦੇ ਦਿੱਤਾ; ਉਹ ਉਸ ਦੀ ਜਾਂਚ ਲਈ ਮੇਰੇ ਕੋਲ ਲੈ ਕੇ ਆਈ ਅਤੇ ਮੈਨੂੰ ਉਸ ਨਾਲ ਗੱਲਬਾਤ ਕਰਨ ਦਾ ਮੌਕਾ ਮਿਲ ਗਿਆ। ਮੈਨੂੰ ਖਿਆਲ ਆਇਆ ਕਿ ਉਸ ਦੇ ਸਾਹਮਣੇ ਤਜਵੀਜ਼ ਕਿਵੇਂ ਰੱਖਾਂ, ਇਸ ਦਾ ਫੈਸਲਾ ਕਰਨ ਲਈ ਕਾਫੀ ਸਮਾਂ ਲੱਗ ਗਿਆ, ਇਸ ਵਿਚ ਫਿਰ ਇਨਕਾਰ ਦਾ ਡਰ ਸੀ, ਕਿਉਂ ਜੋ ਇਹ ਗੱਲ ਬਹੁਤ ਮਹੱਤਤਾ ਰੱਖਦੀ ਸੀ। ਫਿਰ ਮੈਂ ਬੇਧਿਆਨੀ ਜਿਹੀ ਵਿਚ ਇਹ ਸੁਣਿਆ ਕਿ ਕੋਈ ਹੋਰ ਲੜਕਾ ਉਸ ਬਾਰੇ ਇਹੋ ਜਿਹਾ ਪ੍ਰਸਤਾਵ ਰੱਖ ਰਿਹਾ ਹੈ। ਮੈਨੂੰ ਇਸ ’ਤੇ ਕੋਈ ਹੈਰਾਨੀ ਨਾ ਹੋਈ। ਉਹ ਉਸ ਉਮਰ ਵਿਚ ਸੀ ਜਦੋਂ ਲੜਕੇ ਸ਼ਾਦੀ ਕਰਨ ਦੀ ਸੋਚਦੇ ਹਨ ਤੇ ਲੜਕੀਆਂ ਲਈ ਇਸ ਤਰ੍ਹਾਂ ਦੇ ਕਈ ਅਨੁਕੂਲ ਲੜਕੇ ਹੁੰਦੇ ਹਨ। ਮੈਂ ਸੁਣਿਆ ਕਿ ਉਹ ਅਮੀਰ, ਪੜ੍ਹਿਆ ਲਿਖਿਆ ਅਤੇ ਖ਼ੂਬਸੂਰਤ ਲੜਕਾ ਸੀ। ਮੈਂ ਠਹਿਰ ਗਿਆ। ਇਸ ਨਵੀਂ ਸੂਚਨਾ ਨੇ ਮੈਨੂੰ ਨਿਰਉਤਸ਼ਾਹਿਤ ਕਰ ਦਿੱਤਾ ਕਿ ਮੈਂ ਇਸ ਗੱਲ ਨੂੰ ਅਗੇ ਵਧਾਵਾਂ। ਮੈਂ ਇਸ ਯੋਜਨਾ ਨੂੰ ਖ਼ਤਮ ਕਰਨ ਬਾਰੇ ਵੀ ਸੋਚਿਆ, ਜਿਵੇਂ ਇਹ ਕਦੀ ਬਣੀ ਹੀ ਨਹੀਂ ਹੁੰਦੀ, ਪਰ ਮੈਂ ਜਦੋਂ ਵੀ ਉਸ ਨੂੰ ਵੇਖਦਾ ਮੈਂ ਉਸ ਨੂੰ ਆਪਣੀ ਕਿਸਮਤ ਮਹਿਸੂਸ ਕਰਦਾ। ਉਸ ਦਾ ਇਸ ਨਾਲ ਕੋਈ ਸੰਬੰਧ ਸੀ, ਮੈਨੂੰ ਉਸ ਦਾ ਮੇਰੀ ਦੁਨੀਆਂ ਵਿਚ ਆਉਣ ਦਾ ਕੋਈ ਕਾਰਨ ਲੱਗਦਾ ਸੀ। ਉਸ ਦੇ ਸਭ ਕੰਮ ਮੇਰੇ ਨਾਲ ਮਿਲਦੇ ਸਨ, ਅਤੇ ਉਸ ਵਿਚ ਹਮਦਰਦੀ ਵੀ ਘੱਟ ਨਹੀਂ ਸੀ। ਮੈਨੂੰ ਇਹ ਪੱਕਾ ਯਕੀਨ ਸੀ ਕਿ ਉਸ ਦੀ ਰੂਹ ਮੇਰੀ ਰੂਹ ਦੇ ਨਾਲ ਦੀ ਹੈ ਅਤੇ ਉਹ ਵੀ ਉਹੋ ਸੁਪਨੇ ਵੇਖਦੀ ਹੋਵੇਗੀ ਜੋ ਮੈਂ ਵੇਖਦਾ ਹਾਂ।

ਜਦ ਉਹ ਮੌਜੂਦ ਹੁੰਦੀ ਤਾਂ ਦੁਕਾਨ ਇਸ ਤਰ੍ਹਾਂ ਰੌਸ਼ਨ ਹੁੰਦੀ ਜਿਵੇਂ ਚਾਨਣ ਹੋਇਆ ਸੀ ਜਦੋਂ ਮੈਨੂੰ ਪਹਿਲੀ ਵਾਰ ਉਸਦਾ ਦੀਦਾਰ ਹੋਇਆ ਸੀ। ਸੂਰਜ ਡੁੱਬਣ ’ਤੇ ਉਹ ਪਿੱਛੇ ਅੰਧੇਰਾ ਛੱਡ ਜਾਂਦੀ। ਬੈਂਚ ’ਤੇ ਲੇਟਦੇ ਹੀ ਮੇਰਾ ਸੰਸਾਰ ਅੰਧੇਰੇ ਵਿਚ ਡੁੱਬ ਜਾਂਦਾ। ਇਸ ਦਿਸ਼ਾ ਪਰਿਵਰਤਨ ਵਿਚ ਕੋਈ ਅਪਰਾਧ ਬੋਧ ਨਹੀਂ ਸੀ। ਮੈਂ ਚੰਗੀ ਤਰ੍ਹਾਂ ਸਮਝਦਾ ਸਾਂ ਕਿ ਸ਼ਾਦੀ ਤਾਂ ਮੇਰੀ ਤਰ੍ਹਾਂ ਦੇ ਆਦਮੀ ਦੀ ਕਈ ਔਰਤਾਂ ਨਾਲ ਅਸਫਲ ਵੀ ਹੋਈ ਹੋਵੇਗੀ।

ਮੈਂ ਉਹਨਾਂ ਵਸਤੂਆਂ ਸੰਬੰਧੀ ਹਮੇਸ਼ਾ ਸੁਚੇਤ ਰਹਿੰਦਾ ਸਾਂ, ਜੋ ਮੈਂ ਆਪਣੀ ਪਤਨੀ ਵਿਚ ਨਹੀਂ ਸਾਂ ਵੇਖਣਾ ਚਾਹੁੰਦਾ। ਉਸ ਦੀ ਲਗਨ ਅਤੇ ਇਰਾਦਾ ਮੇਰੇ ਬਰਾਬਰ ਸੀ, ਉਸ ਦੀ ਸਹਿਣ ਸ਼ਕਤੀ ਬਹੁਤ ਜ਼ਿਆਦਾ ਸੀ। ਮੇਰੇ ਇਰਾਦੇ ਅਤੇ ਉਦੇਸ਼ਾਂ ਨੇ ਉਸ ਦੇ ਦਿਲ ਵਿਚ ਜੜ੍ਹਾਂ ਬਣਾਉਣੀਆਂ ਸਨ, ਅਤੇ ਇਸ ਵਿਚ ਸਾਰੀ ਜ਼ਿੰਦਗੀ ਸਮਾਜ ਸੇਵਾ ਨੂੰ ਦੇਣ ਦੀ ਉਧਾਰਤਾ ਹੋਣੀ ਚਾਹੀਦੀ ਸੀ। ਮੈਨੂੰ ਇਹ ਯਕੀਨ ਸੀ ਕਿ ਦਿਸ਼ਾ ਵਿਚ ਥੋੜੀ ਜਿਹੀ ਵੀ ਵਿਰੋਧਤਾ ਜਾਂ ਸੰਬੰਧ ਤੋੜ ਦੇਵੇਗੀ ਜਾਂ ਉਸ ਮਿਸ਼ਨ ਦੇ ਵਿਕਾਸ ਵਿਚ ਰੁਕਾਵਟ ਪਾ ਦੇਵੇਗੀ। ਮੈਂ ਹਮੇਸ਼ਾ ਉਸ ਸੰਭਾਵਨਾ

'ਤੇ ਥਰਥਰਾਹਟ ਮਹਿਸੂਸ ਕਰਦਾ, ਅਤੇ ਮੇਰੇ ਕੰਮ ਲਈ ਇਕ ਸਾਥੀ ਲਈ ਪ੍ਰਾਰਥਨਾ ਕਰਦਾ, ਆਪਣੇ ਵਰਗਾ ਕੋਈ ਹੋਰ, ਜਿਹੜਾ ਮੇਰਾ ਹੀ ਹਿੱਸਾ ਹੋਵੇ। ਮੇਰੇ ਇਰਦ ਗਿਰਦ ਦੀਆਂ ਸ਼ਾਦੀਆਂ ਦਾ ਧਿਆਨ ਕਰਦੇ ਹੋਏ, ਮੈਂ ਇਹ ਮਹਿਸੂਸ ਕੀਤਾ ਕਿ ਉਹ ਉਥੇ ਪਹਿਲਾਂ ਹੀ ਖਲੋ ਗਈਆਂ ਜਿਥੋਂ ਉਹਨਾਂ ਨੂੰ ਸ਼ੁਰੂ ਕਰਨ ਦੀ ਜ਼ਰੂਰਤ ਸੀ। ਇਹ ਮੁਸ਼ਕਲ ਇਸ ਕਰਕੇ ਆਈ ਕਿਉਂ ਕਿ ਹਿੱਸੇਦਾਰੀ ਵਿਚ ਪ੍ਰਧਾਨਤਾ ਦਾ ਦਰਜ਼ਾ ਹਾਸਲ ਕਰਨ ਲਈ ਬਹੁਤ ਜ਼ਿਆਦਾ ਸੰਘਰਸ਼ ਕਰਨਾ ਪਿਆ ਤੇ ਉਹ ਕਦੀ ਸੰਤੁਲਨ ਪੈਦਾ ਨਾ ਕਰ ਸਕੀਆਂ। ਆਦਮੀ ਸਦਾ ਹੀ ਜ਼ਿਆਦਾ ਲੈ ਜਾਂਦੇ ਸਨ, ਜਦੋਂ ਕਿ ਔਰਤਾਂ ਆਪਣਾ ਬਚਾਅ ਕਰਦੀਆਂ ਰਹਿੰਦੀਆਂ ਸਨ, ਮੰਗ ਕਰਦੀਆਂ ਅਤੇ ਚਿੱਲਾਉਂਦੀਆਂ ਰਹਿੰਦੀਆਂ ਸਨ ਅਤੇ ਉਹ ਆਪਣੀ ਸਥਿਤੀ ਬਨਾਉਣ ਲਈ ਲੜਦੀਆਂ ਸਨ।

ਇਕ ਸਵੇਰ ਜਦ ਉਹ ਉਪਰ ਜੱਚਾ ਬੱਚਾ ਵਾਰਡ ਲਈ ਸੀੜ੍ਹੀਆਂ ਚੜ੍ਹੀ, ਮੈਂ ਉਸ ਨੂੰ ਕਿਹਾ, "ਬਿਲਕਿਅਸ।" ਉਹ ਇਕ ਦਮ ਮੁੜੀ ਅਤੇ ਮਿੱਠਾ ਜਿਹਾ ਮੁਸਕਰਾਉਣ ਲੱਗ ਪਈ ਅਤੇ ਇਸ ਨੇ ਮੈਨੂੰ ਉਸ ਨੂੰ ਪੁੱਛਣ ਲਈ ਉਤਸ਼ਾਹਿਤ ਕੀਤਾ, "ਕੀ ਤੂੰ ਹਮੇਸ਼ਾ ਮੇਰੇ ਨਾਲ ਕੰਮ ਕਰੇਂਗੀ ?" ਉਸ ਦੀ ਮੁਸਕਰਾਹਟ ਖ਼ਤਮ ਹੋ ਗਈ। ਅਸਲ ਵਿਚ ਇਸ ਸਵਾਲ ਨੇ ਸਾਨੂੰ ਦੋਵਾਂ ਨੂੰ ਹੀ ਹੈਰਾਨ ਕਰ ਦਿੱਤਾ ਸੀ, ਮੈਨੂੰ ਇਸ ਲਈ ਕਿ ਮੇਰਾ ਅਚਾਨਕ ਹੀ ਇਹ ਸਵਾਲ ਕਿ ਮੇਰੀ ਪਤਨੀ ਮੈਨੂੰ ਕੀ ਸਮਝਦੀ ਸੀ ਅਤੇ ਉਸ ਨੂੰ ਇਸ ਲਈ ਕਿ ਉਹ ਇਸ ਦੇ ਅਰਥ ਤੋਂ ਜ਼ਰੂਰ ਹੀ ਘਬਰਾ ਗਈ ਸੀ। ਉਹ ਕਹਿਣ ਲੱਗੀ, "ਹਾਂ, ਮੈਂ ਕਰਾਂਗੀ" ਅਤੇ ਉਹ ਦੌੜ ਗਈ। ਮੈਂ ਇਹ ਸੋਚਦਾ ਹੋਇਆ ਮੁੜ ਪਿਆ, "ਮੇਰੀ ਵੀ ਬੇਵਕੂਫੀ ਸੀ ਮੈਂ ਸਪੱਸ਼ਟ ਨਹੀਂ ਹੋਇਆ। ਉਸ ਨੇ ਕੰਮ ਕਰਨ ਲਈ ਮੇਰੀ ਤਜਵੀਜ਼ ਮੰਨ ਲਈ ਸੀ, ਸ਼ਾਦੀ ਲਈ ਨਹੀਂ।" ਜੋ ਕੁਝ ਮੈਂ ਕਿਹਾ ਸੀ, ਉਸ ਨੂੰ ਹੋਰ ਕੁਝ ਨਹੀਂ ਸਮਝਿਆ ਜਾ ਸਕਦਾ, ਇਸ ਦਾ ਕੋਈ ਹੋਰ ਅਰਥ ਨਹੀਂ ਸੀ ਕੱਢਿਆ ਜਾ ਸਕਦਾ। ਇਸ ਲਈ ਇਕ ਹੋਰ ਕੋਸ਼ਿਸ਼ ਚਾਹੀਦੀ ਸੀ। ਮੈਂ ਯਾਦ ਕੀਤਾ ਕਿ ਸ਼ਾਇਦ ਉਹ ਕਿਸੇ ਹੋਰ ਆਦਮੀ ਨਾਲ ਸ਼ਾਦੀ ਕਰ ਲਵੇ ਅਤੇ ਫਿਰ ਨਿਸਚਾ ਨਾ ਕਰ ਪਾਇਆ।

ਮੈਂ ਸੁਣਿਆ ਕਿ ਅਮੀਨਾ ਸਭ ਜੂਨੀਅਰ ਕੁੜੀਆਂ 'ਤੇ ਹੁਕਮ ਚਲਾਉਂਦੀ ਸੀ, ਅਤੇ ਉਹ ਆਪਣੇ ਇਸ ਗੁੱਸੇ ਵਾਲੇ ਸੁਭਾਅ ਨੂੰ ਅਚਾਨਕ ਹੀ ਵਿਖਾਉਂਦੀ ਰਹਿੰਦੀ ਸੀ। ਉਹ ਉਸ ਤੋਂ ਡਰ ਕੇ ਪੱਥਰ ਬਣ ਜਾਂਦੀਆਂ ਸਨ ਅਤੇ ਇਸ ਗੱਲ ਤੋਂ ਨਫ਼ਰਤ ਕਰਦੀਆਂ ਸਨ ਕਿ ਮੈਂ ਉਸ ਨੂੰ ਕੰਮ ਬਾਰੇ ਦੱਸਣ ਲਈ ਬੁਲਾਉਂਦਾ ਸਾਂ, ਜਦੋਂ ਕਿ ਉਹ ਉਹਨਾਂ ਕੋਲੋਂ ਸਾਰਾ ਦਿਨ ਕੰਮ ਕਰਵਾਉਂਦੀ ਸੀ, ਅਤੇ ਇਸ ਗੱਲ ਦਾ ਸਿਹਰਾ ਆਪਣੇ ਸਿਰ ਲੈਂਦੀ ਸੀ। ਮੈਂ ਇਹ ਵੀ ਸੁਣਿਆ ਕਿ ਉਹ ਮੇਰਾ ਮਖੌਲ ਉਡਾਉਂਦੀ ਸੀ, ਅਤੇ ਉਹਨਾਂ ਨੂੰ ਡਰਾਉਂਦੀ ਸੀ, "ਮਿਹਨਤ ਨਾਲ ਕੰਮ ਕਰੋ, ਸਾਹ ਲੈਣ ਲਈ

ਵੀ ਖੜੇ ਨਾ ਹੋਵੋ, ਜੇ ਹੋ ਸਕੇ ਤਾਂ ਮਰ ਜਾਉ ਜਾਂ ਤੁਹਾਨੂੰ ਕਿਸੇ ਤਰ੍ਹਾਂ ਮੌਲਵੀ ਮਾਰ ਦੇਵੇਗਾ।" ਕਿਸੇ ਹੋਰ ਸਮੇਂ ਉਹ ਬੜੇ ਘੁਮੰਡ ਵਿਚ ਇਹ ਗੱਲ ਕਰਦੀ, "ਉਸ ਨੇ ਮੈਨੂੰ ਸ਼ਾਦੀ ਕਰਨ ਲਈ ਕਿਹਾ, ਪਰ ਮੈਂ ਇਕ ਬਹਾਨਾ ਬਣਾ ਕੇ ਜਵਾਬ ਦੇ ਦਿੱਤਾ ਕਿ ਮੇਰੀ ਸੁਹਾਗ ਦਾ ਮੰਜਾ ਬੈਂਚ ਹੋਵੇਗਾ ਅਤੇ ਲਾਸ਼ਾਂ ਮੇਰੇ ਪ੍ਰਾਹੁਣੇ ਹੋਣਗੇ।" ਹਰ ਕੋਈ ਇਸ 'ਤੇ ਹੱਸਦਾ ਅਤੇ ਇਸ ਦੀ ਗੰਭੀਰਤਾ 'ਤੇ ਵੀ ਕਮਲਿਆਂ ਵਾਂਗ ਹੱਸਦੀਆਂ ਸਨ।

ਹੋਰ ਉਹ ਲੜਕੀਆਂ ਜਿਨ੍ਹਾਂ ਅੱਗੇ ਮੈਂ ਸ਼ਾਦੀ ਦੀ ਤਜਵੀਜ਼ ਰੱਖੀ ਸੀ, ਉਹ ਉਸ ਦੀ ਗੱਲ ਤੋਂ ਉਤਸ਼ਾਹਿਤ ਹੁੰਦੀਆਂ ਅਤੇ ਉਹ ਵੀ ਉਸ ਦੀ ਤਰ੍ਹਾਂ ਹੀ ਕਹਿੰਦੀਆਂ, "ਉਹ ਸਾਨੂੰ ਮੌਤ ਤਕ ਆਪਣੀ ਸੁੱਕੀ ਰੋਟੀ ਨਾਲ ਭੁੱਖਾ ਰੱਖਦਾ; ਪ੍ਰਮਾਤਮਾ ਨੇ ਸਾਨੂੰ ਉਸ ਦੀ ਪਤਨੀ ਬਣਨ ਤੋਂ ਬਚਾਇਆ ਹੈ।" ਮੈਂ ਸੁਣਿਆ ਕਿ ਬਿਲਕਿਅਸ ਉਹਨਾਂ ਦੀਆਂ ਗੱਲਾਂ 'ਤੇ ਹੱਸਦੀ ਨਹੀਂ ਸੀ, ਸਗੋਂ ਉਹ ਪਰਤ ਕੇ ਜਵਾਬ ਦਿੰਦੀ ਸੀ, "ਉਹ ਇੱਕਲਾ ਹੀ ਠੀਕ ਹੈ। ਉਹ ਇਸ ਤਰ੍ਹਾਂ ਦੀ ਪਤਨੀ ਨੂੰ ਕਿਉਂ ਚਾਹੇਗਾ ਜਿਸ ਨੂੰ ਉਸ ਦੀ ਜ਼ਰੂਰਤ ਨਹੀਂ ? ਇਹ ਉਸ ਲਈ ਚੰਗਾ ਹੀ ਹੋਇਆ ਕਿ ਤੁਸੀਂ ਉਸ ਦਾ ਜਵਾਬ ਦੇ ਦਿੱਤਾ।" ਇਸ ਨਵੀਂ ਸੂਚਨਾ ਮਿਲਣ 'ਤੇ ਮੈਂ ਫਿਰ ਉਸ ਕੋਲ ਗਿਆ, ਇਸ ਸਮੇਂ ਉਲਝੰਨ ਵਿਚ ਰੱਖਣ ਦੀ ਬਜਾਏ, ਮੇਰਾ ਉਦੇਸ਼ ਪ੍ਰਤੱਖ ਸੀ।

ਮੈਂ ਉਸ ਨੂੰ ਸਟੋਰ ਦੀ ਤਰਫ ਜਾਂਦਿਆ ਵੇਖਿਆ ਅਤੇ ਮੈਂ ਉਸ ਦੇ ਪਿੱਛੇ ਚਲਾ ਗਿਆ। ਉਹ ਬੂਹੇ ਲਾਗੇ ਬੱਤੀਆਂ ਜਗਾਉਣ ਲਈ ਖਲੋ ਗਈ, ਬਲਬ ਸੜਿਆ ਹੋਇਆ ਸੀ, ਉਹ ਰਸਤੇ ਨੂੰ ਜਾਣਦਿਆਂ ਹੋਇਆਂ ਅੰਧੇਰੇ ਵਿਚ ਅੰਦਰ ਚਲੀ ਗਈ, ਮੈਂ ਵੀ ਉਸ ਦੇ ਪਿੱਛੇ ਚਲਾ ਗਿਆ। ਇਕ ਦਮ ਉਹ ਮੁੜੀ ਅਤੇ ਕਿਸੇ ਹੋਰ ਦੇ ਹੋਣ ਕਰਕੇ ਤਬਕ ਗਈ। ਮੈਂ ਛੇਤੀ ਨਾਲ ਕਿਹਾ, "ਇਹ ਮੈਂ ਹਾਂ ਈਦੀ।" ਮੈਂ ਮੁਸ਼ਕਲ ਨਾਲ ਹੀ ਉਸ ਨੂੰ ਵੇਖ ਸਕਦਾ ਸਾਂ, ਪਰ ਜਦੋਂ ਉਸ ਨੇ ਇਹ ਕਿਹਾ, "ਮੈਂ ਤੁਹਾਨੂੰ ਵੇਖ ਸਕਦੀ ਹਾਂ," ਮੈਂ ਜਾਣਦਾ ਸਾਂ ਉਹ ਮੁਸਕਰਾਈ ਸੀ। ਬਹੁਤ ਸਾਰੇ ਵਾਕਾਂ ਦੀਆਂ ਕਿਸਮਾਂ ਬਨਾਉਣ ਤੋਂ ਬਗੈਰ, ਜਿਨ੍ਹਾਂ ਦੀ ਮੈਂ ਰਿਹਰਸਲ ਕੀਤੀ ਹੋਈ ਸੀ, ਮੈਂ ਇਕ ਦਮ ਪ੍ਰਗਟ ਕਰ ਦਿੱਤਾ, "ਮੈਂ ਤੇਰੇ ਨਾਲ ਸ਼ਾਦੀ ਕਰਨਾ ਚਾਹੁੰਦਾ ਹਾਂ।" ਉਹ ਸ਼ਬਦ ਅੰਧੇਰੇ ਵਿਚ ਉੰਨਾਂ ਚਿਰ ਗੁਆਚੇ ਰਹੇ ਜਿੰਨਾਂ ਚਿਰ ਉਸ ਨੇ ਆਪਣਾ ਗਲਾ ਸਾਫ ਕਰਕੇ ਜੁਆਬ ਨਾ ਦਿੱਤਾ, "ਮੈਂ ਇਸ ਲਈ ਹਾਂ ਕਿਸ ਤਰ੍ਹਾਂ ਕਹਿ ਸਕਦੀ ਹਾਂ। ਇਸ ਬਾਰੇ ਖਾਲਾ ਨਾਲ ਗੱਲ ਕਰੋ।" ਮੈਂ ਰਾਹਤ ਦਾ ਇਕ ਠੰਡਾ ਸਾਹ ਲਿਆ। ਉਸ ਦੇ ਜਵਾਬ 'ਤੇ ਨਹੀਂ ਪਰ ਇਸ 'ਤੇ ਕਿ ਮੈਂ ਇਕ ਕਦਮ ਅੱਗੇ ਵਧਿਆ ਸਾਂ।

ਉਸ ਹੀ ਰਾਤ ਮੈਂ ਖਾਲਾ ਨਾਲ ਗੱਲ ਕੀਤੀ ਅਤੇ ਉਹਨਾਂ ਨੇ ਕਿਹਾ ਕਿ ਰਾਬੀਆ ਮਾਂ ਨਾਲ ਗੱਲ ਕਰਕੇ ਅਤੇ ਕੁਝ ਦਿਨਾਂ ਵਿਚ ਮੈਨੂੰ ਦੱਸਣ ਲਈ ਕਿਹਾ। ਬਿਲਕਿਅਸ ਦੂਸਰੀ ਸਵੇਰ ਕੰਮ 'ਤੇ ਆਈ ਬਗੈਰ ਕਿਸੇ ਇਸ ਤਰ੍ਹਾਂ ਦੇ ਪ੍ਰਭਾਵ ਦੇ ਕਿ ਕੱਲ ਕਿਸ ਤਰ੍ਹਾਂ ਦੀ ਤਜਵੀਜ਼ ਬਾਰੇ ਗੱਲ ਹੋਈ ਸੀ। ਮੈਂ ਉਸ ਦੇ ਸੁਲਝੇਪਨ ਦੀ

ਸਿਫਤ ਕੀਤੀ, ਉਹ ਉਹਨਾਂ ਲੜਕੀਆਂ ਵਰਗੀ ਨਹੀਂ ਸੀ ਜੋ ਗੰਭੀਰ ਮਸਲਿਆਂ ਨੂੰ ਬੇਵਕੂਫੀ ਦੀ ਤਰ੍ਹਾਂ ਲੈਂਦੀਆਂ ਸਨ। ਮੇਰੇ ਵਾਂਗ ਹੀ ਉਹ ਜਾਣਦੀ ਸੀ ਕਿ ਇਸ ਤਰ੍ਹਾਂ ਦੇ ਮੁੱਦਿਆਂ ਨੂੰ ਕਿਸ ਤਰ੍ਹਾਂ ਮੁੱਠੀ ਵਿਚ ਬੰਦ ਰੱਖਣਾ ਸੀ। ਉਹ ਮੇਰੀ ਪਤਨੀ ਬਣੇਗੀ; ਮੈਂ ਇਸ ਨੂੰ ਪਹਿਲਾਂ ਤੋਂ ਜ਼ਿਆਦਾ ਮਜ਼ਬੂਤ ਮਹਿਸੂਸ ਕਰਦਾ ਸਾਂ।

ਭਾਵੇਂ ਕਿ ਮੈਂ ਗਲੀਆਂ ਤੋਂ ਕੂੜਾ ਕਰਕਟ ਹਟਾਉਣਾ ਅਤੇ ਬੰਦ ਗਟਰਾਂ ਨੂੰ ਜਦੋਂ ਲੋੜ ਪਵੇ ਉਦੋਂ ਖੋਲਣਾ ਜਾਰੀ ਰੱਖਿਆ, ਅਤੇ ਇਸ ਸੱਚਾਈ ਦੇ ਬਾਵਜੂਦ ਕਿ ਮੈਂ ਅਜੇ ਵੀ ਆਪਣੇ ਕੱਪੜੇ ਆਪ ਧੋਂਦਾ ਸਾਂ ਅਤੇ ਸੁੱਕੀ ਰੋਟੀ ਦਾ ਬ੍ਰੇਕਫਾਸਟ ਕਰਦਾ ਸਾਂ ਅਤੇ ਕਿਸੇ ਸ਼ਕਤੀਸ਼ਾਲੀ ਮਾਲਕ ਦੇ ਇਰਦ ਗਿਰਦ ਘਿਰੇ ਹੋਏ ਲੋਕਾਂ ਦੀ ਚਾਪਲੂਸੀ ਤੋਂ ਇਹ ਲੱਗਦਾ ਸੀ ਕਿ ਮੈਂ ਕੁਝ ਪ੍ਰਾਪਤ ਕਰ ਲਿਆ ਸੀ। ਇਸ ਕਰਕੇ, ਇਸ ਇਰਾਦੇ ਨੇ ਧਰਤੀ ਵਿਚ ਜੜਾਂ ਬਨਾਉਣ ਲਈ ਮੈਨੂੰ ਹੋਰ ਪੱਕਿਆਂ ਕਰ ਦਿੱਤਾ।

ਹਰ ਸਵੇਰ, ਜ਼ਿਆਦਾ ਕੰਮ ਦੇ ਸਮੇਂ, ਮੈਂ ਮੁੱਖ ਸੜਕ 'ਤੇ ਆਪਣੇ ਕੱਪੜੇ ਦੇ ਵੱਡੇ ਝੋਲੇ ਵਿਚੋਂ ਆਪਣੇ ਟਰੇਡ ਮਾਰਕ ਦੀਆਂ ਰਸੀਦਾਂ ਕੱਢ ਕੇ ਇਵਜ ਵਿਚ ਪੈਸੇ ਦੀ ਅਪੀਲ ਨਾਲ ਖੜਾ ਹੋ ਜਾਂਦਾ, ਜਿਹੜਾ ਉਹਨਾਂ ਨੂੰ ਉਮਰ ਭਰ ਆਪਣੇ ਪੈਸੇ ਵਾਪਸ ਲੈਣ ਦੀ ਸਹੂਲਤ ਦਿੰਦਾ ਸੀ। ਮੇਰੇ ਕੰਮ ਨੇ ਮੇਰੇ ਸਾਥੀਆਂ ਵਿਚ ਇਕ ਲਗਨ ਪੈਦਾ ਕਰ ਦਿੱਤੀ, ਜਿਹੜੇ ਹੈਰਾਨ ਸਨ ਕਿ ਮੈਨੂੰ ਆਪ ਮੰਗਣ ਦੀ ਕੀ ਜ਼ਰੂਰਤ ਸੀ। ਜਿਹੜੇ ਮੇਰਾ ਸਤਿਕਾਰ ਕਰਦੇ ਸਨ, ਜੇ ਉਹ ਰੁਕਾਵਟ ਨਾ ਪਾਉਣ ਤਾਂ ਉਹ ਉਲਝਨ ਵਿਚ ਦਿਖਾਈ ਦਿੰਦੇ। ਮੈਂ ਆਪਣੀ ਸਥਿੱਤੀ ਸਪੱਸ਼ਟ ਕੀਤੀ, "ਹਰ ਬੁਰੀ ਚੀਜ਼ ਕੋਲ ਇਕ ਭੈਅ ਦੁਆਰਾ ਰੋਕਣ ਵਾਲਾ ਹੈ। ਇਹ ਕੰਮ ਘੁਮੰਡੀ ਹੋਣ ਨੂੰ ਭੈਅ ਦੁਆਰਾ ਰੋਕਣ ਲਈ ਹੈ। ਜਦੋਂ ਅਸੀਂ ਸੁਚੇਤ ਨਹੀਂ ਹੁੰਦੇ ਤਾਂ ਉਸ ਦੇ ਸ਼ਿਕਾਰ ਹੋ ਜਾਂਦੇ ਹਾਂ ਅਤੇ ਇਸ ਦੇ ਭਿਆਨਕ ਸਿੱਟੇ ਨਿਕਲਦੇ ਹਨ। ਕਿਉਂ ਜੋ ਪ੍ਰਾਪਤੀ ਦੀ ਕੋਈ ਵੀ ਮਾਤਰਾ ਜ਼ਿਆਦਾ ਨਹੀਂ ਹੁੰਦੀ, ਕੋਈ ਵੀ ਮਾਤਰਾ ਘੁਮੰਡ ਨੂੰ ਠੀਕ ਨਹੀਂ ਸਮਝਦੀ। ਸੜਕ 'ਤੇ ਮੰਗਣਾ ਨਿਮਾਣਾਪਨ ਪੈਦਾ ਕਰਦਾ ਹੈ ਅਤੇ ਝੂਠੀ ਸਫਲਤਾ ਨੂੰ ਵਧਾ ਚੜਾ ਕੇ ਦੱਸਣ ਨੂੰ ਦੂਰ ਕਰਦਾ ਹੈ।" ਜਦੋਂ ਉਹ ਲਗਾਤਾਰ ਇਨ੍ਹਾਂ ਸਾਜਿਸ਼ਾਂ ਨੂੰ ਵੇਖਦੇ ਅਤੇ ਘਬਰਾ ਜਾਂਦੇ ਤਾਂ ਮੈਂ ਵਿਸਥਾਰ ਨਾਲ ਵਰਨਣ ਕਰਦਾ, "ਜਦੋਂ ਲੋਕ ਮੇਰੀ ਸਿਫਤ ਕਰਦੇ ਹਨ, ਹਰ ਮਨੁੱਖ ਦੀ ਤਰ੍ਹਾਂ ਮੈਂ ਵੀ ਬਹੁਤ ਖੁਸ਼ ਹੁੰਦਾ ਹਾਂ ਅਤੇ ਉਸ ਵੇਲੇ ਸਾਨੂੰ ਮੇਰੇ ਮੁੱਢਲੇ ਮੂੱਲ ਨੂੰ ਯਾਦ ਕਰਨ ਦੀ ਲੋੜ ਹੁੰਦੀ ਹੈ। ਮੈਂ ਮੰਗਤਾ ਹਾਂ, ਮੈਂ ਖਰਾਇਤ ਹੋਰ ਲੋਕਾਂ ਦੀ ਕਿਰਤ ਵਿਚੋਂ ਮੰਗਦਾ ਹਾਂ, ਨਾ ਮੈਂ ਕੋਈ ਲੀਡਰ ਹਾਂ ਜਾਂ ਨਾ ਸੰਤ ਹੀ ਹਾਂ। ਕਿਸੇ ਨੂੰ ਵੀ ਇਹ ਨਹੀਂ ਭੁੱਲਣਾ ਚਾਹੀਦਾ ਕਿ ਅਖ਼ੀਰ ਵਿਚ ਉਹ ਸਾਰੇ ਮੇਰੀ ਤਰ੍ਹਾਂ ਹਨ।"

ਮੈਂ ਕਿਸੇ ਚੌਂਕ ਵਿਚ ਖੜ੍ਹਾ ਹੋ ਜਾਂਦਾ ਅਤੇ ਕੁਝ ਕਾਰਾਂ ਮੇਰੇ ਅੱਗੇ ਹੌਲੀ ਹੋ ਜਾਂਦੀਆਂ। ਕਾਰ ਦੀ ਖਿੜਕੀ ਵਿਚੋਂ ਅਗੇ ਵਧੀ ਹੋਈ ਬਾਂਹ ਮੇਰੀ ਝੋਲੀ ਵਿਚ ਕੁਝ

ਰੁਪਏ ਪਾ ਦਿੰਦੀ। ਨਾ ਉਹ ਉੱਪਰ ਵੇਖਦੇ, ਨਾ ਉਹ ਰਸੀਦਾਂ ਵਿਚ, ਨਾ ਦੇਰੀ ਵਿਚ ਦਿਲਚਸਪੀ ਰੱਖਦੇ। ਉਹਨਾਂ ਦੀ ਜ਼ਰੂਰਤ ਦੇ ਸੁਭਾਅ, ਸਪੱਸ਼ਟ ਤੌਰ 'ਤੇ ਆਪਣੇ ਹਿੱਤ ਤੋਂ ਪ੍ਰੇਰਿਤ ਸੀ, ਦੇਸ਼ ਦੀ ਸਾਰੀ ਸ਼ਕਤੀ, ਇਸ ਪੀੜਾ ਵੱਲ ਜਾ ਰਹੀ ਸੀ। ਮੈਂ ਇਹ ਵਿਚਾਰ ਕਰਦਾ ਸਾਂ ਕਿ ਇਸ ਨੂੰ ਮਨੁੱਖੀ ਜੀਵਾਂ ਨੂੰ ਉੱਪਰ ਉਠਾਉਣ ਲਈ ਵਰਤਣਾ ਚਾਹੀਦਾ ਸੀ ਅਤੇ ਮੁਸਲਮਾਨ ਲੋਕਾਂ ਦੀ ਨਾ ਨਾਪਣ ਵਾਲੀ ਸ਼ਕਤੀ ਨੂੰ ਜਾਣਦਾ ਸਾਂ ਜੋ ਇਕ ਦਿਸ਼ਾ ਚਾਹੁੰਦੀ ਸੀ।

ਕਈ ਵਾਰ ਕਿਸੇ ਕੀਮਤੀ ਕਾਰ ਦਾ ਡਰਾਈਵਰ, ਕਾਰ ਨੂੰ ਸੁਰੱਖਿਅਤ ਤੌਰ 'ਤੇ ਸੜਕ ਦੇ ਕੰਢੇ ਠਹਿਰਾ ਦਿੰਦਾ ਅਤੇ ਤੁਰ ਕੇ ਮੇਰੇ ਕੋਲ ਆਉਂਦਾ, ਉਹ ਮੈਨੂੰ ਕੁਝ ਨੋਟ ਦੇ ਕੇ, ਬੇਨਤੀ ਕਰਦਾ, "ਪ੍ਰਾਰਥਨਾ ਕਰੋ ਕਿ ਮੇਰੀ ਤਰੱਕੀ ਹੋ ਜਾਵੇ, ਇਹ ਪੈਸਾ ਇਸ ਕਰਕੇ ਹੈ।" ਮੈਂ ਉਸ ਨੂੰ ਵਾਪਸ ਜਾਂਦਿਆਂ ਵੇਖਦਾ, ਅਤੇ ਕਾਰ ਦੇ ਪਹੀਏ ਦੇ ਖਿਸਕਣ ਦੇ ਨਾਲ ਹੀ ਮੈਂ ਮਨੁੱਖੀ ਸੋਚ ਦੀ ਨੀਵੀਂ ਪੱਧਰ ਬਾਰੇ ਖਿਆਲ ਕਰਦਾ। ਲੋਕ ਅੰਨ੍ਹਿਆਂ ਦੀ ਤਰ੍ਹਾਂ ਟਟੋਲਦੇ, ਜ਼ਿੰਦਗੀ ਦੀ ਗਤੀਸ਼ੀਲਤਾ ਤੋਂ ਅਣਜਾਣ, ਅਤੇ ਕੁਝ ਵੀ ਨਾ ਦੇ ਕੇ, ਬਹੁਤ ਜ਼ਿਆਦਾ ਪ੍ਰਾਪਤੀਆਂ ਬਾਰੇ ਸੋਚਦੇ। ਉਹ ਠੀਕ ਅਤੇ ਗ਼ਲਤ ਦੀ ਸਮਝ ਵਿਚ ਲਪੇਟੇ ਰਹਿੰਦੇ। ਉਹਨਾਂ ਦੇ ਉਦੇਸ਼ ਸੀਮਿਤ ਹੋਣ ਕਰਕੇ, ਸਾਰਾ ਹੀ ਦੇਸ਼ ਇਕ ਖਾਲੀ ਜਗ੍ਹਾ ਦੀ ਤਰਫ ਦੂਰ ਜਾ ਰਿਹਾ ਸੀ। ਉਹਨਾਂ ਨੇ ਆਪਣੀ ਪ੍ਰਾਸੰਗਿਕਤਾ ਨੂੰ ਬਹੁਤ ਛੋਟਾ ਕਰ ਲਿਆ ਸੀ। ਭੋਗ-ਵਿਲਾਸ ਅਤੇ ਖਪਤਕਾਰੀ ਦੁਆਰਾ ਬਣੀ ਦਲਦਲ ਵਿਚ ਅੰਨ੍ਹੇਵਾਹ ਫੱਸ ਜਾਣਾ ਅਤੇ ਡੁੱਬ ਜਾਣਾ, ਇਸ ਦੇ ਕਮਜ਼ੋਰ ਕਰਨ ਵਾਲੇ ਪ੍ਰਭਾਵਾਂ ਤੋਂ ਪੂਰੀ ਤਰ੍ਹਾਂ ਬੇਖ਼ਬਰ ਹੋਣਾ, ਉਨ੍ਹਾਂ ਦੇ ਸੁਭਾਅਵਾਂ 'ਤੇ ਨਿਰਭਰ ਕਰਦਾ ਸੀ, ਉਹ ਸਾਰੀ ਦੁਨੀਆਂ ਅਤੇ ਸਵਰਗ ਨੂੰ ਵੀ ਕਿਸੇ ਵੀ ਕੀਮਤ 'ਤੇ ਚਾਹੁੰਦੇ ਸਨ।

ਉਹ ਜਿਹੜੇ ਕੁਝ ਦਿੰਦੇ ਸਨ, ਉਹ ਦੇਣ ਦੇ ਉਦੇਸ਼ ਦੀ ਸਮਝ ਤੋਂ ਬਗੈਰ ਦੇਂਦੇ ਸਨ। ਉਹ ਜਾਤੀ ਲਾਭਾਂ ਲਈ, ਸਜ਼ਾ ਰੋਕਣ ਲਈ, ਪਾਪਾਂ ਨੂੰ ਬਖ਼ਸ਼ਾਉਣ ਲਈ, ਮਾੜੀਆਂ ਸੋਚਾਂ ਦੇ ਘਟਾਉਣ ਅਤੇ ਪ੍ਰਭਾਵ ਬਨਾਉਣ ਲਈ ਦਾਨ ਦਿੰਦੇ ਸਨ। ਮੁਸ਼ਕਿਲ ਨਾਲ ਹੀ ਕੋਈ ਮਨੁੱਖੀ ਹਮਦਰਦੀ ਕਰਕੇ ਦਾਨ ਦਿੰਦਾ ਸੀ, ਇਹ ਹਮਦਰਦੀ ਦਾ ਕੰਮ ਜਿਹੜਾ ਪ੍ਰਮਾਤਮਾ ਕੋਲ ਬਾਕੀ ਸਭ ਚੰਗਿਆਈਆਂ ਤੋਂ ਉੱਪਰ ਸੀ। ਅਸਲ ਵਿਚ ਇਨਸਾਨੀਅਤ ਹੀ ਇਕ ਤਰੀਕਾ ਸੀ ਜੋ ਉਸ ਦੀਆਂ ਰਹਿਮਤਾਂ ਨੂੰ ਯਕੀਨੀ ਬਣਾਉਂਦਾ ਸੀ। ਇਸ ਵਿਚ ਉਹ ਆਪਣੇ ਸਵੈ ਹਿੱਤ ਤੋਂ ਪ੍ਰੇਰਿਤ ਹੁੰਦੇ ਸਨ ਅਤੇ ਉਹਨਾਂ ਦੀ ਇਸ ਭਾਵਨਾ ਕਰਕੇ ਉਹਨਾ ਨੂੰ ਰਹਿਮਤ ਨਹੀਂ ਮਿਲਦੀ। ਕੋਈ ਵੀ ਆਪਣੇ ਕੋਲ ਹੁੰਦੇ ਧਨ ਅਨੁਸਾਰ ਜ਼ਿਆਦਾ ਨਹੀਂ ਦਿੰਦਾ, ਨਾ ਹੀ ਆਪਣਾ ਸਮਾਂ, ਨਾ ਹੀ ਪੈਸਾ। ਦੁਨੀਆਂ ਜ਼ਿੰਦਗੀ ਅਤੇ ਪ੍ਰਮਾਤਮਾ ਬਾਰੇ ਅਨਪੜ੍ਹ ਰਹਿੰਦੀ ਸੀ। ਸਗੋਂ ਉਹ ਵਹਿਮਾਂ ਵਿਚ ਘਿਰੀ ਰਹਿੰਦੀ ਸੀ।

ਦੋ ਮਹੀਨੇ ਬੀਤ ਗਏ ਸਨ ਅਤੇ ਕਈ ਕੁਝ ਹੋ ਗਿਆ ਸੀ। ਮੇਰੇ ਸਾਥੀ ਦਫਤਰ ਵਿਚ ਕਾਗਜ਼ ਪੱਤਰ ਠੀਕ ਕਰਨ ਵਿਚ ਮੇਰੀ ਮਦਦ ਕਰ ਰਹੇ ਸਨ, ਜਦੋਂ ਬਿਲਕਿਅਸ ਕਾਲਾ ਬੁਰਕਾ ਪਾਈ ਅੰਦਰ ਆਈ। ਉਸ ਦੀਆਂ ਚਮਕਦੀਆਂ ਅੱਖਾਂ, ਉਸ ਦੇ ਪਾਏ ਹੋਏ ਕੱਪੜੇ ਦੇ ਵਿਚ ਵੀ ਚਮਕ ਰਹੀਆਂ ਸਨ, ਜੋ ਉਸ ਨੇ ਬਾਕੀ ਸਾਰੇ ਚਿਹਰੇ ਦੇ ਇਰਦ ਗਿਰਦ ਪਾਇਆ ਹੋਇਆ ਸੀ। ਇਸ ਨਾਲ ਉਸ ਦੀ ਮੁਸਕਰਾਹਟ ਦੇ ਪ੍ਰਛਾਵੇਂ ਨੇ ਮੇਰੇ ਦਿਲ ਨੂੰ ਗਰਮਾ ਦਿੱਤਾ। ਮੈਂ ਆਪਣੇ ਦੋਸਤਾਂ ਦੇ ਉਥੇ ਹੋਣ ਕਰਕੇ ਘਬਰਾ ਗਿਆ ਅਤੇ ਛੇਤੀ ਨਾਲ ਕਹਿਣ ਲੱਗਾ, "ਉਪਰ ਜਾਉ ਅਤੇ ਕਮਰਾ ਸਾਫ ਕਰੋ" ਉਹ ਮੁੜ ਕੇ ਚਲੀ ਗਈ।

ਜਦੋਂ ਮੇਰੇ ਸਾਥੀ ਚਲੇ ਗਏ, ਮੈਂ ਇੱਕਲਾ ਰਹਿ ਗਿਆ ਤਾਂ ਮੈਂ ਪਿੱਛਲੇ ਕੁਝ ਬੀਤੇ ਹਫਤਿਆਂ ਬਾਰੇ ਵਿਚਾਰ ਕੀਤੀ। ਬਿਲਕਿਅਸ ਅਤੇ ਮੇਰਾ ਵਿਆਹ 19 ਅਪ੍ਰੈਲ 1966, ਵੀਰਵਾਰ ਨੂੰ ਹੋਇਆ ਸੀ। ਹੁਣ ਇਹ ਸੋਮਵਾਰ 23 ਅਪ੍ਰੈਲ ਸੀ। ਨਾ ਮੈਂ ਆਪਣੇ ਵਿਆਹ ਦੇ ਜਸ਼ਨਾਂ ਵਿਚ ਸ਼ਾਮਿਲ ਹੋਇਆ, ਨਾ ਹੀ ਮੈਂ ਉਸ ਦੀ ਮਾਂ ਦੇ ਘਰ ਤੋਂ ਮੇਰੇ ਘਰ ਵੱਲ ਰੁਖਸਤੀ ਦੇ ਵਕਤ ਉਥੇ ਸੀ। ਦੁਲਹਨ ਨੂੰ ਮੇਰੇ ਦੋਸਤਾਂ ਦੇ ਪਰਿਵਾਰ ਦੇ ਘਰ ਲਿਆਂਦਾ ਅਤੇ ਉਸ ਨੇ ਰਾਤ ਮੇਰੇ ਤੋਂ ਬਗੈਰ ਉਹਨਾਂ ਦੇ ਘਰ ਬਿਤਾਈ ਅਤੇ ਅਗਲੀ ਸਵੇਰ ਆਪਣੀ ਮਾਂ ਦੇ ਘਰ ਚਲੀ ਗਈ। ਉਸ ਤੋਂ ਬਾਅਦ ਦਾ ਮੇਰਾ ਸਮਾਂ ਇਸ ਤਰ੍ਹਾਂ ਬੀਤਿਆ ਕਿ ਨਾ ਮੈਂ ਉਸ ਨੂੰ ਮਿਲ ਸਕਿਆ ਨਾ ਹੀ ਉਸ ਨੂੰ ਲਿਆਉਣ ਲਈ ਗਿਆ........ ਹੁਣ ਤਕ ਨਹੀਂ, ਜਦੋਂ ਮੈਂ ਉਸ ਨੂੰ ਪੌੜੀਆਂ ਉੱਪਰ ਜਾਣ ਲਈ ਕਿਹਾ।

ਜਦੋਂ ਬਿਲਕਿਅਸ ਦੀ ਮਾਤਾ ਨੂੰ ਖਾਲਾ ਰਾਹੀਂ ਮੇਰਾ ਸੁਨੇਹਾ ਮਿਲਿਆ ਤਾਂ ਉਹ ਮੇਰੀ ਆਰਥਿਕ ਸਥਿਤੀ ਬਾਰੇ ਵਿਚਾਰ ਕਰਦੀ ਸੀ, "ਜੇ ਡਿਸਪੈਂਸਰੀ ਬੰਦ ਹੋ ਗਈ ਤਾਂ ਮੇਰੀ ਧੀ ਵਾਸਤੇ ਖਾਣ ਲਈ ਕੁਝ ਵੀ ਨਹੀਂ ਹੋਵੇਗਾ। ਮੈਂ ਉਸ ਨੂੰ ਇਸ ਤਰ੍ਹਾਂ ਦੀ ਅਸੁਰੱਖਿਆ ਵਿਚ ਕਿਵੇਂ ਦੇ ਸਕਦੀ ਹਾਂ।" ਮੈਂ ਖਾਲਾ ਨੂੰ ਯਕੀਨ ਦਿਵਾਇਆ ਕਿ ਨਾ ਮੈਂ ਇਸ ਦੁਕਾਨ 'ਤੇ ਨਿਰਭਰ ਕਰਦਾ ਹਾਂ, ਨਾ ਹੀ ਇਸ ਵਿਚੋਂ ਕੁਝ ਲੈਂਦਾ ਹਾਂ ਅਤੇ ਪਰਿਵਾਰ ਨੂੰ ਮੈਂ ਆਪਣੀ ਜਾਤੀ ਆਮਦਨ ਨਾਲ ਪਾਲ ਸਕਦਾ ਹਾਂ। ਫਿਰ ਰਾਬੀਆ ਮਾਂ ਨੇ ਮਰੀਅਮ ਉਸਤਾਨੀ ਨੂੰ ਇਹ ਮੁੱਦਾ ਉਠਾਉਣ ਲਈ ਕਿਹਾ ਅਤੇ ਫੈਸਲਾ ਆਪਣੀ ਧੀ 'ਤੇ ਛੱਡ ਦਿੱਤਾ।

ਬਿਲਕਿਅਸ ਦੇ ਰੁਮਾਂਸ ਦਾ ਖਿਆਲ ਭਾਰਤੀ ਫਿਲਮਾਂ ਦੇ ਹੀਰੋ ਦਲੀਪ ਕੁਮਾਰ ਅਤੇ ਰਾਜ ਕਪੂਰ ਅਨੁਸਾਰ ਸੀ, ਜਿਨ੍ਹਾਂ ਨਾਲ ਮੇਰਾ ਬਿਲਕੁਲ ਕੋਈ ਮੇਲ ਨਹੀਂ ਸੀ। ਜਦੋਂ ਉਸ ਨੇ ਬਿਲਕਿਅਸ ਬਾਰੇ ਮੇਰੀ ਤਜਵੀਜ਼ ਨੂੰ ਸੁਣਿਆ, ਤਾਂ ਅਮੀਨਾ ਨੇ ਉਸ ਨੂੰ ਚੇਤਾਵਨੀ ਦਿੱਤੀ, "ਉਹ ਤੈਨੂੰ ਆਪਣੀ ਮਰਜ਼ੀ ਤੋਂ ਬਗੈਰ ਸਾਹ ਵੀ ਨਹੀਂ ਲੈਣ ਦੇਵੇਗਾ, ਤੂੰ ਵੇਖਦੀ ਨਹੀਂ, ਉਹ ਕਿੰਨਾਂ ਪਾਗਲ ਹੈ ? ਤੈਨੂੰ ਉਸ ਦੀ ਜਿੰਦਗੀ ਦੀ

ਤਰ੍ਹਾਂ ਜਿਊਣਾ ਪਵੇਗਾ।" ਉਸ ਨੇ ਖਾਲਾ ਅਤੇ ਰਾਬੀਆ ਮਾਂ ਨੂੰ ਵੀ ਕਿਹਾ ਸੀ, "ਈਦੀ ਸਾਧਾਰਨ ਆਦਮੀ ਨਹੀਂ ਹੈ। ਉਹ ਇਕ ਜਿੱਨ ਹੈ। ਤੁਹਾਡੀ ਲੜਕੀ ਨੂੰ ਇਸ ਦੁਨੀਆਂ ਵਿਚ ਮਰਨਾ ਪਵੇਗਾ ਅਤੇ ਉਸ ਦੀ ਸਲਤਨਤ ਵਿਚ ਦਾਖਿਲ ਹੋ ਜਾਵੇਗੀ। ਤੁਸੀਂ ਉਸ ਨੂੰ ਦੁਬਾਰਾ ਕਦੇ ਦੇਖ ਵੀ ਨਹੀਂ ਸਕੋਗੇ।" ਬਿਲਕਿਅਸ ਦੀਆਂ ਸਹੇਲੀਆਂ ਵੀ ਉਸ ਨੂੰ ਕਹਿੰਦੀਆਂ, "ਤੂੰ ਪਾਗਲ ਹੋ ਗਈ ਹੈਂ ? ਇਹ ਬੁੱਢਾ ਮੌਲਵੀ ਤੈਨੂੰ ਕਿਹੋ ਜਿਹੀ ਜਿੰਦਗੀ ਦੇਵਗਾ ? ਉਹ ਤੈਨੂੰ ਜੰਦਰਾ ਮਾਰ ਦੇਵੇਗਾ ਅਤੇ ਗੁਲਾਮ ਬਣਾ ਕੇ ਰੱਖੇਗਾ।" ਉਹ ਉਸ ਨੂੰ ਸਲਾਹ ਦਿੰਦੀਆਂ ਕਿ ਕਿਸੇ ਅਮੀਰ ਲੜਕੇ ਨਾਲ ਸ਼ਾਦੀ ਕਰਵਾ, "ਆਪਣੇ ਭਵਿੱਖ ਬਾਰੇ ਸੋਚ, ਤੇਰੇ ਕੋਲ ਉਸ ਦੇ ਸਿਵਾਏ ਹੋਰ ਕੁਝ ਨਹੀਂ ਹੋਵੇਗਾ।" ਮਖੌਲ ਅਤੇ ਫਜ਼ੂਲ ਗੱਲਾਂ ਨਾਲ ਉਹਨਾਂ ਦਾ ਸਮਾਂ ਗੁਜ਼ਰਦਾ, "ਸਾਡੇ ਖਾਵੰਦ ਸਾਨੂੰ ਪਿਕਨਿਕ 'ਤੇ ਅਤੇ ਖੂਬਸੂਰਤ ਜਗ੍ਹਾ ਵਿਖਾਉਣ ਲਈ ਲੈ ਜਾਇਆ ਕਰਨਗੇ ਅਤੇ ਤੇਰਾ ਖਾਵੰਦ ਤੈਨੂੰ ਕਬਰਸਤਾਨ ਵਿਖਾਉਣ ਲਿਜਾਏਗਾ।" ਇਕ ਹੋਰ ਸਹੇਲੀ ਨੇ ਇਸ ਗੱਲ ਵੱਲ ਧਿਆਨ ਦਿਵਾਇਆ, "ਅਸੀਂ ਆਪਣੇ ਆਪ ਨੂੰ ਸੁੰਦਰ ਬਣਾਵਾਂਗੀਆਂ, ਜਦੋਂ ਕਿ ਤੂੰ ਮਰਿਆਂ ਹੋਇਆਂ ਨੂੰ ਮਲ੍ਹਮ ਅਤੇ ਸੈਂਟ ਲਾਇਆ ਕਰੇਂਗੀ।" ਬਿਲਕਿਅਸ ਸਣੇ, ਉਹ ਸਾਰੀਆਂ ਹੱਸ ਪੈਂਦੀਆਂ।

ਮੇਰੀ ਸਖ਼ਤ ਆਵਾਜ਼ ਵਰਗੀ ਆਵਾਜ਼ ਨੂੰ ਪੈਦਾ ਕਰਕੇ ਉਹ ਮਸਕਰੀ ਕਰਦੀਆਂ, "ਬਿਲਕਿਅਸ, ਕੀ ਤੂੰ ਲਾਸ਼ਾਂ ਨੂੰ ਨੁਹਾ ਦਿੱਤਾ ਹੈ ? ਬਿਲਕਿਅਸ ਕੀ ਤੂੰ ਬੇਆਸਰਿਆਂ ਲਈ ਟੱਟੀਆਂ ਨੂੰ ਸਾਫ ਕੀਤਾ ਹੈ ਅਤੇ ਉਹਨਾਂ ਦੇ ਵਾਲਾਂ ਤੋਂ ਲੀਖਾਂ ਕੱਢੀਆਂ ਹਨ ? ਛੇਤੀ ਕਰ, ਛੇਤੀ ਕਰ, ਹਰ ਪਲ 'ਤੇ ਮੌਤ ਆ ਰਹੀ ਹੈ।" ਉਹ ਸਿਰਫ ਉਸ ਦੀ ਜਿੰਦਗੀ ਨੂੰ ਮੇਰੇ ਨਾਲ ਜੋੜਣ ਦੇ ਖਿਆਲ ਨਾਲ ਹੱਸ-ਹੱਸ ਕੇ ਦੋਹਰੀਆਂ ਹੋ ਜਾਂਦੀਆਂ। ਕੋਈ ਵੀ ਸਕਾਰਾਤਮਿਕ ਗੱਲ ਨਾ ਕਰਦਾ। ਮੈਂ ਮੰਨਦਾ ਸਾਂ ਕਿ ਮੇਰੇ ਬਾਰੇ ਚੰਗਾ ਕਹਿਣ ਲਈ ਕੁਝ ਵੀ ਨਹੀਂ, ਜੋ ਕਿਸੇ ਖੁਸ਼ਮਿਜਾਜ਼ ਲੜਕੀ ਦੇ ਪਤੀ ਬਣਨਯੋਗ ਹੋਵੇ।

ਮੈਮਨ ਸੇਠ ਵੀ ਸਾਮ੍ਹਣੇ ਆ ਗਏ। ਬਿਲਕਿਅਸ ਦੇ ਚਾਚੇ ਨੇ, ਆਪਣੇ ਮਾਲਕਾਂ ਵੱਲੋਂ ਬਿਲਕਿਅਸ ਨੂੰ 25 ਹਜ਼ਾਰ ਰੁਪਏ ਦੇਣ ਦੀ ਪੇਸ਼ਕਸ਼ ਕੀਤੀ ਤਾਂ ਜੋ ਉਹ ਅਦਾਲਤ ਵਿਚ ਜਾ ਕੇ ਮੇਰੇ ਖਿਲਾਫ ਲੜਕੀ ਨਾਲ ਛੇੜਖਾਨੀ ਦਾ ਦੋਸ਼ ਲਾਵੇ। ਰਾਬੀਆ ਮਾਂ ਨੇ ਇਸ ਤੋਂ ਇਨਕਾਰ ਕੀਤਾ। ਡਿਸਪੈਂਸਰੀ 'ਤੇ ਵੀ ਮੇਰੇ ਸਾਥੀ ਮੇਰੀ ਸ਼ਾਦੀ ਦੇ ਖਿਲਾਫ ਸਨ, ਕਿਉਂ ਜੋ ਉਹ ਲੜਕੀ ਮੇਰੀ ਉਮਰ ਤੋਂ ਬਹੁਤ ਛੋਟੀ ਸੀ। ਮੈਂ ਉਹਨਾਂ ਦੇ ਖਿਆਲਾਂ ਨੂੰ, ਕਿਸੇ ਤੋਂ ਅਤੇ ਹੋਰਾਂ ਤੋਂ ਸੁਣੇ, "ਜਿਸ ਦਿਨ ਈਦੀ ਨੇ ਉਸ ਲੜਕੀ ਨਾਲ ਸ਼ਾਦੀ ਕਰ ਲਈ ਉਹ ਆਪਣਾ ਉਦੇਸ਼ ਖ਼ਤਮ ਕਰ ਲਵੇਗਾ।" ਜਾਂ ਇਹ ਵੀ, "ਈਦੀ ਛੇਤੀ ਹੀ ਇਕ ਸੂਟ ਪਹਿਨੇਗਾ ਅਤੇ ਬਰੀਫਕੇਸ ਆਪਣੀ ਜਵਾਨ ਦੁਲਹਨ ਦੇ ਅਨੁਕੂਲ ਰੱਖੇਗਾ।" ਉਹ ਕਹਿੰਦੇ, "ਉਹ ਇਕ ਟੇਢੀ ਲੜਕੀ ਹੈ, ਉਹ

ਆਪਣੇ ਕੱਪੜਿਆਂ ਦੀ ਤਹਿ ਨੂੰ ਵੀ ਵੱਟ ਨਹੀਂ ਪੈਣ ਦਵੇਗੀ। ਯਕੀਨ ਨਾਲ ਉਹ ਉਸ ਨੂੰ ਫਜ਼ੂਲ ਸਮਝੇਗੀ ਅਤੇ ਛੇਤੀ ਹੀ ਉਹ ਸਾਡੇ ਮਗਰੋਂ ਲੱਥ ਜਾਵੇਗਾ।"

ਇਨ੍ਹਾਂ ਸਾਰੇ ਖਿਆਲਾਂ ਦੇ ਬਾਅਦ ਬਿਲਕਿਅਸ ਨੇ ਆਪਣਾ ਫੈਸਲਾ ਦਿੱਤਾ। ਉਸ ਨੇ ਉਹਨਾਂ ਦੇ ਸਾਰੇ ਮਾੜੇ ਵਿਚਾਰਾਂ 'ਤੇ ਹੱਸ ਛੱਡਿਆ ਅਤੇ ਆਪਣੀ ਸਹਿਮਤੀ ਦੇ ਦਿੱਤੀ। ਕਿਸਮਤ ਨੂੰ ਨਫ਼ਰਤ ਤੋਂ ਜ਼ਿਆਦਾ ਤਾਕਤਵਰ ਸਾਬਿਤ ਕਰਦਿਆਂ ਹੋਇਆਂ ਸਿੱਟਾ ਕੱਢਿਆ ਅਤੇ ਉਸ ਨੇ ਕਿਹਾ, "ਜੇ ਉਹ ਮੈਨੂੰ ਦੁਖੀ ਕਰੇਗਾ ਮੈਂ ਉਸ ਨੂੰ ਛੱਡ ਸਕਦੀ ਹਾਂ। ਇਸ ਡਿਸਪੈਂਸਰੀ ਵਿਚ ਕਈ ਤਲਾਕਸ਼ੁਦਾ ਲੜਕੀਆਂ ਕੰਮ ਕਰਦੀਆਂ ਹਨ, ਮੈਂ ਵੀ ਕੰਮ ਕਰਾਂਗੀ। ਤਲਾਕ ਵਿਚ ਕੀ ਹੈ ?"

ਭਾਵੇਂ ਬਿਲਕਿਅਸ ਨੇ ਡਿਸਪੈਂਸਰੀ ਆਉਣਾ ਛੱਡ ਦਿੱਤਾ ਸੀ, ਸ਼ਾਦੀ ਤੋਂ ਪਹਿਲਾਂ ਦੇ ਦਿਨ ਮੇਰੇ ਲਈ ਬੜੇ ਖੁਸ਼ੀ ਭਰੇ ਸਨ। ਮੈਂ ਖਾਲਾ ਤੋਂ ਸੁਣਿਆ ਕਿ ਰਾਬੀਆ ਮਾਂ ਨੇ ਉਸ ਨੂੰ ਨਵੇਂ ਕੱਪੜਿਆਂ ਲਈ 500 ਰੁਪਏ ਦਿੱਤੇ ਸਨ ਅਤੇ ਉਸ ਦੀ ਸ਼ਾਦੀ ਵਾਲੇ ਦਿਨ 15 ਗਰਾਮ ਸੋਨੇ ਦੇ ਗਹਿਣੇ ਪਾਉਣ ਲਈ ਦਿੱਤੇ ਸਨ। ਉਸ ਨੇ ਚਾਰ ਬਿਸਤਰੇ ਬਣਾਏ ਸਨ ਅਤੇ ਆਪਣੇ ਵਿਆਹ ਵਾਲੇ ਘਰ ਵਿਚ ਭਾਂਡੇ ਅਤੇ ਰਸੋਈ ਚਲਾਉਣ ਲਈ ਹੋਰ ਸਮਾਨ ਖਰੀਦਿਆ ਸੀ। ਮੈਂ ਇਸ ਗੱਲ ਤੋਂ ਇਨਕਾਰ ਕੀਤਾ ਕਿ ਦੁਲਹਨ ਦੇ ਪਰਿਵਾਰ ਵਾਲੇ ਦੁਲਹਨ ਲਈ ਲਾੜੇ ਨੂੰ ਸਮਾਨ ਭੇਜਣ, ਉਹਨਾਂ ਨੂੰ ਹੋਰ ਵੀ ਜ਼ਿਆਦਾ ਅਫਸੋਸ ਹੋਇਆ ਜਦੋਂ ਮੈਂ ਇਹ ਦੱਸਿਆ ਕਿ ਮੈਂ ਉਸ ਦਿਨ ਆਪਣੇ ਪੁਰਾਣੇ ਕੱਪੜੇ ਪਹਿਨਾਂਗਾ।

ਆਪਣੇ ਬਾਪ ਅਤੇ ਅਜੀਜ ਦੇ ਨਾਲ ਮੈਂ ਮਸਜਿਦ ਵਿਚ ਨਿਕਾਹਨਾਮੇ 'ਤੇ ਦਸਤਖਤ ਕਰਨ ਲਈ ਗਿਆ, ਉਸ ਤੋਂ ਬਾਅਦ ਮੌਲਵੀ ਦੁਲਹਨ ਦੇ ਘਰ ਗਿਆ ਤਾਂ ਕਿ ਸਾਰੀ ਰਸਮ ਪੂਰੀ ਕੀਤੀ ਜਾਵੇ। ਜਦੋਂ ਮੈਂ ਖਾਰਾਦਾਰ ਆਪਣੀ ਦੁਕਾਨ 'ਤੇ ਦੁਲਹਨ ਲੈਣ ਲਈ ਜਾਣਾ ਹੀ ਸੀ, ਮੈਨੂੰ ਇਕ ਬੱਚੇ ਨੂੰ ਗੰਭੀਰ ਹਾਲਤ ਵਿਚ ਹਸਪਤਾਲ ਲਿਜਾਣ ਲਈ ਸੱਦਾ ਆ ਗਿਆ। ਉਹ, ਅਤੇ ਕਈ ਹੋਰ ਆਪਾਤਕਾਲਾਂ ਨੇ ਅਗਲੇ ਦੋ ਦਿਨ ਜ਼ਬਰਦਸਤੀ ਖੋਹ ਲਏ, ਜਿਸ ਕਰਕੇ ਮੈਂ ਆਪਣੀ ਦੁਲਹਨ ਤੋਂ ਦੂਰ ਰਿਹਾ, ਮੈਨੂੰ ਇਸ ਗੱਲ ਦੀ ਹੈਰਾਨੀ ਹੁੰਦੀ ਸੀ, ਜਦੋਂ ਇਕ ਮੁਸੀਬਤ ਤੋਂ ਮੈਂ ਦੂਸਰੀ ਵੱਲ ਭੱਜਦਾ ਸਾਂ ਕਿ ਮੈਂ ਕਿਸੇ ਵਿਅਕਤੀ ਨਾਲ ਕੋਈ ਤਰੀਕ ਕਿਸ ਤਰ੍ਹਾਂ ਨਿਸ਼ਚਿਤ ਕਰ ਸਕਦਾ ਸਾਂ, ਜਦੋਂ ਕਿ ਮੇਰੇ ਸਾਰੇ ਹੀ ਦਿਨ ਲੋਕਾਂ ਦੀ ਆਵਾਜ਼ ਮਾਰਨ 'ਤੇ ਨਿਰਭਰ ਕਰਦੇ ਸਨ। ਮੈਨੂੰ ਇਸ ਗੱਲ ਦੀ ਵੀ ਹੈਰਾਨੀ ਸੀ ਕਿ ਇਹ ਸ਼ਾਇਦ ਅਰਧ ਚੇਤਨਾ ਦੀ ਕੋਸ਼ਿਸ਼ ਹੋਵੇ ਜੋ ਬਿਲਕਿਅਸ ਨੂੰ ਮੇਰੀ ਬੇਯਕੀਨੀ ਦੇ ਕੰਮ ਕਰਨ ਦੇ ਢੰਗ ਬਾਰੇ ਸ਼ੁਰੂ ਤੋਂ ਹੀ ਜਾਣਕਾਰੀ ਕਰਾਉਂਦੀ ਹੋਵੇ ਅਤੇ ਮੈਨੂੰ ਹੌਂਸਲਾ ਦਿੰਦੀ ਹੋਵੇ। ਇਹ ਉਸ ਲਈ ਸਮਝ ਲੈਣਾ ਚੰਗਾ ਸੀ ਕਿ ਉਹ ਮੇਰਾ ਇਰਾਦਾ ਕਰਨ ਤੋਂ ਬਾਅਦ...... ਥੋੜਾ ਚਿਰ ਬਾਅਦ ਆਈ ਸੀ।

ਸਾਡੇ ਇਲਾਕੇ ਦੀਆਂ ਵਸੋਂ ਨਾਲ ਭਰੀਆਂ ਹੋਈਆਂ ਇਮਾਰਤਾਂ ਵਿਚ ਇਹ ਗੱਲ ਫੈਲ ਗਈ, "ਈਦੀ ਦੀ ਸ਼ਾਦੀ ਹੋ ਗਈ........ ਈਦੀ ਦੀ ਸ਼ਾਦੀ ਹੋ ਗਈ।" ਮੇਰੇ ਵਿਰੋਧੀ ਹੁਣ ਇਹ ਇਲਜ਼ਾਮ ਲਾਉਂਦੇ ਸਨ ਕਿ ਜਿਹੜਾ ਛੱਡਿਆ ਹੋਇਆ ਬੱਚਾ ਮੈਂ ਬਿਲਕਿਅਸ ਨੂੰ ਸੇਵਾ ਸੰਭਾਲ ਲਈ ਦਿੱਤਾ ਸੀ, ਉਹ ਸਾਡਾ ਸੀ, "ਈਦੀ ਨੂੰ ਖ਼ਤਮ ਕਰ ਦਿਉ, ਉਸ ਨੇ ਪਾਪ ਕੀਤਾ ਹੈ, ਉਹ ਬਦਮਾਸ਼ ਹੈ," ਉਹ ਇਸ ਤਰ੍ਹਾਂ ਚਿੱਲਾਉਂਦੇ। ਤਿੰਨ ਆਦਮੀ ਡਿਸਪੈਂਸਰੀ ਦੀਆਂ ਚਾਬੀਆਂ ਕਬਜ਼ੇ ਵਿਚ ਕਰਨ ਲਈ ਆਏ। ਮੈਂ ਉਹਨਾਂ ਨੂੰ ਆਪਣੀ ਦੁਕਾਨ ਦਾ ਕਬਜ਼ਾ ਦੇਣ ਤੋਂ ਨਾਂਹ ਕਰ ਦਿੱਤੀ। ਮੇਰੇ ਇਕ ਦੋਸਤ, ਜੋ ਮੈਮਨ ਸਮਾਜ ਨਾਲ ਸੰਬੰਧਿਤ ਸੀ, ਨੇ ਇਸ ਮੁਸ਼ਕਲ ਦੇ ਸਮੇਂ ਵਿਚ ਮੈਨੂੰ ਪੰਜਾਹ ਹਜ਼ਾਰ ਰੁਪਏ ਦਾਨ ਦੇ ਕੇ ਰਾਹਤ ਦਿੱਤੀ ਅਤੇ ਇਸ ਗੱਲ ਦਾ ਲੋਕਾਂ ਵਿਚ ਪ੍ਰਚਾਰ ਵੀ ਕੀਤਾ। ਉਹ ਦਰਿੰਦੇ ਪਿੱਛੇ ਹੱਟ ਗਏ। ਮੈਂ ਪ੍ਰਾਰਥਨਾ ਕਰਦਾ ਸਾਂ ਕਿ ਮੇਰਾ ਕੰਮ ਪ੍ਰਾਪੇਗੰਡੇ ਦੇ ਬਾਵਜੂਦ ਵੀ ਚਲਦਾ ਰਹੇ ਜਦੋਂ ਕਿ ਮੇਰੇ ਬਾਪ ਨੇ ਮੈਨੂੰ ਫਿਰ ਯਕੀਨ ਦਿਵਾਇਆ, "ਜੇ ਤੂੰ ਸੁਰੱਖਿਅਤ ਹੈ ਤਾਂ ਕੋਈ ਮੁਸ਼ਕਲ ਨਹੀਂ ਹੋਵੇਗੀ।"

ਇਸ ਹੀ ਸਮੇਂ ਮੈਂ ਸੁਣਿਆ ਕਿ ਮੇਰੀ ਗੈਰਹਾਜ਼ਰੀ ਦੇ ਬਾਵਜੂਦ ਵੀ ਮੇਰੀ ਪਤਨੀ ਕਾਫੀ ਪ੍ਰਸੰਨਚਿੱਤ ਰਹੀ ਸੀ। ਆਪਣੇ ਨਵੇਂ ਕੱਪੜੇ ਪਾ ਕੇ ਉਹ ਆਪਣੀ ਇਮਾਰਤ ਦੇ ਹਰ ਬੂਹੇ ਨੂੰ ਖੜਕਾਉਂਦੀ ਸੀ ਅਤੇ ਦੱਸਦੀ ਸੀ, "ਮੇਰੀ ਸ਼ਾਦੀ ਹੋ ਗਈ ਹੈ, ਮੇਰੀ ਸ਼ਾਦੀ ਹੋ ਗਈ ਹੈ, ਅਖੀਰ ਵਿਚ ਮੇਰੀ ਸ਼ਾਦੀ ਹੋ ਗਈ। ਕੀ ਤੁਸੀਂ ਦੱਸ ਸਕਦੇ ਹੋ ? ਕੀ ਇਹ ਲੱਗਦਾ ਹੈ ਕਿ ਮੈਂ ਚਮਕ ਰਹੀ ਹਾਂ, ਗੁਲਾਬ ਦੀ ਤਰ੍ਹਾਂ ਖਿੜ ਰਹੀ ਹਾਂ ? ਜਦੋਂ ਉਹ ਪੁੱਛਦੇ ਉਸ ਦਾ ਪਤੀ ਕਿਥੇ ਸੀ, ਉਹ ਆਪਣੇ ਮੋਢੇ ਨੂੰ ਕਿਸੇ ਲਾਪ੍ਰਵਾਹੀ ਨਾਲ ਹਿਲਾ ਦਿੰਦੀ ਸੀ, "ਕੌਣ ਜਾਣਦਾ ਹੈ ? ਮੈਂ ਕਿਸ ਤਰ੍ਹਾਂ ਲੱਗਦੀ ਹਾਂ, ਇਸ ਦੀ ਗੱਲ ਕਰੋ। ਕੀ ਮੈਂ ਖ਼ੂਬਸੂਰਤ ਹੋ ਗਈ ਹਾਂ ?"

ਹੁਣ ਮੈਂ ਉਸ ਤੰਗ ਰਸਤੇ ਰਾਹੀਂ ਅਤੇ ਛੋਟੇ-ਛੋਟੇ ਪੱਥਰਾ ਦੀਆਂ ਪੌੜੀਆਂ ਜੋ ਮੇਰੇ ਨਿੱਜੀ ਕੁਆਰਟਰ ਵੱਲ ਜਾਂਦੀਆਂ ਸਨ, ਉਨ੍ਹਾਂ ਵੱਲ ਜਾਂਦਾ, ਅਤੇ ਬਿਲਕਿਅਸ ਦਾ ਸਾਮ੍ਹਣਾ ਕਰਨ ਦੇ ਸ਼ੰਕੇ ਨਾਲ ਇਸ ਫਿਕਰ ਵਿਚ ਹੁੰਦਾ ਕਿ ਸ਼ਾਇਦ ਉਹ ਸ਼ਿਕਾਇਤ ਕਰੇ। ਉਸ ਨੇ ਕਮਰਾ ਸਾਫ ਕਰਕੇ ਧੋ ਦਿੱਤਾ ਸੀ, ਖਾਣਾ ਗਰਮ ਕਰ ਦਿੱਤਾ ਸੀ, ਅਤੇ ਮੇਰੇ ਲਈ ਅੰਬਾਂ ਨੂੰ ਕੱਟ ਕੇ ਇਕ ਕਟੋਰਾ ਭਰ ਦਿੱਤਾ ਸੀ ਅਤੇ ਬਗੈਰ ਕਿਸੇ ਸ਼ੱਕ ਦੇ ਉਸ ਨੇ ਮੇਰੀ ਛੋਟੇ ਸਪੱਸ਼ਟੀਕਰਣ ਨੂੰ ਪ੍ਰਵਾਨ ਕਰ ਲਿਆ ਸੀ। ਅਸੀਂ ਦੋਵੇਂ ਹੀ ਘਬਰਾਏ ਹੋਏ ਅਤੇ ਸ਼ਰਮਾ ਰਹੇ ਸਾਂ ਅਤੇ ਇਕ ਦੂਸਰੇ ਨਾਲ ਅੱਖਾਂ ਨਹੀਂ ਸਾਂ ਮਿਲਾ ਰਹੇ, ਉਦੋਂ ਤਕ ਜਦੋਂ ਤਕ ਮੈਂ ਇਸ ਚੁੱਪ ਨੂੰ ਤੋੜਨ ਦਾ ਫੈਸਲਾ ਕਰ ਲਿਆ ਅਤੇ ਆਪਣੇ ਰਸਮੀ ਸੰਬੰਧ ਸ਼ੁਰੂ ਕਰ ਦਿੱਤੇ।

ਉਸ ਰਾਤ ਮੈਂ ਘਰ ਬਹੁਤ ਲੇਟ ਆਇਆ ਅਤੇ ਬਾਹਰ ਬੈਂਚ 'ਤੇ ਸੌਂ ਗਿਆ। ਦੂਸਰੇ ਦਿਨ ਸੂਰਜ ਚੜ੍ਹਨ ਨਾਲ, ਉਹ ਮੇਰੇ ਲਈ ਹਰੀ ਚਾਹ ਬਣਾ ਕੇ ਲਿਆਈ ਅਤੇ

ਮੈਨੂੰ ਮੇਰੀ ਸੁੱਕੀ ਰੋਟੀ ਫੜਾ ਦਿੱਤੀ, "ਹੁਣ ਚੂੰਕਿ ਮੈਂ ਇਥੇ ਹਾਂ, ਤੁਸੀਂ ਇਸ ਨੂੰ ਤਾਜ਼ਾ ਪਕਵਾ ਸਕਦੇ ਹੋ," ਉਸ ਨੇ ਕਿਹਾ। ਮੈਂ ਇਨਕਾਰ ਕੀਤਾ, ਇਸ ਗੱਲ ਦੇ ਸੰਦੇਹ ਕਰਕੇ ਕਿ ਇਹ ਮੇਰੀ ਜਿੰਦਗੀ ਦੇ ਢੰਗ ਨੂੰ ਬਦਲਣ ਦੀ ਕੋਸ਼ਿਸ਼ ਨਾ ਹੋਵੇ। ਮੈਂ ਥੋੜਾ ਜਿਹਾ ਸਮਾਂ ਉਸ ਕੋਲ ਰਿਹਾ ਅਤੇ ਬਾਅਦ ਵਿਚ ਉਸ ਸ਼ਾਮ ਨੂੰ ਜੱਚਾ ਬੱਚਾ ਕੇਂਦਰ 'ਤੇ ਕੰਮ ਕਰਦਿਆਂ ਵੇਖਿਆ।

ਇਸ ਉਪ ਮਹਾਂਦੀਪ ਦੀ ਇਹ ਰਿਵਾਇਤ ਸੀ ਕਿ ਪਤਨੀ ਆਰਾਮ ਕਰਦੀ ਸੀ ਅਤੇ ਉਹ ਆਪਣੇ ਪਤੀ ਅਤੇ ਸੁਹਰਿਆਂ ਕੋਲੋਂ ਵਿਆਹ ਤੋਂ ਕੁਝ ਦਿਨ ਬਾਅਦ ਵੀ ਬਹੁਤ ਪਿਆਰ ਸਤਿਕਾਰ ਲੈਂਦੀ ਸੀ; ਉਸ ਤੋਂ ਬਾਅਦ ਉਹ ਆਮ ਤੌਰ 'ਤੇ ਕਿਸੇ ਗੁਲਾਮ ਦੀ ਤਰ੍ਹਾਂ ਕੰਮ ਕਰਦੀ ਹੈ। ਜਦੋਂ ਉਹ ਆਪਣੇ ਪੁਰਾਣੇ ਕੱਪੜਿਆਂ ਵਿਚ ਥੱਲੇ ਆਈ, ਅਤੇ ਫਰਸ਼ ਰਗੜਨ ਲੱਗੀ, ਲੜਕੀਆਂ ਨੇ ਖਾਹਿਸ਼ ਜ਼ਾਹਿਰ ਕੀਤੀ ਅਤੇ ਉਸ ਨੂੰ ਸਲਾਹ ਦੇਣ ਲੱਗੀਆਂ, "ਤੈਨੂੰ ਇਹ ਨਹੀਂ ਕਰਨਾ ਚਾਹੀਦਾ, ਈਦੀ ਤੇਰੇ ਆਰਾਮ ਨੂੰ ਕੋਈ ਧਿਆਨ ਨਹੀਂ ਦੇਵੇਗਾ। ਇਕ ਨਵੀਂ ਵਹੁਟੀ ਦੀ ਤਰ੍ਹਾਂ ਵਿਵਹਾਰ ਕਰ।" ਬਿਲਕਿਅਸ ਇਸ ਦਾ ਮੂੰਹ ਤੋੜ ਜਵਾਬ ਦਿੰਦੀ, "ਮੈਂ ਉਸ ਦੇ ਹੀ ਢੰਗ ਨੂੰ ਸ਼ੁਰੂ ਤੋਂ ਹੀ ਅਪਨਾ ਕੇ ਚੰਗੀ ਹਾਂ, ਆਰਾਮ ਦੇ ਕੁਝ ਦਿਨ ਕੀ ਕਰਨੇ ਹਨ, ਮੈਂ ਬਿਮਾਰ ਨਹੀਂ ਹਾਂ।"

ਉਹ ਉਸ ਦੇ ਪੁਰਾਣੇ ਕੱਪੜਿਆ ਬਾਰੇ ਵੀ ਸ਼ਿਕਾਇਤ ਕਰਦਿਆਂ, "ਆਪਣੀ ਹਾਲਤ ਵੇਖ! ਉੱਪਰ ਜਾ ਅਤੇ ਕੁਝ ਹੋਰ ਪੁਸ਼ਾਕ ਪਹਿਨ। ਆਪਣੀ ਜੁੱਤੀ ਬਦਲ। ਤੇਰੀਆਂ ਚੂੜੀਆਂ ਕਿਥੇ ਹਨ?" ਉਹ ਉਸ ਨੂੰ ਚਿਤਾਵਨੀ ਦਿੰਦੀਆਂ , "ਜੇ ਤੂੰ ਆਪਣੀ ਹੈਸੀਅਤ ਸਾਂਭ ਕੇ ਨਹੀਂ ਰੱਖੇਗੀ, ਤੂੰ ਕਿਸੇ ਕੰਮ ਦੀ ਨਹੀਂ ਰਹੇਗੀ।" ਬਿਲਕਿਅਸ ਇਹਨਾਂ ਸਭ ਗੱਲਾਂ ਨੂੰ ਇਕ ਤਰਫ ਕਰ ਦਿੰਦੀ, "ਜਿਹੜਾ ਰੁੱਤਬਾ ਉਸ ਨੇ ਮੈਨੂੰ ਦਿੱਤਾ ਹੈ ਉਹ ਉਸ ਦੀ ਪਤਨੀ ਦਾ ਹੈ। ਉਸ ਦੀ ਆਪਣੀ ਹਾਲਤ ਵੇਖੋ, ਮੈਂ ਉਸ ਤੋਂ ਵੱਖ ਕਿਸ ਤਰ੍ਹਾਂ ਹੋਵਾਂ।" ਮੈਂ ਉਸ ਦੇ ਸੁਲਝੇਪਨ 'ਤੇ ਬਹੁਤ ਪ੍ਰਭਾਵਿਤ ਹੋਇਆ, ਉਸ ਨੂੰ ਥੋੜੀ ਸਲਾਹ ਦੀ ਲੋੜ ਸੀ।

ਉਸ ਨੂੰ ਮੇਰੇ ਨਾਲ ਆਰਾਮ ਨਾਲ ਰਹਿਣ ਲਈ ਕੁਝ ਦਿਨ ਲੱਗੇ ਅਤੇ ਜਦੋਂ ਅਸੀਂ ਇੱਕਲੇ ਹੁੰਦੇ ਸਾਂ, ਉਹ ਛੇਤੀ ਹੀ ਆਪਣੀ ਗੱਲਬਾਤ ਸ਼ੁਰੂ ਕਰ ਦਿੰਦੀ। ਇਕ ਸ਼ਾਮ ਮੈਂ ਉੱਪਰ ਗਿਆ ਤਾਂ ਬਿਲਕਿਅਸ ਨੂੰ ਆਪਣੇ ਵਿਆਹ ਵਾਲੇ ਕੱਪੜਿਆਂ ਵਿਚ ਵੇਖਿਆ; ਇਕ ਚਿੱਟਾ ਲੰਮਾ ਗੌਣ, ਜਿਸ 'ਤੇ ਚਾਂਦੀ ਰੰਗੇ ਫੁੱਲ ਚਮਕ ਰਹੇ ਸਨ। ਇਕ ਚਿੱਟਾ ਸੁਨਹਿਰੀ ਘੁੰਘਟ ਉਸ ਨੇ ਆਪਣੇ ਸਿਰ 'ਤੇ ਕੀਤਾ ਹੋਇਆ ਸੀ, ਅਤੇ ਉਹ ਇਕ ਚਾਨਣ ਵਾਲੇ ਬਲਬ ਦੀ ਤਰ੍ਹਾਂ ਜਗ ਰਹੀ ਸੀ, ਜਿਹੜਾ ਚਾਨਣ ਉਸ ਦੇ ਵਿਚੋਂ ਨਿਕਲਦਾ ਸੀ। ਉਸ ਦਾ ਇਹ ਢੰਗ ਉਸ ਨੂੰ ਪਿਆਰਾ ਬਣਾ ਰਿਹਾ ਸੀ ਜੋ ਉਸ ਦੇ ਇਸ ਨੁਕਤੇ ਸੰਬੰਧੀ ਸੀ ਅਤੇ ਆਪਣੀ ਸ਼ਾਦੀ ਬਾਰੇ ਸ਼ਿਕਾਇਤ ਕਰ

ਰਹੀ ਸੀ। ਮੈਂ ਵੇਖਿਆ ਕਿ ਇਹ ਅਸੰਭਵ ਸੀ ਕਿ ਗੰਭੀਰਤਾ ਨਾਲ ਉਸ ਨਾਲ ਨਰਾਜ਼ ਹੋਇਆ ਜਾਵੇ, ਕਿਉਂ ਜੋ ਉਸ ਕੋਲੋਂ ਇਹ ਨਹੀਂ ਸੀ ਸਮਝਿਆ ਜਾ ਰਿਹਾ ਜਦੋਂ ਉਸ ਨੇ ਕਿਹਾ, "ਕੋਈ ਦੂਲ੍ਹਾ ਨਹੀਂ ਸੀ, ਮੈਂ ਸਿਰਫ ਇਕ ਦਸਤਖਤ ਨਾਲ ਸ਼ਾਦੀ ਕੀਤੀ ਹੈ। ਹੋ ਸਕਦਾ ਹੈ ਉਹ ਤੁਹਾਡੇ ਨਾ ਹੋਣ। ਸ਼ਾਇਦ, ਬੇਸ਼ਕ, ਤੁਸੀਂ ਉਹ ਗ਼ਲਤ ਆਦਮੀ ਹੋ।"

ਆਪਣੇ ਹੱਥ ਭਾਵੁਕਤਾ ਪੂਰਨ ਨਾਟਕ ਦੀ ਤਰ੍ਹਾਂ ਹਿਲਾਉਂਦਿਆਂ ਹੋਇਆਂ ਉਸ ਨੇ ਕਿਹਾ, "ਨਾ ਕੋਈ ਸੇਜ ਸੀ, ਨਾ ਫੁੱਲ, ਸਿਰਫ ਪੁਰਾਣੀਆਂ ਚਾਦਰਾਂ ਅਤੇ ਖਾਲੀ ਕਮਰਾ। ਇਹ ਨਵੀਂ ਕਿਸਮ ਦੀ ਸ਼ਾਦੀ ਸੀ। ਕਿਸ ਤਰ੍ਹਾਂ ਦੀ ਦੁਲਹਨ, ਕਿਸ ਤਰ੍ਹਾਂ ਦੀ ਰਾਤ ! ਜੇ ਮੈਂ ਕੋਸ਼ਿਸ਼ ਕਰਦੀ ਤਾਂ ਮੈਂ ਇਸ ਦਾ ਸੁਪਨਾ ਵੀ ਨਹੀਂ ਸਾਂ ਲੈ ਸਕਦੀ।" ਮੈਂ ਇਕ ਜਵਾਨ ਲੜਕੀ ਦੇ ਬਚਪਨ ਦੇ ਸੁਪਨੇ ਨੂੰ ਤੋੜ ਦਿੱਤਾ ਸੀ ਅਤੇ ਇਸ ਲਈ ਮੁਆਫੀ ਮੰਗੀ ਸੀ, ਪਰ ਉਹ ਇਸ ਨੂੰ ਅਸਲੀਅਤ ਵਿਚ ਬਦਲਣ ਦੀ ਜ਼ਰੂਰਤ ਸਮਝਦੀ ਸੀ। ਛੇਤੀ ਹੀ ਉਸ ਨੇ ਦੁਬਾਰਾ ਪੂਰੀ ਦੀ ਪੂਰੀ ਰਸਮ, ਆਪਣੀਆਂ ਕਸਮਾਂ ਦੁਹਰਾ ਕੇ, ਆਪਣੀਆਂ ਉਂਗਲਾਂ ਨੂੰ ਮੇਰੀ ਛਾਤੀ ਵਿਚ ਖੋਬਦਿਆਂ ਅਤੇ ਮੈਨੂੰ ਆਪਣੀਆਂ ਲਈ ਦੁਹਰਾਉਂਦੀ।

ਉਸ ਨੇ ਉਹ ਰਿਵਾਇਤੀ ਮੂੰਹ ਦਿਖਾਈ ਮੰਗੀ ਜਿਹੜੀ ਦੁਲ੍ਹਾ ਆਪਣੀ ਦੁਲਹਨ ਦਾ ਘੁੰਘਟ ਚੁੱਕ ਕੇ ਪਹਿਲੀ ਵਾਰ ਉਸ ਨੂੰ ਆਪਣੀ ਪਤਨੀ ਰੂਪ ਵਿਚ ਵੇਖ ਕੇ ਦਿੰਦਾ ਹੈ। ਬਹੁਤ ਚਿਰ ਉਸ ਵਲੋਂ ਜਿੱਦ ਕਰਨ 'ਤੇ ਅਤੇ ਮੇਰੇ ਵਲੋਂ ਨਰਮ ਹੋਣ ਤੋਂ ਬਾਅਦ ਮੈਂ ਉਸ ਨੂੰ 250 ਰੁਪਏ ਦਿੱਤੇ ਅਤੇ ਹਿਦਾਇਤ ਕੀਤੀ ਕਿ ਇਸ ਫਜ਼ੂਲ ਖ਼ਰਚੀ ਬਾਰੇ ਕਿਸੇ ਨੂੰ ਨਾ ਦੱਸੇ। ਉਸ ਨੇ ਇਸ ਦਾ ਮਖੌਲ ਬਣਾ ਲਿਆ, "ਇੰ....ਨੇ ਜ਼ਿਆਦਾ ਪੈਸੇ, ਮੈਂ ਕਿਸੇ ਨੂੰ ਕਿਵੇਂ ਦੱਸ ਸਕਦੀ ਹਾਂ ਕਿ ਤੁਸੀਂ ਮੈਨੂੰ ਇੰ....ਨੇ ਜ਼ਿਆਦਾ ਪੈਸੇ ਦਿੱਤੇ ਹਨ। ਉਹ ਮੇਰੀ ਦੌਲਤ ਨਾਲ ਈਰਖਾ ਕਰਕੇ ਮਰ ਜਾਣਗੇ।"

ਕਿਸੇ ਹੋਰ ਦਿਨ, ਉਸ ਨੇ ਫਿਰ ਮੇਰੇ ਕੰਨ ਵਿਚ ਕਿਹਾ, ਮੈਂ ਜਦ ਵਿਹਲਾ ਹੋਵਾਂ ਆ ਜਾਵਾਂ। ਜਦ ਮੈਂ ਉਸ ਕੋਲ ਗਿਆ, ਮੈਂ ਹੈਰਾਨ ਹੋ ਗਿਆ ਜੋ ਕੁਝ ਮੈਂ ਵੇਖਿਆ, "ਤੂੰ ਕਿਸ ਦੇ ਕੱਪੜੇ ਪਹਿਨ ਰਹੀ ਹੈ ?" ਮੈਂ ਉਸ ਨੂੰ ਝਾੜਿਆ। ਉਹ ਉੱਚੀ-ਉੱਚੀ ਖੁਸ਼ੀ ਨਾਲ ਹੱਸ ਪਈ, ਅਤੇ ਇਸ ਤਰ੍ਹਾਂ ਘੁੰਮ ਰਹੀ ਸੀ ਜਿਵੇਂ ਕੋਈ ਖ਼ੂਬਸੂਰਤ ਮੋਰ ਆਪਣੇ ਆਪ ਨੂੰ ਵਿਖਾ ਰਿਹਾ ਹੁੰਦਾ ਹੈ, ਆਪਣਾ ਪੈਰ ਚੁੱਕ ਕੇ ਆਪਣਾ ਤੰਗ ਪਜਾਮਾ, ਜਿਸ ਨੇ ਉਸ ਦੀ ਅੱਡੀ ਦੇ ਦੁਆਲੇ ਕਿੰਨੇ ਹੀ ਘੇਰੇ ਪਾਏ ਹੋਏ ਸਨ, ਉਸ ਨੂੰ ਵਿਖਾਉਂਦੀ। ਉਸ ਨੇ ਜਿਹੜੇ ਵੱਖ-ਵੱਖ ਰੰਗ ਆਪਣੇ ਚਿਹਰੇ 'ਤੇ ਮਲੇ ਹੋਏ ਸਨ, ਮੈਂ ਉਹਨਾਂ ਬਾਰੇ ਸ਼ਿਕਾਇਤ ਕੀਤੀ, ਖਾਸ ਕਰਕੇ ਬੁੱਲਾਂ 'ਤੇ ਚਮਕਦਾਰ ਲਾਲ ਪੇਸਟ ਅਤੇ ਭੜਕੀਲਾ ਹਰਾ ਪਾਉਡਰ ਜੋ ਉਸ ਨੇ ਆਪਣੀਆਂ ਅੱਖਾਂ ਦੀਆਂ ਝਿਮਣੀਆਂ ਦੇ ਉੱਪਰ ਲਾਇਆ ਹੋਇਆ ਸੀ। ਉਹ ਗੁੱਸੇ ਵਿਚ ਮੇਰਾ ਜਵਾਬ ਦੇਣ ਲੱਗੀ, "ਇਹ

ਹਰ ਔਰਤ ਦਾ ਹੱਕ ਹੈ ਕਿ ਉਹ ਖ਼ੂਬਸੂਰਤ ਲੱਗੇ। ਤੁਸੀਂ ਮੈਨੂੰ ਰੋਕ ਨਹੀਂ ਸਕਦੇ।" ਫਿਰ ਉਹ ਗੰਭੀਰ ਹੋ ਗਈ, "ਕੀ ਇਹ ਇਸ ਕਰਕੇ ਹੈ ਕਿ ਤੁਸੀਂ ਨਹੀਂ ਚਾਹੁੰਦੇ ਕਿ ਕੋਈ ਹੋਰ ਆਦਮੀ ਮੇਰੇ ਵੱਲ ਵੇਖਣ।" ਮੈਂ ਉਸ ਨੂੰ ਥੱਲੇ ਬਿਠਾ ਲਿਆ ਅਤੇ ਸਮਝਾਇਆ, "ਬਿਲਕਿਅਸ ਕੁਦਰਤੀ ਖ਼ੂਬਸੂਰਤੀ ਕੁਦਰਤੀ ਨਜ਼ਾਰੇ ਦੀ ਤਰ੍ਹਾਂ ਹੁੰਦੀ ਹੈ, ਉਸ ਨੂੰ ਕਿਸੇ ਰੰਗ ਰੋਗਨ ਦੀ ਲੋੜ ਨਹੀਂ।"

ਮੇਰੀ ਪਤਨੀ ਦੇ ਇਰਦ ਗਿਰਦ ਉਨ੍ਹਾਂ ਲੋਕਾਂ ਦਾ ਘੇਰਾ ਸੀ ਜੋ ਪੈਸੇ ਦੀ ਸ਼ਕਤੀ ਨਾਲ ਪ੍ਰਭਾਵਿੱਤ ਸਨ। ਉਸ ਦੀਆਂ ਸਹੇਲੀਆਂ ਲੋੜੀਂਦੀ ਇਸ਼ਰਤ ਦਾ ਅਨੰਦ ਮਾਣ ਰਹੀਆਂ ਸਨ, ਅਤੇ ਅਮੀਨਾ ਕਦੀ ਵੀ ਆਪਣੇ ਪ੍ਰਚਾਰ ਕਰਨ ਤੋਂ ਥੱਕਦੀ ਨਹੀਂ ਸੀ, "ਅਮੀਰਾਂ ਦੇ ਚੰਗੇ ਖਾਨਦਾਨ ਹੁੰਦੇ ਹਨ। ਉਹਨਾਂ ਦੇ ਬੰਗਲੇ ਅਤੇ ਕਾਰਾਂ ਉਹਨਾਂ ਨੂੰ ਜਿੰਦਗੀ ਬਾਰੇ ਜਿੰਨਾ ਅਸੀਂ ਜਾਣਦੇ ਹਾਂ, ਉਸ ਤੋਂ ਜ਼ਿਆਦਾ ਸਿਖਾਉਂਦੇ ਹਨ।" ਬਿਲਕਿਅਸ ਆਪਣੇ ਹੱਕ ਵਿਚ ਇਹ ਗੱਲ ਕਹਿੰਦੀ, "ਪਰ ਹੋਰ ਚੀਜ਼ਾਂ ਨਾਲੋਂ ਚੰਗਾ ਸੁਭਾਅ ਹੋਣਾ ਸ਼ਾਦੀ ਲਈ ਜ਼ਿਆਦਾ ਜ਼ਰੂਰੀ ਹੈ।" ਇਸ 'ਤੇ ਅਮੀਨਾ ਸੰਦੇਹ ਵਿਚ ਆਪਣੇ ਭਰਵੱਟੇ ਚੜ੍ਹਾ ਲੈਂਦੀ ਅਤੇ ਮੂਰਖਾ ਵਾਂਗ ਮੁਸਕਰਾਉਂਦੀ, "ਕੀ ਉਸ ਕੋਲ ਉਹ ਸੁਭਾਅ ਹੈ ?" ਅਮੀਨਾ, ਲੜਕੀਆਂ ਨੂੰ ਅਤੇ ਅਸਿੱਧੇ ਤੌਰ 'ਤੇ ਬਿਲਕਿਅਸ ਨੂੰ ਇਹ ਗੱਲ ਯਾਦ ਕਰਾਉਣ ਤੋਂ ਵੀ ਕਦੀ ਨਾ ਥੱਕਦੀ, "ਤੁਹਾਨੂੰ ਮੰਗਤਿਆਂ ਨੂੰ ਕਿਸ ਨੇ ਕੁਰਸੀਆਂ 'ਤੇ ਬੈਠਣਾ ਸਿਖਾਇਆ ਹੈ ? ਹੋਰ ਕਿਸੇ ਨਹੀਂ, ਮੈਂ ਹੀ ਤੁਹਾਨੂੰ ਇਹ ਮੌਕਾ ਦਿੱਤਾ ਹੈ।" ਮੈਂ ਉਸ ਖ਼ਤਰੇ ਲਈ ਕੰਨਾਂ ਨੂੰ ਹੱਥ ਲਾਉਂਦੀ ਹਾਂ, ਜਿਹੜਾ ਮੈਨੂੰ ਉੱਠਾਉਣਾ ਪਿਆ।

ਮੈਮਨ ਸਮਾਜ ਦੇ ਲੋਕ ਹਮੇਸ਼ਾ ਮੇਰੇ ਪਿੱਛੇ ਪਏ ਹੋਏ ਸਨ, ਉਹਨਾਂ ਹੁਣ ਇਹ ਇਲਜ਼ਾਮ ਲਾਇਆ ਕਿ, "ਬਿਲਕਿਅਸ ਨੂੰ ਸਾਡੀ ਸ਼ਾਦੀ ਤੋਂ ਪਹਿਲਾਂ ਹੀ ਬੱਚੇ ਦੀ ਸੰਭਾਵਨਾ ਸੀ, ਅਤੇ ਉਸ ਨੇ ਇਸ ਕਾਰਨ ਉਸ ਨਾਲ ਸ਼ਾਦੀ ਕਰ ਲਈ, ਨਹੀਂ ਤੇ ਕੀ ਉਹ ਖ਼ੂਬਸੂਰਤ ਲੜਕੀ ਇਸ ਈਦੀ ਵਰਗੇ ਬੁੱਢੇ ਕੰਜੂਸ ਨਾਲ ਸ਼ਾਦੀ ਕਰਨ ਦੀ ਬੇਵਕੂਫੀ ਕਰਦੀ ?" ਉਹ ਪੁੱਛਦੇ। ਬਾਅਦ ਵਿਚ ਛੇਤੀ ਹੀ ਜਦੋਂ ਬਿਲਕਿਅਸ ਗਰਭਵਤੀ ਹੋ ਗਈ ਅਤੇ ਸਾਨੂੰ ਉਮੀਦ ਸੀ ਕਿ ਪਹਿਲਾਂ ਬੱਚਾ ਉਸ ਇਲਜ਼ਾਮ ਨੂੰ ਝੂਠਾ ਸਾਬਿਤ ਕਰਨ ਲਈ ਵਕਤ ਤੋਂ ਪਹਿਲਾਂ ਪੈਦਾ ਨਹੀਂ ਹੋਵੇਗਾ। ਉਹ ਹਰ ਉਸ ਨੂੰ ਜੋ ਉਸ ਨੂੰ ਪੁੱਛਦਾ, ਉਸ ਨੂੰ ਦੱਸਦੀ ਕਿ ਉਸ ਨੇ ਮੇਰੇ ਨਾਲ ਕਿਉਂ ਸ਼ਾਦੀ ਕੀਤੀ ਸੀ ? ਉਹ ਜੋ ਵਿਸ਼ਵਾਸ ਕਰਦੀ ਸੀ ਉਸ ਅਨੁਸਾਰ ਜਵਾਬ ਦਿੰਦੀ, "ਈਦੀ ਮੇਰੀ ਕਿਸਮਤ ਹੈ। ਜੇ ਮੈਂ ਕਿਸੇ ਹੋਰ ਨਾਲ ਵਿਆਹੀ ਹੁੰਦੀ, ਮੈਂ ਉਸ ਨਾਲ ਹੀ ਖ਼ਤਮ ਹੋ ਜਾਂਦੀ।"

"ਬਿਲਕਿਅਸ, ਸਾਡੇ ਕੋਲ ਵੱਡਾ ਕੰਮ ਹੈ, ਅਸਾਂ ਇਕ ਸਮਾਜਿਕ ਇਨਕਲਾਬ ਲਿਆਉਣਾ ਹੈ। ਕੀ ਤੂੰ ਮੇਰੀ ਮਦਦ ਕਰੇਂਗੀ, ਮੈਨੂੰ ਸਹਾਰਾ ਦੇਵੇਗੀ ?" ਅਸੀਂ ਜਦੋਂ ਵੀ ਇੱਕਲੇ ਹੁੰਦੇ ਮੈਂ ਉਸ ਨੂੰ ਪੁੱਛਦਾ। ਉਹ ਗੁੱਸੇ ਹੋ ਕੇ ਕਹਿੰਦੀ, "ਤੁਸੀਂ ਮੇਰੇ ਨਾਲ

ਮੁਹੱਬਤ ਸੰਬੰਧੀ ਗੱਲਾਂ ਕਿਉਂ ਨਹੀਂ ਕਰਦੇ। ਮੈਨੂੰ ਰੋਮਾਂਚਿਕ ਗੱਲਾਂ ਦੱਸੋ।" ਮੈਂ ਇਸ ਬਾਰੇ ਫਿਰ ਕਹਿੰਦਾ, "ਸਾਨੂੰ ਕੰਮ ਕਰਨਾ ਚਾਹੀਦਾ ਹੈ। ਸਾਡੇ ਕੋਲ ਰੁਮਾਂਸ ਕਰਨ ਦਾ ਸਮਾਂ ਨਹੀਂ ਹੈ।" ਕਈ ਵਾਰ ਉਹ ਖਿਝਾਉਂਦੀ ਅਤੇ ਹੌਕਾ ਲੈ ਕੇ ਕਹਿੰਦੀ, "ਇਹ ਕਿਹੜਾ ਇਨਕਲਾਬ ਹੈ ਜੋ ਤੁਸੀਂ ਮੇਰੇ ਕੰਨਾਂ ਵਿਚ ਭਿਣ-ਭਿਣਾਉਂਦੇ ਰਹਿੰਦੇ ਹੋ ? ਪਤਨੀ ਨਾਲ ਸਿਰਫ ਇਕ ਹੀ ਇਨਕਲਾਬ ਤੁਸੀਂ ਕਰ ਸਕਦੇ ਹੋ, ਉਹ ਹੈ ਬੱਚੇ ਪੈਦਾ ਕਰਨਾ। ਮੈਂ ਚਾਹੁੰਦੀ ਹਾਂ ਤੁਸੀਂ ਮੇਰੇ ਨਾਲ ਮੁਹੱਬਤ ਬਾਰੇ ਗੱਲਾਂ ਕਰੋ।" ਮੈਂ ਉਸ ਨੂੰ ਮੁਹੱਬਤ ਸੰਬੰਧੀ ਭਾਸ਼ਨ ਦਿੰਦਾ, "ਇਹ ਇਕ ਉਹ ਜਜ਼ਬਾ ਨਹੀਂ ਹੈ, ਜਿਸ ਨੂੰ ਸ਼ਬਦ ਬਿਆਨ ਕਰ ਸਕਣ। ਤੈਨੂੰ ਇਸ ਨੂੰ ਮੇਰੀਆਂ ਭਾਵਨਾਵਾਂ ਤੋਂ ਸਿੱਖਣਾ ਚਾਹੀਦਾ ਹੈ ਅਤੇ ਸਾਰੀ ਮਨੁੱਖ ਜਾਤੀ ਦੀਆਂ ਖਾਹਿਸ਼ਾਂ ਨੂੰ ਸਮਝਣਾ ਚਾਹੀਦਾ ਹੈ, ਉਸ ਵਿਚ ਤੂੰ ਆਪਣੇ ਆਪ ਨੂੰ ਵੀ ਵੇਖੇਂਗੀ। ਸਾਰੀਆਂ ਵਸਤੂਆਂ ਸੰਬੰਧੀ ਇਕ ਅਮਲੀ ਅਤੇ ਸਾਧਾਰਣ ਸਮਝ ਵਿਕਸਤ ਕਰੋ।" ਕਿਸੇ ਵੇਲੇ, ਕਿਤੇ ਵੀ, ਮੈਂ ਆਪਣੀ ਇਹ ਬੇਨਤੀ ਉਸ ਅਗੇ ਰੱਖਦਾ, "ਕੀ ਤੂੰ ਮੇਰੀ ਮਦਦ ਕਰੇਂਗੀ ? ਤੂੰ ਮੇਰਾ ਸਹਾਰਾ ਬਣੇਗੀ ?"

ਇਕ ਰਾਤ ਜਦੋਂ ਮੈਂ ਬਾਹਰ ਬੈਂਚ 'ਤੇ ਲੰਮੇ ਪਿਆ ਹੋਇਆ ਸੀ, ਫਿਲਮ ਦੇ ਇਕ ਗਾਣੇ ਨੇ ਧਮਾਕੇ ਨਾਲ ਮੇਰੀ ਚੁੱਪ ਨੂੰ ਤੋੜ ਕੇ ਰੱਖ ਦਿੱਤਾ। ਮੈਨੂੰ ਇਸ ਗੱਲ ਦਾ ਬੜਾ ਧੱਕਾ ਲੱਗਾ ਕਿ ਇਹ ਮੇਰੇ ਹੀ ਕਮਰੇ ਵਿਚੋਂ ਨਿਕਲ ਰਿਹਾ ਸੀ। ਮੈਂ ਗੁੱਸੇ ਨਾਲ ਲਾਲ ਹੋ ਕੇ ਉੱਪਰ ਵੱਲ ਚਲ ਪਿਆ, ਜਦੋਂ ਮੈਂ ਨਜ਼ਦੀਕ ਪਹੁੰਚਿਆ ਤਾਂ ਇਹ ਉੱਚਾ ਹੀ ਉੱਚਾ ਹੋਣ ਲੱਗ ਪਿਆ ਅਤੇ ਇਸ ਨੇ ਮੇਰੇ ਗੁੱਸੇ ਨੂੰ ਵਧਾ ਦਿੱਤਾ। ਮੈਂ ਮਸ਼ੀਨ ਕੋਲ ਜਾ ਕੇ ਉਸ ਨੂੰ ਬੰਦ ਕਰ ਦਿੱਤਾ ਅਤੇ ਆਪਣੀ ਪਤਨੀ 'ਤੇ ਚਿੱਲਾਇਆ, "ਇਹ ਗੰਭੀਰ ਕੰਮ ਨੂੰ ਭੰਗ ਕਰਨਾ ਹੈ। ਕੀ ਤੂੰ ਬਿਲਕੁਲ ਹੀ ਕੁਝ ਨਹੀਂ ਸਮਝ ਸਕਦੀ ?" ਉਹ ਮੇਰੀ ਗੁੱਸੇ ਵਾਲੇ ਅੰਦਾਜ਼ ਤੋਂ ਭੜਕੀ ਨਾ, ਸਗੋਂ ਉਸ ਨੇ ਆਪਣਾ ਸਿਰ ਮੇਰੇ ਵੱਲ ਝਟਕਿਆ ਅਤੇ ਜਿਥੋਂ ਮੈਂ ਇਸ ਨੂੰ ਬੰਦ ਕੀਤਾ ਹੋਇਆ ਸੀ, ਉਥੋਂ ਅੱਗੇ ਆਪ ਗਾਉਣ ਲੱਗ ਪਈ ਜਿਸ ਦੇ ਬੋਲ ਇਸ ਤਰ੍ਹਾਂ ਸਨ : "ਜੇ ਤੂੰ ਕਿਸੇ ਹੋਰ ਦਿਲ ਵਿਚ ਰਹਿਣਾ ਸੀ, ਕਿਉਂ, ਔਹ ਕਿਉਂ, ਤੂੰ ਮੇਰੇ ਦਿਲ ਵਿਚ ਆਇਆ ?"

ਮੈਂ ਆਪਣੇ ਬੁੱਲਾਂ ਨੂੰ ਮੁਸਕਰਾਹਟ ਰੋਕਣ ਲਈ ਸੁੰਗੇੜਿਆ। ਉਸ ਨੇ ਇਹ ਵੇਖ ਲਿਆ ਅਤੇ ਗੁੱਸੇ ਵਾਲਾ ਚੇਹਰਾ ਬਣਾਉਣ ਦਾ ਬਹਾਨਾ ਕੀਤਾ, "ਤੁਸੀਂ ਮੇਰੇ ਨਾਲ ਕਿਉਂ ਸ਼ਾਦੀ ਕੀਤੀ, ਜੇ ਤੁਹਾਡੇ ਦਿਲ ਵਿਚ ਸਭ ਤੋਂ ਜ਼ਿਆਦਾ ਪਿਆਰ ਤੁਹਾਡੇ ਕੰਮ ਨਾਲ ਹੈ ?" ਮੈਂ ਉਸ ਨੂੰ ਫਿਰ ਦੱਸਣ ਲੱਗਾ ਪਰ ਰੁੱਕ ਗਿਆ। ਉਸ ਦਾ ਪ੍ਰਭਾਵ ਇਹ ਦੱਸ ਰਿਹਾ ਸੀ ਕਿ ਉਹ ਸਭ ਕਾਰਣਾਂ ਤੋਂ ਜਾਣੂ ਸੀ ਅਤੇ ਮੇਰਾ ਧਿਆਨ ਖਿੱਚ ਰਹੀ ਸੀ, ਇਕ ਹੀ ਢੰਗ ਸੀ ਜੋ ਉਹ ਜਾਣਦੀ ਸੀ। ਠੀਕ ਹੈ, ਮੈਂ ਉਸ ਨਾਲ ਜ਼ਿਆਦਾ ਸਮਾਂ ਬਿਤਾਉਣ ਦੀ ਖਾਹਿਸ਼ ਰੱਖਦਾ ਸਾਂ, ਪਰ ਸਮਾਂ ਘੱਟ ਸੀ ਅਤੇ ਮੈਨੂੰ, ਸਾਨੂੰ ਦੋਵਾਂ ਨੂੰ ਹੀ ਉਸ ਖੁਸ਼ੀ ਨੂੰ ਛੱਡਣਾ ਪੈਂਦਾ ਸੀ।

ਜਦੋਂ ਵੀ ਉਹ ਮੇਰੀਆਂ ਪੌੜੀਆਂ ਚੜ੍ਹਨ ਦੀ ਆਵਾਜ਼ ਸੁਣਦੀ, ਕਿਸੇ ਨਾ ਕਿਸੇ ਹਿਦਾਇਤ ਲਈ ਉੱਚੀ ਬੋਲਦੀ ਜਾਂ ਫਿਰ ਉਹ ਗਾਣਾ ਗਾਉਣ ਲੱਗ ਜਾਂਦੀ, "ਇਕ ਇਨਕਲਾਬ ਆ ਰਿਹਾ ਹੈ, ਸਾਈਰਨ ਵੱਜ ਰਹੇ ਹਨ, ਆਪਾਤ ਸਥਿੱਤੀ ਦੀ ਘੋਸ਼ਣਾ ਹੋ ਗਈ ਹੈ।" ਮੈਂ ਆਪਣਾ ਹਾਸਾ ਰੋਕਦਾ, ਇਸ ਤਰ੍ਹਾਂ ਦਾ ਵਿਵਹਾਰ ਕਰਦਾ ਜਿਵੇਂ ਮੈਂ ਕੁਝ ਗੁੱਸੇ ਹੋਵਾਂ, ਪਰ ਜ਼ਿਆਦਾ ਦੇਰ ਤਕ ਨਹੀਂ। ਉਹ ਗੰਭੀਰ ਮਸਲਿਆਂ ਨੂੰ ਹਾਸੇ ਭਰੇ ਬਣਾਉਣ ਵਿਚ ਮਾਹਿਰ ਸੀ, ਉਹ ਆਪਣੀਆਂ ਇੰਨੀਆਂ ਦਿਲ ਲਗੀਆਂ ਕਰਦੀ ਕਿ ਉਹ ਕਦੀ ਵੀ ਪ੍ਰੇਸ਼ਾਨ ਨਹੀਂ ਸਨ ਕਰਦੀਆਂ।

ਬਿਲਕਿਅਸ ਆਪਣੇ ਪਰਿਵਾਰ ਦੀ ਰਿਵਾਇਤ ਦੇ ਅਨੁਸਾਰ ਸਾਡੀ ਸ਼ਾਦੀ ਤੋਂ ਪਹਿਲਾਂ ਤੋਂ ਹੀ ਬੁਰਕਾ ਪਹਿਨਦੀ ਸੀ। ਜਦੋਂ ਉਸ ਨੇ ਸ਼ਿਕਾਇਤ ਕੀਤੀ ਕਿ ਇਹ ਬੁਰਕਾ ਉਸ ਦੇ ਕੰਮਾਂ ਵਿਚ ਕਿਸ ਤਰ੍ਹਾਂ ਰੁਕਾਵਟਾਂ ਪਾਉਂਦਾ ਹੈ, ਅਤੇ ਉਸ ਨੂੰ ਗਰਭ ਦੇ ਸਮੇਂ ਵਿਚ ਕਿਸ ਤਰ੍ਹਾਂ ਨਾ ਜਾਣੀਆਂ ਗੱਲਾਂ ਦਾ ਡਰ ਮਹਿਸੂਸ ਕਰਵਾਉਂਦਾ ਹੈ, ਮੈਂ ਆਪਣੇ ਸਿਧਾਂਤ ਦੀ ਵਿਆਖਿਆ ਕੀਤੀ, "ਪਰਦਾ ਤਾਂ ਲੱਜਾ ਦਾ ਸੰਕੇਤ ਹੈ। ਇਸ ਦਾ ਇਸ ਨਾਲ ਘੱਟ ਸੰਬੰਧ ਹੈ ਜਿਸ ਨੂੰ ਤੁਸੀਂ ਢੱਕਿਆ ਹੈ ਅਤੇ ਜ਼ਿਆਦਾ ਉਸ ਨਾਲ ਹੈ, ਜੋ ਤੁਸੀਂ ਵਿਖਾ ਰਹੇ ਹੋ। ਇਹ ਬਚਾਅ ਦਾ ਸਾਕਾਰਾਤਮਿਕ ਢੰਗ ਹੈ, ਜੋ ਮਰਦ ਦੀ ਨੈਤਿਕ ਭ੍ਰਿਸ਼ਟਾਚਾਰ ਸੰਬੰਧੀ ਹੈ, ਉਹ ਉਸ 'ਤੇ ਨਜ਼ਰ ਰੱਖਦਾ ਹੈ ਅਤੇ ਆਪਣੇ ਵਿਵਹਾਰ ਨੂੰ ਨਾ ਪ੍ਰਾਪਤੀ ਸੰਬੰਧੀ ਜ਼ਿੰਮੇਵਾਰੀ ਬਣਾਉਂਦਾ ਹੈ। ਸਿਰਫ ਜ਼ਿੰਦਗੀ ਦਾ ਢੰਗ, ਜੇ ਉਹ ਨੈਤਿਕ ਵਿਵਹਾਰ 'ਤੇ ਆਧਾਰਿਤ ਹੈ, ਤਾਂ ਉਹ ਔਰਤਾਂ ਨੂੰ ਸੁਰੱਖਿਅਤ ਰੱਖ ਸਕਦਾ ਹੈ, ਨਹੀਂ ਤਾਂ ਇਹ ਉਹੋ ਪੁਰਾਣੀ ਸਫੈਦੀ ਹੈ, ਜਿਸ ਦੇ ਲੰਮੇ ਸਮੇਂ ਵਿਚ ਕੋਈ ਨਤੀਜੇ ਨਹੀਂ ਨਿਕਲਦੇ।" ਉਸ ਨੇ ਆਪਣੇ ਬੁਰਕੇ ਦੀ ਜਗ੍ਹਾ ਚਾਦਰ ਲੈਣੀ ਸ਼ੁਰੂ ਕਰ ਦਿੱਤੀ।

ਹੁਣ ਮੈਂ ਆਪਣਾ ਧਿਆਨ ਸੰਸਥਾ ਦੇ ਪ੍ਰਬੰਧ ਦੇ ਵਿਕਾਸ ਕਰਨ ਵੱਲ ਕਰ ਦਿੱਤਾ। ਕੋਈ ਵੀ ਗ਼ਲਤੀ ਜਾਂ ਕਮੀ, ਜੋ ਇਸ ਸਟੇਜ ਵਿਚ ਠੀਕ ਕਰਨ ਤੋਂ ਬਚ ਜਾਵੇਗੀ, ਉਹ ਇਸਦੇ ਵੱਧਣ ਨੂੰ ਉਤਸ਼ਾਹ ਦੇਵੇਗੀ, ਅਤੇ ਫਿਰ ਇਹ ਪ੍ਰਣਾਲੀ ਕੰਟਰੋਲ ਤੋਂ ਬਾਹਰ ਹੋ ਜਾਵੇਗੀ। ਹਰ ਤਰ੍ਹਾਂ ਦੇ ਲੋਕ ਜਿਨ੍ਹਾਂ ਨਾਲ ਮੇਰਾ ਵਾਹ ਸੀ, ਉਹਨਾਂ ਨੇ ਮਨੁੱਖਾਂ ਬਾਰੇ ਅੰਦਾਜ਼ਾ ਲਾਉਣ ਵਿਚ ਮੈਨੂੰ ਮਾਹਿਰ ਬਣਾ ਦਿੱਤਾ ਸੀ। ਆਪਣੀ ਥੋੜੇ ਤੋਂ ਸ਼ੁਰੂ ਕਰਨ ਦੇ ਸਿਧਾਂਤ 'ਤੇ ਵਾਪਸ ਆਉਂਦਿਆਂ ਮੈਂ ਵੇਖਿਆ ਕਿ ਪ੍ਰਸਿੱਧ ਵਿਅਕਤੀਆਂ ਵਿਚ ਕਮਜ਼ੋਰ ਵਿਚਾਰ ਜ਼ਰੂਰੀ ਅਤੇ ਆਦਤਨ ਵਿਵਹਾਰ ਦੇ ਆਦਰਸ਼ ਨੂੰ ਅਲੱਗ ਕਰ ਦਿੰਦੇ ਸਨ। ਠੀਕ-ਠੀਕ ਅੰਦਾਜ਼ਾ ਲਾਉਣ ਦਾ ਮੇਰਾ ਇਹ ਗੁਣ ਸਮੇਂ ਨਾਲ ਹੋਰ ਤਿੱਖਾ ਹੋ ਗਿਆ ਸੀ, ਹੁਣ ਇਹ ਕੁਝ ਹੀ ਸ਼ਬਦਾਂ ਦੇ ਬਾਅਦ ਵਿਅਕਤੀ ਦੇ ਸੱਚੇ ਸੁਭਾਅ ਨੂੰ ਬਾਹਰ ਲਿਆਉਣ ਲਈ ਬਹੁਤ ਸੀ।

ਮੈਂ ਯਾਦ ਕੀਤਾ ਕਿ ਮੈਂ ਇਸ ਢੰਗ ਨਾਲ ਕਿਸ ਤਰ੍ਹਾਂ ਛੋਟੀਆਂ-ਛੋਟੀਆਂ ਚੋਰੀਆਂ ਨੂੰ ਬੰਦ ਕੀਤਾ ਸੀ। ਇਹ ਇਕ ਔਖਾ ਕੰਮ ਸੀ। ਮੈਂ ਹੁਣ ਚੋਰਾਂ 'ਤੇ ਥੋੜ੍ਹਾ-ਥੋੜ੍ਹਾ ਹੱਸਦਾ। ਉਹ ਮੈਨੂੰ ਅਨਪੜ੍ਹ ਅਤੇ ਬੇਵਕੂਫ ਸਮਝਦੇ ਸਨ, ਪਰ ਮੈਂ ਚਾਲ ਸਮਝਣ ਵਿਚ ਕੁਦਰਤੀ ਮਾਹਿਰ ਸਾਂ। ਮੈਂ ਗ਼ਲਤੀ ਫੜ ਲੈਂਦਾ ਸਾਂ, ਦੋਸ਼ੀ ਦੱਸ ਦਿੰਦਾ ਸਾਂ, ਉਹਨਾ ਦੇ ਹਿਸਾਬ ਵੱਖ-ਵੱਖ ਕਰਦਾ ਸਾਂ ਅਤੇ ਉਹਨਾ ਇੱਕਲੇ-ਇੱਕਲੇ ਦਾ ਖਿਆਲ ਰੱਖਦਾ ਸਾਂ, ਜਿਸ ਵਿਚ ਥੋੜ੍ਹਾ ਜਿਹਾ ਸ਼ੱਕ ਵੀ ਨਹੀਂ ਰਹਿ ਜਾਂਦਾ। ਜਦੋਂ ਮੈਂ ਕੋਈ ਚੋਰ ਫੜ ਲੈਂਦਾ, ਮੈਂ ਕਦੀ ਵੀ ਉਸ ਨੂੰ ਨੌਕਰੀ ਤੋਂ ਨਾ ਕੱਢਦਾ, ਸਗੋਂ ਮੈਂ ਉਸ 'ਤੇ ਧਿਆਨ ਰੱਖਦਾ, ਉਸ ਦਾ ਅਧਿਐਨ ਕਰਦਾ, ਮੌਕਾ ਵੇਖਦਾ ਅਤੇ ਜਿਸ ਤੋਂ ਉਹ ਥੋੜ੍ਹੇ ਜਿਹੇ ਪੈਸੇ ਕੱਢਦਾ ਸੀ, ਬਗੈਰ ਕਿਸੇ ਘੋਸ਼ਣਾ ਦੇ ਉਸ ਰਾਹ ਨੂੰ ਬੰਦ ਕਰ ਦਿੰਦਾ। ਉਸ ਨੂੰ ਕੰਮ ਕਰਨ ਦੀ ਇਜਾਜ਼ਤ ਦਿੰਦਾ ਅਤੇ ਆਪਣੇ ਗਿਆਨ ਵਿਚ ਵਾਧਾ ਕਰਦਾ।

ਚਲਾਕੀ ਦੀ ਸਮਝ, ਦਬਾਅ ਥੱਲੇ ਤੇਜ ਹੁੰਦੀ ਸੀ। ਅਸੀਂ ਦੋਵੇਂ ਉੱਚੇ ਉਦੇਸ਼ ਲਈ ਕੰਮ ਕਰਾਂਗੇ। ਛੇਤੀ ਹੀ ਚੋਰ, ਕੋਈ ਹੋਰ ਰਾਹ ਲੱਭ ਲੈਂਦਾ, ਮੈਂ ਉਸ ਰਾਹ ਨੂੰ ਲੱਭ ਲੈਂਦਾ ਅਤੇ ਚੁੱਪ ਚਾਪ ਉਸ ਰਾਹ ਨੂੰ ਬੰਦ ਕਰ ਦਿੰਦਾ, ਪਰ ਉਹ ਕੋਈ ਹੋਰ, ਤੇ ਫਿਰ ਕੋਈ ਹੋਰ ਰਾਹ ਲੱਭ ਲੈਂਦਾ ਅਤੇ ਕਦੀ ਵੀ ਇਸ ਗੱਲ ਦਾ ਸ਼ੱਕ ਨਾ ਕਰਦਾ ਕਿ ਮੈਂ ਉਸ ਨੂੰ ਹਮੇਸ਼ਾ ਵੇਖਦਾ ਰਹਿੰਦਾ ਹਾਂ। ਇਹ ਮੇਰਾ ਕੰਮ ਸੀ। ਅਖੀਰ ਵਿਚ ਜਦੋਂ ਉਸ ਕੋਲ ਕੋਈ ਵਿਕਲਪ ਨਾ ਰਹਿੰਦਾ ਅਤੇ ਇਹ ਗੱਲ ਪ੍ਰਵਾਨ ਕਰਨੀ ਪੈਂਦੀ ਕਿ ਉਹ ਉਹੋ ਹੀ ਕਮਾਏ ਜੋ ਉਸ ਦਾ ਬਣਦਾ ਸੀ, ਉਹ ਫਿਰ ਜਾਂ ਤਾਂ ਛੁੱਟੀ ਮੰਗਦਾ ਸੀ, ਜਾਂ ਫਿਰ ਮੈਂ ਉਸ ਨੂੰ ਬਰਤਰਫ਼ ਕਰ ਦਿੰਦਾ। ਮੇਰੇ ਹੱਥਾਂ ਵਿਚੋਂ ਦੀ ਕਈ ਚੋਰ ਲੰਘੇ ਸਨ, ਹਰ ਇਕ ਨੇ ਨਵੇਂ ਤੋਂ ਨਵਾਂ ਕੁਸ਼ਲ ਤਰੀਕਾ ਲੱਭਿਆ, ਹਰ ਇਕ ਕੋਲ ਪ੍ਰਭਾਵਿਤ ਕਰਨ ਦਾ ਆਪਣਾ ਆਪਣਾ ਢੰਗ ਸੀ। ਇਹ ਆਦਮੀ ਸੰਸਥਾ ਦੀਆਂ ਮਜ਼ਬੂਤ ਨੀਹਾਂ ਸਥਾਪਿਤ ਕਰਨ ਲਈ ਬਹੁਤ ਹੀ ਮਹੱਤਵਪੂਰਣ ਵਿਅਕਤੀ ਸਨ, ਉਹਨਾਂ 'ਤੇ ਜ਼ਿਆਦਾ ਖਾਸ ਧਿਆਨ ਨਹੀਂ ਦੇਣਾ ਚਾਹੀਦਾ। ਹੁਣ ਕੁਝ ਪੈਸਿਆਂ ਦੇ ਅੰਤਰ ਸੱਤਾਂ ਦਿਨਾਂ ਵਿਚ ਅਤੇ ਗਵਾਚੀਆਂ ਹੋਈਆਂ ਰਸੀਦਾਂ ਦਾ ਬਾਰਾਂ ਦਿਨਾਂ ਵਿਚ ਪਤਾ ਲਗਾ ਲਿਆ ਜਾਂਦਾ। ਮੈਂ ਜਦੋਂ ਚੋਰਾਂ ਨੂੰ ਕਿਸੇ ਜਗ੍ਹਾ 'ਤੇ ਵੇਖਦਾ ਤਾਂ ਉਹਨਾਂ ਨਾਲ ਮਖ਼ੌਲ ਕਰਦਾ, "ਮੈਨੂੰ ਕੋਈ ਹੋਰ ਢੰਗ ਦੱਸੋ, ਜਿਨ੍ਹਾਂ ਨੂੰ ਲੱਭਣਾ ਹੋਰ ਵੀ ਮੁਸ਼ਕਲ ਹੋਵੇ।"

ਉਹ ਟੀਮ ਜੋ ਮੇਰੀ ਨਿਰੀਖਕ ਅੱਖ ਤੋਂ ਬਚ ਗਈ ਅਤੇ ਬਹੁਤ ਸਾਰੇ ਵਲੰਟੀਅਰ ਜੋ ਕਿਸੇ ਸੇਵਾ ਭਾਵਨਾ ਨਾਲ ਮੇਰੇ ਨਾਲ ਕੰਮ ਕਰਦੇ ਸਨ, ਉਹ ਜਿਹੜੇ ਸਿਰਫ਼ ਸਮਾਂ ਬਿਤਾਉਣ ਲਈ ਹੀ ਆਏ ਸਨ, ਜਾਂ ਮੇਰੇ ਕੰਮ 'ਤੇ ਨਜ਼ਰ ਰੱਖਣ ਲਈ ਆਏ ਸਨ, ਤਾਂ ਕਿ ਸੇਠਾਂ ਨੂੰ ਦੱਸਿਆ ਜਾਵੇ ਤਾਂ ਉਹ ਕਿਸੇ ਸਫਲਤਾ ਤੋਂ ਬਗ਼ੈਰ ਹੀ ਛੱਡ ਗਏ।

ਕਿਉਂ ਜੋ ਮੇਰੇ ਸਾਥੀ ਕਿਸੇ ਸੇਵਾ ਭਾਵਨਾ ਦੇ ਪ੍ਰਚਾਰਕ ਨਹੀਂ ਸਨ ਅਤੇ ਉਹਨਾਂ ਨੇ ਆਪਣੇ ਪਰਿਵਾਰ ਪਾਲਣੇ ਸਨ, ਉਹਨਾਂ ਨੂੰ ਰਜ਼ਾਕਾਰਾਂ ਦੀ ਤਰ੍ਹਾਂ ਨੌਕਰੀ 'ਤੇ ਰੱਖਿਆ ਗਿਆ, ਉਹਨਾਂ ਨੂੰ ਜਾਂ ਮਹੀਨੇ ਦੇ ਭੱਤੇ ਉੱਤੇ ਜਾਂ ਠੇਕੇ ਦੇ ਆਧਾਰ 'ਤੇ ਰੱਖਿਆ ਗਿਆ ਸੀ। ਮੈਂ ਉਹਨਾਂ ਨੂੰ ਹਮੇਸ਼ਾ ਕਹਿੰਦਾ, "ਜੇ ਕਿਸੇ ਨੂੰ ਚੰਗੀ ਨੌਕਰੀ ਮਿਲਦੀ ਹੋਵੇ ਤਾਂ ਉਹ ਮੇਰਾ ਆਸ਼ੀਰਵਾਦ ਲੈ ਕੇ ਜਾ ਸਕਦਾ ਹੈ।" ਫਿਰ ਵੀ ਮੈਂ ਕਈ ਪੱਕੇ ਇਰਾਦੇ ਵਾਲੇ ਜਵਾਨ ਕਾਮਿਆਂ ਦੀਆਂ ਸੇਵਾਵਾਂ ਲੈ ਲਈਆਂ। ਮੈਂ ਉਹਨਾਂ ਦੇ ਪਿੱਛੋਕੜ ਨੂੰ ਫਰੋਲਣ ਦੀ ਪ੍ਰਵਾਹ ਨਹੀਂ ਕਰਦਾ ਸੀ, ਨਾ ਹੀ ਮੈਂ ਇਤਿਹਾਸ ਦੀ ਛਾਣ-ਬੀਣ ਕਰਨ ਦੀ ਕੋਸ਼ਿਸ਼ ਕਰਦਾ ਸਾਂ। ਅਸਲ ਵਿਚ ਮੈਨੂੰ ਇਹਨਾਂ ਵਿਚ ਬਿਲਕੁਲ ਕੋਈ ਦਿਲਚਸਪੀ ਨਹੀਂ ਸੀ, ਸਿਰਫ਼ ਉਹਨਾਂ ਦੀ ਹਮਦਰਦੀ, ਯੋਗਤਾ ਅਤੇ ਆਮ ਕਦਰਾਂ ਤੋਂ ਮੈਂ ਫ਼ੈਸਲਾ ਕਰਦਾ ਸਾਂ। ਪੁਰਾਣੇ ਦੋਸਤ, ਨਵੇਂ ਆਉਣ ਵਾਲਿਆਂ ਨੂੰ ਛੇਤੀ ਹੀ ਮੇਰੇ ਸੁਭਾਅ ਬਾਰੇ ਜਾਣੂ ਕਰਵਾ ਦਿੰਦੇ, "ਉਹ ਹਰ ਅੱਧੇ ਘੰਟੇ ਬਾਅਦ ਛੋਟੇ ਤੋਂ ਛੋਟਾ ਕੰਮ ਦੱਸਦਾ ਹੈ, ਜਦੋਂ ਉਹ ਪੂਰਾ ਕੀਤਾ ਜਾਂਦਾ ਇਕ ਹੋਰ ਦੱਸ ਦਿੰਦਾ। ਜੇਕਰ ਦਿਨ ਲੰਮਾਂ ਹੁੰਦਾ, ਉਹ ਉਸ ਲਈ ਚੰਗਾ ਹੁੰਦਾ, ਅਸੀਂ ਥੱਕ ਜਾਂਦੇ ਹਾਂ ਅਤੇ ਸਾਨੂੰ ਨੀਂਦਰ ਆਉਣ ਲੱਗ ਪੈਂਦੀ ਹੈ, ਪਰ ਉਹਨੂੰ ਨਹੀਂ ਆਉਂਦੀ; ਉਹ ਇਸ ਗੱਲ ਵਿਚ ਵਿਸ਼ਵਾਸ ਕਰਦਾ ਹੈ ਕਿ ਮੌਤ ਬਗ਼ੈਰ ਦੱਸਣ ਤੋਂ ਆਉਂਦੀ ਹੈ, ਅਸੀਂ ਦੁਕਾਨ ਨੂੰ ਇਕ ਪਲ ਲਈ ਵੀ ਬੰਦ ਨਹੀਂ ਕਰ ਸਕਦੇ।"

ਜੱਚਾ- ਬੱਚਾ ਕੇਂਦਰ ਵਿਚ ਸਟਾਫ਼ ਨੂੰ ਬਿਮਾਰਾਂ ਤੋਂ ਪੈਸੇ ਲੈਣ ਦੀ ਇਜ਼ਾਜਤ ਨਹੀਂ ਸੀ, ਨਾ ਹੀ ਉਹਨਾਂ ਨੂੰ ਉੱਪਰਲੀ ਛੱਤ 'ਤੇ ਚਾਹ ਜਾਂ ਖਾਣ-ਪੀਣ ਦੀ ਇਜ਼ਾਜਤ ਸੀ। ਹੁਣ ਜਦੋਂ ਕਿ ਮੇਰੀ ਆਪਣੀ ਪਤਨੀ ਸੀ, ਮੈਂ ਕਈ ਕਹਾਣੀਆਂ ਸੁਣਦਾ ਸਾਂ, ਜਿਨ੍ਹਾਂ ਨੂੰ ਮੈਂ ਅਣਗੌਲਿਆਂ ਕਰ ਦਿੰਦਾ ਸਾਂ, ਪਰ ਇਸ ਗੱਲ ਦੀ ਮੈਨੂੰ ਚੰਗੀ ਤਰ੍ਹਾਂ ਜਾਣਕਾਰੀ ਸੀ ਕਿ ਉਹ ਅਨੁਸ਼ਾਸਨ ਨੂੰ ਤੋੜ ਰਹੀ ਸੀ। ਜਦੋਂ ਲੜਕੀਆਂ ਨੂੰ ਕੁਝ ਇਨਾਮ ਦਿੱਤਾ ਜਾਂਦਾ, ਉਹ ਉਹਨਾਂ ਨੂੰ ਉਤਸ਼ਾਹਿਤ ਕਰਦੀ ਕਿ ਉਹ ਉਸ ਦੇ ਬਿਸਕੁਟ, ਚਾਹ ਅਤੇ ਪੂੜੀ ਭਾਜੀ ਖ਼ਰੀਦ ਲੈਣ, ਉਹ ਇਕ ਲੜਕੀ ਨੂੰ ਪੌੜੀਆਂ ਦੇ ਉੱਪਰ ਅਤੇ ਦੂਸਰੀ ਨੂੰ ਥੱਲੇ ਖ਼ਿਆਲ ਰੱਖਣ ਲਈ ਖੜਾ ਕਰ ਦਿੰਦੀ, ਜਦੋਂ ਕਿ ਬਾਕੀ ਸਭ ਚਾਹ ਪਾਰਟੀ ਦਾ ਆਨੰਦ ਮਾਣਦੀਆਂ।

ਇਕ ਦਿਨ ਬਿਲਕਿਅਸ ਨੇ ਇਸ ਬਾਰੇ ਆਪ ਹੀ ਦੱਸ ਦਿੱਤਾ, "ਇਸ ਗੱਲ ਦਾ ਕੀ ਫ਼ਰਕ ਪੈਂਦਾ ਹੈ ਕਿ ਇਕ ਲੜਕੀ ਕਿਸੇ ਨੂੰ ਬੱਚਾ ਪੈਦਾ ਹੋਣ ਤੋਂ ਬਾਅਦ ਇਨਾਮ ਲੈ ਲੈਂਦੀ ਹੈ ? ਇਹ ਕੁਝ ਰੁਪੈ ਉਸ ਨੂੰ ਭ੍ਰਿਸ਼ਟ ਨਹੀਂ ਕਰ ਸਕਦੇ।" ਮੈਂ ਇਸ ਗੱਲ 'ਤੇ ਬਹੁਤ ਗੁੱਸੇ ਹੁੰਦਾ ਸਾਂ ਕੇਵਲ ਇਸ ਲਈ ਕਿ ਉਸ ਨੂੰ ਇਸ ਦੀ ਆਗਿਆ ਨਹੀਂ ਸੀ। ਉਹ ਉਪਰ ਵੱਲ ਨੂੰ ਦੌੜਦੀ, ਲੜਕੀਆਂ ਨੂੰ ਚਿਤਾਵਨੀ ਦੇਣ ਲਈ ਉਹ ਇਕੋ ਵਾਰ ਦੋ ਦੋ ਪੌੜੀਆਂ ਟੱਪ ਜਾਂਦੀ, "ਜੇ ਰੋਗੀ ਤੁਹਾਨੂੰ ਇਨਾਮ ਦੇਣ, ਇਸ ਨੂੰ

ਲੈਣ ਤੋਂ ਇਨਕਾਰ ਕਰੋ। ਇਸ ਨੂੰ ਤਾਂ ਹੀ ਪ੍ਰਵਾਨ ਕਰੋ, ਜੇ ਉਹ ਸਹਿਮਤ ਹੋਣ ਅਤੇ ਤੁਹਾਨੂੰ ਯਕੀਨ ਹੋਵੇ ਕਿ ਉਹ ਥੱਲੇ ਜਾ ਕੇ ਇਸ ਦਾ ਕਿਸੇ ਕੋਲ ਜ਼ਿਕਰ ਨਹੀਂ ਕਰਨਗੇ। ਕਿਸੇ ਕੋਲ ਵੀ ਨਹੀਂ।"

ਮੇਰੀ ਪਤਨੀ ਅਤੇ ਮੇਰੇ ਵਿਚ ਬੜਾ ਮਜ਼ਬੂਤ ਰਿਸ਼ਤਾ ਬਣ ਗਿਆ ਸੀ, ਇਸ ਗੱਲ ਦੇ ਬਾਵਜੂਦ ਕਿ ਮੇਰੇ ਵੱਲੋਂ ਪ੍ਰੇਮ ਸੰਬੰਧੀ ਅੱਗੇ ਵੱਧਣ ਨਾਲ ਸਾਡੇ ਇਕੱਠਿਆਂ ਦਾ ਬਹੁਤ ਸਾਰਾ ਸਮਾਂ ਲੈ ਲਿਆ ਜਾਂਦਾ ਸੀ। ਉਹ ਸਦਾ ਹੀ ਇਸ ਵਿਵਹਾਰ ਬਾਰੇ ਸ਼ਿਕਾਇਤ ਕਰਦੀ, "ਅਸੀਂ ਇਕ ਦੂਜੇ ਨਾਲ ਕਦੋਂ ਬੋਲਾਂਗੇ ?" ਮੈਂ ਉਸ ਨੂੰ ਚੁੱਪ ਕਰਾ ਦਿੰਦਾ ਅਤੇ ਉਸ ਨੂੰ ਆਪਣੀ ਉਸ ਸਾਰੀ ਜ਼ਿੰਦਗੀ ਦੀ ਯਾਦ ਕਰਵਾਉਂਦਾ, ਜੋ ਸਾਡੇ ਅੱਗੇ ਸੀ। ਉਹ ਮੈਨੂੰ ਕਿਸੇ ਇਕ ਨੁਕਤੇ 'ਤੇ ਫੜ ਲੈਂਦੀ, "ਤੁਹਾਡੇ ਇਸ ਸਿਧਾਂਤ ਬਾਰੇ ਕੀ ਖਿਆਲ ਹੈ ਕਿ ਸਿਰਫ਼ ਵਰਤਮਾਨ ਹੀ ਸਾਡਾ ਹੈ, ਭਵਿੱਖ ਬਿਲਕੁਲ ਅਨਿਸ਼ਚਿਤ ਹੈ ?" ਉਸ ਸਮੇਂ ਮੈਂ ਜ਼ਿੰਦਗੀ ਦੇ ਸਿਧਾਂਤਾਂ ਅਤੇ ਸਿੱਖਿਆਵਾਂ ਨੂੰ ਇਕ ਤਰਫ਼ ਕਰ ਦਿੰਦਾ।

ਉਸ ਦੇ ਗਰਭਵਤੀ ਹੋਣ ਤੋਂ ਉਸ ਨੂੰ ਉਲਟੀਆਂ ਆਉਂਦੀਆਂ ਅਤੇ ਉਹ ਸੁਸਤ ਅਤੇ ਬਿਮਾਰ ਜਿਹਾ ਮਹਿਸੂਸ ਕਰਦੀ ਸੀ, ਇਹ ਇਕ ਉਹ ਹਾਲਤ ਸੀ, ਜੋ ਨੌਂ ਮਹੀਨੇ ਜਾਰੀ ਰਹੀ। ਉਹ ਆਪਣੇ ਸੁਭਾਅ ਦੀ ਸੀ, ਉਹ ਖਿੱਝ ਜਾਂਦੀ ਸੀ ਅਤੇ ਹੁਣ ਉਹ ਨਾ ਚਿੜੀਆਂ ਵਾਂਗ ਚਹਿਚਾਉਂਦੀ ਸੀ ਨਾ ਹੀ ਮਖ਼ੌਲ ਕਰਦੀ ਸੀ, ਜਿਸ ਤਰ੍ਹਾਂ ਉਹ ਪਹਿਲਾਂ ਕਰਦੀ ਹੁੰਦੀ ਸੀ। ਭਾਵੇਂ ਕਿ ਉਸ ਨੇ ਖਾਣਾ ਬਣਾਉਣਾ ਅਤੇ ਸਫ਼ਾਈ ਕਰਨੀ ਅਤੇ ਜੱਚਾ-ਬੱਚਾ ਕੇਂਦਰ ਅਤੇ ਬੇਆਸਰਿਆਂ ਦੇ ਘਰ ਵਿਚ ਕੰਮ ਕਰਨਾ ਜਾਰੀ ਰੱਖਿਆ ਸੀ। ਬਿਲਕਿਅਸ ਮੇਰੇ ਕੋਲੋਂ ਭੱਜ ਜਾਂਦੀ ਸੀ, ਉਹ ਉਥੇ ਛੁੱਪ ਜਾਂਦੀ, ਜਿਥੇ ਮੈਂ ਉਸ ਨੂੰ ਨਹੀਂ ਸਾਂ ਲੱਭ ਸਕਦਾ। ਜਦੋਂ ਮੈਂ ਉਸ ਨੂੰ ਲੱਭ ਲੈਂਦਾ ਤਾਂ ਉਹ ਬੜੇ ਗੁੱਸੇ ਵਿਚ ਸ਼ਿਕਾਇਤ ਕਰਦੀ। ਕਈ ਵਾਰ ਜਦੋਂ ਉਹ ਖਾਣਾ ਬਣਾ ਰਹੀ ਹੁੰਦੀ ਜਾਂ ਸਫ਼ਾਈ ਕਰ ਰਹੀ ਹੁੰਦੀ, ਮੈਂ ਉਥੇ ਆ ਜਾਂਦਾ ਅਤੇ ਉਸ ਨੂੰ ਤੰਗ ਕਰਦਾ।

ਮੈਂ ਉਸ ਨੂੰ ਹੋਰ ਢੰਗਾਂ ਨਾਲ ਬਹੁਤ ਲਾਡ-ਪਿਆਰ ਕਰਦਾ। ਜੇ ਉਸ ਨੂੰ ਉਲਟੀਆਂ ਆਉਂਦੀਆਂ, ਮੈਂ ਆਪਣੀਆਂ ਤਲੀਆਂ ਉਸ ਦੇ ਮੂੰਹ ਅੱਗੇ ਰੱਖਣ ਤੋਂ ਨਾ ਝਕਦਾ, ਨਾ ਹੀ ਸਫ਼ਾਈ ਨੂੰ ਮੈਂ ਉਸ 'ਤੇ ਛੱਡਦਾ। ਮੈਂ ਫਲ ਲਿਆਉਂਦਾ ਅਤੇ ਕੱਟ ਕੇ ਉਸ ਅੱਗੇ ਰੱਖਦਾ, ਉਸ ਦੇ ਕੱਪੜੇ ਆਪਣਿਆਂ ਕੱਪੜਿਆਂ ਨਾਲ ਧੋ ਦਿੰਦਾ ਅਤੇ ਘਰ ਦਾ ਸਾਰਾ ਕੰਮ ਕਰਨਾ ਸ਼ੁਰੂ ਕਰ ਦਿੰਦਾ, ਜਦੋਂ ਕਿ ਉਹ ਲੇਟੀ ਹੋਈ ਮੈਨੂੰ ਵੇਖਦੀ ਰਹਿੰਦੀ, ਉਹ ਇਸ ਤਰ੍ਹਾਂ ਚੇਤੰਨ ਹੁੰਦੀ, ਜਿਸ ਤਰ੍ਹਾਂ ਕੋਈ ਬਿੱਲੀ। ਜਦੋਂ ਵੀ ਮੈਂ ਉਸ ਨੂੰ ਥੋੜ੍ਹਾ ਜਿਹਾ ਠੀਕ ਹੋਇਆ ਵੇਖਦਾ, ਮੈਂ ਕੰਮ ਛੱਡ ਦਿੰਦਾ ਅਤੇ ਬਾਹਰ ਪਹੁੰਚ ਜਾਂਦਾ।

ਹੁਣ ਤਕ ਮੈਮਨ ਲੋਕਾਂ ਦੀ ਵਿਰੋਧਤਾ ਕੁਝ ਪਿੱਛੇ ਹੱਟ ਗਈ ਸੀ, ਉਹਨਾਂ ਨੇ ਜੋ ਕੁਝ ਹੁਣ ਤਕ ਕਹਿਣਾ ਜਾਰੀ ਰੱਖਿਆ, ਉਸ ਦਾ ਮੇਰੇ ਲਈ ਬਹੁਤ ਥੋੜਾ ਪ੍ਰਭਾਵ ਸੀ। ਕੋਈ ਵੀ ਨੁਕਸਾਨ ਮੈਨੂੰ ਰੁਕਾਵਟ ਨਹੀਂ ਸੀ ਪਾ ਸਕਦਾ, ਖ਼ਾਸ ਕਰਕੇ ਲੋਕਾਂ ਦੀ ਰਾਇ ਅਤੇ ਆਪਣੇ ਆਪ ਦੀ ਸਾਖ਼ ਦਾ ਨੁਕਸਾਨ। ਮੇਰੇ ਲਈ ਇਹ ਕੋਈ ਮਹੱਤਤਾ ਵਾਲੇ ਤੱਤ ਨਹੀਂ ਸਨ। ਮੈਨੂੰ ਇਹਨਾਂ ਲਈ ਕਿਸੇ ਦੀ ਮਨਜ਼ੂਰੀ ਨਹੀਂ ਸੀ ਲੈਣੀ ਪੈਂਦੀ, ਕਿਸ ਕੋਲੋਂ ਅਤੇ ਕਿਸ ਲਈ ? ਮੇਰਾ ਕੰਮ ਬਿਲਕੁਲ ਹੀ ਮੇਰੇ ਇਰਾਦਿਆਂ ’ਤੇ ਆਧਾਰਿਤ ਸੀ।

ਪਰ ਭਾਵਨਾਵਾਂ ਕਿਸੇ ’ਤੇ ਨਿਰਭਰ ਨਹੀਂ ਸਨ ਕਰਦੀਆਂ ਅਤੇ ਉਹਨਾਂ ਨੂੰ ਹਜ਼ਾਰਾਂ ਖਿੱਚਾਂ ਵਾਲੀਆਂ ਬੁਰਾਈਆਂ ਤੋਂ ਬਚਾ ਕੇ ਰੱਖਣਾ ਪੈਂਦਾ ਸੀ। ਸੁਚੇਤ ਰਹਿਣ ਕਰਕੇ ਅਤੇ ਸੰਦੇਹ ਨੇ ਮੈਨੂੰ ਇਕ ਸੁੱਖ-ਪੂਰਣ ਉੱਤੇਜਣਾ ਬਾਰੇ ਚਿਤਾਵਨੀ ਦਿੱਤੀ, ਜੋ ਮੇਰੀ ਦਿਸ਼ਾ ਨੂੰ ਬਦਲ ਸਕਦੀ ਸੀ ਅਤੇ ਇਸ ਨੂੰ ਇਕ ਰਾਸ ਕਲਪਨਾ-ਲੋਕ ਵੱਲ ਲਿਜਾ ਸਕਦੀ ਸੀ। ਮੇਰੀ ਸਿਫ਼ਤ ਵਾਲੀਆਂ ਅਖ਼ਬਾਰਾਂ ਦੇ ਲੇਖ ਜੋ ਮੇਰੇ ਖ਼ਿਲਾਫ਼ ਪ੍ਰਚਾਰ ਨੂੰ ਬਦਲ ਰਹੇ ਸਨ, ਉਹ ਇਹ ਚਾਹੁੰਦੇ ਸਨ ਕਿ ਮੈਂ ਲਗਾਤਾਰ ਰੁਕਾਵਟਾਂ ਦਾ ਧਿਆਨ ਰੱਖਾਂ ਅਤੇ ਆਪਣੇ ਆਪ ਨੂੰ ਯਾਦ ਕਰਵਾਉਂਦਾ ਰਹਾਂ, “ਉਹਨਾਂ ਨੂੰ ਤੁਹਾਡੀ ਸਥਿੱਤੀ ਨੂੰ ਵਧਾ ਚੜ੍ਹਾਅ ਕੇ ਨਾ ਦੱਸਣ ਦਿਉ। ਕਈ ਆਪਣੇ ਸਾਧਾਰਣ ਪਿਛੋਕੜ ਨੂੰ ਭੁੱਲਣ ਕਰਕੇ ਭਟਕ ਗਏ ਸਨ, ਤੂੰ ਇਕ ਛੋਟਾ ਆਦਮੀ ਹੈ, ਜੋ ਇਹ ਕੋਸ਼ਿਸ਼ ਕਰ ਰਿਹਾ ਹੈ ਕਿ ਅਸਾਧਾਰਣ ਵੀ ਸਾਧਾਰਣ ਹੈ।”

ਮੇਰੇ ਕੰਮ ਦੇ ਵਿਲੱਖਣ ਹੋਣ ਦਾ ਇਕ ਹੀ ਕਾਰਨ ਹੈ ਕਿ ਬਾਕੀ ਸਾਰੇ ਹੀ ਆਪਣੇ ਰਾਹ ਤੋਂ ਭਟਕ ਗਏ ਸਨ। ਅਸਲ ਵਿਚ ਇਹ ਸਾਰੀ ਮਨੁੱਖਤਾ ਦੀ ਸਮਰੱਥਾ ਦੀ ਮਿਸਾਲ ਹੈ। ਸਾਰੇ ਆਦਮੀਆਂ ਵਿਚ ਇਸ ਕੁਦਰਤੀ ਸ਼ਕਤੀ ਨੂੰ ਜਗਾਉਣ ਦੀ ਮੇਰੀ ਖ਼ਾਹਿਸ਼, ਇਸ ਉਮੀਦ ਵਿਚ ਸੀ ਕਿ ਮੈਂ ਆਪਣੀਆਂ ਯੋਗਤਾਵਾਂ ਨੂੰ ਆਮ ਲੋਕਾਂ ਲਈ ਬਣਾਉਣਾ ਚਾਹੁੰਦਾ ਸਾਂ। ਜੇ ਮੈਂ ਉਸਦੀ ਮਿਸਾਲ ਸਾਂ ਤਾਂ ਮੇਰੀ ਜ਼ਿੰਦਗੀ ਅਤੇ ਮੇਰੇ ਕੰਮ ਆਮ ਵਰਗੇ ਹੋਣੇ ਚਾਹੀਦੇ ਸਨ, ਉਹ ਕੋਈ ਖ਼ਾਸ ਨਹੀਂ ਹੋਣੇ ਚਾਹੀਦੇ। ਮੈਂ ਡਿਸਪੈਂਸਰੀ ਦੇ ਬੋਰਡ ’ਤੇ ਇਕ ਕਾਗਜ਼ ਚਿਪਕਾਇਆ, ਜਿਸ ਵਿਚ ਕਿਹਾ ਗਿਆ ਸੀ: ਅਸੀਂ ਈਦੀ ਨੂੰ ਇਕ ਵੱਖਰਾ ਆਦਮੀ ਨਹੀਂ ਚਾਹੁੰਦੇ। ਅਸੀਂ ਮਨੁੱਖਤਾ ਵਿਚ ਈਦੀ ਦਾ ਵਧਣਾ ਚਾਹੁੰਦੇ ਹਾਂ, ਤਾਂ ਕਿ ਉਹਨਾਂ ਵਿਚ ਸਭ ਤੋਂ ਚੰਗੀ ਮਿਸਾਲ ਹੋਵੇ, ਜਿਨ੍ਹਾਂ ਨੇ ਉਹਨਾਂ ਦੀਆਂ ਭਾਵਨਾਵਾਂ ’ਤੇ ਕਾਬੂ ਪਾ ਲਿਆ ਹੈ।

ਡਿਸਪੈਂਸਰੀ ਵਿਚ ਹਰ ਵਕਤ ਲੋਕਾਂ ਦੇ ਅੰਦਰ ਆਉਣ ਅਤੇ ਬਾਹਰ ਜਾਣ ਦੀ ਰੌਣਕ ਰਹਿੰਦੀ ਸੀ। ਇਮਾਰਤਾਂ, ਜਿਨ੍ਹਾਂ ਨੂੰ ਮੈਂ ਕਿਰਾਏ ’ਤੇ ਲਿਆ ਸੀ, ਉਨ੍ਹਾਂ ਦੇ ਹਰ ਵਿਹਲੇ ਹਿੱਸੇ ਨੂੰ ਵਰਤਿਆ ਜਾ ਰਿਹਾ ਸੀ। ਉਥੇ ਕਦੀ ਵੀ ਨਾ ਤਾਂ ਜੱਚਾ-ਬੱਚਾ

ਕੇਂਦਰ ਵਿਚ ਮੰਜੇ ਵਿਹਲੇ ਰਹਿੰਦੇ ਸਨ, ਇਸ ਦੇ ਕਾਰਨ ਸਾਨੂੰ ਟਰੇਨਿੰਗ ਸਕੂਲ ਲਈ ਖੇਤਰ ਨੂੰ ਵਧਾਉਣਾ ਪਿਆ। ਬੇਆਸਰਿਆਂ ਦੇ ਘਰ ਵਿਚ ਵੀ ਜਗ੍ਹਾ ਦੀ ਘਾਟ ਸੀ। ਲੋਕ ਹਰ ਤਰਫ਼ ਫੈਲ ਰਹੇ ਸਨ, ਜਿਨ੍ਹਾਂ ਨੂੰ ਈਦੀ ਕਿਹਾ ਜਾਂਦਾ ਸੀ। ਐਂਬੂਲੈਂਸਾਂ ਦਾ ਸਮੂਹ 14 ਵਾਹਨਾਂ ਵਿਚ ਵੱਧ ਚੁੱਕਾ ਸੀ ਅਤੇ ਉਸ ਦੀਆਂ ਸੇਵਾਵਾਂ ਸਾਰੇ ਕਰਾਚੀ ਵਿਚ ਅਤੇ ਸਿੰਧ ਦੇ ਅੰਦਰੂਨੀ ਇਲਾਕਿਆਂ ਵਿਚ ਪਹਿਚਾਣੀਆਂ ਜਾਂਦੀਆਂ ਸਨ, ਜਿਹੜੀਆਂ ਚੌਵੀ ਘੰਟੇ ਇਸ ਤਰ੍ਹਾਂ ਦੀਆਂ ਘੱਟਨਾਵਾਂ ਵਿਚ ਮੈਨੂੰ ਰੁੱਝਿਆਂ ਰੱਖਦੀਆਂ ਸਨ, ਜੋ ਮੇਰਾ ਦਿਲ ਤੋੜ ਦਿੰਦੀਆਂ ਸਨ।

ਬਿਲਕਿਅਸ ਨੇ ਆਪਾਤ ਸਥਿੱਤੀ ਦੇ ਕੰਮ ਵਿਚ ਮੇਰਾ ਸਾਥ ਦੇਣਾ ਸ਼ੁਰੂ ਕਰ ਦਿੱਤਾ ਸੀ ਅਤੇ ਇਸ ਤਰ੍ਹਾਂ ਦੇ ਇਕ ਮੌਕੇ 'ਤੇ ਅਸੀਂ ਇਕ ਭਿਆਨਕ ਹਾਦਸੇ ਦੀ ਜਗ੍ਹਾ 'ਤੇ ਪਹੁੰਚ ਗਏ ਜਿਹੜਾ ਕਿ ਇਕ ਬੱਸ ਡਰਾਈਵਰ ਦੀ ਬੇਸਬਰੀ ਨੇ ਪੈਦਾ ਕੀਤਾ ਸੀ.....ਜੋ ਸਮੇਂ ਨੂੰ ਬਚਾ ਰਿਹਾ ਸੀ। ਉਹ ਰੇਲ ਨੂੰ ਸੁਰੱਖਿਅਤ ਦੂਰੀ 'ਤੇ ਸਮਝ ਰਿਹਾ ਸੀ, ਉਸ ਨੇ ਰੇਲਵੇ ਫਾਟਕ ਤੋਂ ਲੰਘਣ ਲਈ ਰਫ਼ਤਾਰ ਤੇਜ ਕਰ ਦਿੱਤੀ, ਪਰ ਗੱਡੀਆਂ ਦੀਆਂ ਰਫ਼ਤਾਰਾਂ, ਜਿਸ ਤਰ੍ਹਾਂ ਸਮੁੰਦਰ ਦੀਆਂ ਲਹਿਰਾਂ ਹੋਣ, ਹਰ ਵਕਤ ਧੋਖਾ ਦੇ ਜਾਂਦੀਆਂ ਹਨ। ਉਹ ਰੇਲ ਬੱਸ ਦੇ ਵਿਚ ਵੱਜੀ ਅਤੇ ਖੜੇ ਹੋਣ ਤੋਂ ਪਹਿਲਾਂ ਦੂਰ ਤਕ ਘਸੀਟ ਕੇ ਲੈ ਗਈ। ਜਦੋਂ ਉਸਨੂੰ ਪਿੱਛੇ ਖਿੱਚਿਆ, ਅਸੀਂ ਕੱਟੇ ਹੋਏ ਅੰਗ ਅਤੇ ਮਾਸ ਦੇ ਟੁਕੜੇ ਇਕੱਠੇ ਕਰਨੇ ਸ਼ੁਰੂ ਕੀਤੇ, ਜੋ ਬੁਰੀ ਤਰ੍ਹਾਂ ਕੁਚਲੇ ਹੋਏ ਸਨ। ਜੋ ਫਿੱਸੀ ਹੋਈ ਬੱਸ ਦੇ ਢੇਰ ਥੱਲੇ ਦੱਬੇ ਹੋਏ ਸਨ।

ਬਿਲਕਿਅਸ ਚਿੱਲਾਈ, "ਹੁਣੇ ਹੀ ਉਹ ਆਪਣੇ ਸਫ਼ਰ ਨੂੰ ਯਕੀਨੀ ਬਣਾ ਰਹੇ ਸਨ, ਉਹਨਾਂ ਕੋਲ ਕਈ ਯੋਜਨਾਵਾਂ ਹੋਣਗੀਆਂ, ਹੁਣ ਉਹ ਸਾਰੇ ਹੀ ਖ਼ਤਮ ਹੋ ਗਏ ਹਨ।" ਮੈਂ ਉਸ ਨੂੰ ਸਮਝਾਇਆ, "ਬਿਲਕਿਅਸ, ਉਹ ਸਿਰਫ਼ ਖ਼ਤਮ ਹੀ ਨਹੀਂ ਹੋਏ, ਉਹ ਬਗ਼ੈਰ ਕਿਸੇ ਚਿਤਾਵਨੀ ਦੇ ਮਿੱਟਣ ਤੋਂ ਪਹਿਲਾਂ ਹੀ ਮਿੱਟ ਗਏ ਹਨ। ਸਾਰੀ ਹੀ ਦੁਨੀਆਂ ਇਸ ਅੰਤ ਨੂੰ ਭੁੱਲ ਕੇ ਜੀਉ ਰਹੀ ਹੈ।" ਇਸਲਾਮ ਦੀ ਇਸ ਉਸਾਰੂ ਹਿਦਾਇਤ ਕਿ ਆਮ ਹੀ ਕਬਰਸਤਾਨਾਂ 'ਤੇ ਜਾਇਆ ਜਾਵੇ ਅਤੇ ਜਨਾਜ਼ਿਆਂ ਵਿਚ ਜਾਇਆ ਜਾਵੇ, ਨੂੰ ਅਣਗੌਲਿਆਂ ਕੀਤਾ ਗਿਆ ਸੀ, ਉਸੇ ਤਰ੍ਹਾਂ ਇਸਲਾਮ ਦੀਆਂ ਹੋਰ ਮਹੱਤਵਪੂਰਣ ਹਿਦਾਇਤਾਂ ਨੂੰ। ਮੈਂ ਆਪਣੀ ਰੋ ਰਹੀ ਪਤਨੀ ਨੂੰ ਸਮਝਾਇਆ, "ਇਸ ਹੁਕਮ ਨੂੰ ਸਾਹਮਣੇ ਰੱਖਦੇ ਹੋਏ ਤੁਸੀਂ ਜ਼ਿੰਦਗੀ ਅਤੇ ਮੌਤ ਵਿਚ ਸੰਤੁਲਨ ਵਿਚ ਰਹਿੰਦੇ ਹੋ। ਸਿਰਫ਼ ਮੌਤ ਨੂੰ ਅਮਲ ਵਿਚ ਵੇਖਣ ਨਾਲ ਹੀ ਉਹ ਸੰਤੁਲਨ ਪੈਦਾ ਹੋ ਸਕਦਾ ਹੈ, ਇਸ ਤੋਂ ਹੋਰ ਕੋਈ ਮਜ਼ਬੂਤ ਮਿਸਾਲ ਨਹੀਂ। ਕੀ ਇਹ ਦੁਰਘੱਟਨਾ ਤੈਨੂੰ ਇਹ ਨਹੀਂ ਸਮਝਾਉਂਦੀ ਕਿ ਮੌਤ ਹੌਲੀ-ਹੌਲੀ ਚਲ ਕੇ ਕਿੰਨੀ ਨਜ਼ਦੀਕ ਆ ਜਾਂਦੀ ਹੈ ? ਇਹ ਚੋਰੀ ਚੋਰੀ ਆਉਂਦੀ ਹੈ, ਸਿਰਫ਼ ਕੁਝ ਹੀ ਕਦਮ ਨੇੜੇ, ਸ਼ਾਇਦ ਸਿਰਫ਼ ਇਕ ਕਦਮ ਪਿੱਛੇ।"

ਸਾਨੂੰ ਆਮ ਤੌਰ ’ਤੇ ਸਮੁੰਦਰ ਵੀ ਸਿਰ ਹਿਲਾ ਕੇ ਬੁਲਾ ਲੈਂਦਾ ਸੀ। ਕਈ ਵਾਰ ਅਸੀਂ ਸਾਰੀ ਰਾਤ ਖੋਜੀ ਟੀਮਾਂ ਨਾਲ ਬਿਤਾਉਂਦੇ। ਗਰਮੀਆਂ ਦੇ ਦਿਨਾਂ ਵਿਚ ਇਹ ਹਰ ਰੋਜ਼ ਚਾਰ ਤੋਂ ਪੰਜ ਲੋਕਾਂ ਨੂੰ ਨਿਗਲ ਲੈਂਦਾ, ਆਮ ਤੌਰ ’ਤੇ ਜਵਾਨ ਲੜਕਿਆਂ ਨੂੰ। ਪਰਿਵਾਰ ਅਤੇ ਦੋਸਤ ਕੰਢੇ ’ਤੇ ਉਡੀਕ ਕਰਦੇ, ਇਹ ਸੁਭਾਵਿਕ ਹੀ ਸੀ ਕਿ ਉਹ ਬਹੁਤ ਬੇਸਬਰ ਹੁੰਦੇ ਸਨ, ਬਹੁਤ ਜਜ਼ਬਾਤੀ ਅਤੇ ਟੁੱਟ ਚੁੱਕੇ ਹੁੰਦੇ। ਨਜ਼ਦੀਕ ਲੰਘਦੀਆਂ ਕਾਰਾਂ ਵੀ ਵੇਖਣ ਲਈ ਖੜ੍ਹ ਜਾਂਦੀਆਂ ਸਨ।

ਮਿਆਨੀ ਦਾ ਸਮੁੰਦਰ ਦਾ ਕੰਢਾ ਬਹੁਤ ਖ਼ਤਰਨਾਕ ਸੀ। ਨਜ਼ੀਮਾਬਾਦ ਕਾਲੋਨੀ ਦੇ ਇਕ ਹੀ ਪਰਿਵਾਰ ਦੇ ਬਾਈ ਮੈਂਬਰ ਘਰ ਤੋਂ ਪਿਕਨਿਕ ਮਨਾਉਣ ਲਈ ਸੂਰਜ ਚੜ੍ਹਨ ਦੇ ਨਾਲ ਗਏ, ਦੁਪਹਿਰ ਤਕ ਉਹਨਾਂ ਵਿਚੋਂ ਚੌਦਾਂ ਮਹਾਂਸਾਗਰ ਦੀਆਂ ਉੱਚੀਆਂ ਲਹਿਰਾਂ ਵਿਚ ਡੁੱਬ ਗਏ ਸਨ। ਸਾਡੀਆਂ ਐਂਬੂਲੈਂਸਾਂ ਨੇ ਲਾਸ਼ਾਂ ਇਕੱਠੀਆਂ ਕੀਤੀਆਂ ਅਤੇ ਮੀਠਾਦਾਰ ਲੈ ਆਏ।

ਸਾਰੀ ਕਾਲੋਨੀ ਵਿਚ ਮਾਤਮ ਛਾਇਆ ਹੋਇਆ ਸੀ। ਦੁਕਾਨਾਂ ਬੰਦ ਸਨ। ਮੈਂ ਐਂਬੂਲੈਂਸਾਂ ਦੇ ਸਭ ਤੋਂ ਅੱਗੇ, ਤੰਗ ਗਲੀਆਂ ਵਿਚੋਂ ਦੀ ਜਾ ਰਿਹਾ ਸਾਂ, ਜਿਥੇ ਉਥੋਂ ਦੇ ਰਹਿਣ ਵਾਲੇ ਇਸ ਦੁਖ ਵਿਚ ਇਕੱਠੇ ਹੋਏ ਸਨ, ਜਿਹੜੇ ਸਤਿਕਾਰ ਨਾਲ ਪਹਿਲੀ ਐਂਬੂਲੈਂਸ ਤੋਂ ਪਰੇ ਹੋ ਗਏ। ਉਹਨਾਂ ਦੇ ਚਿਹਰਿਆਂ ’ਤੇ ਮਿਲੇ ਜੁਲੇ ਭਾਵ ਪ੍ਰਤੱਖ ਨਜ਼ਰ ਆ ਰਹੇ ਸਨ : ਮੌਤ ਦਾ ਡਰ ਅਤੇ ਡੁੱਬ ਜਾਣ ਦੀ ਭਿਆਨਕਤਾ।

ਇਸ ਗੱਲ ਦੇ ਦੁੱਖ ਨੂੰ ਘੱਟ ਕਰਨ ਲਈ ਕਿ ਚੌਦਾਂ ਲਾਸ਼ਾਂ ਨੂੰ ਇਕ ਹੀ ਘਰ ਵਿਚ ਨਾ ਲਿਜਾਇਆ ਜਾਏ, ਮੈਂ ਪਹਿਲੋਂ ਹੀ ਘਰ ਦੇ ਨਾਲ ਇਕ ਸ਼ਾਮਿਆਨਾ ਲਾਉਣ ਲਈ ਕਹਿ ਦਿੱਤਾ ਸੀ। ਅਸੀਂ ਉਹਨਾਂ ਨੂੰ ਲਾਈਨਾਂ ਵਿਚ ਅੰਤਮ ਸੰਸਕਾਰ ਦੀ ਪ੍ਰਾਰਥਨਾ ਦੀ ਤਿਆਰੀ ਲਈ ਰੱਖ ਦਿੱਤਾ, ਪਰ ਉਸੇ ਸਮੇਂ ਉਥੇ ਆਮ ਹੋਣ ਵਾਲੀ ਘੱਟਨਾ ਹੋਈ। ਉਹਨਾਂ ਦੇ ਜਨਾਜ਼ੇ ਨੂੰ ਉਹਨਾਂ ਦੇ ਵੱਡਿਆਂ ਦੇ ਸਾਊਦੀ ਅਰਬੀਆ ਤੋਂ ਆਉਣ ਤਕ ਉਡੀਕ ਕਰਨ ਲਈ ਦੇਰੀ ਕਰ ਦਿੱਤੀ। ਇਸ ਹਾਲਤ ਵਿਚ ਹੋਰਨਾਂ ਵਾਂਗ ਹੀ ਜੋ ਪਿੱਛੇ ਰਹਿ ਗਏ ਸਨ, ਮੈਂ ਉਹਨਾਂ ਦਾ ਦਰਦ ਸਮਝ ਸਕਦਾ ਸਾਂ, ਜੋ ਮਨੁੱਖੀ ਹੋਂਦ ਨਾਲ ਅਸਲ ਵਿਚ ਸੰਭਵ ਨਹੀਂ ਸੀ। ਹਰ ਸਰੀਰ ਨੂੰ ਵੱਖਰੇ ਵੱਖਰੇ ਤੌਰ ’ਤੇ ਵੱਖ ਵੱਖ ਬਰਫ਼ ਦੇ ਟੁੱਕੜਿਆਂ ਵਿਚ ਸੁਰੱਖਿਅਤ ਰੱਖਣਾ ਸੀ ਅਤੇ ਉਹਨਾਂ ਸਾਰਿਆਂ ਦੀਆਂ ਲਾਸ਼ਾਂ ਦੇ ਦੁਆਲੇ ਬਰਫ਼ ਦੀ ਇਕ ਕੰਧ ਬਣਾ ਦਿੱਤੀ ਗਈ। ਇਥੇ ਉਹ ਸਾਰੀ ਰਾਤ ਪਈਆਂ ਰਹੀਆਂ, ਅਗਲੀ ਸਵੇਰ ਤਕ।

ਇਕ ਬਜ਼ੁਰਗ ਔਰਤ ਦੇ ਤਿੰਨ ਲੜਕੇ ਅਤੇ ਨੂੰਹਾਂ, ਦੋ ਲੜਕੀਆਂ, ਤਿੰਨ ਭਤੀਜੀਆਂ ਅਤੇ ਤਿੰਨ ਪੋਤਰੀਆਂ ਮਰ ਗਈਆਂ ਸਨ। ਉਸ ਦੇ ਵਿਰਲਾਪ ਦੀਆਂ ਚੀਕਾਂ ਉਸ ਦੇ ਗੁਆਂਢ ਨੂੰ ਚੀਰ ਕੇ ਲੰਘ ਰਹੀਆਂ ਸਨ। ਜਦੋਂ ਉਹ ਚੁੱਪ ਹੋ ਗਈ, ਉਹ ਬੇਕਾਬੂ ਹੋਕੇ ਸਿਸਕੀਆਂ ਲੈਣ ਲਗੀ, ਜਿਸ ਵਿਚ ਉਹ ਆਪਣੇ ਉਹਨਾਂ

ਪਿਆਰਿਆਂ ਸੰਬੰਧੀ, ਅਜੁੜਵੀਆਂ ਕਹਾਣੀਆਂ ਸੁਣਾਉਂਦੀ ਸੀ, ਉਹਨਾਂ ਛੋਟੀਆਂ ਘੱਟਨਾਵਾਂ ਨੂੰ ਯਾਦ ਕਰਦੀ, ਜਿਹੜੇ ਉਸ ਨੂੰ ਉਸ ਵੇਲੇ ਯਾਦ ਆਉਂਦੇ ਜਦੋਂ ਉਹ ਨਾ ਪੂਰਾ ਹੋਣ ਵਾਲਾ ਘਾਟਾ ਹੋ ਜਾਂਦਾ, ਉਸ ਦੀ ਬੁੜਾਪੇ ਦੀ ਪੂੰਜੀ ਗਵਾਚ ਗਈ ਸੀ। ਉਹ ਇਕ ਬੱਚੇ ਦੀ ਤਰ੍ਹਾਂ ਕਿਸੇ ਦੀਆਂ ਬਾਹਾਂ ਵਿਚ ਲਿਪਟ ਜਾਂਦੀ, ਉਸ ਦਾ ਸਰੀਰ ਉਸ ਦੀਆਂ ਸਿਸਕੀਆਂ ਨਾਲ ਕੰਬ ਰਿਹਾ ਸੀ, "ਮੈਂ ਇਕ-ਇਕ ਲਈ ਸਾਜ਼-ਸਮਾਨ ਬਣਾਇਆ ਸੀ। ਬਾਕੀ ਹੋਰ ਕਿਥੇ ਚਲੇ ਗਏ ? ਉਹ ਸਾਰੇ ਕਿਉਂ ਚਲੇ ਗਏ ਹਨ ?"

ਉਹਨਾਂ ਲਾਸ਼ਾਂ ਨੂੰ ਲੈ ਜਾਣ ਤੋਂ ਪਹਿਲਾਂ ਬਿਲਕਿਅਸ ਨੇ ਉਸ ਬਜ਼ੁਰਗ ਔਰਤ ਨੂੰ ਬਾਲਕੋਨੀ ਵਿਚ ਲਿਜਾਣ ਵਿਚ ਮਦਦ ਕੀਤੀ, ਜਿਹੜੀ ਥੱਲੇ ਪਈਆਂ ਲਾਸ਼ਾਂ ਦੀ ਲੰਮੀ ਲਾਈਨ ਦੇ ਉੱਪਰ ਸੀ। ਉਸ ਦੇ ਉਜੜੇ ਹੋਏ ਦਿਮਾਗ ਨਾਲ ਉਹ ਆਪਣੀ ਹੀ ਪ੍ਰਤਿਕ੍ਰਿਆ ਨਾਲ ਕੰਬ ਰਹੀ ਸੀ ਅਤੇ ਉਸ ਦੀ ਦੁਖੀ ਆਤਮਾ ਉਲਝਣ ਨਾਲ ਪੀੜਿਤ ਸੀ, "ਇਨ੍ਹਾਂ ਵਿਚੋਂ ਮੈਂ ਕਿਸ ਲਈ ਰੋਣਾ ਹੈ ? ਮੇਰੀ ਲੜਕੀ ਕਿਹੜੀ ਹੈ, ਮੇਰਾ ਲੜਕਾ ਕਿਹੜਾ ਹੈ ?" ਉਹ ਬਿਲਕਿਅਸ ਨੂੰ ਪੁੱਛਦੀ ਰਹਿੰਦੀ, "ਕੀ ਮੇਰੀ ਧੀ ਨੇ ਕੁਝ ਕਿਹਾ ਸੀ ? ਕੀ ਮੇਰੇ ਪੁੱਤਰ ਨੇ ਕੁਝ ਕਿਹਾ ਸੀ ?" ਮੈਂ ਜਾਣਦਾ ਸਾਂ, ਉਹ ਆਪਣੇ ਆਖ਼ਰੀ ਸਾਹ ਮੁੱਕਣ ਤੋਂ ਪਹਿਲਾਂ ਵਾਰ-ਵਾਰ ਮਰੇਗੀ।

ਇਕ ਹੋਰ ਸਮੇਂ 'ਤੇ, ਇਕ ਛੋਟੇ ਜਿਹੇ ਘਰ ਦੇ ਬਨੇਰੇ 'ਤੇ ਇਕ ਬਿੱਲੀ ਰੋ ਰਹੀ ਸੀ, ਜਿਹੜੀ ਆਪਣੇ ਵੱਲ ਧਿਆਨ ਖਿੱਚ ਰਹੀ ਸੀ, ਪਰ ਉਸ ਨੂੰ ਉਦੋਂ ਤਕ ਨਾ ਸੁਣਿਆ ਗਿਆ, ਜਦੋਂ ਕਿ ਇਕ ਗੰਦੀ ਬਦਬੂ ਆਉਣੀ ਸ਼ੁਰੂ ਹੋ ਗਈ। ਚਾਰ ਬਾਲਿਗਾਂ ਅਤੇ ਛੇ ਬੱਚਿਆਂ ਦਾ ਇਕ ਪਰਿਵਾਰ ਲੱਭਿਆ। ਬਿਲਕਿਅਸ ਅਤੇ ਮੈਂ ਉਹਨਾਂ ਦੇ ਮਾਸ ਦੇ ਕੱਟੇ ਹੋਏ ਟੋਟਿਆਂ ਨੂੰ ਇਕੱਠਾ ਕੀਤਾ। ਅਸੀਂ ਉਹਨਾਂ ਦੇ ਅੰਤਮ ਸੰਸਕਾਰ ਲਈ ਮੀਠਾਦਾਰ ਵਿਚ ਤਿਆਰੀ ਕੀਤੀ ਅਤੇ ਵਾਪਸ ਉਸ ਇਲਾਕੇ ਵਿਚ ਐਂਬੂਲੈਂਸ ਲੈ ਕੇ ਆਏ, ਜਿਥੇ ਅਸੀਂ ਜਨਾਜ਼ੇ ਦੇ ਜਾਣ ਦੇ ਸਮੇਂ ਬੜੀ ਵੱਡੀ ਪਰੇਸ਼ਾਨੀ ਦਾ ਵਾਤਾਵਰਣ ਵੇਖਿਆ।

ਬਿਲਕਿਅਸ ਕਿਸੇ ਦੇ ਮਰ ਜਾਣ ਦੇ ਦੁੱਖ ਨਾਲ ਡੁੱਬੀ ਹੋਈ ਸੀ। ਉਸ ਦਾ ਜਜ਼ਬਾਤੀ ਸੁਭਾਅ ਅਤੇ ਖ਼ੁਸ਼ ਆਤਮਾ, ਹਰ ਸਮੇਂ ਡੋਲ ਜਾਂਦੀ ਸੀ। ਮੈਂ ਉਸ ਨੂੰ ਘਰ ਵਾਪਸ ਆਉਂਦਿਆਂ ਰਸਤੇ ਵਿਚ ਇਕ ਇਸ ਤਰ੍ਹਾਂ ਦੇ ਦੁਖਾਂਤ ਬਾਰੇ ਦੱਸਿਆ, "ਤੂੰ ਆਪਣੇ ਦਿਲ 'ਤੇ ਜ਼ਖ਼ਮ ਕਰਨਾ ਬਰਦਾਸ਼ਤ ਨਹੀਂ ਕਰੇਂਗੀ। ਇਹ ਤੈਨੂੰ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਕਰੇਗਾ। ਆਪਣੀ ਪੀੜ ਨੂੰ ਅਮਲੀ ਸ਼ਕਤੀ ਵਿਚ ਬਦਲ ਲੈ, ਅਤੇ ਉਸ ਨੂੰ ਮੇਰੇ ਢੰਗ ਵਾਂਗ ਵਰਤ।" ਤਾਂ ਉਹ ਹਰ ਕਿਸੇ ਦੇ ਮਰ ਜਾਣ ਨਾਲ ਦੁਖੀ ਹੋਏ ਬੰਦੇ ਕੋਲ ਇਹ ਦੁਹਰਾਉਂਦੀ, "ਜ਼ਿੰਦਗੀ ਇਕ ਪ੍ਰਯੋਗਸ਼ਾਲਾ ਹੈ। ਉਹ ਦਿੰਦਾ ਹੈ ਅਤੇ ਇਮਤਿਹਾਨ ਲੈਂਦਾ ਹੈ, ਉਹ ਲੈ ਵੀ ਲੈਂਦਾ ਹੈ ਅਤੇ ਇਮਤਿਹਾਨ ਵਿਚ ਪਾਉਂਦਾ ਹੈ।

ਇਸ ਸੱਚਾਈ ਨੂੰ ਜਾਣ ਕੇ ਆਪਣੇ ਸਬਰ ਅਤੇ ਸੰਤੋਖ ਤੋਂ ਕੰਮ ਲਓ। ਇਹੋ ਹੀ ਇਕ ਪ੍ਰਭਾਵਸ਼ਾਲੀ ਮਦਦ ਹੈ।" ਹਰ ਸਮੇਂ ਜਦੋਂ ਵੀ ਉਹ ਕਿਸੇ ਲਾਸ਼ ਨੂੰ ਨਹਾਉਂਦੀ ਤਾਂ ਉਹ ਇਸ ਗੱਲ ਵੱਲ ਇਸ਼ਾਰਾ ਕਰਦੀ, "ਕੌਣ ਜਾਣਦਾ ਹੈ ਕਿ ਅਸੀਂ ਘਰ ਵਿਚ ਹੀ ਦਫ਼ਨਾਏ ਜਾਵਾਂਗੇ ਜਾਂ ਕਿਥੇ ਹੋਰ ਅਤੇ ਕਿਵੇਂ ਸਾਡਾ ਅੰਤ ਹੋਵੇਗਾ ?"

ਸਾਡੇ ਕਮਰੇ ਵਿਚ ਬੈਠ ਕੇ, ਉਸ ਨੇ ਆਪਣਾ ਗਿਲਾ ਬਾਹਰ ਕੱਢਿਆ, ਉਹ ਸ਼ਿਕਾਇਤ ਕਰਦੀ, "ਤੁਸੀਂ ਕਿਸ ਤਰ੍ਹਾਂ ਦੇ ਆਦਮੀ ਹੋ ? ਸਿਰਫ਼ ਇਕ ਹੀ ਜਗ੍ਹਾ 'ਤੇ ਅਸੀਂ ਜਾਣਾ ਹੁੰਦਾ ਹੈ, ਹਸਪਤਾਲਾਂ ਜਾਂ ਕਬਰਸਤਾਨਾਂ ਨੂੰ, ਅਸੀਂ ਤਾਜ਼ਾ ਹਵਾ ਵਿਚ ਕਿਸੇ ਪਿਕਨਿਕ 'ਤੇ ਕਿਉਂ ਨਹੀਂ ਜਾ ਸਕਦੇ, ਕਿਸੇ ਸਮੁੰਦਰ 'ਤੇ ਜਾਂ ਕਿਸੇ ਪਾਰਕ ਵਿਚ ?" ਮੈਂ ਹੱਸ ਪੈਂਦਾ ਅਤੇ ਉਸ ਨੂੰ ਪੁੱਛਦਾ, "ਫਿਰ ਇਨਕਲਾਬ ਕੌਣ ਲਿਆਵੇਗਾ ?"

ਮੇਰੀ ਜ਼ਿੰਦਗੀ ਨੇ ਬਿਲਕਿਅਸ ਨਾਲ ਇਕ ਹੋਰ ਤਰ੍ਹਾਂ ਦਾ ਸੰਬੰਧ ਬਣਾ ਲਿਆ ਸੀ, ਭਾਵੇਂ ਕਿ ਹੁਣ ਉਸ ਦੀਆਂ ਅੱਖਾਂ ਵਿਚ ਉਦਾਸੀ ਸੀ, ਪਰ ਉਸ ਦਾ ਸੁਭਾਵਿਕ ਹਾਸਾ ਉਸ ਖ਼ੁਸ਼ੀ ਨੂੰ ਵਾਪਸ ਲੈ ਆਉਂਦਾ, ਜਿਸ ਨੂੰ ਮੈਂ ਆਪਣੇ ਆਪ ਵਿਚ ਗੁਆ ਚੁੱਕਾ ਹੁੰਦਾ। ਇਹ ਮੇਰੇ ਬਚਪਨ ਦੀ ਹਿੰਮਤ ਨੂੰ ਇਸ ਢੰਗ ਨਾਲ ਯਾਦ ਕਰਵਾ ਦਿੰਦਾ ਜੋ ਮੇਰੇ ਦੁੱਖ ਨੂੰ ਘਟਾ ਦਿੰਦਾ ਅਤੇ ਸ਼ਾਂਤ ਕਰ ਦਿੰਦਾ, ਜਿਹੜੇ ਕਿ ਮੇਰੇ ਦਿਲ ਵਿਚ ਜੁੜੇ ਹੋਏ ਸਨ। ਸਾਡੇ ਇਕੱਲਿਆਂ ਕੋਲ ਜ਼ਿਆਦਾ ਸਮਾਂ ਨਹੀਂ ਸੀ ਹੁੰਦਾ, ਜੇ ਅਸੀਂ ਇਕੱਠੇ ਹੁੰਦੇ ਤਾਂ ਦਰਵਾਜ਼ਾ ਆਮ ਹੀ ਖੜਕਾਇਆ ਜਾਂਦਾ ਅਤੇ ਮੈਨੂੰ ਜਾਣਾ ਪੈਂਦਾ। ਮੈਂ ਰਾਤ ਨੂੰ ਕੁਝ ਸਮਾਂ ਉਸ ਨਾਲ ਬਿਤਾਉਂਦਾ ਅਤੇ ਫਿਰ ਥੱਲੇ ਬਾਹਰ ਬੈਂਚ 'ਤੇ ਸੌਣ ਲਈ ਆ ਜਾਂਦਾ। ਦੂਸਰੀ ਸਵੇਰੇ ਉਹ ਕਹਿੰਦੀ, "ਤੁਸੀਂ ਦਰਾਵਾਜੇ ਦੇ ਬਾਹਰ ਸੌਂ ਗਏ ਸੀ, ਪਰ ਫਿਰ ਮੈਂ ਤੁਹਾਨੂੰ ਦੂਸਰੀ ਤਰਫ਼ ਦੂਰ ਮੰਜੀ 'ਤੇ ਵੇਖਿਆ। ਤੁਸੀਂ ਆਪਣੀ ਨੀਂਦਰ ਵਿਚ ਵੀ ਇਸ ਤਰ੍ਹਾਂ ਕਿਉਂ ਘੁੰਮਦੇ ਹੋ ?" ਇਹ ਮੇਰੀ ਇਕ ਆਦਤ ਸੀ।

ਜਿਸ ਵਿਰੋਧਤਾ ਦਾ ਮੈਂ ਮੁਕਾਬਲਾ ਕੀਤਾ ਅਤੇ ਬਿਲਕਿਅਸ ਨੇ ਜੋ ਮੰਨ ਘੜੰਤ ਕਹਾਣੀਆਂ ਸੁਣੀਆਂ, ਉਸ ਨੇ ਉਸ ਦੇ ਵਿਵਹਾਰ ਦਾ ਇਸ ਤਰ੍ਹਾਂ ਪ੍ਰਗਟਾਵਾ ਕੀਤਾ, ਜਿਸ ਨੇ ਸਾਡੀ ਸ਼ਾਦੀ ਨੂੰ ਬਹੁਤ ਪੱਕਾ ਕਰ ਦਿੱਤਾ। ਉਸ ਨੇ ਖਾਲਾ ਨੂੰ ਕਿਹਾ, "ਵੇਖੋ ਉਹ ਕਿਸ ਤਰ੍ਹਾਂ ਕੰਮ ਕਰਦਾ ਹੈ, ਕੀ ਉਥੇ ਉਸ ਵਰਗਾ ਕੋਈ ਹੋਰ ਹੈ ? ਮੈਂ ਉਸ ਦੇ ਦੁਸ਼ਮਣਾਂ ਦੇ ਸਾਹਮਣੇ ਇਕ ਚੱਟਾਨ ਬਣਾਂਗੀ। ਈਦੀ ਇਕੱਲਾ ਸੀ, ਮੈਂ ਵੀ ਇਕੱਲੀ ਸੀ, ਹੁਣ ਅਸੀਂ ਗਿਆਰਾਂ ਹੋ ਗਏ ਹਾਂ। ਮੈਂ ਉਸ ਦੀ ਉਹ ਮਦਦ ਕਰਾਂਗੀ, ਜਿਸ ਦਾ ਉਹ ਹੱਕਦਾਰ ਹੈ।" ਸਾਡੀ ਸ਼ਾਦੀ ਦੇ ਪਹਿਲੇ ਸਾਲ ਹੀ ਉਹ ਇਕ ਸੰਪੂਰਣ ਔਰਤ ਬਣ ਗਈ ਸੀ। ਉਹਨਾਂ ਨੇ ਇਲਜ਼ਾਮ ਲਾਇਆ ਕਿ ਮੈਂ ਉਸ 'ਤੇ ਜਾਦੂ-ਟੂਣਾ ਕੀਤਾ ਸੀ ਅਤੇ ਉਸ ਨੂੰ ਆਪਣੇ ਵਰਗਾ ਪਾਗਲ ਕਰ ਦਿੱਤਾ ਸੀ।

ਜਦੋਂ ਸਾਡਾ ਲੜਕਾ ਅਮੀਨਾ ਦੀ ਮਦਦ ਨਾਲ ਪੈਦਾ ਹੋਇਆ, ਬਿਲਕਿਅਸ ਨੇ ਅਮੀਨਾਂ ਨੂੰ ਮਖ਼ੌਲ ਕੀਤਾ, "ਬਹੁਤ ਮਾੜੀ ਗੱਲ ਹੈ, ਇਹ ਉਸ ਦਾ ਨਹੀਂ ਸੀ। ਉਹ ਨਹੀਂ ਸੀ ਜਾਣਦੀ ਕਿ ਉਸ ਨੂੰ ਕਿਸ ਦਾ ਲੜਕਾ ਦੇ ਦਿੱਤਾ ਹੈ," ਅਤੇ ਮੈਂ ਕਹਿੰਦਾ, "ਮੈਨੂੰ ਡਰਾਉ ਨਾ, ਇਹ ਕਲਪਨਾ ਕਰੋ ਕਿ ਉਸ ਦੀ ਮਾਂ ਕਿਹੜੀ ਹੋਵੇਗੀ ?" ਮੇਰੇ ਬਾਪ ਨੇ ਉਸ ਦਾ ਨਾਂ ਕੁਤਬ ਰੱਖਿਆ।

ਬਿਲਕਿਅਸ ਛੇਤੀ ਹੀ ਆਪਣੀ ਸਾਧਾਰਣ ਜ਼ਿੰਦਗੀ ਵਿਚ ਪਰਤ ਆਈ, ਉਹ ਆਪਣੇ ਬੱਚੇ ਨਾਲ ਗੁਣਗੁਣਾਉਂਦੀ, "ਇਨਕਲਾਬ, ਇਨਕਲਾਬ, ਅਸੀਂ ਇਨਕਲਾਬ ਲਿਆਵਾਂਗੇ।" ਉਸ ਨੇ ਨਾ ਫਿਰ ਕਦੀ ਹਾਰ ਸ਼ਿੰਗਾਰ ਕੀਤਾ, ਨਾ ਹੀ ਫਿਰ ਕਦੇ ਬਹੁਤ ਵਧੀਆ ਕੱਪੜੇ ਪਾਏ। ਪਰ ਉਹ ਮੈਨੂੰ ਉਹਨਾਂ ਬਾਰੇ ਯਾਦ ਕਰਵਾਉਂਦੀ ਰਹਿੰਦੀ, "ਅੱਜ ਮੈਂ ਜਾਣ ਲਈ ਕੀ ਪਹਿਨਾਂ ? ਅਸੀਂ ਆਪਣੀਆਂ ਸਹੇਲੀਆਂ ਨੂੰ ਮਿਲਣ ਲਈ ਉਹਨਾਂ ਦੇ ਪਤੀਆਂ ਦੇ ਘਰ ਜਾ ਸਕਦੀਆਂ ਹਾਂ ? ਮਿਹਰਬਾਨੀ ਕਰ ਕੇ ਚੱਲੀਏ, ਚਲੋ ਕੋਈ ਨਵੇਂ ਕੱਪੜੇ ਪਾਈਏ, ਮਿਹਰਬਾਨੀ ਕਰ ਕੇ, ਮਿਹਰਬਾਨੀ ਕਰ ਕੇ।" ਮੈਂ ਉਸ ਨੂੰ ਡਾਂਟਦਾ ਅਤੇ ਉਹ ਤਾਅਨੇ-ਪਸੰਦ ਰੁਚੀ ਵਾਲੀ ਬਣ ਜਾਂਦੀ, "ਸਗੋਂ, ਕੀ ਅਸੀਂ ਕਿਸੇ ਸਮੁੰਦਰ ਵਿਚ ਚਲੇ ਜਾਈਏ ? ਜਦੋਂ ਮੈਂ ਲਹਿਰਾਂ ਨੂੰ ਵੇਖਾਂਗੀ, ਤੁਸੀਂ ਮੇਰੀ ਲਾਸ਼ ਲੱਭ ਲੈਣਾ।"

ਕਈ ਵਾਰ ਉਹ ਬੜੇ ਉਤਸ਼ਾਹ ਨਾਲ ਆਪਣੇ ਰਿਸ਼ਤੇਦਾਰਾਂ ਦੀਆਂ ਛੋਟੀਆਂ ਛੋਟੀਆਂ ਕਹਾਣੀਆਂ ਯਾਦ ਕਰਦੀ, ਫਿਰ ਇਕ ਦਮ ਰੁੱਕ ਜਾਂਦੀ ਅਤੇ ਉੱਚੀ ਸਾਰੀ ਬੋਲਣ ਲੱਗਦੀ ਅਤੇ ਆਪਣੇ ਸਿਰ ਨੂੰ ਆਪਣੀ ਖੁੱਲ੍ਹੀ ਹਥੇਲੀ 'ਤੇ ਮਾਰ ਕੇ ਕਹਿੰਦੀ, "ਉਫ਼.....ਸਾਡੇ ਸਾਰੇ ਰਿਸ਼ਤੇਦਾਰ ਜ਼ਿੰਦਾ ਹਨ ਅਤੇ ਚੰਗੇ ਭਲੇ ਹਨ, ਪਰ ਅਸੀਂ ਉਹਨਾਂ ਨੂੰ, ਉਨ੍ਹਾਂ ਚਿਰ ਨਹੀਂ ਵੇਖ ਸਕਦੇ, ਜਿੰਨਾ ਚਿਰ ਉਹ ਮਰ ਨਹੀਂ ਜਾਂਦੇ। ਅਸੀਂ ਉਹਨਾਂ ਨੂੰ ਜਿੰਨਾ ਚਿਰ ਉਹ ਜੀਉਂਦੇ ਹਨ, ਅਸੀਂ ਉਨ੍ਹਾਂ ਨੂੰ ਕਿਉਂ ਨਹੀਂ ਵੇਖ ਸਕਦੇ ?" ਮੇਰੀ ਆਵਾਜ਼ ਦੀ ਨਕਲ ਕਰ ਕੇ ਖਰ੍ਹਵੀਂ ਬਣਾ ਕੇ ਮੇਰੇ ਵਾਂਗ ਉਹ ਆਪ ਹੀ ਜਵਾਬ ਦੇਂਦੀ, "ਅਸੀਂ ਅਗਲੀ ਦੁਨੀਆਂ ਨਾਲ ਸੰਬੰਧ ਬਣਾਉਣ ਵਿਚ ਰੁੱਝੇ ਹੋਏ ਹਾਂ।" ਆਪਣਾ ਸਿਰ ਹਿਲਾ ਕੇ ਉਹ ਕਹਿੰਦੀ, "ਇਥੋਂ ਤੋਂ ਬਾਅਦ ਸਾਡੇ ਅਸਲ ਪੈਰੋਕਾਰ ਹੋਣਗੇ, ਘੱਟੋ ਘੱਟ ਉਥੇ ਅਸੀਂ ਕਈ ਲੋਕਾਂ ਨੂੰ ਜਾਣਦੇ ਹੋਵਾਂਗੇ।" ਉਹ ਹੌਕਾ ਭਰਦੀ ਅਤੇ ਹੈਰਾਨੀ ਨਾਲ ਮੇਰੇ 'ਤੇ ਵਿਅੰਗ ਕਰਦੀ, "ਪਰਮਾਤਮਾ ਨੇ ਕਿੰਨਾ ਅਜੀਬ ਆਦਮੀ ਪੈਦਾ ਕੀਤਾ ਹੈ। ਮੈਂ ਤੁਹਾਡੇ ਕੋਲ ਕਿਸ ਤਰ੍ਹਾਂ ਆ ਗਈ ?"

ਇਹ ਕਿਸਮਤ ਦੀ ਗੱਲ ਸੀ, ਅਸਲ ਵਿਚ, ਉਹ ਮੇਰੀ ਆਤਮਾ ਦੀ ਸਾਥੀ ਸੀ, ਜਿੰਨਾ ਉਹ ਇਕ ਕਦਮ ਮੇਰੇ ਪਿੱਛੇ ਆਉਂਦੀ, ਇਉਂ ਲੱਗਦਾ ਜਿਵੇਂ ਮੇਰਾ ਦਿਲ ਉਸ ਦੇ ਅੰਦਰ ਧੜਕਦਾ ਸੀ। ਉਹ ਇਸ 'ਤੇ ਟਿੱਪਣੀ ਕਰਦੀ ਕਿ ਇਹ ਕਿਸ ਤਰ੍ਹਾਂ ਹੋਇਆ, "ਤੁਸੀਂ ਮੇਰਾ ਦਿਮਾਗ ਆਪਣੇ ਦਿਮਾਗ ਨਾਲ ਭਰ ਦਿੱਤਾ ਹੈ। ਮੁਹੱਬਤ

ਲਈ ਕੋਈ ਸਮਾਂ ਨਹੀਂ, ਨਾ ਹੀ ਕੋਈ ਰੋਮਾਂਸ ਲਈ, ਸਿਰਫ਼ ਇਕ ਹੀ ਤਰ੍ਹਾਂ ਨਾਲ ਕਿ ਮੈਂ ਇਕ ਪਤਨੀ ਹਾਂ।" ਉਸ ਨੇ ਮੇਰੇ ਤੋਂ ਦੂਰ ਰਹਿਣ ਦੇ ਹੋਰ ਢੰਗ ਖੋਜ ਲਏ। ਜਦੋਂ ਉਹ ਮੇਰੀ ਮੀਠਾਦਾਰ ਵਿਚ ਵਾਪਸੀ ਬਾਰੇ ਸੁਣਦੀ, ਉਹ ਥੱਲੇ ਲੜਕੀਆਂ ਨੂੰ ਜਾ ਮਿਲਦੀ ਅਤੇ ਇਹ ਬਹਾਨਾ ਕਰਦੀ ਕਿ ਉਹ ਉਹਨਾਂ ਦੇ ਕੰਮਾਂ ਵਿਚ ਖੁੱਭੀ ਹੋਈ ਸੀ। ਉਹ ਉੱਚੀ ਉੱਚੀ ਘੋਸ਼ਣਾ ਕਰਦੀ ਅਤੇ ਮੈਨੂੰ ਚਿਤਾਵਨੀਆਂ ਦੇ ਸੰਕੇਤ ਭੇਜਦੀ, "ਇਹ ਕੰਮ ਬਹੁਤ ਜ਼ਰੂਰੀ ਹੈ। ਜੇ ਮੈਂ ਤੁਹਾਡੇ ਸਿਰ 'ਤੇ ਨਾ ਹੁੰਦੀ, ਸਭ ਕੁਝ ਗ਼ਲਤ ਹੋ ਜਾਣਾ ਸੀ। ਮੈਨੂੰ ਧਿਆਨ ਨਾਲ ਵੇਖੋ, ਮੈਂ ਤੁਹਾਨੂੰ ਵਿਖਾਣ ਲਈ ਇਥੇ ਹਾਂ।" ਮੈਂ ਅਜੇ ਵੀ ਉਸ ਨੂੰ ਬੁਲਾਉਂਦਾ ਅਤੇ ਪਤਨੀ ਦੇ ਤੌਰ 'ਤੇ ਉਸ ਦੇ ਫ਼ਰਜ਼ ਦੱਸਦਾ, ਉਹ ਛੇਤੀ ਹੀ ਮੇਰੀ ਗੱਲ ਰੋਕ ਕੇ ਕਹਿੰਦੀ, "ਪਰ ਤੁਸੀਂ ਮੈਨੂੰ ਆਪਣਾ ਇਕ ਕੰਮ ਦਿੱਤਾ ਸੀ, ਮੈਂ ਮੁਹੱਬਤ ਬਾਰੇ ਨਹੀਂ ਸੋਚਣਾ।" ਇਕ ਮੌਕੇ 'ਤੇ ਮੈਂ ਉਸ ਨੂੰ ਗੰਭੀਰ ਹੋ ਕੇ ਕਿਹਾ, "ਕੀ ਮੈਂ ਦੂਸਰੀ ਪਤਨੀ ਰੱਖ ਸਕਦਾ ਹਾਂ ?" ਪਰ ਉਹ ਇਸ ਖ਼ਿਆਲ ਨੂੰ ਨਫ਼ਰਤ ਕਰਦੀ ਸੀ।

ਬਿਲਕਿਅਸ ਅਸਲ ਵਿਚ ਕਦੇ ਵੀ ਨਾ ਹੀ ਮੇਰੇ ਉਦੇਸ਼ ਦੇ ਖ਼ਿਲਾਫ਼ ਸੀ, ਨਾ ਹੀ ਬੇ-ਪ੍ਰਵਾਹ ਸੀ, ਉਹ ਇਸ ਨੂੰ ਚੰਗੀ ਤਰ੍ਹਾਂ ਸਮਝਦੀ ਸੀ, ਪਰ ਉਸ ਨੇ ਇਸ ਨੂੰ ਛੋਟਾ ਜਿਹਾ ਮਾਮਲਾ ਬਣਾ ਦਿੱਤਾ ਸੀ, ਤਾਂ ਕਿ ਉਥੇ ਹਮੇਸ਼ਾ ਹੀ ਮਖ਼ੌਲ ਲਈ ਕੁਝ ਨਾ ਕੁਝ ਹੁੰਦਾ ਰਹੇ। ਉਸ ਨੇ ਖਾਲਾ ਨੂੰ ਦੱਸਿਆ, "ਪਰਮਾਤਮਾ ਦਾ ਸ਼ੁਕਰ ਹੈ ਕਿ ਕੰਮ ਹੈ, ਮੈਂ ਸੌਂਹ ਖਾਂਦੀ ਹਾਂ ਕਿ ਇਸ ਤੋਂ ਬਗ਼ੈਰ ਸਾਡੀ ਜ਼ਿੰਦਗੀ ਵਿਚ ਕੋਈ ਹਾਸਾ ਨਾ ਹੁੰਦਾ।"

ਡਿਸਪੈਂਸਰੀ ਵਿਚ ਇਕ ਆਦਮੀ ਆਪਣੀ ਉੱਚੀ ਤੋਂ ਉੱਚੀ ਆਵਾਜ਼ ਵਿਚ ਚਿੱਲਾਉਂਦਾ ਹੋਇਆ ਆਇਆ, "ਈਦੀ ਕਿਥੇ ਹੈ ? ਮੈਨੂੰ ਇਕ ਦਮ ਉਸ ਕੋਲ ਲੈ ਜਾਉ।" ਉਹ ਕੋਈ ਮੁਸ਼ਕਲ ਬੇਨਤੀ ਨਹੀਂ ਸੀ। ਕਿਉਂਕਿ ਮੇਰੇ ਕੋਲ ਕੋਈ ਕੂਟਨੀਤਿਕ ਸ਼ਿਸ਼ਟਾਚਾਰ ਨਹੀਂ ਸੀ ਅਤੇ ਉਹ ਮੇਰੇ ਦਫ਼ਤਰ ਵਿਚ ਗੁੱਸੇ ਵਾਲੀ ਆਵਾਜ਼ ਕੱਢਦਾ ਆ ਗਿਆ, "ਮੀਠਾਦਾਰ ਦੇ ਲੋਕ ਸ਼ਿਕਾਇਤ ਕਰ ਰਹੇ ਹਨ। ਉਹਨਾਂ ਦੇ ਬੱਚੇ, ਉਹਨਾਂ ਲਾਸ਼ਾਂ ਤੋਂ ਡਰਦੇ ਹਨ, ਜਿਹੜੀਆਂ ਤੁਸੀਂ ਇਥੇ ਲਿਆਉਂਦੇ ਹੋ। ਆਪਣੀ ਕੋਈ ਹੋਰ ਜਗ੍ਹਾ ਬਣਾਉ।" ਮੈਂ ਉਸ ਨੂੰ ਧਿਆਨ ਨਾਲ ਵੇਖਿਆ ਅਤੇ ਉਸ ਦੀ ਗੱਲ ਦਾ ਜਵਾਬ ਉਸ ਦਾ ਚੰਗੀ ਤਰ੍ਹਾਂ ਅੰਦਾਜ਼ਾ ਲਾਉਣ ਤੋਂ ਬਾਅਦ ਦਿੱਤਾ, "ਕੀ ਲੋਕ ਇਸ ਅਟੱਲ ਹੋਣ ਵਾਲੀ ਸੱਚਾਈ ਤੋਂ ਨਹੀਂ ਡਰਦੇ ? ਜਾਂ ਉਹ ਸਗੋਂ ਇਸ ਨੂੰ ਜਾਣਦੇ ਹੀ ਨਹੀਂ ?" ਉਹ ਉੱਚੀ ਉੱਚੀ ਬੋਲਦਾ, ਚਿੱਲਾਉਂਦਾ ਰਿਹਾ ਅਤੇ ਚਲਾ ਗਿਆ। ਬਿਲਕਿਅਸ ਨੇ ਮੈਨੂੰ ਦੱਸਿਆ, "ਉਸ ਦੀ ਸ਼ਿਕਾਇਤ ਠੀਕ ਹੈ। ਅਖ਼ੀਰ ਤੁਸੀਂ ਆਪਣੇ 'ਤੇ ਨਿਰਭਰਾਂ ਨੂੰ ਤਾਂ ਨਹੀਂ ਦਫ਼ਨਾਉਂਦੇ, ਤੁਸੀਂ ਤਾਂ ਇਸ ਨੂੰ ਇਕ ਧੰਦਾ ਹੀ ਬਣਾ ਲਿਆ ਹੈ।" ਜਦੋਂ ਮੈਂ ਚੁੱਪ ਰਿਹਾ ਤਾਂ ਉਸ ਨੇ ਪੁੱਛਿਆ ਕਿ ਮੈਂ ਇਸ ਦਾ ਕੋਈ

ਜਵਾਬ ਕਿਉਂ ਨਹੀਂ ਦਿੱਤਾ। ਮੈਨੂੰ ਛੇਤੀ ਬਾਹਰ ਜਾਣਾ ਪੈਣਾ ਸੀ ਅਤੇ ਮੈਂ ਬੂਹੇ ਤੋਂ ਜਵਾਬ ਦਿੱਤਾ, "ਕਿਉਂ ਜੋ ਉਹ ਬੇਵਕੂਫ਼ ਹੈ।" ਬਿਲਕਿਅਸ ਹੱਸ ਪਈ ਅਤੇ ਮੇਰੇ ਬਾਅਦ ਹੀ ਚਿੱਲਾਈ, "ਜਦੋਂ ਮੈਂ ਮਰ ਜਾਵਾਂਗੀ ਤਾਂ ਨਿਮੰਤ੍ਰਣ ਕਾਰਡ ਵੰਡ ਦੇਣੇ। ਜੇ ਅਸੀਂ ਨਵੀਂ ਰੀਤ ਚਲਾਉਣ ਵਾਲੇ ਹਾਂ ਤਾਂ ਇਹ ਵਾਪਾਰ ਲਈ ਠੀਕ ਰਹੇਗਾ।" ਤਿੰਨ ਦਿਨ ਬਾਅਦ ਉਹ ਗੁੱਸੇ ਵਾਲਾ ਆਦਮੀ ਇਹ ਬੇਨਤੀ ਲੈ ਕੇ ਮੁੜ ਆਇਆ ਕਿ ਉਸ ਦੀ ਮਦਦ ਕੀਤੀ ਜਾਵੇ ਕਿਉਂਕਿ ਉਸ ਦਾ ਭਰਾ ਦਿਲ ਫ਼ੇਲ੍ਹ ਹੋਣ ਕਾਰਨ ਇਮਾਰਤ ਦੀ ਛੇਵੀਂ ਮੰਜ਼ਿਲ 'ਤੇ ਮਰ ਗਿਆ ਹੈ। ਉਸ ਦਾ ਗੁੱਸਾ ਠੰਡਾ ਹੋ ਚੁੱਕਾ ਸੀ। ਮੈਂ ਆਪਣੀ ਐਂਬੂਲੈਂਸ ਦੀਆਂ ਚਾਬੀਆਂ ਲਈਆਂ ਅਤੇ ਲਾਸ਼ ਨੂੰ ਘਰ ਲੈ ਆਇਆ।

ਨਵੀਂ ਕਰਾਚੀ ਵਿਚ ਅਸੀਂ ਕਿਸੇ ਅਣਜਾਣ ਆਦਮੀ ਨੂੰ, ਇਕ ਮਾਸ ਦੇ ਛੋਟੇ ਛੋਟੇ ਟੁਕੜਿਆਂ ਵਿਚ ਕੁਹਾੜੇ ਨਾਲ ਟੁੱਕਿਆ ਵੇਖਿਆ। ਉਥੇ ਹੋਰ ਕੁਝ ਵੀ ਨਹੀਂ ਸੀ, ਸਿਵਾਏ ਇਸ ਦੇ ਕਿ ਮਾਸ ਨੂੰ ਇਕ ਚਾਦਰ ਵਿਚ ਪਾ ਕੇ ਲਪੇਟ ਲਿਆ ਜਾਵੇ। ਇਕ ਹੋਰ ਸੰਘਣੀ ਆਬਾਦੀ ਵਾਲੇ ਖੇਤਰ ਵਿਚ ਲੋਕ ਬਿਮਾਰ ਹੋਣ ਲੱਗ ਪਏ ਅਤੇ ਲੋਕੀਂ ਟੂਟੀਆਂ ਦੇ ਪਾਣੀ ਵਿਚ ਕਿਸੇ ਗੰਦੀ ਸੁਗੰਧ ਦੀ ਸ਼ਿਕਾਇਤ ਕਰਦੇ ਸਨ। ਜਦੋਂ ਉਹਨਾਂ ਨੇ ਪਾਣੀ ਦੀ ਟੈਂਕੀ ਵਿਚ ਇਕ ਲਾਸ਼ ਵੇਖੀ, ਕੋਈ ਵੀ ਉਸ ਨੂੰ ਬਾਹਰ ਕੱਢਣ ਲਈ ਤਿਆਰ ਨਹੀਂ ਸੀ ਅਤੇ ਇਸ ਲਈ ਬਿਲਕਿਅਸ ਅਤੇ ਮੈਂ ਉੱਥੇ ਗਏ। ਇਹ ਇੰਨੀ ਗਲੀ ਹੋਈ ਸੀ ਕਿ ਉਹ ਮੇਰੇ ਹੱਥਾਂ ਵਿਚ ਹੀ ਨਹੀਂ ਸੀ ਆ ਰਹੀ। ਮੈਂ ਬਿਲਕਿਅਸ ਨੂੰ ਸਮਝਾਇਆ, "ਜਦੋਂ ਇਕ ਨਾਸ਼ਵਾਨ ਕਿਸੇ ਹੋਰ ਨੂੰ ਲੋਪ ਕਰਨ ਲਈ ਤਾਰੀਕ ਮੁਕੱਰਰ ਕਰ ਲਵੇ, ਉਹ ਅਖ਼ੀਰ ਵਿਚ ਆਉਣ ਵਾਲੀ ਮੌਤ ਨੂੰ ਛੇਤੀ ਬੁਲਾ ਲੈਂਦਾ ਹੈ। ਇਸ ਤੋਂ ਵੀ ਜ਼ਿਆਦਾ, ਉਹ ਪਰਮਾਤਮਾ ਨੂੰ ਚੈਲਿੰਜ ਕਰਦਾ ਹੈ ਅਤੇ ਇਹ ਘੱਟੀਆ ਸਮਝ ਮੇਰੀ ਰੀੜ੍ਹ ਦੀ ਹੱਡੀ ਨੂੰ ਇਕ ਠੰਡਾ ਕਰ ਦੇਣ ਵਾਲਾ ਝਟਕਾ ਦੇ ਜਾਂਦੀ ਹੈ।" ਨਾਲ ਹੀ ਮੈਂ ਉਸ ਨੂੰ ਇਹ ਵੀ ਕਿਹਾ, "ਉਹ ਅਪਰਾਧੀ ਕੌਣ ਹਨ, ਕੀ ਉਹ ਸਾਰੇ ਨਹੀਂ, ਜਿਨ੍ਹਾਂ ਨੂੰ ਸਮਾਜ ਨੇ ਸਾਰੀ ਦੁਨੀਆਂ ਵਿਚ ਨਕਾਰ ਦਿੱਤਾ ਹੈ ? ਅਸੀਂ ਮਨੁੱਖਤਾ ਦਾ ਇਨਸਾਫ਼ ਕਰਨ ਵਾਲੇ ਕੌਣ ਹਾਂ, ਜਦੋਂ ਸਾਨੂੰ ਉਹਨਾਂ ਹਾਲਤਾਂ ਦਾ ਹੀ ਪਤਾ ਨਹੀਂ, ਜਿਨ੍ਹਾਂ ਕਰਕੇ ਇਹ ਜੁਰਮ ਹੋਇਆ।" ਮੈਨੂੰ ਪੀੜਿਤਾਂ ਦਾ ਅਤੇ ਜੁਰਮ ਕਰਨ ਵਾਲਿਆਂ ਦੋਹਾਂ ਦਾ ਹੀ ਦੁੱਖ ਹੁੰਦਾ ਸੀ।

ਜਦੋਂ ਅਸੀਂ ਕਿਸੇ ਦੁਖਦਾਈ ਦੁਖਾਂਤ ਤੋਂ ਜਾਂ ਕਿਸੇ ਹੋਰ ਘਟਨਾ ਤੋਂ ਉਦਾਸ ਹੋ ਕੇ ਇਕੱਲੇ ਵਾਪਸ ਪਰਤ ਰਹੇ ਹੁੰਦੇ ਸਾਂ ਤਾਂ ਉਹ ਮੇਰਾ ਧਿਆਨ ਦੂਸਰੇ ਪਾਸੇ ਖਿੱਚਦੀ, "ਆਪਣੀ ਦਾੜ੍ਹੀ ਕਟਾ ਦਿਉ, ਮੈਂ ਕਿਸੇ ਜਵਾਨ ਆਦਮੀ ਨਾਲ ਸ਼ਾਦੀ ਕਰਾਉਣਾ ਚਾਹੁੰਦੀ ਹਾਂ। ਜੇ ਤੁਸੀਂ ਇਹ ਕਟਾ ਦਿਉ ਤਾਂ ਤੁਸੀਂ 20 ਸਾਲਾਂ ਦੇ ਲੱਗੋਗੇ। ਮਿਹਰਬਾਨੀ ਕਰ ਕੇ ਇਸ ਨੂੰ ਕਟਾ ਦਿਉ, ਇਹ ਤੁਹਾਡੇ ਕੰਮ ਨੂੰ ਪ੍ਰਭਾਵਿਤ ਨਹੀਂ ਕਰੇਗੀ।" ਉਦਾਸ, ਗੁਆਚਾ ਹੋਇਆ ਅਤੇ ਖਿੱਝਿਆ ਹੋਇਆ ਮੈਂ ਉਸ ਨੂੰ ਇਹ

ਬੇਵਕੂਫ਼ੀ ਵਾਲੀਆਂ ਗੱਲਾਂ ਕਰਨ ਤੋਂ ਰੋਕਣ ਲਈ ਡਾਂਟਦਾ, ਪਰ ਉਹ ਹਮੇਸ਼ਾ ਜ਼ਿੱਦ ਕਰਦੀ, "ਤੁਸੀਂ ਲਾਲ ਬਨੈਣ ਕਿਉਂ ਨਹੀਂ ਪਹਿਨ ਸਕਦੇ, ਜਿਸ ਬਾਰੇ ਤੁਸੀਂ ਮੈਨੂੰ ਦੱਸਿਆ ਸੀ ? ਜੇ ਤੁਸੀਂ ਇਹ ਪਹਿਨੋ ਅਤੇ ਧੁੱਪ ਵਿਚ ਬੈਠੋ, ਤੁਹਾਡੀ ਚਮੜੀ ਚਮਕੇਗੀ ਅਤੇ ਮੈਂ ਤੁਹਾਡੇ ਵੱਲ ਖਿੜਕੀ ਵਿਚੋਂ ਦੀ ਵੇਖਾਂਗੀ।" ਮੇਰੇ ਤੱਲਖੀ ਭਰੇ ਪ੍ਰਗਟਾਵੇ ਨੂੰ ਅਣਗੌਲਿਆਂ ਕਰਦਿਆਂ ਹੋਇਆਂ, ਉਹ ਮੈਨੂੰ ਇਕ ਬੜੀ ਗੁੱਸੇ ਵਿਚ ਲਿਆਉਣ ਵਾਲੀ ਮਿਸਾਲ ਦਿੰਦੀ, "ਅਜ਼ੀਜ਼ ਵੱਲ ਵੇਖੋ, ਉਹ ਕਿੰਨਾ ਛੈਲ-ਛਬੀਲਾ ਲੱਗਦਾ ਹੈ ਅਤੇ ਤੁਹਾਡੇ ਤੋਂ ਉਹ ਸਿਰਫ਼ ਪੰਜ ਸਾਲ ਛੋਟਾ ਹੈ। ਜੇ ਤੁਸੀਂ ਕੋਸ਼ਿਸ਼ ਕਰੋ ਤਾਂ ਤੁਸੀਂ ਵੀ ਉਸ ਤਰ੍ਹਾਂ ਹੀ ਲੱਗ ਸਕਦੇ ਹੋ।" ਮੈਂ ਗੁੱਸੇ ਵਿਚ ਜਵਾਬ ਦਿੰਦਾ, "ਮੈਂ ਕਿਸੇ ਹੋਰ ਵਰਗਾ ਕਿਉਂ ਹੋਵਾਂ ? ਮੈਂ ਸਿਰਫ਼ ਆਪਣਾ ਆਪ ਹੀ ਹੋ ਸਕਦਾ ਹਾਂ।" ਮੈਂ ਇਕ ਭਾਸ਼ਣ ਸ਼ੁਰੂ ਕਰ ਦਿੰਦਾ, ਉਦੋਂ ਤਕ ਜਦੋਂ ਤਕ ਕਿ ਇਕ ਹੀ ਤਰਫ਼ ਉਸ ਨੂੰ ਉਸ ਨਾਲ ਸਹਿਮਤ ਹੁੰਦਿਆਂ ਅਤੇ ਉਸ ਦੀ ਉਤਸ਼ਾਹਜਨਕ ਜਵਾਬਾਂ ਨਾਲ, ਮੈਂ ਇਹ ਮਹਿਸੂਸ ਕਰਦਾ ਕਿ ਉਸ ਨੂੰ ਇਸ ਦੀ ਜ਼ਰੂਰਤ ਨਹੀਂ। ਉਸ ਵਕਤ ਤਕ ਉਹ ਮੈਨੂੰ ਉਸ ਦੁਖਾਂਤ ਦੇ ਦੁੱਖ ਤੋਂ ਬਹੁਤ ਦੂਰ ਲੈ ਗਈ ਹੁੰਦੀ ਸੀ।

ਕਈ ਵਾਰ ਉਹ ਕਿਸੇ ਤਣਾਅ ਵਾਲੀ ਘਟਨਾ ਤੋਂ ਬਾਅਦ ਘਰ ਆ ਜਾਂਦੀ ਅਤੇ ਆਪਣੀਆਂ ਬਾਹਾਂ ਉੱਪਰ ਹਵਾ ਵਿਚ ਫੈਲਾ ਕੇ ਘੋਸ਼ਣਾ ਕਰਦੀ, "ਪਰਮਾਤਮਾ ਦਾ ਸ਼ੁਕਰ ਹੈ, ਇਸ ਏਅਰ ਕੰਡੀਸ਼ਨਡ ਕਮਰੇ ਲਈ। ਇਹ ਤਾਂ ਗਰਮੀਆਂ ਦੇ ਰੇਗਿਸਤਾਨ ਵਿਚ ਸਿਆਲ ਵਰਗੀ ਇਸ਼ਰਤ ਹੈ।" ਉਹ ਗੱਦੇ 'ਤੇ ਲੰਮੀ ਪੈ ਜਾਂਦੀ ਅਤੇ ਆਰਾਮ ਦਾ ਠੰਡਾ ਸਾਹ ਲੈਂਦੀ, ਜਦੋਂ ਮੈਂ ਇਸ ਗੱਲ 'ਤੇ ਵਿਸ਼ਵਾਸ ਨਾ ਕਰਨ ਕਰਕੇ ਆਪਣਾ ਸਿਰ ਹਿੱਲਾਉਂਦਾ। ਬਿਲਕਿਅਸ ਕੋਲ ਤਣਾਅ ਨੂੰ ਘਟਾਉਣ ਦੀ ਅਸਾਧਰਣ ਯੋਗਤਾ ਹੈ, ਜਿਹੜੀ ਮੈਂ ਮਹਿਸੂਸ ਕਰਦਾ ਸਾਂ। ਮੈਂ ਉਸ ਨੂੰ ਕਹਿੰਦਾ, "ਤਣਾਅ ਮੇਰੇ ਮਿਸ਼ਨ ਦੀ ਪ੍ਰਾਪਤੀ ਵਿਚ ਇਕ ਘਾਤਕ ਰੁਕਾਵਟ ਹੈ, ਮੈਂ ਸੋਚਦਾ ਹਾਂ, ਪਰਮਾਤਮਾ ਨੇ ਤੈਨੂੰ ਮੇਰੇ ਲਈ ਬਣਾਇਆ ਹੈ।" ਫਿਰ ਮੈਂ ਉਸ ਨੂੰ ਕਿਸੇ ਤਰ੍ਹਾਂ ਚਿਤਾਵਨੀ ਦਿੰਦਾ ਕਿ ਉਹ ਗਿਰਾਵਟ ਵੱਲ ਵਧ ਰਹੀਆਂ ਵਸਤੂਆਂ ਦੇ ਸੁਪਨੇ ਨਾ ਲਵੇ, "ਵਿਲਾਸਤਾ ਅਯੋਗਤਾ, ਸੁਸਤੀ ਤੇ ਨਿਰਭਰਤਾ ਦਾ ਕਾਰਨ ਬਣਦੀ ਹੈ। ਇਹ ਮਨੁੱਖੀ ਕਦਰਾਂ ਨੂੰ ਘਟਾਉਣ ਲਈ ਮਨੋਵਿਗਿਆਨਕ ਤਬਦੀਲੀਆਂ ਲਿਆਉਂਦੀ ਹੈ ਅਤੇ ਉਸ ਦਾ ਪਤਾ ਵੀ ਨਹੀਂ ਲੱਗਦਾ ਅਤੇ ਛੇਤੀ ਹੀ ਇਸ ਦਾ ਪੀੜਿਤ ਆਪਣੀ ਮਨ ਦੀ ਆਵਾਜ਼ ਗਵਾ ਲੈਂਦਾ ਹੈ, ਕਦਰਾਂ ਖ਼ਤਮ ਕਰ ਬੈਠਦਾ ਹੈ ਅਤੇ ਆਪਣੇ ਆਪ ਨੂੰ ਭ੍ਰਿਸ਼ਟਾਚਾਰ ਦੀਆਂ ਨੀਵੀਂਆਂ ਤੋਂ ਨੀਵੀਂਆਂ ਪਰਤਾਂ ਵਿਚ ਤੇਜੀ ਨਾਲ ਵੜਦਾ ਜਾਂਦਾ ਹੈ।"

ਬਿਲਕਿਅਸ ਮੇਰੀ ਇਸ ਤਰ੍ਹਾਂ ਦੇ ਮੁੱਦਿਆਂ ਬਾਰੇ ਗੱਲ-ਬਾਤ ਨੂੰ ਸੁਣਨਾ ਬਹੁਤ ਪਸੰਦ ਕਰਦੀ, ਜਿਹੜੀ ਉਹ ਸ਼ੁਰੂ ਕਰਵਾ ਲੈਂਦੀ। ਮੈਂ ਉਸ 'ਤੇ ਹੈਰਾਨ ਹੁੰਦਾ ਸਾਂ ਅਤੇ

ਉਸ ਨੂੰ ਪੁੱਛਦਾ ਸਾਂ ਕਿ ਉਹ ਮੈਨੂੰ ਇਸ ਤਰ੍ਹਾਂ ਕਿਉਂ ਛੇੜਦੀ ਸੀ। ਉਹ ਇਕ ਪਲ ਸੋਚਦੀ ਅਤੇ ਇਸ ਤਰ੍ਹਾਂ ਦੀਆਂ ਗੱਲਾਂ ਸ਼ੁਰੂ ਕਰ ਦਿੰਦੀ, "ਮੈਂ ਤੁਹਾਨੂੰ ਪੜ੍ਹਾ ਰਹੀ ਹਾਂ ਕਿ ਤੁਸੀਂ ਆਪਣੇ ਆਪ ਨੂੰ ਕਿਸ ਤਰ੍ਹਾਂ ਪ੍ਰਗਟ ਕਰੋ।" ਮੈਂ ਜਾਣਦਾ ਸਾਂ ਕਿ ਇਹ ਮੇਰੇ ਮੋਢਿਆਂ ਤੋਂ ਭਾਰ ਘਟਾਉਣ ਦੀ ਇਕ ਕੋਸ਼ਿਸ਼ ਸੀ। ਉਸ ਦਾ ਮੇਰੇ ਲਈ ਸਮਾਂ ਇੰਨਾਂ ਘੱਟ ਸੀ ਕਿ ਜੇ ਉਹ ਇਸ ਤਰ੍ਹਾਂ ਨਾ ਬੋਲਦੀ ਤਾਂ ਸਿਰਫ਼ ਬੋਲਣ ਲਈ ਕੰਮ ਹੀ ਹੁੰਦਾ। ਜਦੋਂ ਮੈਂ ਉਸ ਨੂੰ ਇਹ ਗੱਲ ਦੱਸੀ ਤਾਂ ਉਸ ਨੇ ਮੈਨੂੰ ਢੁੱਕਵਾਂ ਜਵਾਬ ਦਿੱਤਾ, "ਇਹ ਨਾ ਸੋਚੋ ਕਿ ਤੁਸਾਂ ਮੈਨੂੰ ਮਖ਼ੌਲ ਕਰਨ ਦੀ ਇਜ਼ਾਜਤ ਦੇ ਦਿੱਤੀ ਹੈ। ਇਥੋਂ ਤਕ ਕਿ ਵਿਸ਼ਾ ਹਮੇਸ਼ਾ ਹੀ ਤੁਹਾਡੇ ਕੰਮ ਨਾਲ ਸੰਬੰਧਿਤ ਹੁੰਦਾ ਹੈ। ਜੇ ਇਹ ਹੋਰਨਾਂ ਗੱਲਾਂ ਸੰਬੰਧੀ ਹੁੰਦਾ ਤੁਸੀਂ ਤਾਂ ਮੈਨੂੰ ਸੁਣਦੇ ਵੀ ਨਾ।" ਮੈਂ ਇਹ ਅੰਦਾਜ਼ਾ ਲਾਉਂਦਾ ਕਿ ਉਹ ਠੀਕ ਸੀ। ਕਈ ਵਾਰ ਮੈਨੂੰ ਕਿਸੇ ਕੇਂਦਰ 'ਤੇ ਜਾਣ ਲੱਗਿਆਂ ਉਹ ਮੈਨੂੰ ਛੱਡਣ ਆਉਂਦੀ ਅਤੇ ਵਾਪਸ ਜਾਂਦਿਆਂ ਉੱਚੀ ਆਵਾਜ਼ ਵਿਚ ਮੈਨੂੰ ਕਹਿੰਦੀ, "ਕੰਮ ਕਰੋ, ਕੰਮ ਕਰੋ, ਸਾਨੂੰ ਕੰਮ ਕਰਨਾ ਪੈਣਾ ਹੈ, ਅਸੀਂ ਇਨਕਲਾਬ ਲਿਆਉਣਾ ਹੈ।" ਬਿਲਕਿਅਸ ਹਰ ਇਕ ਨਾਲ ਮੁਸਕਰਾਉਂਦੀ ਅਤੇ ਹੱਸਦੀ। ਉਹ ਉਸ ਮੁਹੱਲੇ ਵਿਚ ਹਰ ਇਕ ਲਈ ਦਿਆਲੂ ਸੀ ਅਤੇ ਜਿਹੜਾ ਡਰ ਮੈਂ ਪੈਦਾ ਕਰਦਾ ਸਾਂ, ਉਸ ਨੂੰ ਚੰਗੀ ਤਰ੍ਹਾਂ ਦੂਰ ਕਰ ਦਿੰਦੀ। ਹੁਣ ਉਸ ਲਈ ਬੰਦਿਆਂ ਨਾਲ ਵਿਹਾਰ ਕਰਨਾ ਇਕ ਸਮੱਸਿਆ ਨਹੀਂ ਰਹਿ ਗਈ ਸੀ। ਮੈਂ ਕਿਸੇ ਤਰ੍ਹਾਂ ਵੀ ਉਸ ਦੇ, ਮਰਦਾਂ ਨਾਲ ਕੰਮ ਕਰਨ ਲਈ ਅਸੁਰੱਖਿਅਤ ਨਹੀਂ ਸਾਂ ਅਤੇ ਨਾ ਹੀ ਉਸ ਨੂੰ ਕਦੀ ਨਿਰਉਤਸ਼ਾਹਿਤ ਕੀਤਾ ਸੀ।

ਸਾਡੀ ਸ਼ਾਦੀ ਤੋਂ ਛੇਤੀ ਬਾਅਦ ਹੀ ਬਿਲਕਿਅਸ ਕੋਲ ਕਈ ਹੋਰ ਆਦਮੀ ਆਏ, ਇਸ ਦੀ ਵਜ੍ਹਾ ਮੇਰੀ ਵਿੰਗੀ-ਟੇਢੀ ਸੂਰਤ ਅਤੇ ਪਹਿਰਾਵਾ, ਮਾੜਾ ਸੁਭਾਅ ਅਤੇ ਉਸ ਨੂੰ ਘੱਟ ਸਮਾਂ ਦੇਣਾ ਸੀ। ਕਈ ਲੋਕ ਸੋਚਦੇ ਸਨ ਕਿ ਉਹ ਮੁਹੱਬਤ ਲਈ, ਕਿਤੇ ਹੋਰ ਧਿਆਨ ਰੱਖੇਗੀ, ਕਈ ਆਦਮੀਆਂ ਨੇ ਪੇਸ਼ਕਸ਼ ਕੀਤੀ, "ਬਿਲਕਿਅਸ, ਜੇ ਤੂੰ ਕੋਈ ਚੀਜ਼ ਚਾਹੁੰਦੀ ਹੈਂ, ਸਾਨੂੰ ਉਸ ਬਾਰੇ ਦੱਸ।" ਗੁੱਸੇ ਹੋਣ ਤੋਂ ਬਗ਼ੈਰ ਹੀ ਉਹ ਦ੍ਰਿੜ੍ਹਤਾਪੂਰਵਕ ਕਹਿੰਦੀ, "ਮੈਨੂੰ ਫਿਰ ਕੋਈ ਚੀਜ਼ ਦੇਣ ਦੀ ਪੇਸ਼ਕਸ਼ ਵੀ ਨਾ ਕਰਨਾ, ਜੇ ਮੈਨੂੰ ਕੁਝ ਚਾਹੀਦਾ ਹੋਇਆ ਤਾਂ ਮੈਂ ਆਪਣੇ ਪਤੀ ਨੂੰ ਕਹਾਂਗੀ।" ਡੁਬਈ ਤੋਂ ਉਸ ਦੀ ਇਕ ਪੁਰਾਣੀ ਸਹੇਲੀ ਨੇ ਉਸ ਨੂੰ ਕਿਹਾ, "ਤੈਨੂੰ ਆਪਣੀ ਜ਼ਿੰਦਗੀ ਕੰਮ ਵਿਚ ਹੀ ਰੁੱਝੇ ਰਹਿਣ ਵਾਲੇ ਇਕ ਬੁੱਢੇ ਨਾਲ ਬਿਤਾ ਕੇ ਫ਼ਜ਼ੂਲ ਨਹੀਂ ਗਵਾਉਣੀ ਚਾਹੀਦੀ। ਮੇਰੇ ਕੋਲ ਡੁਬਈ ਆ ਜਾ, ਉਥੇ ਤੇਰੀ ਬਹੁਤ ਸਿਫ਼ਤ ਹੋਵੇਗੀ।" ਜਦੋਂ ਬਿਲਕਿਅਸ ਨੇ ਉਸ ਨਾਲ ਰਿਸ਼ਤਾ ਖ਼ਤਮ ਕਰ ਲਿਆ, ਮੈਂ ਉਸ ਨੂੰ ਯਕੀਨ ਦਿਵਾਇਆ ਕਿ ਜਿਸ ਤਰ੍ਹਾਂ ਉਸ ਨੇ ਮੇਰੇ ਨਾਲ ਧੋਖਾ ਨਹੀਂ ਕੀਤਾ, ਇਸ ਲਈ ਇਹ ਸਵਾਲ ਹੀ ਪੈਦਾ ਨਹੀਂ ਹੁੰਦਾ ਕਿ ਮੈਂ ਉਸ ਨਾਲ ਕਰਾਂ।

ਜਦੋਂ ਮੈਂ ਉਸ ਨੂੰ ਵਿਅੰਗ ਕਰਦਾ ਕਿ ਉਹ ਇਕ ਅਮੀਰ ਲੜਕੇ ਨਾਲ ਸ਼ਾਦੀ ਕਰਦੀ ਤਾਂ ਉਹ ਛੇਤੀ ਨਾਲ ਮੇਰੇ 'ਤੇ ਅਮੀਨਾ ਦਾ ਸੁਆਲ ਕਰ ਦਿੰਦੀ। ਫਿਰ ਅਸੀਂ ਦੋਵੇਂ ਇਕ ਦੂਜੇ ਨੂੰ ਛੇੜਦੇ ਕਿ ਕੀ ਹੋ ਸਕਦਾ ਸੀ। ਉਹ ਇਕ ਬੇਗਮ ਦੇ ਤੌਰ 'ਤੇ ਜ਼ਿੰਦਗੀ ਬਿਤਾਉਣ ਦੇ ਸੁਪਨੇ ਵੇਖਣੇ ਚੰਗੇ ਸਮਝਦੀ ਸੀ, "ਇਕ ਵੱਡੀ ਏਅਰ-ਕੰਡੀਸ਼ਨਡ ਕਾਰ ਵਿਚ ਇਕ ਡਰਾਈਵਰ ਮੈਨੂੰ ਇਧਰ-ਉਧਰ ਘੁਮਾਵੇ। ਮੈਂ ਠੰਡ ਵਿਚ ਹੋਵਾਂ, ਜਦੋਂ ਕਿ ਬਾਹਰਲੇ ਲੋਕ ਗਰਮੀ ਨਾਲ ਤੜਪ ਰਹੇ ਹੋਣ।" ਉਹ ਆਪਣੀਆਂ ਬਾਹਾਂ ਫੈਲਾ ਕੇ ਜਿੰਨਾ ਵੀ ਉਹਨਾਂ ਨੂੰ ਫੈਲਾ ਸਕਦੀ ਸੀ, ਇਹ ਖ਼ਾਹਿਸ਼ ਕਰਦੀ, "ਮੇਰੀ ਅਲਮਾਰੀ ਵਿਚ ਹਜ਼ਾਰਾਂ ਹੀ ਹਜ਼ਾਰਾਂ ਕੱਪੜਿਆਂ ਵਿਚੋਂ ਮੇਰੀ ਨੌਕਰਾਨੀ ਮੈਨੂੰ ਤਿਆਰ ਕਰਦੀ ਹੋਵੇ ਅਤੇ ਖ਼ੂਬਸੂਰਤ ਬਣਾਉਂਦੀ ਹੋਵੇ।"

ਅਮੀਨਾ ਨਾਲ ਮੈਂ ਕੀ ਵਰਤਾਵ ਕਰਦਾ, ਇਹ ਦੱਸਣ ਦੀ ਜਦੋਂ ਮੇਰੀ ਵਾਰੀ ਆਉਂਦੀ, ਬਿਲਕਿਅਸ ਮੇਰੇ ਬੋਲਣ ਤੋਂ ਪਹਿਲਾਂ ਹੀ ਮੌਕਾ ਲੈ ਲੈਂਦੀ, "ਤੂੰ ? ਤੂੰ ਨਰਕ ਵਿਚ ਚਾਹੀਦੀ ਸੀ। ਇਕ ਦਰਜ਼ੀ ਜੱਚਾ-ਬੱਚਾ ਕੇਂਦਰ ਵਿਚ ਕੱਪੜੇ ਸਿਉਂ ਰਿਹਾ ਹੁੰਦਾ ਅਤੇ ਲਾਸ਼ਾਂ ਨੂੰ ਤੁਹਾਡੇ ਘਰ ਵਿਚ ਅੰਦਰ ਆਉਣ ਦੀ ਇਜਾਜ਼ਤ ਨਾ ਹੁੰਦੀ। ਤੈਨੂੰ ਆਪਣੇ ਪੁਰਾਣੇ ਕੱਪੜੇ ਰੂੜੀ 'ਤੇ ਸੁੱਟਣੇ ਪੈਣੇ ਸਨ ਅਤੇ ਡਿਸਪੈਂਸਰੀ ਜਾਣ ਲਈ ਸੂਟ ਅਤੇ ਟਾਈ ਲਾਗਾਉਂਦੇ। ਸਾਰੇ ਬੇਘਰੇ ਫਿਰ ਸੜਕਾਂ 'ਤੇ ਇਧਰ-ਉਧਰ ਘੁੰਮਣ ਲਈ ਆਜ਼ਾਦ ਹੁੰਦੇ।" ਅਸੀਂ ਦੋਵੇਂ ਉਸ ਦੇ ਸੁਪਨਿਆਂ ਬਾਰੇ ਸੁਪਨੇ ਲੈਂਦੇ ਜਾਂ ਮੇਰੇ ਡਰਾਉਣੇ ਸੁਪਨਿਆਂ ਦੀਆਂ ਗੱਲਾਂ ਕਰਦੇ। ਮੈਨੂੰ ਹੋਰ ਡਰਾਉਣ ਲਈ ਉਹ ਇਹ ਭਵਿੱਖਬਾਣੀ ਕਰਦੀ, "ਚੰਗਾ ਹੋਵੇ ਜੇ ਤੁਸੀਂ ਤਲਾਕ ਦੇ ਦਿਉ ਅਤੇ ਫਿਰ ਇਸ ਦੁਨੀਆਂ ਵਿਚ ਹੋਰ ਕੋਈ ਪਤਨੀ ਨਾ ਲੱਭੇ।" ਮੇਰੇ ਕੋਲ ਹੋਰ ਕੋਈ ਦਲੀਲ ਨਹੀਂ ਸੀ ਅਤੇ ਮੈਂ ਉਸ ਨਾਲ ਸਹਿਮਤ ਹੋ ਜਾਂਦਾ।

ਉਹ ਮੈਨੂੰ ਪਰਮਾਤਮਾ ਦਾ ਧੰਨਵਾਦ ਕਰਨ ਲਈ ਮਜਬੂਰ ਕਰਦੀ ਕਿ ਉਹ ਮੈਨੂੰ ਮਿਲ ਗਈ ਸੀ, "ਕੀ ਤੁਸੀਂ ਅੱਜ ਉਸ ਦਾ ਧੰਨਵਾਦ ਕੀਤਾ ਹੈ, ਕੀ ਕੀਤਾ ਹੈ, ਕੀ ਕੀਤਾ ਹੈ ?" ਮੈਂ ਆਪਣੇ ਕੰਨ ਫੜਦਾ ਅਤੇ ਕਹਿੰਦਾ, "ਬਿਲਕਿਅਸ, ਮੈਂ ਉਸ ਦਾ ਹਰ ਵਕਤ ਧੰਨਵਾਦ ਕਰਦਾ ਰਹਿੰਦਾ ਹਾਂ, ਤੂੰ ਮੈਨੂੰ ਉਸ ਨੂੰ ਕਦੀ ਵੀ ਨਾ ਭੁੱਲਣ ਦੇਣਾ।" ਅਤੇ ਮੈਂ ਇਹ ਨਹੀਂ ਭੁੱਲਦਾ ਕਿ ਮੇਰੇ ਤੋਂ ਵੱਧ ਕੌਣ ਜਾਣਦਾ ਹੈ ਕਿ ਉਹ ਮੇਰੀ ਕਿੰਨੀ ਵੱਡੀ ਸੰਪੱਤੀ ਸੀ।

ਇਕ ਔਰਤ ਘਰ ਦੀ ਵਜ਼ੀਰ ਹੁੰਦੀ ਹੈ। ਉਹ ਜਾਂ ਤਾਂ ਬਹੁਤ ਚੰਗੀ ਜਾਂ ਬਹੁਤ ਮਾੜੀ ਹੋ ਸਕਦੀ ਹੈ। ਆਦਮੀ ਲਈ, ਇਕ ਔਰਤ ਨੂੰ ਉੱਚੀ ਦੁਨੀਆਂ ਲਈ ਬਦਲਣਾ ਕੋਈ ਮੁਸ਼ਕਲ ਨਹੀਂ, ਉਹ ਇਕ ਕੁਦਰਤੀ ਸਮਾਜ ਸੇਵਕ ਹੈ, ਉਹ ਬੱਚੇ ਪੈਦਾ ਕਰਨ ਵਾਲੀ ਅਤੇ ਬੱਚੇ ਪਾਲਣ ਵਾਲੀ ਹੁੰਦੀ ਹੈ। ਉਸ ਕੋਲ ਬਹੁਤ ਮਜ਼ਬੂਤ ਸਮਾਜਿਕ ਸ਼ਕਤੀ ਹੁੰਦੀ ਹੈ, ਬਹੁਤ ਮਜ਼ਬੂਤ ਆਤਮਵਿਸ਼ਵਾਸ ਅਤੇ ਬੇਇਨਸਾਫ਼ੀ

ਸੰਬੰਧੀ ਆਦਮੀ ਨਾਲੋਂ ਚੰਗੇ ਜ਼ਜਬਾਤ ਹੁੰਦੇ ਹਨ। ਪਰ ਇਸ ਦੇ ਇਵਜ਼ ਵਿਚ ਉਸ ਦੀ ਸਿਫ਼ਤ ਅਤੇ ਇਨਸਾਫ਼ ਨਾਲ ਉਸ ਦਾ ਮੁੱਲ ਪਾਉਣਾ ਚਾਹੀਦਾ ਹੈ। ਇਸ ਤੋਂ ਬ.ਗੈਰ ਉਹ ਸਾਥ, ਨਾਬਰਾਬਰੀ ਦੀ ਸ਼ਾਦੀ ਬਣ ਜਾਂਦੀ ਹੈ ਅਤੇ ਫਿਰ ਕੁਝ ਵੀ ਨਹੀਂ ਸਗੋਂ ਅਸੰਤੁਲਨ ਅਤੇ ਲੜਾਈ ਝਗੜਾ ਰਹਿੰਦਾ ਹੈ।

ਬਿਲਕਿਅਸ ਹੌਸਲਾ ਅਤੇ ਪੱਕਾ ਇਰਾਦਾ ਵਿਖਾਉਂਦੀ, ਜਦੋਂ ਵੀ ਕਦੀ ਮੈਨੂੰ ਕਿਸੇ ਵਿਰੋਧੀ ਅਤੇ ਜ਼ੋਖ਼ਿਮ ਵਾਲਾ ਫ਼ੈਸਲਾ ਦੁਖੀ ਕਰਦਾ, "ਮਾਮਲੇ ਨੂੰ ਅੱਗੇ ਲੈ ਜਾਉ। ਡਰ ਵਿਚ ਵਾਪਸ ਨਾ ਮੁੜੋ, ਉਦੋਂ ਤਕ ਜਦੋਂ ਤਕ ਤੁਹਾਨੂੰ ਪੱਕਾ ਯਕੀਨ ਨਾ ਹੋ ਜਾਵੇ ਕਿ ਤੁਹਾਡਾ ਕਦਮ ਗ਼ਲਤ ਹੈ।" ਜਦੋਂ ਮੈਂ ਇਹ ਮਹਿਸੂਸ ਕਰਦਾ ਕਿ ਇਹ ਫੈਸਲਾ ਗ਼ਲਤ ਸੀ ਤਾਂ ਉਹ ਸੁਝਾਅ ਦਿੰਦੀ, "ਬਿਨਾਂ ਝਿਜਕ ਦੇ ਇਸ ਨੂੰ ਹਟਾ ਦਿਉ ਅਤੇ ਫ਼ੇਲ੍ਹ ਹੋਣ ਦੇ ਸਿੱਟਿਆਂ ਨੂੰ ਹੌਲੇ ਮਨ ਨਾਲ ਲਉ। ਇਹ ਸਿਰਫ਼ ਇਕ ਗ਼ਲਤੀ ਹੈ, ਇਹ ਉਸ ਸਭ ਕੁਝ ਨੂੰ ਬਰਬਾਦ ਨਹੀਂ ਕਰੇਗੀ, ਜਿਸ ਦਾ ਤੁਸੀਂ ਵਿਸ਼ਵਾਸ ਕਰਦੇ ਹੋ ਜਾਂ ਕਰਨਾ ਚਾਹੁੰਦੇ ਹੋ। ਇਹ ਕੋਈ ਮੌਤ ਨਹੀਂ। ਕੋਈ ਆਖ਼ਰੀ ਗੱਲ ਨਹੀਂ।" ਉਸ ਦਾ ਸਿਧਾਂਤ ਹਮੇਸ਼ਾ ਸੱਚਾਈ ਅਤੇ ਅਸਲੀਅਤ 'ਤੇ ਆਧਾਰਿਤ ਹੁੰਦਾ। ਉਹ ਜਦੋਂ ਮੈਨੂੰ ਮਾੜਾ ਜਿਹਾ ਵੀ ਉਦਾਸ ਵੇਖਦੀ ਅਤੇ ਉਸ ਨੂੰ ਯਕੀਨ ਹੋ ਜਾਂਦਾ ਕਿ ਮੈਂ ਚਿੜਚਿੜਾ ਨਹੀਂ ਹਾਂ, ਉਹ ਮੇਰੇ ਨਾਲ ਵਾਅਦਾ ਕਰਦੀ, "ਮੈਂ ਤੁਹਾਨੂੰ ਕਦੀ ਵੀ ਘੱਟ ਮਹੱਤਵਪੂਰਨ ਨਹੀਂ ਹੋਣ ਦਿਆਂਗੀ। ਮੈਂ ਕਦੀ ਵੀ ਤੁਹਾਡੇ ਰਸਤੇ ਤੋਂ ਨਹੀਂ ਭਟਕਾਂਗੀ, ਅਸੀਂ ਇਕ ਦੂਜੇ ਦਾ ਹੱਥ ਫੜਾਂਗੇ ਅਤੇ ਉਸ ਸਾਰੇ ਨੂੰ ਇਕੱਠਾ ਬਰਦਾਸ਼ਤ ਕਰਾਂਗੇ।" ਮੇਰੀ ਪਤਨੀ ਦਿਲ ਤੋਂ ਇਕ ਬਾਗ਼ੀ ਸੀ ਅਤੇ ਮੇਰੀਆਂ ਸਮੱਸਿਆਵਾਂ ਸੰਬੰਧੀ ਹਮੇਸ਼ਾ ਦਲੇਰ ਪ੍ਰਤਿਕ੍ਰਿਆ ਨਾਲ ਮੁਕਾਬਲਾ ਕਰਦੀ ਅਤੇ ਮੈਂ ਉਸ ਨੂੰ ਕਹਿੰਦਾ, "ਇਸ ਤਰ੍ਹਾਂ ਇਕ ਔਰਤ ਮਰਦ ਨੂੰ ਪੂਰੀ ਤਰ੍ਹਾਂ ਗਤੀਹੀਣ ਕਰਨ ਤਕ ਡਰਾ ਸਕਦੀ ਹੈ, ਇਸ ਤਰ੍ਹਾਂ ਇਕ ਦਲੇਰ ਔਰਤ ਦਾ ਪਤੀ ਕਮਜ਼ੋਰ ਨਹੀਂ ਹੋ ਸਕਦਾ।"

ਉਸ ਦੇ ਮੇਰੇ ਨਾਲ ਹੋਣ ਕਰਕੇ, ਮੇਰੇ ਫ਼ੈਸਲੇ ਲੈਣ ਦਾ ਵਿਸ਼ਵਾਸ ਮਜ਼ਬੂਤ ਹੋ ਗਿਆ ਸੀ। ਮੈਂ ਹੁਣ ਗ਼ਲਤੀਆਂ ਤੋਂ ਡਰਦਾ ਨਹੀਂ ਸਾਂ ਅਤੇ ਜਦੋਂ ਮੈਨੂੰ ਕੋਈ ਗ਼ਲਤੀ ਲੱਭਦੀ ਤਾਂ ਉਸ ਤੋਂ ਪਿੱਛੇ ਹਟ ਜਾਂਦਾ। ਜਿਹੜਾ ਵੀ ਫ਼ਿਕਰ ਮੇਰੇ ਮਨ ਦੇ ਕਿਸੇ ਕੋਨੇ 'ਤੇ ਬਣ ਜਾਂਦਾ, ਬਿਲਕਿਅਸ ਉਸ ਨੂੰ ਦੂਰ ਕਰ ਦਿੰਦੀ। ਉਹ ਅਮੀਨਾ ਨੂੰ ਗੁੱਸੇ ਹੁੰਦੀ, ਜਦੋਂ ਉਹ ਉਸ ਦੇ ਆਰਾਮ ਵਿਚ ਮੇਰੀ ਦਿਲਚਸਪੀ ਵੱਲ ਇਸ਼ਾਰਾ ਕਰਦੀ, "ਕਿਸੇ ਮਹਾਨ ਆਦਮੀ ਦੀ ਪਤਨੀ ਬਣਨਾ ਕੋਈ ਸੌਖਾ ਕੰਮ ਨਹੀਂ। ਮੈਂ ਆਪਣੀ ਸ਼ਾਦੀ ਨੂੰ ਚੰਗੀ ਤਰ੍ਹਾਂ ਜਾਣਦੀ ਹਾਂ, ਪਰ ਮੈਂ ਇਹ ਵੀ ਜਾਣਦੀ ਹਾਂ ਕਿ ਸਾਧਾਰਨ ਆਦਮੀਆਂ ਦੀ ਸਲਾਹ ਇਸ ਨੂੰ ਖੇਰੂੰ-ਖੇਰੂੰ ਕਰ ਸਕਦੀ ਹੈ। ਮੈਂ ਈਦੀ ਦੇ ਉਦੇਸ਼ ਨੂੰ ਉੱਨ੍ਹਾਂ ਹੀ ਪਿਆਰ ਕਰਦੀ ਹਾਂ, ਜਿੱਨਾਂ ਉਸ ਨੂੰ।"

ਰਾਬੀਆ ਮਾਂ ਨੇ ਅਮੀਨਾ ਦੇ ਅਧੀਨ ਦਾਈ ਦੀ ਟ੍ਰੇਨਿੰਗ ਪੂਰੀ ਕਰ ਲਈ ਅਤੇ ਜੱਚਾ-ਬੱਚਾ ਕੇਂਦਰ ਵਿਚ ਔਰਤਾਂ ਨੂੰ ਦਾਈਆਂ ਅਤੇ ਨਰਸਾਂ ਦੀ ਟ੍ਰੇਨਿੰਗ ਦੇਣ ਦਾ ਚਾਰਜ ਲੈ ਲਿਆ। ਸਰਕਾਰੀ ਹਸਪਤਾਲ ਦੀਆਂ ਲੇਡੀ ਡਾਕਟਰ, ਉਹਨਾਂ ਦੀਆਂ ਡਿਗਰੀਆਂ ਦੇ ਬਾਵਜੂਦ ਕੋਈ ਅਮਲੀ ਤਜਰਬਾ ਨਾ ਹੋਣ ਕਰਕੇ ਉਸ ਕੋਲ ਆਉਂਦੀਆਂ ਸਨ। ਉਹ ਇੱਨੀ ਨਿਪੁੰਨ ਸੀ ਕਿ ਉਹ ਇਕ ਗਰਭਵਤੀ ਇਸਤਰੀ ਨੂੰ ਛੂਹ ਕੇ ਭਵਿੱਖਬਾਣੀ ਕਰ ਦਿੰਦੀ ਸੀ, "ਅੱਠ ਦਿਨ। ਨਹੀਂ ਇਸ ਲਈ ਹੋਰ ਦਸ ਦਿਨ ਚਾਹੀਦੇ ਹਨ।"

ਆਪਣੀ ਸੱਸ ਨੂੰ ਕੰਮ ਕਰਦਿਆਂ ਵੇਖਣ ਤੋਂ ਇਲਾਵਾ ਅਸੀਂ ਇਕ ਦੂਜੇ ਤੋਂ ਦੂਰ ਅਤੇ ਆਪਣੇ ਆਪ ਵਿਚ ਰਹਿੰਦੇ, ਬਹੁਤ ਘੱਟ ਹੀ ਇਕ ਦੂਜੇ ਨਾਲ ਗੱਲ ਕਰਦੇ, ਉਹ ਵੀ ਜੇ ਕੰਮ ਨਾਲ ਸੰਬੰਧਿਤ ਹੁੰਦੀ ਤਾਂ। ਮੈਂ ਉਸ ਦਾ ਬਹੁਤ ਅਹਿਸਾਨਮੰਦ ਸਾਂ ਅਤੇ ਉਸ ਨੇ ਜੋ ਮਦਦ ਅਤੇ ਸ਼ਾਂਤੀ ਮੈਨੂੰ ਮੇਰੇ ਕਸ਼ਟਮਈ ਅਤੇ ਗ਼ੈਰ-ਮਾਮੂਲੀ ਸਮੇਂ ਵਿਚ ਦਿੱਤੀ ਸੀ, ਉਸ ਤੋਂ ਬਗ਼ੈਰ ਨਹੀਂ ਸਾਂ ਰਹਿ ਸਕਦਾ। ਉਹ ਹਮੇਸ਼ਾ ਬਿਲਕਿਅਸ ਨੂੰ ਸਲਾਹ ਦਿੰਦੀ, "ਜਾਂ ਕਿਸੇ ਦਾ ਬਣ ਕੇ ਰਹੋ, ਜਾਂ ਕਿਸੇ ਨੂੰ ਇਸ ਤਰ੍ਹਾਂ ਦਾ ਬਣਾਓ ਕਿ ਉਹ ਤੁਹਾਡਾ ਬਣ ਕੇ ਰਹੇ।" ਇਹ ਇਕ ਸਾਧਾਰਨ ਸਿਧਾਂਤ ਸੀ ਪਰ ਇਸ ਦੇ ਅਰਥ ਬਹੁਤ ਡੂੰਘੇ ਸਨ। ਪੌੜੀਆਂ ਦੇ ਉੱਪਰ ਉਹ ਇਕ ਇਸ ਤਰ੍ਹਾਂ ਦੀ ਹੈਸੀਅਤ ਵਿਚ ਬੈਠੀ ਹੁੰਦੀ, ਜਿਵੇਂ ਕੋਈ ਸ਼ੇਰਨੀ ਹੋਵੇ, ਹਰ ਇਕ ਕਾਰਵਾਈ ਨੂੰ ਆਪਣੀਆਂ ਘੁੰਮਦੀਆਂ ਅੱਖਾਂ ਦੇ ਸਾਮ੍ਹਣੇ ਰੱਖਦੀ। ਉਸ ਦੀ ਮਜ਼ਬੂਤ ਅਤੇ ਚੱਟਾਨ ਦੀ ਤਰ੍ਹਾਂ ਬਣੀ ਹਾਜ਼ਰੀ, ਹਰ ਇਕ ਨੂੰ ਅਨੁਸ਼ਾਸਨ ਵਿਚ ਲੈ ਆਉਂਦੀ। ਜਦੋਂ ਉਹ ਆਪਣੀ ਤਾਕਤਵਰ ਆਵਾਜ਼ ਨੂੰ ਉੱਚਾ ਕਰਦੀ ਅਤੇ ਕਿਸੇ ਨੂੰ ਬੁਲਾਉਂਦੀ, ਲੜਕੀਆਂ ਆਪਣੀਆਂ ਸਰਿੰਜਾਂ ਛੱਡ ਦਿੰਦੀਆਂ ਅਤੇ ਭੱਜ ਆਉਂਦੀਆਂ।

ਉਹ ਉਹਨਾਂ ਨੂੰ ਆਮ ਹੀ ਇਹ ਸਲਾਹ ਦਿੰਦੀ, "ਤੁਸੀਂ ਆਪਣੀ ਪੂਰੀ ਸਮਰੱਥਾ ਪ੍ਰਾਪਤ ਕਰਨ ਲਈ ਰੁਕਾਵਟਾਂ ਦੇ ਬਾਵਜੂਦ ਕੰਮ ਕਰੋ ਅਤੇ ਉਸ ਨੂੰ ਕਿਸੇ ਮੁਸੀਬਤ ਵਿਚ ਵੀ ਕਰੋ।" ਕਈ ਵਾਰ ਉਹ ਮਖ਼ੌਲ ਕਰਦੀ, "ਲੋੜ ਦੇ ਵੇਲੇ, ਇਕ ਗਧੇ 'ਤੇ ਵੀ ਬਾਪ ਦੀ ਤਰ੍ਹਾਂ ਦਾ ਵਿਵਹਾਰ ਕਰੋ। ਸਮੇਂ ਦੇ ਨਾਲ ਚੱਲਣਾ ਹੁਸ਼ਿਆਰੀ ਹੈ। ਫਿਰ ਤੁਸੀਂ ਇਕ ਰਸਤੇ 'ਤੇ ਰਹੋਗੇ।" ਪਰੇ ਹੋਣ ਕਰਕੇ ਅਤੇ ਅਧਿਕਾਰ ਰੱਖਦੇ ਹੋਏ ਉਹ ਬਿਲਕੁਲ ਠੀਕ ਸੀ। ਜੇ ਕੋਈ ਲੜਕੀ ਉਸ ਕੋਲ ਕਿਸੇ ਛੋਟੀ ਟੁੱਟ ਭੱਜ ਲਈ ਕਿਸੇ ਠੋਸ ਬਹਾਨੇ ਨਾਲ ਆਉਂਦੀ, ਉਹ ਉਸ ਨੂੰ ਬੇਧਿਆਨੀ ਨਾਲ ਜਾਣ ਦਿੰਦੀ ਅਤੇ ਲਾਪਰਵਾਹੀ ਲਈ ਤਾੜਨਾ ਕਰਦੀ, "ਹੋਰ ਲੋਕ ਵੀ ਇਹ ਸਹੂਲਤ ਮੰਗਣਗੇ, ਜੇ ਉਹਨਾਂ ਨੂੰ ਪਤਾ ਲੱਗ ਗਿਆ।" ਪਰ ਉਹ ਇਕ ਤੋਂ ਜ਼ਿਆਦਾ ਲੜਕੀਆਂ ਨਾਲ ਇਸ ਤਰ੍ਹਾਂ ਹੀ ਕਰਦੀ ਅਤੇ ਇਸ ਨੂੰ ਹਰ ਇਕ ਕੋਲੋਂ ਲੁਕਾ ਲੈਂਦੀ। ਮੈਂ ਆਪਣੇ ਸਾਥੀਆਂ ਨੂੰ ਕਹਿੰਦਾ, "ਔਰਤਾਂ ਵਿਚ ਸਦੀਆਂ ਪੁਰਾਣੀਂ ਜਿੰਦਾ ਰਹਿਣ ਦੀ ਸਹਜ ਬਿਰਤੀ ਹੈ ਅਤੇ ਉਹ ਮਰਦਾਂ ਦੇ ਕੰਟਰੋਲ ਤੋਂ ਪਰੇ ਹੈ।"

ਕਈ ਔਰਤਾਂ ਜੋ ਪਹਿਲਾਂ ਸਾਡੇ ਕੋਲ ਵਿੱਤੀ ਮਦਦ ਲੈਣ ਆਉਂਦੀਆਂ ਸਨ, ਹੁਣ ਉਹਨਾਂ ਨੇ ਦਾਈਆਂ ਦੀ ਟ੍ਰੇਨਿੰਗ ਲੈਣ ਦੀ ਪੇਸ਼ਕਸ਼ ਨੂੰ ਪ੍ਰਵਾਨ ਕਰ ਲਿਆ। ਕਰਾਚੀ ਦੇ ਬਹੁਤ ਪੱਛੜੇ ਇਲਾਕਿਆਂ, ਜਿਵੇਂ ਮੂਸਾ ਲਾਈਨ, ਮੀਠਾਦਾਰ ਅਤੇ ਲਿਆਰੀ, ਅਮੀਰਪੁਰ ਖ਼ਾਸ ਅਤੇ ਥਾਰ ਦੇ ਬਹੁਤ ਦੂਰ-ਦਰਾਜ ਦੇ ਪੇਂਡੂ ਇਲਾਕੇ ਹੁਣ ਆਰਥਿਕ ਤੌਰ 'ਤੇ ਸੁਤੰਤਰ ਔਰਤਾਂ ਦੇ ਸਨ, ਜੋ ਇਕ ਇਸ ਤਰ੍ਹਾਂ ਦੇ ਵਾਤਾਵਰਣ ਵਿਚ ਸੇਵਾ ਕਰਨ ਨੂੰ ਅਤੇ ਤੇਜ਼ੀ ਨਾਲ ਚਲਾਉਣ ਲਈ ਤਿਆਰ ਸਨ, ਜਿਥੇ ਕੁਝ ਵੀ ਨਹੀਂ ਸੀ। ਕਈ ਔਰਤਾਂ ਤਾਂ ਮਹੀਨੇ ਵਿਚ ਦੋ ਹਜ਼ਾਰ ਰੁਪੈ ਤੋਂ ਵੀ ਜ਼ਿਆਦਾ ਕਮਾ ਰਹੀਆਂ ਸਨ ਅਤੇ ਸੁਤੰਤਰਤਾ ਨੇ ਘਰ ਵਿਚ ਉਹਨਾਂ ਦੀ ਸਥਿਤੀ ਨੂੰ ਤਾਕਤਵਰ ਕਰ ਦਿੱਤਾ ਸੀ, ਜਦੋਂ ਕਿ ਹੁਣ ਉਹਨਾਂ ਨੂੰ ਆਰਥਿਕ ਬੰਧਕ ਨਹੀਂ ਸੀ ਬਣਾਇਆ ਜਾ ਸਕਦਾ।

ਉਹ, ਜਿਸ ਵਾਤਾਵਰਣ ਕਰਕੇ ਦੁਖ ਉਠਾ ਰਹੀਆਂ ਸਨ, ਉਹਨਾਂ ਵਿਚ ਉਹ ਔਰਤਾਂ ਵੀ ਸਨ, ਜਿਨ੍ਹਾਂ ਨੇ ਲੜਾਈ ਝਗੜੇ ਦੀਆਂ ਸ਼ਾਦੀਆਂ ਵਿਚ ਸੰਘਰਸ਼ ਕੀਤਾ ਸੀ ਤਾਂ ਕਿ ਉਹਨਾਂ ਨੂੰ ਉਹਨਾਂ ਦੇ ਜਵਾਨ ਬੱਚਿਆਂ ਦੇ ਨਾਲ ਘਰਾਂ ਤੋਂ ਕੱਢ ਦਿੱਤਾ ਜਾਵੇ। ਜਦੋਂ ਰਾਬੀਆ ਮਾਂ ਨੇ ਉਹਨਾਂ ਨੂੰ ਸਿਖਲਾਈ ਦਿੱਤੀ, ਉਹਨਾਂ ਵਿਚੋਂ ਕਈਆਂ ਨੇ ਸਾਡੇ ਕੋਲ ਹੀ ਰਹਿਣ ਦੀ ਖ਼ਾਹਿਸ਼ ਕੀਤੀ ਅਤੇ ਹੋਰਨਾਂ ਦੇ ਨਾਲ ਨਾਲ ਉਹ ਵੀ ਸੰਸਥਾ ਦਾ ਹਿੱਸਾ ਬਣ ਗਈਆਂ। ਉਹਨਾਂ ਵਿਚੋਂ ਜਦੋਂ ਕਿਸੇ ਨੇ ਰਾਬੀਆ ਮਾਂ ਕੋਲੋਂ ਕਿਸੇ ਧਾਰਮਿਕ ਮੌਕੇ 'ਤੇ ਛੁੱਟੀ ਮੰਗਣੀ, ਕਿਉਂ ਜੋ ਉਹ ਕਦੀ ਵੀ ਇਨਕਾਰ ਨਹੀਂ ਸੀ ਕਰ ਸਕਦੀ, ਇਸ ਲਈ ਉਹ ਜਾਣ ਕੇ ਉਹਨਾਂ ਨੂੰ ਮੇਰੇ ਕੋਲ ਭੇਜ ਦਿੰਦੀ। ਇਸ ਲਈ ਇਸ 'ਤੇ ਮੈਂ ਜ਼ਰੂਰ ਹੀ ਚਿੱਲਾਉਂਦਾ, "ਡਿਸਪੈਂਸਰੀ ਨੂੰ ਬੰਦ ਕਰ ਦਿਉ, ਦਰਵਾਜ਼ਿਆਂ ਨੂੰ ਬੰਦ ਕਰ ਦਿਉ ਅਤੇ ਸਾਰੀਆਂ ਗਰਭਵਤੀ ਔਰਤਾਂ ਨੂੰ ਕਹਿ ਦਿਉ ਕਿ ਉਹ ਬੱਚਿਆਂ ਨੂੰ ਜਨਮ ਨਾ ਦੇਣ। ਪਰਮਾਤਮਾ ਕੱਲ ਕਿਸੇ ਬੱਚੇ ਨੂੰ ਪੈਦਾ ਨਾ ਕਰੇ, ਕਿਉਂ ਜੋ ਅਸੀਂ ਇਸਲਾਮ ਮਨਾਉਣ ਲਈ ਰੁੱਝੇ ਹੋਏ ਹਾਂ। ਉਹ ਵਾਪਸ ਮੁੜ ਜਾਂਦੀਆਂ।

ਇਕ ਲੜਕੀ ਦੀ ਮਾਂ ਦਫ਼ਤਰ ਵਿਚ ਆਈ, ਮੈਂ ਉਸ ਬਜ਼ੁਰਗ ਔਰਤ ਨੂੰ ਬੈਠਣ ਲਈ ਕਿਹਾ ਅਤੇ ਨਿਮ੍ਰਤਾ ਨਾਲ ਉਸ ਦੀ ਸਿਹਤ ਬਾਰੇ ਪੁੱਛਿਆ। ਅਸੀਂ ਕੁਝ ਪੱਲ ਗੱਲਾਂ ਕਰਦੇ ਰਹੇ। ਜਦੋਂ ਤਕ ਉਸ ਨੇ ਕਿਹਾ, "ਲੜਕੀਆਂ ਮੇਰੀ ਧੀ ਦੇ ਖ਼ਿਲਾਫ਼ ਹਨ। ਉਹ ਹੈ.....।" ਮੈਂ ਉਸ ਦੀ ਗੱਲ ਨੂੰ ਛੇਤੀ ਹੀ ਟੋਕ ਦਿੱਤਾ ਅਤੇ ਉਸ ਨੂੰ ਜਾਣ ਲਈ ਕਿਹਾ। ਉਸ ਨੇ ਜਾਰੀ ਰੱਖਣ ਦੀ ਕੋਸ਼ਿਸ਼ ਕੀਤੀ, "ਨਰਸਾਂ ਉਸ ਨੂੰ ਦੁਖੀ ਕਰਦੀਆਂ ਹਨ, ਮੈਂ ਚਾਹੁੰਦੀ ਹਾਂ.......।" ਮੈਂ ਹੱਥ ਨਾਲ ਉਸ ਨੂੰ ਇਸ਼ਾਰਾ ਕੀਤਾ ਕਿ ਉਹ ਖੜੀ ਹੋ ਜਾਵੇ, ਅਤੇ ਉਸ ਨੂੰ ਇਕ ਦਮ ਜਾਣ ਦਾ ਹੁਕਮ ਦਿੱਤਾ। ਇਸ ਤਰ੍ਹਾਂ ਦੀਆਂ ਕਹਾਣੀਆਂ ਬਹੁਤ ਛੇਤੀ ਘੁੰਮਦੀਆਂ ਸਨ ਅਤੇ ਮੇਰਾ ਡਰ ਵਧ ਜਾਂਦਾ ਸੀ। ਮੈਂ ਇਸ ਤਰ੍ਹਾਂ ਹੋਣ ਦਿੰਦਾ।

ਇਕ ਹੋਰ ਦਿਨ ਮੈਂ ਜੱਚਾ-ਬੱਚਾ ਕੇਂਦਰ ਵਿਚ ਗਿਆ, ਜਿਥੇ ਮੈਂ ਰਾਬੀਆ ਮਾਂ ਅਤੇ ਕੁਝ ਲੜਕੀਆਂ ਨੂੰ ਦਰੀ 'ਤੇ ਬੈਠਿਆਂ ਵੇਖਿਆ, ਜੋ ਆਪਸ ਵਿਚ ਗੱਲਾਂ ਕਰ ਰਹੀਆਂ ਸਨ। ਬਗ਼ੈਰ ਸੋਚਣ ਦੇ ਹੀ ਮੈਂ ਭੜਕ ਉੱਠਿਆ, "ਮੈਂ ਇਥੇ ਇਕ ਸਿਹਤ ਕੇਂਦਰ ਚਲਾਉਂਦਾ ਹਾਂ। ਜੇ ਮੈਂ ਲੜਕੀਆਂ ਨੂੰ ਪ੍ਰਾਰਥਨਾ ਦੀ ਸਿਖਲਾਈ ਲਈ ਇਥੇ ਰੱਖਿਆ ਹੁੰਦਾ ਤਾਂ ਮੈਂ ਹਸਪਤਾਲ ਨਾ ਖੋਲ੍ਹਦਾ। ਇਸ ਦੀ ਕਿਸ ਨੇ ਇਜਾਜ਼ਤ ਦਿੱਤੀ ਹੈ ?" ਭਾਵੇਂ ਕਿ ਮੈਂ ਔਰਤਾਂ 'ਤੇ ਬਗ਼ੈਰ ਵੇਖਣ ਤੋਂ ਹੀ ਬੋਲਣ ਲੱਗ ਪਿਆ ਸਾਂ, ਖ਼ਾਸ ਕਰਕੇ ਬਿਲਕਿਅਸ ਦੀ ਮਾਂ ਨੂੰ। ਹਰ ਇਕ ਨੇ ਕੰਮ ਸ਼ੁਰੂ ਕਰ ਦਿੱਤਾ।

ਮੈਨੂੰ ਪਤਾ ਲੱਗਾ ਕਿ ਇਸ ਘਟਨਾ ਤੋਂ ਬਾਅਦ ਬਿਲਕਿਅਸ ਨੇ ਆਪਣੀ ਮਾਂ ਨੂੰ ਕੇਂਦਰ ਛੱਡਣ ਲਈ ਕਿਹਾ, "ਤੁਸੀਂ ਆਪਣੀ ਡਿਸਪੈਂਸਰੀ ਆਪ ਖੋਲ੍ਹ ਸਕਦੇ ਹੋ। ਮੈਂ ਜਗ੍ਹਾ ਲੱਭਣ ਵਿਚ ਤੁਹਾਡੀ ਮਦਦ ਕਰਾਂਗੀ। ਮੈਂ ਲੋੜੀਂਦੀਆਂ ਚੀਜ਼ਾਂ ਖ਼ਰੀਦ ਦੇਵਾਂਗੀ ਅਤੇ ਬਿਮਾਰਾਂ ਨੂੰ ਤੁਹਾਡੇ ਕੋਲ ਭੇਜਾਂਗੀ। ਤੁਸੀਂ ਇਕੱਲੇ ਹੀ ਜ਼ਿਆਦਾ ਪੈਸੇ ਕਮਾ ਲਉਗੇ। ਮਿਹਰਬਾਨੀ ਕਰ ਕੇ, ਮਿਹਰਬਾਨੀ ਕਰ ਕੇ ਇਸ ਤਰ੍ਹਾਂ ਕਰੋ। ਮੈਂ ਵੀ ਤੁਹਾਡੇ ਨਾਲ ਕੰਮ ਕਰਾਂਗੀ, ਮੈਂ ਟੀਕੇ ਲਾਵਾਂਗੀ ਅਤੇ ਬਲੱਡ ਪ੍ਰੈਸ਼ਰ ਚੈੱਕ ਕਰਾਂਗੀ। ਅਸੀਂ ਇਕ ਟੈਲੀਵਿਜ਼ਨ ਖ਼ਰੀਦ ਲਵਾਂਗੀਆਂ ਅਤੇ ਸ਼ਾਮ ਨੂੰ ਤੁਸੀਂ ਡਰਾਮੇਂ ਵੇਖ ਸਕਦੇ ਹੋ।" ਪਰ ਰਾਬੀਆ ਮਾਂ ਨੇ ਛੱਡਣ ਤੋਂ ਇਨਕਾਰ ਕਰ ਦਿੱਤਾ ਅਤੇ ਆਪਣੀ ਲੜਕੀ ਨੂੰ ਸਲਾਹ ਦਿੱਤੀ, "ਇਸ ਗੱਲ ਤੋਂ ਪ੍ਰੇਸ਼ਾਨ ਨਾ ਹੋ ਕਿ ਤੇਰੇ ਪਤੀ ਨੇ ਕੀ ਕਿਹਾ ਹੈ, ਉਹ ਠੀਕ ਸੀ। ਜਦੋਂ ਔਰਤਾਂ ਛੋਟੀਆਂ ਛੋਟੀਆਂ ਗੱਲਾਂ ਤੋਂ ਵੱਡੇ ਮੁੱਦੇ ਬਣਾ ਲੈਂਦੀਆਂ ਹਨ, ਉਹ ਆਪਣੀ ਜ਼ਿੰਦਗੀ ਵਿਚ ਅਸੰਤੁਲਨ ਪੈਦਾ ਕਰ ਲੈਂਦੀਆਂ ਹਨ।" ਬਿਲਕਿਅਸ ਨੇ ਨਾ ਇਸ ਦੀ ਸ਼ਿਕਾਇਤ ਕੀਤੀ, ਨਾ ਹੀ ਇਹ ਮੁੱਦਾ ਮੇਰੇ ਕੋਲ ਉਠਾਇਆ, ਪਰ ਉਸ ਨੇ ਮੇਰੇ ਸਾਥੀਆਂ ਨੂੰ ਕਿਹਾ, "ਉਸ ਦੇ ਸਿਧਾਂਤ ਮੇਰੇ ਲਈ ਉੱਨੇ ਹੀ ਮਹੱਤਵਪੂਰਨ ਹਨ, ਜਿੱਨੇ ਉਸ ਲਈ, ਪਰ ਮੇਰੀ ਮਾਤਾ ਉਹਨਾਂ ਦੀ ਅੱਗ ਥੱਲੇ ਕਿਉਂ ਆਵੇ ?"

ਮੈਂ ਬਿਲਕਿਅਸ ਨੂੰ ਬੇਆਸਰਿਆਂ ਦੇ ਘਰ ਵਿਚ ਰੁੱਝੇ ਹੋਣ ਨਾਲ ਬਹੁਤ ਪ੍ਰਭਾਵਿਤ ਹੋਇਆ, ਜਿਥੇ ਉਥੇ ਰਹਿਣ ਵਾਲੇ ਹਰ ਇਕ ਅਤੇ ਸਭ ਕੋਲ ਉਸ ਦਾ ਨਾਂ ਸੀ ਉੱਥੇ ਮਾਨਸਿਕ ਰੋਗੀਆਂ ਨਾਲ ਉਸ ਦੀ ਖ਼ਾਸ ਦੋਸਤੀ ਸੀ। ਉਹ ਕਈ ਬਜ਼ੁਰਗ ਔਰਤਾਂ ਨੂੰ ਪੁੱਛਦੀ, "ਮੈਨੂੰ ਆਪਣੀ ਜ਼ਿੰਦਗੀ ਦੀ ਪੂਰੀ ਕਹਾਣੀ ਸੁਣਾਉ।" ਫਿਰ ਉਹ ਧਿਆਨ ਨਾਲ ਸੁਣਦੀ ਅਤੇ ਔਰਤਾਂ ਦੀ ਕਹਾਣੀ ਨੂੰ, ਸਿਰਫ਼ ਯੋਗ ਸੁਆਲ ਪੁੱਛ ਕੇ ਹੀ ਟੋਕਦੀ ਅਤੇ ਉਹਨਾਂ ਬਗ਼ੈਰ ਜੋੜ ਤੋਂ ਅਤੇ ਕਲਪਨਾਤਮਿਕ ਘਟਨਾਵਾਂ ਦੀ ਲੰਮੀ ਅਤੇ ਨਾ ਖ਼ਤਮ ਹੋਣ ਵਾਲੀ ਕਹਾਣੀ ਵਾਰ-ਵਾਰ ਚੱਲਦੀ ਰਹਿੰਦੀ। ਬਾਅਦ ਵਿਚ ਮੈਂ ਪੁੱਛਦਾ, "ਤੂੰ ਕੀ ਗੱਲਾਂ ਕਰ ਰਹੀ ਸੀ ? ਤੂੰ ਜਾਣਦੀ ਹੈ ਕਿ ਉਹ ਸੱਚ ਨਹੀਂ ਸੀ ਬੋਲ ਰਹੀ।" ਉਸ ਦਾ ਜਵਾਬ ਮੇਰੇ ਆਪਣੇ ਦਿਲ ਦੇ ਨਜ਼ਦੀਕ ਸੀ,

"ਕੀ ਸਾਧਾਰਨ ਆਦਮੀ ਆਪਣੇ ਬਾਰੇ ਝੂਠ ਨਹੀਂ ਬੋਲਦੇ, ਆਪਣਾ ਪ੍ਰਭਾਵ ਨਹੀਂ ਬਣਾਉਂਦੇ ਹਨ ਅਤੇ ਕੋਰੀ ਕਲਪਨਾ ਤੋਂ ਬਾਹਰ ਨਹੀਂ ਰਹਿੰਦੇ ਹਨ ? ਉਹ ਵਿਚਾਰੀ ਤਾਂ ਸਿਰਫ਼ ਉਹਨਾਂ ਘਟਨਾਵਾਂ ਬਾਰੇ ਦੱਸਦੀ ਸੀ ਜਿਸ ਨੇ ਉਨ੍ਹਾਂ ਦੇ ਦਿਮਾਗ ਦੇ ਟੁੱਕੜੇ-ਟੁੱਕੜੇ ਕਰ ਦਿੱਤੇ, ਉਹ ਝੂਠ ਨਹੀਂ ਮਾਰਦੀਆਂ।"

ਇਕ ਵਾਰ ਡਿਸਪੈਂਸਰੀ ਵਿਚ ਆਉਂਦਿਆਂ ਮੈਂ ਆਪਣੀ ਭੈਣ ਜ਼ੁਬੈਦਾ ਨੂੰ ਆਪਣੀ ਵਾਕਫ਼ੀ ਕਰਵਾਉਂਦਿਆਂ ਸੁਣਿਆ ਅਤੇ ਲਾਈਨ ਵਿਚ ਲੱਗੇ ਹੋਏ ਲੋਕ ਉਸ ਨੂੰ ਅੱਗੇ ਕਰਨ ਲੱਗ ਪਏ; ਕੰਪਾਊਂਡਰ, ਉਸ ਦੀ ਮਦਦ ਕਰਨ ਲੱਗ ਪਿਆ। ਮੈਂ ਉੱਚੀ ਬੋਲਿਆ, "ਇਹ ਪਰਿਵਾਰਿਕ ਅਦਾਰਾ ਨਹੀਂ, ਲਾਈਨ ਦੇ ਅਖ਼ੀਰ ਵਿਚ ਜਾਉ ਅਤੇ ਉਡੀਕ ਕਰੋ। ਇਥੇ ਕੋਈ ਵੀ ਲਾਈਨ ਨਹੀਂ ਤੋੜ ਸਕਦਾ।" ਉਸ ਨੇ ਆਪਣੀ ਬੇਇਜ਼ਤੀ ਮਹਿਸੂਸ ਕੀਤੀ ਅਤੇ ਉਹ ਦਵਾਈ ਲੈਣ ਤੋਂ ਬਗ਼ੈਰ ਹੀ ਚਲੀ ਗਈ, ਪਰ ਮੈਂ ਕਿਸੇ ਲਈ ਵੀ ਤਰਜੀਹੀ ਵਿਵਹਾਰ ਨੂੰ ਬਰਦਾਸ਼ਤ ਨਹੀਂ ਸਾਂ ਕਰ ਸਕਦਾ।

ਜਦੋਂ ਮੈਂ ਇਸ ਤਰ੍ਹਾਂ ਦੇ ਗ਼ਲਤ ਵਿਵਹਾਰ ਵਿਚ ਹੋਵਾਂ, ਬਿਲਕਿਅਸ ਮੇਰੇ ਤੋਂ ਦੂਰ ਰਹਿੰਦੀ ਸੀ। ਮੈਂ ਉਦੋਂ ਆਪਣੇ ਕਾਬੂ ਵਿਚ ਵੀ ਨਹੀਂ ਸਾਂ ਹੁੰਦਾ ਕਿ ਉਸ ਗ਼ਲਤੀ ਨਾਲ ਕਹੇ ਗਏ ਸ਼ਬਦਾਂ ਨੂੰ ਯਾਦ ਕਰ ਸਕਾਂ, "ਮੈਨੂੰ ਅਮੀਨਾ ਦੇ ਸਾਮ੍ਹਣੇ ਬੇਇਜ਼ਤ ਨਾ ਕਰੋ, ਉਹ ਲੁਕਵਾਂ ਹਾਸਾ ਹੱਸਦੀ ਹੈ ਅਤੇ ਬਾਅਦ ਵਿਚ ਮੈਨੂੰ ਮਖ਼ੌਲ ਕਰਦੀ ਹੈ।" ਇਹੋ ਜਿਹੇ ਸਮਿਆਂ 'ਤੇ ਬਿਲਕਿਅਸ ਮੇਰੇ ਕੋਲੋਂ ਏਨਾ ਡਰਦੀ ਸੀ, ਜਿੰਨਾ ਹੋਰ ਸਟਾਫ਼। ਅਸਲ ਵਿਚ, ਇਸ ਤੋਂ ਵੀ ਵੱਧ ਕਿ ਲੋਕਾਂ ਦੇ ਸਾਮ੍ਹਣੇ ਪਤੀ ਵੱਲੋਂ ਬੇਇਜ਼ਤੀ ਬਾਰੇ ਵੀ ਸੁਚੇਤ ਸੀ.... ਜਿਹੜੀ ਦਿਨ ਵਿਚ ਕਿਸੇ ਵਕਤ ਵੀ ਪੱਕੇ ਤੌਰ 'ਤੇ ਹੋ ਸਕਦੀ ਸੀ।

"ਔਰਤੋ, ਤੁਸੀਂ ਕਿਥੇ ਹੋ ? ਇਥੇ ਆ ਜਾਉ, ਤੁਹਾਡੇ ਵਿਚੋਂ ਹਰ ਇਕ ਅਤੇ ਸਾਰੀਆਂ ਹੀ। ਛੇਤੀ ਕਰੋ, ਮੇਰੇ ਕੋਲ ਪਰੀ ਕਹਾਣੀਆਂ ਸੁਣਨ ਲਈ ਸਮਾਂ ਨਹੀਂ।" ਉਹ ਇਕ ਦਮ ਹਰ ਤਰਫ਼ ਤੋਂ ਭੱਜ ਕੇ ਆ ਜਾਂਦੀਆਂ, "ਇਹ ਕਿਸ ਨੇ ਕੀਤਾ ਹੈ ? ਇਹ ਕਿਸ ਦਾ ਕੰਮ ਹੈ ? ਮੈਨੂੰ ਇਕ ਦਮ ਜਵਾਬ ਦਿਉ, ਛੇਤੀ ਬੋਲੋ।" ਮੈਂ ਹਸਪਤਾਲ ਵਿਚ ਮੰਜੇ ਵਿਛਾਉਂਦਾ, ਦਵਾਈਆਂ ਸਪਲਾਈ ਕਰਨ ਦੇ ਪੈਕਟਸ ਖੋਲ੍ਹਦਾ, ਅਲਮਾਰੀਆਂ ਸਾਫ਼ ਕਰਦਾ ਅਤੇ ਚਿੱਲਾਉਂਦਾ, "ਇਸ ਨੂੰ ਫਿਰ ਕਰੋ, ਇਸ ਨੂੰ ਠੀਕ ਤਰ੍ਹਾਂ ਕਰੋ, ਜਾਂ ਬਾਹਰ ਚਲੇ ਜਾਉ। ਬੂਹੇ ਤੋਂ ਬਾਹਰ ਹੋ ਜਾਉ।" ਬੂਹੇ ਵੱਲ ਇਸ਼ਾਰਾ ਕਰ ਕੇ ਉਹਨਾਂ ਸਾਰਿਆਂ ਨੂੰ ਹੁਕਮ ਕਰਦਾ ਕਿ ਉਸ ਤਰਫ਼ ਹੋ ਜਾਉ। ਇਸ ਗੱਲ ਨੂੰ ਸਾਫ਼ ਕਹਿ ਦਿੰਦਾ, "ਕੀ ਤੁਸੀਂ ਇਹ ਵੇਖਦੇ ਹੋ ? ਹੁਣ, ਜਾਂ ਇਹ ਕੰਮ ਸੰਪੂਰਣ ਹੋਵੇਗਾ ਜਾਂ ਤੁਸੀਂ ਇਥੋਂ ਬਾਹਰ ਹੋਵੋਗੇ।"

ਲੜਕੀਆਂ, ਬਿਲਕਿਅਸ ਨੂੰ ਹੌਲੀ ਹੌਲੀ ਕਹਿੰਦੀਆਂ, "ਇਹਨਾਂ ਨੂੰ ਉੱਪਰ ਲੈ ਜਾਉ ਅਤੇ ਸ਼ਾਂਤ ਕਰੋ।" ਉਹ ਇਸ ਟਿੱਪਣੀ ਦੀ ਮੂਰਖਤਾ ਨੂੰ ਨਫ਼ਰਤ ਕਰਦੀ ਅਤੇ

ਸਮਝਾਉਣ ਦੀ ਕੋਸ਼ਿਸ਼ ਵਿਚ ਉਹਨਾਂ ਨੂੰ ਆਪਣੇ ਆਪ ਵਿਚ ਰਹਿਣ ਲਈ ਕਹਿੰਦੀ। ਬਾਅਦ ਵਿਚ ਉਹ ਮੇਰੇ ਅੱਗੇ ਵੱਧਣ ਨੂੰ ਰੋਕਦੀ ਅਤੇ ਮੈਨੂੰ ਆਪਣੇ ਤੋਂ ਦੂਰ ਕਰ ਦਿੰਦੀ ਅਤੇ ਸ਼ਿਕਾਇਤ ਕਰਦੀ, "ਹੁਣ ਮੇਰੇ ਤੋਂ ਦੂਰ ਹੋ ਜਾਉ, ਤੁਸੀਂ ਮੈਨੂੰ ਲੋਕਾਂ ਵਿਚ ਬੇਇੱਜ਼ਤ ਅਤੇ ਪਰੇਸ਼ਾਨ ਕੀਤਾ। ਤੁਸੀਂ ਮੈਨੂੰ ਵੱਖਰੇ ਹੋ ਕੇ ਗੁੱਸੇ ਹੋ ਸਕਦੇ ਸੀ। ਮੈਨੂੰ ਤੁਹਾਡੀ ਹਮਦਰਦੀ ਦੀ ਲੋੜ ਨਹੀਂ।" ਮੈਂ ਉਸ ਨੂੰ ਕਿਸੇ ਹੋਰ ਪਤਨੀ ਦੀ ਸੰਭਾਵਨਾ ਕਰ ਕੇ ਛੇੜਦਾ, "ਜੇ ਤੂੰ ਮੈਨੂੰ ਆਪਣੇ ਨੇੜੇ ਨਹੀਂ ਆਉਣ ਦੇਵੇਂਗੀ, ਮੈਨੂੰ ਇਕ ਔਰਤ ਦੀ ਜ਼ਰੂਰਤ ਹੋਵੇਗੀ ਅਤੇ ਮੈਂ ਉਸ ਨੂੰ ਪ੍ਰਾਪਤ ਕਰ ਲਵਾਂਗਾ। ਫਿਰ ਮੈਨੂੰ ਇਲਜ਼ਾਮ ਨਾ ਦੇਣਾ।" ਮੇਰੀ ਇਹ ਟਿੱਪਣੀ ਹਮੇਸ਼ਾ ਉਸ ਦੇ ਗੁੱਸੇ ਨੂੰ ਘਟਾ ਕੇ ਹਾਸੇ ਵਿਚ ਬਦਲ ਦੇਂਦੀ।

"ਇਕ ਹੋਰ ਪਤਨੀ ? ਤੁਸੀਂ ਇਕ ਹੋਰ ਪਤਨੀ ਚਾਹੁੰਦੇ ਹੋ ?" ਜਦੋਂ ਉਹ ਕਾਫ਼ੀ ਹੱਸ ਲੈਂਦੀ ਤਾਂ ਉਹ ਮੈਨੂੰ ਯਾਦ ਕਰਵਾਉਂਦੀ, "ਕੋਈ ਹੋਰ ਇਕ ਦਿਨ ਵੀ ਨਹੀਂ ਜਿਉ ਸਕਦੀ। ਕੀ ਤੁਸੀਂ ਸਾਡੀ ਆਪਣੀ ਜ਼ਿੰਦਗੀ ਵਿਚੋਂ ਨਹੀਂ ਵੇਖਦੇ ? ਕਿਹੜੀ ਆਪਾਤ ਸਥਿੱਤੀ ਨਾਲ ਸ਼ਾਦੀ ਕਰਨ ਲਈ ਰਾਜ਼ੀ ਹੋਵੇਗੀ ?" ਲੜਾਈ ਭੁੱਲ ਜਾਂਦੀ ਅਤੇ ਗੱਲਬਾਤ ਦਾ ਮੁੱਦਾ ਬਦਲ ਜਾਂਦਾ। ਉਹ ਮੈਨੂੰ ਖਿਝਾਉਂਦੀ, "ਕਿਸੇ ਮਾਨਸਿਕ ਬਿਮਾਰ ਲੜਕੀ  ਨਾਲ ਸ਼ਾਦੀ ਕਰੋ। ਉਹ ਇਨਸਾਨੀਅਤ ਦੇ ਨਾਂ 'ਤੇ ਇਕ ਸੇਵਾ ਹੋਵੇਗੀ।" ਉਹ ਇਸ ਗੱਲ ਲਈ ਮੇਰੇ ਪਿੱਛੇ ਹੀ ਪੈ ਜਾਂਦੀ, "ਮਿਹਰਬਾਨੀ ਕਰ ਕੇ ਸ਼ਾਦੀ ਕਰ ਲਉ, ਮਿਹਰਬਾਨੀ ਕਰ ਕੇ ਕੁਰਬਾਨੀ ਕਰੋ। ਮੈਂ ਤੁਹਾਡੇ ਲਈ ਕੋਈ ਲੱਭ ਲੈਂਦੀ ਹਾਂ, ਮਿਹਰਬਾਨੀ ਕਰੋ, ਮਿਹਰਬਾਨੀ ਕਰੋ।" ਮੈਂ ਉਸ ਦੇ ਇਸ ਗੁੱਸੇ ਦੀ ਲਾਗਾਤਾਰ ਭਾਰੀ ਗੋਲਾਬਾਰੀ ਅੱਗੇ ਆਪਣਾ ਡਰਾਵਾ ਵਾਪਸ ਲੈ ਲੈਂਦਾ।

ਉਹ ਉਸ ਤਰ੍ਹਾਂ ਦੇ ਇਕ ਬਹੁਤ ਹੀ ਖ਼ਾਸ ਗੁਣ ਨਾਲ ਮਾਲਾਮਾਲ ਸੀ, ਜੋ ਕਿਸੇ ਖ਼ੁਸ਼ਹਾਲ ਵਿਅਕਤੀ ਦੀ ਜ਼ਿੰਦਗੀ ਵਿਚ ਇੰਨਾ ਮਹੱਤਵਪੂਰਨ ਹੁੰਦਾ ਹੈ.....ਉਹ ਹੈ—ਖ਼ੁਸ਼ੀ ਫੈਲਾਉਣ ਦੀ ਯੋਗਤਾ। ਇਹ ਹਰ ਮਾਮਲੇ ਨੂੰ ਜਗਾਉਂਦੀ ਸੀ। ਉਸ ਦੇ ਹਰ ਤਰਫ਼ ਖ਼ੁਸ਼ੀ ਫੈਲੀ ਹੋਈ ਸੀ। ਉਹ ਹਰ ਮੌਕੇ 'ਤੇ ਹਰ ਕਿਸੇ ਨਾਲ ਮੁਸਕਰਾਉਂਦੀ। ਮੈਂ ਉਸ ਨੂੰ ਸਖ਼ਤੀ ਨਾਲ ਕਹਿੰਦਾ ਕਿ ਜਦੋਂ ਕੋਈ ਮਰ ਜਾਵੇ, ਉਹ ਆਪਣੇ ਆਪ 'ਤੇ ਕਾਬੂ ਰੱਖੇ, "ਬਿਲਕਿਅਸ, ਕਈ ਇਸ ਤਰ੍ਹਾਂ ਦੇ ਮੌਕੇ ਹੁੰਦੇ ਹਨ, ਜਦੋਂ ਗੰਭੀਰ ਹੋਣਾ ਜ਼ਰੂਰੀ ਹੁੰਦਾ ਹੈ। ਇਕ ਹੀ ਮਨੋਦਸ਼ਾ ਵਿਚ ਰਹਿਣਾ ਬੇਵਕੂਫ਼ੀ ਹੈ।" ਫਿਰ ਉਹ ਕਿਸੇ ਅਟੱਲ ਹੋਣ ਵਾਲੀ ਘਟਨਾ ਬਾਰੇ ਮਖ਼ੌਲ ਕਰਦੀ ਸੀ। ਕਈ ਵਾਰ ਉਹ ਆਪਣੀ ਚਲਾਕੀ ਬਾਰੇ ਚੇਤੰਨ ਹੋਣ ਕਰਕੇ, ਮੈਂ ਉਸ ਨੂੰ ਵੇਖਦਾ ਰਹਿੰਦਾ, ਜਦੋਂ ਉਹ ਕੋਈ ਗੰਭੀਰ ਕੰਮ ਕਰਦੀ, ਪਰ ਉਹ ਫਿਰ ਤੋਂ ਉਸ ਵਿਚ ਇੱਨੀ ਗੰਭੀਰਤਾ ਨਾਲ ਰੁੱਝੀ ਹੁੰਦੀ ਅਤੇ ਇੱਨੀ ਲਗਨ ਨਾਲ ਕਰ ਰਹੀ ਹੁੰਦੀ ਕਿ ਉਸ ਵੇਲੇ ਕੋਈ ਮੌਕਾ ਹੀ ਨਾ ਰਹਿ ਜਾਂਦਾ ਕਿ ਉਸ ਨੂੰ ਠੀਕ ਕੀਤਾ ਜਾ ਸਕਦਾ ਜਾਂ ਉਸ ਨੂੰ ਡਾਂਟਿਆ ਜਾ ਸਕਦਾ।

ਮੈਂ ਆਪਣਾ ਸਿਧਾਂਤ ਉਸ ਵਿਚ ਭਰ ਦਿੱਤਾ ਸੀ, "ਇਸਲਾਮ ਵਿਚ ਗਿਆਨ ਹਾਸਲ ਕਰਨ 'ਤੇ ਜ਼ੋਰ ਦਿੱਤਾ ਜਾਂਦਾ ਹੈ, ਕਿਉਂ ਕਿ ਇਸ ਤੋਂ ਬਗ਼ੈਰ ਆਦਮੀ ਇਕ ਆਵਾਰਾ ਭਟਕਦੇ ਫਿਰਨ ਵਾਲੇ ਜੀਵ ਦੀ ਤਰ੍ਹਾਂ ਹੈ। ਕੋਈ ਵੀ ਇਲਮ ਜ਼ਿੰਦਗੀ ਦੇ ਆਪਣੇ ਅਧਿਐਨ ਤੋਂ ਮਹੱਤਵਪੂਰਨ ਨਹੀਂ ਅਤੇ ਇਸ ਨੂੰ ਆਪਣੇ ਇਰਦ-ਗਿਰਦ ਦੇ ਜਜ਼ਬਾਤਾਂ ਦੇ ਸਾਧਾਰਨ ਢੰਗ ਨਾਲ ਹਾਸਲ ਕੀਤਾ ਜਾ ਸਕਦਾ ਹੈ। ਵਿੱਦਿਆ ਹਰ ਚੀਜ਼ ਵਿਚੋਂ ਲਈ ਜਾ ਸਕਦੀ ਹੈ। ਕੋਈ ਵੀ ਆਦਮੀ ਇਸ ਇਲਾਹੀ ਸਾਧਨ ਤੋਂ ਬਾਹਰ ਨਹੀਂ ਕੱਢਿਆ ਜਾ ਸਕਦਾ, ਇਹ ਸਾਰੀ ਮਨੁੱਖ ਜਾਤੀ ਨੂੰ ਬਰਾਬਰ ਮਿਲਦਾ ਹੈ।"

ਮੈਂ ਉਸ ਨੂੰ ਕੁਦਰਤ ਤੋਂ ਸਾਧਾਰਨ ਉਦਾਹਰਨਾਂ ਦਿੰਦਾ, "ਹਰ ਦਿਨ ਇਕ ਪੂਰੀ ਜ਼ਿੰਦਗੀ ਨੂੰ ਪ੍ਰਗਟ ਕਰਦਾ ਹੈ। ਦਿਨ ਦਾ ਚੜ੍ਹਨਾ, ਜਨਮ ਅਤੇ ਰਾਤ, ਮੌਤ ਹੈ ਤਾਂ ਹਰੇਕ ਰੁੱਤ, ਹਰ ਸਾਲ ਆਪਣੇ ਥੋੜ੍ਹੇ ਚਿਰ ਦੇ ਅਸਤਿੱਤਵ ਨਾਲ ਇਕ ਦੌੜਦੇ ਕੈਲੰਡਰ ਦੀ ਤਰ੍ਹਾਂ ਹੈ, ਪਰ ਸਾਡੇ ਵਿਚ ਕਿੱਨੇ ਹਨ ਜੋ ਆਪਣੇ ਆਪ ਨੂੰ ਬਸੰਤ ਰੁੱਤ ਦੇ ਖਿੜੇ ਫੁੱਲਾਂ ਵਿਚ, ਜਾਂ ਗਰਮੀ ਦੀ ਰੁੱਤ ਵਿਚ ਜਾਂ ਫਿਰ ਮੁਰਝਾਉਂਦੇ ਹੋਏ ਪੱਤਝੜ ਵਿਚ ਅਤੇ ਸਰਦ ਰੁੱਤ ਦੀ ਮੌਤ ਵਿਚ ਵੇਖਦੇ ਹਨ ? ਸਾਡੇ ਵਿਚੋਂ ਕਿੱਨੇ ਕਿਸੇ ਹਿਦਾਇਤ ਨੂੰ ਵਿਕਾਸ ਅਤੇ ਗਤੀ ਵਿਚ ਹੋਣ ਦੀ ਵਿਆਖਿਆ ਕਰਦੇ ਹਨ ? ਕਿਤੇ ਵੀ ਗਤੀਹੀਨਤਾ ਨਹੀਂ ਹੈ, ਸੁਰੱਖਿਆ ਅਸੰਭਵ ਹੈ।"

ਗਵਾਹੀ ਹਮੇਸ਼ਾ ਹੀ ਕੋਲ ਸੀ। ਇਕ ਤਿੰਨ ਬੱਚਿਆਂ ਦੀ ਜਵਾਨ ਮਾਂ, ਆਪਣੇ ਬੱਚਿਆਂ ਦੀ ਸੁਰੱਖਿਆ ਲਈ ਇੰਨੀਂ ਫ਼ਿਕਰਮੰਦ ਸੀ ਕਿ ਉਹ ਉਹਨ੍ਹਾਂ ਦੀ ਕਿਸੇ ਦੁਰਘਟਨਾ ਦੇ ਡਰ ਤੋਂ, ਜਾਂ ਉਹਨਾਂ ਦੇ ਅਪਹਰਣ ਹੋਣ ਦੇ ਡਰ ਤੋਂ, ਉਹ ਉਹਨਾਂ ਦੇ ਨਾਲ ਨਾਲ ਸਕੂਲ ਜਾਣ ਵੇਲੇ ਅਤੇ ਵਾਪਸ ਆਉਣ ਵੇਲੇ ਉਹਨਾਂ ਦੇ ਨਾਲ ਨਾਲ ਆਪ ਜਾਂਦੀ। ਸਾਰਾ ਦਿਨ ਉਹ ਉਹਨਾਂ ਦੇ ਪਿੱਛੇ-ਪਿੱਛੇ ਰਹਿੰਦੀ, ਕਦੀ ਵੀ ਉਹਨਾਂ ਨੂੰ ਆਪਣੀਆਂ ਨਜ਼ਰਾਂ ਤੋਂ ਦੂਰ ਨਾ ਹੋਣ ਦਿੰਦੀ। ਉਹ ਉਹਨਾਂ ਨੂੰ ਧੁੱਪ ਤੋਂ ਬਚਾਉਂਦੀ ਤਾਂ ਜੋ ਉਨ੍ਹਾਂ ਨੂੰ ਲੂ ਨਾ ਲੱਗ ਜਾਵੇ ਅਤੇ ਠੰਡ ਤੋਂ ਬਚਾਉਂਦੀ ਤਾਂ ਜੋ ਉਨ੍ਹਾਂ ਨੂੰ ਨਮੂਨੀਆਂ ਨਾ ਹੋ ਜਾਵੇ। ਉਹ ਗਲੀ ਵਿਚ ਨਾ ਖੇਡ ਸਕਦੇ ਸਨ ਤਾਂ ਜੋ ਉਹਨਾਂ ਨੂੰ ਕੋਈ ਸੱਟ ਨਾ ਲਗਾ ਦੇਵੇ, ਨਾ ਹੀ ਉਹ ਰੇੜ੍ਹੀਆਂ 'ਤੇ ਕੋਈ ਚੀਜ਼ ਖਾ ਸਕਦੇ ਸਨ ਤਾਂ ਜੋ ਕਿਤੇ ਉਹਨਾਂ ਨੂੰ ਕੋਈ ਬਿਮਾਰੀ ਨਾ ਲੱਗ ਜਾਵੇ। ਇਸ ਦੀ ਹੁਣ ਪਾਲਣਾ ਨਹੀਂ ਸੀ ਹੋ ਰਹੀ।

ਇਕ ਰਾਤ ਬੱਚਿਆਂ ਨੇ ਆਪਣੇ ਕਮਰੇ ਵਿਚ ਇਕ ਤੀਲਾਂ ਦੀ ਡੱਬੀ ਲੱਭੀ ਅਤੇ ਇਸ ਨਾਲ ਫੋਮ ਦੇ ਗੱਦਿਆਂ ਨੂੰ ਅੱਗ ਲੱਗ ਗਈ। ਉਹਨਾਂ ਦੀਆਂ ਚੀਕਾਂ ਨੇ ਮਾਂ-ਪਿਉ ਨੂੰ ਚੁਕੱਨਾ ਕਰ ਦਿੱਤਾ ਅਤੇ ਉਹ ਦੌੜ ਕੇ ਅੰਦਰ ਆਏ, ਉਹਨਾਂ ਨੇ ਬਲਦੇ ਹੋਏ ਗੱਦੇ ਨੂੰ ਚੁੱਕਿਆ ਅਤੇ ਉਸ ਨੂੰ ਲੈ ਕੇ ਦੌੜ ਗਏ। ਉਸ ਤੋਂ ਮਗਰੋਂ ਅੰਦਰ ਜਾਣ ਵਾਲਾ ਬੂਹਾ ਬੰਦ ਹੋ ਗਿਆ। ਪਿਉ ਇਕ ਕੁਹਾੜਾ ਲੱਭਣ ਲਈ ਦੌੜਿਆ, ਜਦੋਂ ਕਿ

ਘਬਰਾਈ ਹੋਈ ਮਾਂ ਬੂਹੇ ਨੂੰ ਆਪਣੇ ਹੱਥਾਂ ਨਾਲ ਖੋਲ੍ਹਣ ਦੀ ਕੋਸ਼ਿਸ਼ ਕਰਨ ਲੱਗੀ। ਉਹ ਮੁੜਿਆ ਅਤੇ ਲੋਹੇ ਦੀ ਗਰਿੱਲ ਵਾਲੀ ਬਾਰੀ ਨੂੰ ਤੋੜਨ ਦੀ ਕੋਸ਼ਿਸ਼ ਕਰਨ ਲੱਗਾ, ਪਰ ਹਰ ਚੀਜ਼ ਨੂੰ ਅੱਗ ਲੱਗੀ ਹੋਈ ਸੀ। ਲੋਕ ਇਕੱਠੇ ਹੋ ਗਏ, ਬੂਹਾ ਤੋੜਿਆ ਗਿਆ ਅਤੇ ਅੱਗ ਬੁਝਾਈ ਗਈ। ਬੱਚੇ ਆਪਸ ਵਿਚ ਲਿਪਟੇ ਹੋਏ ਸਨ ਅਤੇ ਜਲ ਕੇ ਮਰ ਚੁੱਕੇ ਸਨ। ਮਾਂ ਦਾ ਦਿਮਾਗ ਖ਼ਰਾਬ ਹੋ ਗਿਆ ਜਦੋਂ ਕਿ ਉਸ ਦੀ ਉਮਰ ਸਿਰਫ਼ 28 ਸਾਲ ਦੀ ਸੀ।

ਬਿਲਕਿਅਸ ਬਹੁਤ ਪ੍ਰੇਸ਼ਾਨ ਸੀ। ਆਪਣੇ ਘਰ ਵਾਪਸ ਆਉਂਦਿਆਂ, ਮੈਂ ਉਸ ਨੂੰ ਦੱਸਿਆ, "ਤੂੰ ਵੇਖਿਆ ਹੈ ਕਿ ਮੌਤ ਤੋਂ ਬਚਣ ਦਾ ਢੰਗ ਅਪਨਾਉਣਾ ਅਸੰਭਵ ਹੈ। ਜ਼ਿੰਦਗੀ ਵਿਚ ਜੋ ਸੁਰੱਖਿਅਤਾ ਪ੍ਰਾਪਤ ਕੀਤੀ ਜਾਂਦੀ ਹੈ, ਉਹ ਇਕ ਵਹਿਮ ਹੈ, ਅਸੀਂ ਆਪਣੀਆਂ ਸ਼ਕਤੀਆਂ ਨੂੰ ਇਕ ਇਸ ਤਰ੍ਹਾਂ ਦਾ ਬਣਾਉਣ ਵੱਲ ਵਰਤਦੇ ਹਾਂ ਜੋ ਸਾਨੂੰ ਕਿਸੇ ਕੱਲ ਦੇ ਨਾ ਆਉਣ ਨੂੰ ਯਕੀਨੀ ਬਣਾਉਂਦਾ ਹੈ। ਅਮਲ ਵਿਚ ਲਿਆਂਦੇ ਤਜ਼ਰਬਿਆਂ ਦੇ ਬਾਵਜੂਦ ਉਹ ਵਹਿਮ ਖ਼ਤਮ ਨਹੀਂ ਹੁੰਦਾ, "ਇਹ ਸੋਚ ਪੂਰਣ ਅਗਿਆਨਤਾ ਦੇ ਸਮੇਂ ਦੀ ਇਕ ਉਦਾਹਰਨ ਹੈ।"

ਇਕ ਡਾਕਟਰ ਦੇ ਇੰਗਲੈਂਡ ਵਿਚ ਬਾਈਪਾਸ ਸਰਜਰੀ ਕਰਵਾਉਣ ਜਾਣ ਲੱਗਿਆਂ ਉਸ ਦੇ ਪਰਿਵਾਰ ਵਾਲੇ ਉਸ ਨੂੰ ਅੱਥਰੂਆਂ ਨਾਲ ਅਲਵਿਦਾ ਕਹਿ ਰਹੇ ਸਨ ਅਤੇ ਪ੍ਰਾਰਥਨਾਵਾਂ ਕਰ ਰਹੇ ਸਨ। ਆਪਣੀ ਬਾਂਹ 'ਤੇ ਇਮਾਮ ਜਾਮਾ ਬੰਨ੍ਹ ਕੇ ਖ਼ੁਦਾਈ ਹਿਫਾਜਤ ਲਈ ਅਰਦਾਸ ਕਰ ਰਹੇ ਸਨ, ਉਹ ਉਸ ਦੀ ਲੰਮੀ ਜ਼ਿੰਦਗੀ ਬਾਰੇ ਪ੍ਰਾਰਥਨਾ ਕਰਦੇ ਸਨ ਅਤੇ ਆਪਣੇ ਵੱਖ ਵੱਖ ਤਰਫ਼ਾਂ ਦੇ ਸਫ਼ਰ 'ਤੇ ਚੱਲ ਪਏ। ਸਾਰੇ ਹੀ ਪੰਜੇ ਮੁਸਾਫ਼ਿਰ ਸੜਕ ਦੁਰਘਟਨਾ ਵਿਚ ਮਰ ਗਏ। ਡਾਕਟਰ ਨੂੰ ਇਸ ਬੜੀ ਅਫਸੋਸਨਾਕ ਦੁਰਘਟਨਾ ਬਾਰੇ ਹੀਥਰੋ ਹਵਾਈ ਅੱਡੇ 'ਤੇ ਸੂਚਨਾ ਦੇ ਦਿੱਤੀ ਗਈ ਅਤੇ ਉਹ ਅਗਲੀ ਹਵਾਈ ਉਡਾਣ 'ਤੇ ਪਾਕਿਸਤਾਨ ਵਾਪਸ ਮੁੜ ਆਇਆ। ਜਿਥੇ ਉਸ ਨੇ ਆਪਣੀ 20 ਸਾਲ ਦੀ ਲੜਕੀ ਅਤੇ ਜਵਾਈ ਨੂੰ ਦਫ਼ਨਾਇਆ, ਉਥੇ ਉਹਨਾਂ ਦੇ ਨਾਲ ਹੀ ਇਕ ਜਵਾਨ ਲੜਕਾ ਅਤੇ ਦੋ ਭਤੀਜਿਆਂ ਨੂੰ ਦਫਨਾਇਆ ਗਿਆ, ਉਸ ਨੇ ਬਾਅਦ ਵਿਚ ਇਕ ਬੱਚੇ ਨੂੰ ਮੁਤਬੰਨਾ ਬਣਾ ਲਿਆ। ਇਕ ਆਪਰੇਸ਼ਨ ਥੀਏਟਰ ਵਿਚ ਮੌਤ ਸੱਚਾਈ ਤੋਂ ਵੀ ਅੱਗੇ ਦੀ ਗੱਲ ਸੀ, ਜੋ ਕਿ ਹਰ ਵਕਤ ਸਾਡੇ ਇਰਦ-ਗਿਰਦ ਘੁੰਮਦੀ ਮੌਤ ਦੀ ਇਕ ਸਪਸ਼ਟ ਉਦਾਹਰਨ ਸੀ। ਪਰ ਦੁਨੀਆਂ ਕਿਸੇ ਆਦਮੀ ਦੇ ਤੁਰ ਜਾਣ ਤੋਂ ਗ਼ੈਰ-ਪ੍ਰਭਾਵਿਤ ਰਹਿੰਦੀ ਸੀ। ਸਿਰਫ਼ ਉਹ ਹੀ ਇਸ ਦਾ ਸਾਮ੍ਹਣਾ ਕਰਦੇ ਸਨ, ਜਿਨ੍ਹਾਂ 'ਤੇ ਇਹ ਬੀਤਦੀ ਸੀ, ਉਹ ਵੀ ਕੋਈ ਬਹੁਤਾ ਲੰਮਾ ਸਮਾਂ ਨਹੀਂ।

ਸਾਡੇ ਵਾਸਤੇ ਮਨੁੱਖਾਂ ਦੀਆਂ ਮੌਤਾਂ ਹਰ ਰੋਜ਼ ਦਾ ਇਕ ਤੱਤ ਸੀ। ਮੌਤ ਬਿਨਾਂ ਘੋਸ਼ਣਾ ਕੀਤੇ ਆਉਂਦੀ ਸੀ ਪਰ ਅਸੀਂ ਫਿਰ ਵੀ ਇਸ ਨਾਲ ਦਿਨ ਵਿਚ ਕਈ ਵਾਰ

ਆਮ੍ਹਣਾ-ਸਾਮ੍ਹਣਾ ਕਰਦੇ ਰਹਿੰਦੇ ਸਾਂ। ਕਫਨ ਵਿਚ ਲਪੇਟੀਆਂ ਹੋਈਆਂ ਲਾਸ਼ਾਂ ਦਫ਼ਤਰ ਤਕ ਲਿਆਉਣ ਦੀ ਉਡੀਕ ਕਰਦੀਆਂ ਰਹਿੰਦੀਆਂ ਸਨ, ਸਾਡੀ ਸੋਚ ਸਾਨੂੰ ਸੰਸਾਰ ਲਈ ਥੋੜ੍ਹਾ ਵੱਖਰਾ ਜਿਹਾ ਦੇਖਣ ਲਈ ਮਜ਼ਬੂਰ ਕਰਦੀ ਸੀ ਅਤੇ ਮੈਂ ਬਿਲਕਿਅਸ ਨੂੰ ਕਹਿੰਦਾ, "ਇਹ ਸੱਚ ਹੈ ਕਿ ਅਸੀਂ ਦੁਖਾਂਤ ਨੂੰ ਲਗਾਤਾਰ ਵੇਖਦੇ ਹਾਂ, ਪਰ ਇਸ ਦਾ ਇਹ ਅਰਥ ਨਹੀਂ ਕਿ ਸਾਰੀ ਦੁਨੀਆਂ ਵਿਚ ਹਰ ਵਿਅਕਤੀਗਤ ਨੂੰ ਇਸ ਦੀਆਂ ਸਿੱਖਿਆਵਾਂ ਦਾ ਕੋਈ ਤਜਰਬਾ ਨਹੀਂ। ਪਰ ਉਹ ਲਗਾਤਾਰ ਜ਼ਿੰਦਗੀ ਨੂੰ ਗੰਭੀਰਤਾ ਨਾਲ ਲੈਂਦਾ ਜਾਂਦਾ ਹੈ, ਉਹਨਾਂ ਖੇਤਰਾਂ ਵਿਚ ਜਿਥੇ ਉਸ ਨੂੰ ਇਹ ਹਲਕੇ ਢੰਗ ਨਾਲ ਲੈਣਾ ਚਾਹੀਦਾ ਹੈ। ਸੱਚਾਈਆਂ, ਜੋ ਢੰਗ ਦੱਸਦੀਆਂ ਹਨ, ਉਹਨਾਂ ਲਈ ਬਹੁਤ ਸਪਸ਼ਟ ਹਨ ਅਤੇ ਜਿਹੜੇ ਇਹਨਾਂ ਨੂੰ ਨਹੀਂ ਦੱਸਦੇ, ਉਹਨਾਂ ਲਈ ਇਹ ਬੇਅਰਥ ਹੁੰਦੀਆਂ ਹਨ।" ਮੈਂ ਵੀ ਆਪਣੀ ਲਗਾਤਾਰ ਕਾਹਲੀ ਬਾਰੇ ਦੱਸਦਾ, "ਅਨਿਸ਼ਚਿਤ ਭਵਿੱਖ ਨੂੰ ਵੇਖਦਿਆਂ ਹੋਇਆਂ ਕਿਸੇ ਵੀ ਕੰਮ ਨੂੰ ਬਾਅਦ ਲਈ ਬਚਿਆ ਹੋਇਆ ਨਹੀਂ ਰਹਿਣ ਦੇਣਾ ਚਾਹੀਦਾ। ਜੇ ਦੁਨੀਆਂ ਸਮੇਂ ਦੇ ਨਾਲ ਸ਼ਾਂਤ ਹੈ, ਤਾਂ ਇਹ ਉਸ ਦੀ ਸਾਦਗੀ ਦਾ ਇਕ ਹੋਰ ਅਕਸ ਹੈ।"

ਬਿਲਕਿਅਸ ਦੇ ਹਮੇਸ਼ਾ ਉਤਸ਼ਾਹ ਅਤੇ ਖ਼ੁਸ਼ੀ ਵਿਚ ਰਹਿਣ ਦੇ ਬਾਵਜੂਦ ਵੀ ਉਹ ਹਰ ਇਕ ਦੁਖਾਂਤ ਨੂੰ ਆਪਣੇ ਦਿਲ 'ਤੇ ਲਾ ਲੈਂਦੀ। ਉਸ ਦਾ ਹਾਸਾ ਕਦੀ ਵੀ ਘੱਟ ਨਾ ਹੁੰਦਾ, ਪਰ ਉਸ ਦੀਆਂ ਅੱਖਾਂ ਦੀ ਚਮਕ ਉਸ ਦੇ ਹਾਸੇ ਨਾਲ ਨਾਲ ਨਾ ਰਹਿੰਦੀ। ਇਹ ਅੱਖਾਂ ਦੀ ਚਮਕ ਸੈਂਕੜਿਆਂ ਦੇ ਨਾਲ ਮਰੀ ਹੈ ਜਿਹੜੇ ਬਿਲਕਿਅਸ ਨੇ ਦਫ਼ਨਾਏ ਸਨ ਅਤੇ ਮੈਂ ਉਸ ਨੂੰ ਇਕ ਦਿਨ ਪੁੱਛਿਆ, "ਕੀ ਮੈਂ ਇਸ ਨੂੰ ਕਿਤੇ ਲੈ ਗਿਆ ਹਾਂ ?" ਉਸ ਨੇ ਮੁਸਕਰਾ ਕੇ ਕਿਹਾ, ਜੋ ਹੁਣ ਉਸ ਦਾ ਪ੍ਰਗਟਾਵਾ ਬਣ ਗਿਆ ਸੀ, ਉਸ 'ਚ ਕੋਈ ਅੰਦਰੂਨੀ ਸੋਮਾ ਨਹੀਂ ਸੀ, "ਜਦੋਂ ਮੈਂ ਕੁਝ ਵੀ ਨਹੀਂ ਜਾਣਦੀ, ਮੈਂ ਉਹਨਾਂ ਵਾਂਗ ਜੀਉਂਦੀ ਹਾਂ, ਜਿਨ੍ਹਾਂ ਕੋਲ ਸਦਾ ਲਈ ਉਮੀਦ ਹੈ। ਹੁਣ ਮੈਂ ਤੁਹਾਡੇ ਵਾਂਗ ਜਾਣਦੀ ਹਾਂ ਅਤੇ ਸੱਚਾਈ ਵਿਚ ਜੀਉਂਦੀ ਹਾਂ, ਜੋ ਜੀਊਣ ਲਈ ਤੁਸਾਂ ਚੁਣੀ ਹੈ। ਮੈਂ ਅਸਲ ਵਿਚ ਹਰ ਵੇਲੇ ਫਿਰ ਖ਼ੁਸ਼ ਕਿਸ ਤਰ੍ਹਾਂ ਹੋ ਸਕਦੀ ਹਾਂ ?"

ਮੈਂ ਉਸ ਨੂੰ ਕਹਿੰਦਾ ਸਾਂ ਕਿ ਦੁੱਖ ਨਾਲ ਆਪਣੇ ਆਪ ਨੂੰ ਦੁਖੀ ਨਾ ਕਰੇ, "ਇਸ ਲਈ ਨਾ ਤਾਂ ਉਦੇਸ਼ ਨੂੰ ਛੱਡਣਾ ਚਾਹੀਦਾ ਹੈ, ਨਾ ਹੀ ਤੁਹਾਡੇ ਆਪਣੇ ਅਸਤਿੱਤਵ ਦੇ ਸਰੂਪ ਨੂੰ। ਤੁਹਾਨੂੰ ਇਹਨਾਂ ਦੋਹਾਂ ਵਿਚ ਸੰਤੁਲਨ ਰੱਖਣਾ ਚਾਹੀਦਾ ਹੈ।" ਉਹ ਜਾਣਨਾ ਚਾਹੁੰਦੀ ਸੀ, "ਤਾਂ ਫਿਰ ਤੁਸੀਂ ਇਸ ਨੂੰ ਜ਼ਿਆਦਾ ਕਿਉਂ ਵਧਾਉਂਦੇ ਹੋ, ਕੀ ਤੁਸੀਂ ਦੋ ਤਰ੍ਹਾਂ ਜੀ ਸਕਦੇ ਹੋ ?" ਨਹੀਂ, ਬਿਲਕੁਲ ਨਹੀਂ, ਮੈਂ ਇਸ ਤਰ੍ਹਾਂ ਨਹੀਂ ਕਰ ਸਕਦਾ, ਪਰ ਇਹ ਮੈਨੂੰ ਉਦਾਸ ਕਰ ਦਿੰਦਾ ਸੀ ਕਿ ਮੇਰੀ ਇੰਨੀ ਖ਼ੁਸ਼ ਰਹਿਣ ਵਾਲੀ ਪਤਨੀ ਦੀ ਆਤਮਾ ਇਸ ਤਰ੍ਹਾਂ ਗੁੰਮ ਹੋ ਜਾਵੇ। ਪਰ ਉਸ ਨੂੰ ਇਹ

ਨਹੀਂ ਸੀ ਭੁੱਲਿਆ ਕਿ ਉਸ ਕੋਲ ਸਭ ਤੋਂ ਵੱਡੀ ਸੇਵਾ ਇਹ ਸੀ ਕਿ ਮੇਰੇ ਫ਼ਿਕਰ ਨੂੰ ਖ਼ਤਮ ਕਰਾਵੇ ਅਤੇ ਆਪਣੇ ਤੋਂ ਵੱਧ ਇਸ ਦਾ ਯਕੀਨ ਕਰਵਾਏ, "ਜੇ ਮੈਂ ਪ੍ਰਭਾਵਿਤ ਨਹੀਂ ਸਾਂ ਹੋਇਆ ਤਾਂ ਮੈਂ ਗ਼ੈਰ-ਮਨੁੱਖੀ ਹੋਵਾਂਗਾ, ਪਰ ਮੈਂ ਨਾਖ਼ੁੱਸ਼ ਨਹੀਂ ਸਾਂ। ਖ਼ੁਸ਼ੀ ਖ਼ਤਮ ਨਹੀਂ ਹੁੰਦੀ, ਇਸ ਨੂੰ ਸਿਰਫ਼ ਅਸਲੀਅਤ ਨੇ ਮਲਿਆਮੇਟ ਕਰ ਦਿੱਤਾ ਹੁੰਦਾ ਹੈ। ਮੇਰੇ ਲਈ ਫ਼ਿਕਰ ਨਾ ਕਰੋ।"

ਕੁਤੱਬ ਤੋਂ ਬਾਅਦ ਦੋ ਲੜਕੀਆਂ ਚਾਰ ਸਾਲ ਦੇ ਸਮੇਂ ਵਿਚ ਪੈਦਾ ਹੋਈਆਂ, ਜੋ ਇਕ ਤੋਂ ਇਕ ਬਾਅਦ ਛੇਤੀ ਹੀ ਪੈਦਾ ਹੋਈਆਂ ਸਨ। ਅਸੀਂ ਉਹਨਾਂ ਦਾ ਨਾਂ ਕੁਬਰਾ ਅਤੇ ਅਲਮਾਸ ਰੱਖਿਆ। ਖਾਲਾ ਗਰੀਬ ਸੀ ਇਸ ਲਈ ਅਸੀਂ ਉਸ ਦੀ ਲੜਕੀ ਜ਼ੀਨਤ ਨੂੰ ਵੀ ਅਪਨਾ ਲਿਆ, ਜਿਹੜੀ ਉਸ ਵਕਤ ਦਸ ਸਾਲ ਦੀ ਸੀ। ਚਾਰ ਬੱਚਿਆਂ ਨੂੰ ਉਹਨਾਂ ਦੀ ਨਾਨੀ ਖਾਲਾ ਅਤੇ ਨਰਸਾਂ ਸੰਭਾਲਦੀਆਂ ਸਨ। ਅਸੀਂ ਉਹਨਾਂ ਨੂੰ ਬਹੁਤ ਘੱਟ ਆਪਾਤ ਸਥਿਤੀਆਂ ਅਤੇ ਕੰਮ ਦੇ ਵਿਚਕਾਰ ਮਿਲਦੇ ਅਤੇ ਉਹ ਵੀ ਉਦੋਂ, ਜਦੋਂ ਉਹ ਪੌੜੀਆਂ ਦੇ ਥੱਲੇ ਖੇਡਦੀਆਂ ਹੁੰਦੀਆਂ।

ਉਹਨਾਂ ਦਿਨਾਂ ਵਿਚ ਟੀ.ਬੀ. ਇਕ ਛੂਤ ਦਾ ਮਾਰੂ ਰੋਗ ਸੀ। ਇਸ ਦੇ ਪੀੜਿਤਾਂ ਨਾਲ ਬੜਾ ਅਣ-ਮਨੁੱਖੀ ਵਰਤਾਉ ਕੀਤਾ ਜਾਂਦਾ ਸੀ, ਇਥੋਂ ਤਕ ਕਿ ਪਰਿਵਾਰ ਦੇ ਮੈਂਬਰਾਂ ਨੇ ਮੈਨੂੰ ਦੂਸਰੀ ਮੰਜ਼ਿਲ 'ਤੇ ਟੀ.ਬੀ. ਦਾ ਵਾਰਡ ਬਣਾਉਣ ਲਈ ਕਿਹਾ। ਮੈਂ ਅਤੇ ਬਿਲਕਿਅਸ ਇਹਨਾਂ ਬਿਮਾਰਾਂ ਨਾਲ ਇੰਨੀ ਨੇੜੇ ਹੋ ਕੇ ਕੰਮ ਕਰਦੇ ਸਾਂ ਕਿ ਡਾਕਟਰਾਂ ਨੇ ਸਾਨੂੰ ਬਿਮਾਰੀ ਤੋਂ ਮੁਕਤ ਕਰਾਰ ਦੇ ਦਿੱਤਾ, ਪਰ ਸਾਨੂੰ ਕਿਹਾ ਕਿ ਆਪਣੇ ਬੱਚਿਆਂ ਨੂੰ ਇਸ ਇਮਾਰਤ ਵਿਚੋਂ ਲੈ ਜਾਉ। ਮੀਠਾਦਾਰ ਦੇ ਦਫ਼ਤਰ ਵਿਚ ਪੰਜ ਸਾਲ ਰਹਿਣ ਤੋਂ ਬਾਅਦ ਉਸ ਪਰਿਵਾਰ ਨੂੰ ਖਾਰਾਦਾਰ ਵਿਚ ਰਾਬੀਆ ਮਾਂ ਦੇ ਦੋ ਕਮਰਿਆਂ ਵਾਲੇ ਘਰ ਵਿਚ ਬਦਲ ਦਿੱਤਾ।

ਇਕ ਮਹੀਨੇ ਬਾਅਦ ਬਿਲਕਿਅਸ ਮੈਨੂੰ ਸਤਾਉਣ ਲੱਗੀ ਕਿ ਮੀਠਾਦਾਰ ਦੀ ਉਪਰਲੀ ਮੰਜ਼ਿਲ 'ਤੇ ਇਕ ਕਮਰੇ ਨੂੰ ਖ਼ਾਲੀ ਕਰ ਦਿੱਤਾ ਜਾਵੇ, "ਬੱਚੇ ਰਾਬੀਆ ਮਾਂ ਨੂੰ ਛੋਟੇ ਕਮਰਿਆਂ ਵਿਚ ਪਰੇਸ਼ਾਨ ਕਰ ਦਿੰਦੇ ਹਨ। ਉਹ ਹੁਣ ਕੋਈ ਜਵਾਨ ਨਹੀਂ, ਉਸ ਦਾ ਆਤਮ-ਵਿਸ਼ਵਾਸ ਕਮਜ਼ੋਰ ਹੋ ਗਿਆ ਹੈ।" ਮੈਂ ਇਹ ਇੰਤਜ਼ਾਮ ਕਰ ਦਿੱਤਾ ਅਤੇ ਉਹ ਵਾਪਸ ਮੀਠਾਦਾਰ ਆ ਗਏ, ਪਰ ਅਗਲੀ ਹੀ ਸਵੇਰ ਉਹ ਸਾਰੇ ਇਕੱਠੇ ਹੀ ਕਹਿਣ ਲੱਗੇ, "ਅਸੀਂ ਇਥੇ ਖ਼ੁਸ਼ ਨਹੀਂ ਹਾਂ।" ਮੈਂ ਬਿਲਕਿਅਸ ਨੂੰ ਕਿਹਾ ਕਿ ਉਹ ਉਹਨਾਂ ਦੇ ਸਥਾਪਿਤ ਹੋਣ ਦੇ ਸਮੇਂ ਵਿਚ ਸਬਰ ਵਿਚ ਰਹੇ, ਪਰ ਉਸ ਨੇ ਨਾ ਸੁਣਿਆ ਅਤੇ ਇਕ ਦਮ ਹਰ ਇਕ ਦਾ ਸਮਾਨ ਬੰਨ੍ਹ ਦਿੱਤਾ, ਉਹਨਾਂ ਦੀਆਂ ਪਿੱਠਾਂ 'ਤੇ ਲੱਦਿਆ ਅਤੇ ਵਾਪਸ ਉਹਨਾਂ ਨੂੰ ਖਾਰਾਦਾਰ ਭੇਜ ਦਿੱਤਾ। ਰਾਬੀਆ ਮਾਂ ਨੇ ਉਹਨਾਂ ਨੂੰ ਦੂਰ ਤੋਂ ਹੀ ਵੇਖਿਆ ਅਤੇ ਉੱਚੀ ਆਵਾਜ਼ ਵਿਚ ਖਾਲਾ ਨੂੰ ਕਿਹਾ, "ਓ ਖ਼ੁਦਾ, ਉਹ ਆਪਣੇ ਸਾਰੇ ਸਾਮਾਨ ਨਾਲ ਵਾਪਸ ਆ ਰਹੇ ਹਨ।"

ਬਿਲਕਿਅਸ ਹੁਣ ਇੰਨੀ ਰੁੱਝ ਗਈ ਸੀ ਕਿ ਉਸ ਦੇ ਕੋਲ ਰੋਟੀ ਪਕਾਉਣ ਅਤੇ ਸਫਾਈ ਕਰਨ ਦਾ ਵੀ ਸਮਾਂ ਨਹੀਂ ਸੀ ਰਹਿ ਗਿਆ, ਸਿਵਾਏ ਉਸ ਦੇ ਬੱਚਿਆਂ ਦੇ ਪਾਲਣ ਦੇ, ਇਸ ਲਈ ਰਾਬੀਆ ਮਾਂ ਅਤੇ ਖਾਲਾ ਨੇ ਉਸ ਦੀ ਇਹ ਜ਼ਿੰਮੇਵਾਰੀ ਲੈ ਲਈ, ਜਦੋਂ ਕਿ ਅਸੀਂ ਮੀਠਾਦਾਰ ਵਿਚ ਹੀ ਰਹਿੰਦੇ ਰਹੇ। ਬਿਲਕਿਅਸ ਉਹਨਾਂ ਨਾਲ ਰਾਤ ਦੇ ਖਾਣੇ 'ਤੇ ਸ਼ਾਮਿਲ ਹੁੰਦੀ ਅਤੇ ਮੈਂ ਸਿਰਫ਼ ਸ਼ੁਕਰਵਾਰ ਦੀਆਂ ਪ੍ਰਾਰਥਨਾਵਾਂ ਤੋਂ ਬਾਅਦ ਹੀ ਜਾਂਦਾ, ਅਤੇ ਬੱਚੇ ਬਾਹਰ ਤੰਗ ਗਲੀ ਵਿਚ ਬੈਠ ਕੇ ਮੇਰੀ ਐਂਬੂਲੈਂਸ ਦੇ ਹਾਰਨ ਦੀ ਆਵਾਜ਼ ਦੀ ਉਡੀਕ ਕਰਦੇ। ਭਾਵੇਂ ਕਿ ਮੈਂ ਦੂਰ ਰਹਿੰਦਾ ਸਾਂ, ਮੇਰੇ ਅੰਦਰ ਹਮੇਸ਼ਾ ਉਹਨਾਂ ਲਈ ਪਿਆਰ ਭਰਿਆ ਰਹਿੰਦਾ। ਬਿਲਕਿਅਸ ਬੜੀ ਮੁਸਕਲ ਨਾਲ ਆਪਣੇ ਮਾਂ ਵਾਲੇ ਜਜ਼ਬਾਤਾਂ ਨੂੰ ਸੰਤੁਸ਼ਟ ਕਰਦੀ ਸੀ, ਉਹ ਨਾਲੇ ਹੱਸਦੀ ਅਤੇ ਖ਼ੁਸ਼ੀ ਨਾਲ ਚਹਿਕਦੀ ਹੋਈ ਉਨ੍ਹਾਂ ਨਾਲ ਖੇਡਦੀ, ਜਦੋਂ ਵੀ ਉਸ ਕੋਲ ਸਮਾਂ ਹੁੰਦਾ। ਕਿਉਂ ਜੋ ਉਹ ਆਪਣੀ ਜ਼ਿੰਦਗੀ ਨੂੰ ਫ਼ਜ਼ੂਲ ਜਾਣਾ ਮਹਿਸੂਸ ਨਹੀਂ ਸੀ ਕਰਦੀ, ਇਸ ਲਈ ਉਸ ਨੂੰ ਦੋਸ਼ੀ ਹੋਣ ਦੀਆਂ ਪੀੜਾਂ ਦਾ ਦੁੱਖ ਨਹੀਂ ਸੀ ਅਤੇ ਮੈਨੂੰ ਯਕੀਨ ਦਿਵਾਇਆ, "ਉਹ ਰਾਬੀਆ ਮਾਂ ਦੀ ਦੇਖ-ਰੇਖ ਵਿਚ ਠੀਕ ਹਨ। ਵੱਡੇ ਹੋਣਗੇ ਤਾਂ ਮੇਰੀ ਤਰ੍ਹਾਂ ਸਭ ਤੋਂ ਭੈੜੇ ਹੋਣਗੇ।"

ਕੁਝ ਸਮਾਂ ਪਹਿਲਾਂ ਉਹ ਦਫ਼ਤਰ ਵਿਚ ਉਦਾਸ ਅਤੇ ਗਮਗ਼ੀਨ ਹੋ ਗਈ, ਮੈਂ ਉਸ ਨੂੰ ਫਿਰ ਯਕੀਨ ਕਰਵਾਇਆ, "ਬਿਲਕਿਅਸ, ਜੇ ਉਹ ਤੇਰੇ ਵਰਗੇ ਥੋੜਾ ਜਿਹਾ ਵੀ ਹੋ ਜਾਣ ਤਾਂ ਉਹ ਮੇਰੇ ਲਈ ਬਹੁਤ ਮਾਣ ਦਾ ਸੋਮਾ ਹੋਵੇਗਾ।" ਉਹ ਫਿਰ ਦੁਬਾਰਾ ਮੁਸਕਰਾਉਂਦੀ। ਕਈ ਵਾਰ ਉਹ ਮੈਨੂੰ ਇਸ ਸੰਬੰਧੀ ਮੇਰੀ ਤਿੱਖੀ ਆਲੋਚਨਾ ਕਰਦੀ, "ਤੁਹਾਡੀ ਇਨਸਾਨੀਅਤ ਦੀ ਕਿਤਾਬ ਵਿਚ ਬੱਚਿਆਂ ਨਾਲ ਕੀ ਬੀਤਦਾ ਹੈ ? ਜੇ ਤੁਸੀਂ ਮੰਨ ਲੈਣਾ ਚਾਹੁੰਦੇ ਹੋਵੋ ਕਿ ਉਹ ਚੰਗੇ ਹੋਣ ਤਾਂ ਕੀ ਤੁਸੀਂ ਉਹਨਾਂ ਨੂੰ ਆਪਣੇ ਨਾਲ ਰਹਿਣ ਦੀ ਇਜਾਜ਼ਤ ਨਾ ਦਿਉ ? ਫ਼ਰਜ਼ ਕਰੋ ਸਾਡੇ ਕੋਲ ਰਾਬੀਆ ਮਾਂ ਨਾ ਹੁੰਦੀ ?" ਮੈਂ ਗ਼ਲਤੀ ਨਾਲ ਇਕ ਮਖ਼ੌਲ ਕਰਦਾ, "ਫਿਰ ਅਮੀਨਾ ਉਹਨਾਂ ਨੂੰ ਪਾਲਦੀ।" ਉਹ ਇਸ ਗੱਲ ਨੂੰ ਨਫ਼ਰਤ ਕਰਦੀ ਅਤੇ ਝਪਟ ਕੇ ਜਵਾਬ ਦਿੰਦੀ, "ਪਤਨੀ ਨੇ ਤਾਂ ਘਰ ਰਹਿਣਾ ਹੀ ਹੁੰਦਾ ਹੈ। ਕੱਲ ਮੈਂ ਰਾਬੀਆ ਮਾਂ ਕੋਲ ਚਲੀ ਜਾਵਾਂਗੀ ਅਤੇ ਆਪਣੇ ਬੱਚਿਆਂ ਦੀ ਦੇਖ-ਭਾਲ ਕਰਾਂਗੀ। ਬਾਕੀ ਸਮੇਂ ਵਿਚ ਮੈਂ ਆਪਣੇ ਵਾਲਾਂ ਨੂੰ ਕੰਘੀ ਕਰਾਂਗੀ, ਤਿਆਰ ਹੋਵਾਂਗੀ ਅਤੇ ਸਹੇਲੀਆਂ ਨਾਲ ਪਹਿਲਾਂ ਦੀ ਤਰ੍ਹਾਂ ਸਿਨਮਾ ਵੇਖਣ ਜਾਵਾਂਗੀ।" ਇਹੋ ਜਿਹੀ ਗੰਭੀਰਤਾ ਨਾਲ ਗੱਲ ਕਰਕੇ ਉਹ ਮੈਨੂੰ ਪ੍ਰਭਾਵਿਤ ਕਰਦੀ ਤਾਂ ਜੋ ਮੈਂ ਉਸ ਦੀ ਗੱਲ ਨੂੰ ਗੰਭੀਰਤਾ ਨਾਲ ਲਵਾਂ, ਫਿਰ ਉਸ ਦਾ ਹੱਸਣਾ, ਇਸ ਡਰ ਨੂੰ ਤੋੜ ਦਿੰਦਾ, "ਤੁਸੀਂ ਇੰਨੇ ਡਰੇ ਹੋਏ ਦਿਖਾਈ ਦਿੰਦੇ ਹੋ ਕਿ ਤੁਸੀਂ ਮੇਰੇ ਤੋਂ ਬਗ਼ੈਰ ਕੁਝ ਵੀ ਨਹੀਂ ਹੋ ਸਕਦੇ।"

ਉਹ ਹਮੇਸ਼ਾ ਪੈਸੇ ਮੰਗਦੀ ਅਤੇ ਮੈਂ ਹਮੇਸ਼ਾ ਇਨਕਾਰ ਕਰਦਾ, ਉਹ ਕਹਿੰਦੀ, "ਤੁਸੀਂ ਮੈਨੂੰ ਕੁਝ ਦੇ ਕਿਉਂ ਨਹੀਂ ਸਕਦੇ ? ਸਾਡੇ ਨਾਲ ਕੀ ਬੀਤੇਗਾ, ਜੇ ਤੁਸੀਂ ਇਸ ਤਰ੍ਹਾਂ ਹੀ ਕੀਤਾ ? ਕੀ ਅਸੀਂ ਕੋਈ ਜੁਰਮ ਕਰਾਂਗੇ ?" ਮੈਂ ਉਸ ਨੂੰ ਗੁੱਸੇ ਹੁੰਦਾ ਅਤੇ ਕਹਿੰਦਾ ਕਿ ਸਿਆਣੀ ਬਣ, "ਬਿਲਕਿਅਸ, ਇਸ ਤੋਂ ਵੱਧ ਤੂੰ ਕੀ ਚਾਹੁੰਦੀ ਹੈਂ ? ਤੇਰੇ ਕੋਲ ਰੋਟੀ ਹੈ, ਛੱਤ ਹੈ, ਕੱਪੜੇ ਹਨ। ਹੋਰ ਕੀ ਚਾਹੀਦਾ ਹੈ ? ਬਾਕੀ ਤਾਂ ਇਕ ਘੇਰਾ ਹੈ, ਉਸ ਤੋਂ ਚੇਤੰਨ ਰਹੋ।" ਉਹ ਬੋਲਣਾ ਬੰਦ ਨਾ ਕਰਦੀ ਅਤੇ ਉਂਨਾਂ ਚਿਰ ਉਹ ਬੁਸਕਦੀ ਰਹਿੰਦੀ, ਜਿੰਨਾਂ ਚਿਰ ਉਸ ਦਾ ਧਿਆਨ ਕਿਸੇ ਹੋਰ ਪਾਸੇ ਨਾ ਲੱਗ ਜਾਂਦਾ। ਉਸ ਦੀਆਂ ਆਰਥਿਕ ਮੰਗਾਂ ਬਹੁਤ ਲੰਮੇ ਸਮੇਂ ਤਕ ਖ਼ਤਮ ਨਾ ਹੁੰਦੀਆਂ, "ਮੈਨੂੰ ਇਸ ਗੱਲ ਦੀ ਸਮਝ ਨਹੀਂ ਆਉਂਦੀ ਕਿ ਅਸੀਂ ਜ਼ਰੂਰਤਾਂ 'ਤੇ ਖ਼ਰਚ ਕਿਉਂ ਨਹੀਂ ਕਰ ਸਕਦੇ। ਤੁਹਾਡਾ ਜ਼ਰੂਰਤ ਦਾ ਮਿਆਰ ਇਕ ਮੁਰਦੇ ਨੂੰ ਪੇਸ਼ ਕਰਦਾ ਹੈ।" ਮੈਂ ਲਗਾਤਾਰ ਉਸ ਨੂੰ ਖ਼ਰਚ ਕਰਨ ਤੋਂ ਨਿਰਉਤਸ਼ਾਹਿਤ ਕਰਦਾ ਰਹਿੰਦਾ, "ਪੈਸਾ ਸਤਿਕਾਰ ਚਾਹੁੰਦਾ ਹੈ, ਨਹੀਂ ਤਾਂ ਇਹ ਠਹਿਰਦਾ ਨਹੀਂ। ਹਰ ਦਿਨ ਬਚਤ ਵਿਚੋਂ ਬਚਾਅ ਕਰਨ ਦਾ ਅਸੂਲ ਚਾਹੀਦਾ ਹੈ। ਤੈਨੂੰ ਜ਼ਿੰਦਗੀ ਵਿਚ ਜ਼ਿੰਦਾ ਰਹਿਣ ਲਈ ਘੱਟ ਤੋਂ ਘੱਟ ਚਾਹੀਦਾ ਹੈ, ਮੈਂ ਤੈਨੂੰ ਉਸ ਤਰਫ਼ ਲਿਜਾ ਰਿਹਾ ਹਾਂ।"

ਵੱਡੀਆਂ ਕਾਰਾਂ, ਬੰਗਲਿਆਂ ਅਤੇ ਫ਼ਰਨੀਚਰਾਂ ਦੇ ਲਈ ਕਿਸੇ ਸ਼ੌਕ ਤੋਂ ਬਗ਼ੈਰ ਜਿਹੜਾ ਪੈਸਾ ਮੈਂ ਜੀਉਣ ਲਈ ਖ਼ਰਚਦਾ ਸਾਂ, ਉਹ ਜ਼ਰੂਰਤ ਤੋਂ ਜ਼ਿਆਦਾ ਸੀ। ਮੈਂ ਆਪਣੀ ਪਤਨੀ ਨੂੰ ਸਮਝਾਇਆ, "ਲਗਾਤਰ ਵਧਦੀਆਂ ਕੀਮਤਾਂ ਕਰਕੇ ਹੋਰ ਕਮਾਈ ਕਰਨ ਦੀ ਲੋੜ ਵਧਦੀ ਹੈ, ਜਿਹੜੀ ਕਿਸੇ ਨਾ ਕਿਸੇ ਭ੍ਰਿਸ਼ਟਾਚਾਰ ਦੇ ਰੂਪ ਨਾਲ ਹੀ ਸੰਭਵ ਹੈ। ਜਿਹੜੇ ਇਸ ਚੱਕਰ ਦੇ ਅਧੀਨ ਆ ਜਾਂਦੇ ਹਨ, ਉਹ ਇਸ ਦੇ ਪ੍ਰਭਾਵਾਂ ਤੋਂ ਬਚ ਨਹੀਂ ਸਕਦੇ। ਪੈਸੇ ਦੀ ਲਾਲਸਾ ਨਾਲ ਹੋਰ ਹਜ਼ਾਰਾਂ ਬੁਰਾਈਆਂ ਆ ਜਾਂਦੀਆਂ ਹਨ, ਇਸ ਦਾ ਘਮੰਡ ਆਦਮੀ ਨੂੰ ਪਤਨੀ, ਬੱਚਿਆਂ ਅਤੇ ਸਮਾਜ ਤੋਂ ਵੱਖ ਕਰਵਾ ਦਿੰਦਾ ਹੈ। ਇਸ ਢੰਗ ਨਾਲ ਹਾਸਲ ਕੀਤੀ ਤਾਕਤ ਅਤੇ ਪ੍ਰਭਾਵ ਜੋ ਗ਼ੈਰ-ਕੁਦਰਤੀ ਤੌਰ 'ਤੇ ਹਾਸਲ ਹੁੰਦਾ ਹੈ, ਨਾ ਉਸ ਦੀ ਕੋਈ ਵਾਸਵਿਕਤਾ ਹੁੰਦੀ ਹੈ ਅਤੇ ਨਾ ਹੀ ਉਹ ਸਹਾਰਾ ਬਣਦੀ ਹੈ।" ਅਸੀਂ ਆਮ ਤੌਰ 'ਤੇ ਇਸ ਵਿਸ਼ੇ 'ਤੇ ਗੱਲਾਂ ਕਰਦੇ ਰਹਿੰਦੇ, "ਬਿਲਕਿਅਸ, ਪੈਸਾ ਇਕ ਝੂਠੀ ਦੌਲਤ ਹੈ। ਇਹ ਆਮ ਤੌਰ 'ਤੇ ਦੂਸਰੇ ਦੇ ਪਸੀਨੇ ਵਿਚੋਂ ਖਿੱਚਿਆ ਜਾਂਦਾ ਹੈ, ਜੋ ਇਸ ਨੂੰ ਉਹਨਾਂ ਵਰਤਣ ਵਾਲਿਆਂ ਨੂੰ ਅਯੋਗ ਬਣਾਉਂਦਾ ਹੈ ਜਿਹੜੇ ਇਸ ਦਾ ਆਨੰਦ ਮਨਾਉਂਦੇ ਹਨ। ਅਧਿਕਤਰ ਹਾਲਤਾਂ ਵਿਚ ਇਸ ਦਾ ਇਤਿਹਾਸ ਮਾੜਾ ਹੈ। ਜੇ ਤੁਸੀਂ ਧਿਆਨ ਦਿਉ, ਕੀ ਤੁਸੀਂ ਵੇਖਦੇ ਨਹੀਂ ਕਿ ਇਸ ਦੀ ਸ਼ਕਤੀ ਗੱਤੇ ਦੇ ਘਰ ਵਾਂਗ ਹੀ ਹੈ, ਜਿਹੜਾ ਸਾਡੇ ਵਿਚੋਂ ਸਿਆਣੇ ਤੋਂ ਸਿਆਣਾ ਵੀ ਮਾੜੀ ਜਿਹੀ ਹਵਾ ਦੇ ਬੁੱਲੇ ਤੋਂ ਨਹੀਂ ਬਚਾ ਸਕਦਾ

ਜਿਹੜਾ ਇਸ ਨੂੰ ਜ਼ਮੀਨ ’ਤੇ ਢੇਰ ਕਰ ਦਵੇਗਾ। ਅਸੀਂ ਪੈਸੇ ਨਾਲ ਉਸ ਤਰ੍ਹਾਂ ਦਾ ਵਿਵਹਾਰ ਹੀ ਕਰਦੇ ਹਾਂ, ਜਿਸ ਤਰ੍ਹਾਂ ਅਸੀਂ ਸਮੇਂ ਨਾਲ ਕਰਦੇ ਹਾਂ, ਜਦੋਂ ਕਿ ਕੋਈ ਵੀ ਕੱਲ੍ਹ ਲਈ ਸੁਰੱਖਿਅਤ ਨਹੀਂ।”

ਭਾਵੇਂ ਕਿ ਇਹ ਕਿਸੇ ਵੀ ਚੀਜ਼ ਵਿਚ ਵਿਖਾਈ ਨਹੀਂ ਸੀ ਦਿੰਦਾ, ਪਰ ਸੇਠ ਮੇਰੀ ਜਾਤੀ ਜਾਇਦਾਦ ਨੂੰ ਜਾਣਦੇ ਸਨ। ਉਹਨਾਂ ਦਾ ਮੀਲੀਅਨ ਰੁਪਿਆਂ ਦੇ ਵਿਖਾਵੇ ਕਰਨ ਦਾ ਵਿਚਾਰ ਭਾਵੇਂ ਕਿ ਉਹ ਹੋਣ ਵੀ ਨਾ, ਉਹਨਾਂ ਨੂੰ ਮੇਰਾ ਇਹ ਸਿਧਾਂਤ ‘ਇਸ ਨੂੰ ਵਿਖਾਵੇ ਤੋਂ ਬਗ਼ੈਰ ਲਾਭ ਲੈਣ ਲਈ’ ਹੋਣ ਵਾਲੇ ਚੱਕਰਾਂ ਵਿਚ ਪਾਈ ਰੱਖਦਾ ਸੀ। ਮੈਂ ਕੰਜੂਸ ਦੇ ਤੌਰ ’ਤੇ ਪ੍ਰਸਿੱਧ ਹੋ ਗਿਆ ਸਾਂ। ਪਰ ਫਿਰ ਵੀ ਪੈਸੇ ਸੰਬੰਧੀ ਮੇਰਾ ਦਿਮਾਗ ਉਹਨਾਂ ਦੇ ਦਿਮਾਗ ਤੋਂ ਵੱਖ ਨਹੀਂ ਸੀ। ਇਹ ਇਕ ਸ਼ਾਹੂਕਾਰ ਦਾ ਦਿਮਾਗ ਸੀ। ਮੈਂ ਇਕ ਸਮਾਜਿਕ ਭਲਾਈ ਦਾ ਉੱਦਯੋਗ ਚਲਾਇਆ ਸੀ, ਜਿਸ ਵਿਚ ਲੋਕ ਹਿੱਸੇਦਾਰ ਸਨ। ਜਿਸ ਬਾਰੇ ਬਿਲਕਿਅਸ ਮੇਰੇ ਨਾਲ ਗੁੱਸਾ ਕੁੜ੍ਹਦੀ ਰਹਿੰਦੀ ਅਤੇ ਹੰਗਾਮਾ ਕਰਦੀ ਰਹਿੰਦੀ। ਪਰ ਉਹ ਰਾਬੀਆ ਮਾਂ ਅਤੇ ਖਾਲਾ ਨੂੰ ਦੱਸਦੀ, “ਮੈਨੂੰ ਉਹ ਵਸਤੂਆਂ ਨਹੀਂ ਚਾਹੀਦੀਆਂ, ਜੋ ਦੁਨੀਆਂ ਨੂੰ ਖ਼ੁਸ਼ ਕਰਦੀਆਂ ਹੋਣ। ਜਿੰਨਾਂ ਪੈਸਾ ਖਰੀਦ ਸਕਦਾ ਹੈ ਉਸ ਨਾਲੋਂ ਵੀ ਜ਼ਿਆਦਾ ਮੇਰੇ ਪਤੀ ਨੇ ਮੈਨੂੰ ਦਿੱਤਾ ਹੈ।”

ਅਮੀਨਾ ਨੂੰ ਆਖ਼ਿਰ ਇਕ ਅਮੀਰ ਪਤੀ ਮਿਲ ਗਿਆ ਅਤੇ ਉਹ ਖ਼ੁਸ਼ੀ ਦਾ ਜੀਵਨ ਜੀਉਣ ਲਈ ਸਾਨੂੰ ਛੱਡ ਗਈ।

•